

Ray Dhaliwal
Real Estate Broker

# Moving to Indiana?

**Contact Ray Dhaliwal @ 317-993-4987**

Helpful in Easy and Accessible Home Loans at best Interest Rates.

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

CENTURY 21 SCHEETZ
RAYD@C21Scheetz.com



Twenty-Fourth Year of Publication    ਨਿਊਯਾਰਕ ਐਡੀਸ਼ਨ    Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 25, Issue 06; February 10, 2024    20451 N. Plum Grove Rd., Palatine, IL 60074    Ph:847-359-0746, Fax:847-705-9388


# ਭਾਜਪਾ ਦੀ ਬੁਰਛਾਗਰਦੀ 'ਤੇ ਸੁਪਰੀਮ ਕੋਰਟ ਦੇ ਸਵਾਲ

## ਮਤ-ਪੱਤਰਾਂ ਨਾਲ ਛੇੜਛਾੜ 'ਜਮਹੂਰੀਅਤ ਦਾ ਕਤਲ' ਕਰਾਰ

**ਨਵੀਂ ਦਿੱਲੀ:** ਲੋਕ ਸਭਾ ਚੋਣਾਂ ਤੋਂ ਪਹਿਲਾਂ ਵਿਰੋਧੀ ਧਿਰਾਂ ਦੇ ਆਗੂਆਂ ਉਤੇ ਕੇਂਦਰੀ ਏਜੰਸੀਆਂ ਦੇ ਧੜਾ-ਧੜ ਛਾਪੇ ਅਤੇ ਚੰਡੀਗੜ੍ਹ ਮੇਅਰ ਦੀ ਚੋਣ ਮਾਮਲੇ ਵਿਚ ਸੁਪਰੀਮ ਕੋਰਟ ਦੀਆਂ ਸਖਤ ਟਿੱਪਣੀਆਂ ਨੇ ਭਾਰਤ ਵਿਚ ਜਮਹੂਰੀਅਤ ਦੇ ਮੌਜੂਦਾ ਹਾਲਾਤ ਉਤੇ ਵੱਡੇ ਸਵਾਲ ਖੜ੍ਹੇ ਕਰ ਦਿੱਤੇ ਹਨ।

ਸੁਪਰੀਮ ਕੋਰਟ ਨੇ ਚੰਡੀਗੜ੍ਹ ਮੇਅਰ ਦੀ ਚੋਣ ਦੌਰਾਨ ਰਿਟਰਨਿੰਗ ਅਧਿਕਾਰੀ ਵੱਲੋਂ ਮਤ-ਪੱਤਰਾਂ ਨਾਲ ਛੇੜਛਾੜ ਨੂੰ 'ਜਮਹੂਰੀਅਤ ਦਾ ਕਤਲ' ਅਤੇ 'ਜਮਹੂਰੀਅਤ ਦਾ ਮਜ਼ਾਕ ਬਣਾਉਣਾ' ਕਰਾਰ ਦਿੱਤਾ ਹੈ। ਦੱਸ ਦਈਏ ਕਿ ਚੰਡੀਗੜ੍ਹ ਮੇਅਰ ਚੋਣ ਵਿਚ ਆਪ-ਕਾਂਗਰਸ ਗੱਠਜੋੜ (13 ਆਪ ਅਤੇ 7 ਕਾਂਗਰਸ) ਕੋਲ 20 ਅਤੇ ਭਾਜਪਾ ਕੋਲ ਸਿਰਫ 14 ਵੋਟਾਂ ਸਨ ਪਰ ਇਸ ਦੇ ਬਾਵਜੂਦ ਭਗਵਾ ਧਿਰ ਨੇ ਇਹ ਚੋਣ ਆਪਣੇ ਹੱਕ ਵਿਚ ਕਰ ਲਈ।

ਮੇਅਰ ਦੀ ਚੋਣ ਵਿਚ ਗੜਬੜੀ ਖ਼ਿਲਾਫ਼ ਆਮ ਆਦਮੀ ਪਾਰਟੀ ਕੌਂਸਲਰ ਕੁਲਦੀਪ ਕੁਮਾਰ ਵੱਲੋਂ ਦਾਇਰ ਪਟੀਸ਼ਨ ਦਾ ਨੋਟਿਸ ਲੈਂਦਿਆਂ ਸੁਪਰੀਮ ਕੋਰਟ ਨੇ ਨਗਰ ਨਿਗਮ ਸਣੇ ਚੰਡੀਗੜ੍ਹ ਪ੍ਰਸ਼ਾਸਨ ਨੂੰ ਵੀ ਨੋਟਿਸ ਜਾਰੀ ਕੀਤੇ ਹਨ। ਨਾਰਾਜ਼ ਦਿਖਾਈ ਦੇ ਰਹੇ ਚੀਫ ਜਸਟਿਸ ਡੀ.ਵਾਈ. ਚੰਦਰਚੂੜ ਦੀ ਅਗਵਾਈ ਵਾਲੇ ਬੈਂਚ ਨੇ 'ਮਤ-ਪੱਤਰਾਂ ਨਾਲ ਛੇੜਛਾੜ' ਵਾਲੀ ਵੀਡੀਓ ਦੇਖਣ ਮਗਰੋਂ ਰਿਟਰਨਿੰਗ ਅਧਿਕਾਰੀ ਅਨਿਲ ਮਸੀਹ ਵੱਲੋਂ ਪੇਸ਼ ਸੌਲੀਸਿਟਰ ਜਨਰਲ ਤੁਸ਼ਾਰ ਮਹਿਤਾ ਨੂੰ ਇਥੋਂ ਤੱਕ ਆਖ ਦਿੱਤਾ ਕਿ ਕ੍ਰਿਪਾ ਕਰ ਕੇ ਆਪਣੇ ਰਿਟਰਨਿੰਗ ਅਧਿਕਾਰੀ ਨੂੰ ਦੱਸ ਦਿਓ ਕਿ ਸੁਪਰੀਮ ਕੋਰਟ ਉਸ ਨੂੰ ਦੇਖ ਰਹੀ ਹੈ। ਅਸੀਂ ਜਮਹੂਰੀਅਤ ਦਾ ਇਸ ਤਰ੍ਹਾਂ ਕਤਲ ਕਰਨ ਦੀ



ਇਜਾਜ਼ਤ ਨਹੀਂ ਦੇਵਾਂਗੇ।

ਸੁਪਰੀਮ ਕੋਰਟ ਦੀਆਂ ਇਹ ਸਖਤ ਟਿੱਪਣੀਆਂ ਉਸ ਸਮੇਂ ਆਈਆਂ ਹਨ, ਜਦੋਂ ਕੇਂਦਰੀ ਏਜੰਸੀਆਂ ਵੱਲੋਂ ਗੈਰ-ਭਾਜਪਾ ਸੱਤਾ ਵਾਲੇ ਸੂਬਿਆਂ ਵਿਚ ਲਗਾਤਾਰ ਛਾਪੇ ਮਾਰੇ ਜਾ ਰਹੇ ਹਨ। ਕੇਂਦਰੀ ਏਜੰਸੀਆਂ ਨੇ ਆਮ ਆਦਮੀ ਪਾਰਟੀ ਦੀ ਦਿੱਲੀ ਸਰਕਾਰ ਨੂੰ ਚੁਫੇਰਿਓਂ ਘੇਰਿਆ ਹੋਇਆ ਹੈ। ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਡੇਢ ਮਹੀਨੇ ਵਿਚ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਵੱਲੋਂ 5 ਵਾਰ ਸੰਮਨ ਭੇਜੇ ਗਏ ਹਨ। 'ਆਪ' ਦੀ ਅੱਧੀ ਕੈਬਨਿਟ ਉਤੇ ਕੇਸ ਦਰਜ ਹਨ ਅਤੇ 4 ਮੰਤਰੀ ਇਸ ਸਮੇਂ ਜੇਲ੍ਹ ਵਿਚ ਹਨ।

ਈ.ਡੀ. ਨੇ ਹੁਣ ਦਿੱਲੀ ਦੀ ਸਿੱਖਿਆ ਮੰਤਰੀ ਆਤਿਸ਼ੀ ਖ਼ਿਲਾਫ਼ ਵੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਕੇਜਰੀਵਾਲ ਦੇ ਨਿੱਜੀ ਸਕੱਤਰ ਬਿਭਵ ਕੁਮਾਰ ਅਤੇ 'ਆਪ' ਦੇ ਰਾਜ ਸਭਾ ਮੈਂਬਰ ਅਤੇ ਪਾਰਟੀ ਦੇ ਖਜ਼ਾਨਚੀ ਐਨ.ਡੀ. ਗੁਪਤਾ ਦੇ ਟਿਕਾਣਿਆਂ ਨੂੰ ਵੀ ਘੇਰਿਆ ਹੋਇਆ ਹੈ। ਇਹ ਹਾਲਾਤ ਸਿਰਫ ਦਿੱਲੀ ਹੀ ਨਹੀਂ, ਝਾਰਖੰਡ ਦੇ ਮੁੱਖ ਮੰਤਰੀ ਹੇਮੰਤ ਸੋਰੇਨ ਖ਼ਿਲਾਫ਼ ਕਾਰਵਾਈ ਲਗਾਤਾਰ ਚਰਚਾ ਵਿਚ ਹੈ।

ਦੱਸ ਦਈਏ ਕਿ ਭਾਰਤੀ ਜਨਤਾ ਪਾਰਟੀ ਇਹ ਕਹਿ ਕੇ ਸੱਤਾ ਵਿਚ ਆਈ ਸੀ ਕਿ ਉਹ ਸਮੁੱਚੇ ਪ੍ਰਬੰਧ ਵਿਚੋਂ ਭ੍ਰਿਸ਼ਟਾਚਾਰ ਨੂੰ ਜੜ੍ਹੋਂ ਉਖਾੜ ਸੁੱਟੇਗੀ ਪਰ ਹੁਣ ਇਸ ਉਤੇ ਭ੍ਰਿਸ਼ਟਾਚਾਰੀਆਂ ਨੂੰ ਆਪਣੇ ਨਾਲ ਰਲਾਉਣ ਤੇ ਜਿਹੜੇ ਆਪਣੀ ਪਾਰਟੀ ਜਾਂ ਵਿਚਾਰਧਾਰਾ ਛੱਡ ਕੇ ਭਾਜਪਾ ਨਾਲ ਰਲਣ ਤੋਂ ਇਨਕਾਰ ਕਰ ਦਿੰਦੇ ਹਨ, ਉਨ੍ਹਾਂ ਮਗਰ ਜਾਂਚ ਏਜੰਸੀਆਂ ਲਾਉਣ ਦੇ ਦੋਸ਼ ਲਗਾਤਾਰ ਲੱਗ ਰਹੇ ਹਨ।

ਆਪਣੇ ਸਿਆਸੀ ਵਿਰੋਧੀ ਨੂੰ ਏਜੰਸੀਆਂ ਰਾਹੀਂ ਨਿਸ਼ਾਨਾ ਬਣਾਉਣ ਦੇ ਲੱਗ ਰਹੇ ਦੋਸ਼ਾਂ ਦਾ ਭਾਜਪਾ ਵੱਲੋਂ ਵਾਰ-ਵਾਰ ਇਹ ਕਹਿ ਕੇ ਬਚਾਅ ਕੀਤਾ ਜਾਂਦਾ ਹੈ ਕਿ ਕਿਸੇ ਵੀ ਭ੍ਰਿਸ਼ਟਾਚਾਰੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ, ਭਾਵੇਂ ਉਹ ਕਿਸੇ ਵੀ ਪਾਰਟੀ ਨਾਲ ਸਬੰਧਤ ਕਿਉਂ ਨਾ ਹੋਵੇ, ਹਾਲਾਂਕਿ ਈ.ਡੀ. ਅਤੇ ਸੀ.ਬੀ.ਆਈ. ਵੱਲੋਂ ਵਿਰੋਧੀ ਧਿਰ ਦੇ ਇਕ ਤੋਂ ਬਾਅਦ ਇਕ ਆਗੂ ਨੂੰ ਨਿਸ਼ਾਨਾ ਬਣਾਉਣ ਮਗਰੋਂ ਇਨ੍ਹਾਂ ਜਾਂਚ ਏਜੰਸੀਆਂ ਉਤੇ ਵੀ ਲਗਾਤਾਰ ਉਂਗਲਾਂ ਉੱਠ ਰਹੀਆਂ ਹਨ। ਇਨ੍ਹਾਂ ਏਜੰਸੀਆਂ ਵੱਲੋਂ ਜਿਨ੍ਹਾਂ ਕੇਸਾਂ ਦੀ ਜਾਂਚ ਕੀਤੀ ਜਾ ਰਹੀ ਹੈ, ਉਨ੍ਹਾਂ ਵਿਚੋਂ 95 ਫ਼ੀਸਦੀ ਕੇਸ ਵਿਰੋਧੀ ਪਾਰਟੀਆਂ ਦੇ ਆਗੂਆਂ ਖ਼ਿਲਾਫ਼ ਹਨ।

ਇਹ ਮਾਮਲਾ ਕਈ ਵਾਰ ਸੁਪਰੀਮ ਕੋਰਟ ਵਿਚ ਵੀ ਪਹੁੰਚਿਆ ਹੈ ਪਰ ਉਚ ਅਦਾਲਤ ਨੇ ਇਸ ਪਾਸੇ ਕੋਈ ਸਖਤ ਸਟੈਂਡ ਨਹੀਂ ਲਿਆ। ਹੁਣ ਚੰਡੀਗੜ੍ਹ ਮੇਅਰ ਚੋਣ ਵਿਚ ਗੜਬੜ ਕਰਦੇ ਅਧਿਕਾਰੀ ਦੀ ਵੀਡੀਓ ਸਾਹਮਣੇ ਆਉਣ ਪਿੱਛੋਂ ਸੁਪਰੀਮ ਕੋਰਟ ਕਾਫੀ ਸਖਤ ਨਜ਼ਰ ਆ ਰਿਹਾ ਹੈ ਅਤੇ ਭਾਜਪਾ ਚੁਫੇਰਿਓਂ ਘਿਰਦੀ ਦਿੱਸ ਰਹੀ ਹੈ। ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਦੇ ਅਸਤੀਫ਼ੇ ਨੂੰ ਵੀ ਇਸ ਪਾਸੇ ਹੀ ਜੋੜ ਕੇ ਦੇਖਿਆ ਜਾ ਰਿਹਾ ਹੈ। ਸੂਤਰ ਦੱਸਦੇ ਹਨ ਕਿ ਬੇਸ਼ੱਕ ਪੁਰੋਹਿਤ ਭਾਜਪਾ ਹਾਈਕਮਾਂਡ ਦੇ ਇਸ਼ਾਰੇ ਉਤੇ ਹੀ ਕਦਮ ਪੁੱਟ ਰਹੇ ਸਨ ਪਰ ਪਾਰਟੀ ਦੀ ਅਗਵਾਈ ਵਾਲੀ ਕੇਂਦਰੀ ਹਕੂਮਤ ਇਸ ਗੱਲ ਤੋਂ ਪਰੇਸ਼ਾਨ ਸੀ ਕਿ ਚੰਡੀਗੜ੍ਹ ਨਿਗਮ ਦੇ ਮੇਅਰ ਦੀ ਚੋਣ ਵਿਚ ਜ਼ਿਆਦਤੀ ਕਾਰਨ ਕੌਮੀ ਪੱਧਰ ਉਤੇ ਪਾਰਟੀ ਦੀ ਸਾਖ਼ ਨੂੰ ਧੱਕਾ ਪਹੁੰਚਿਆ ਹੈ। ਚਰਚਾ ਹੈ ਕਿ ਚੰਡੀਗੜ੍ਹ ਦੇ ਬਤੌਰ ਪ੍ਰਸ਼ਾਸਕ ਪੁਰੋਹਿਤ ਨੇ ਮੇਅਰ ਦੀ ਚੋਣ ਜਿੱਤਣ ਲਈ ਸਿਆਸੀ ਸੰਜਮ ਅਤੇ ਹੁਸ਼ਿਆਰੀ ਨਾਲ ਕੰਮ ਨਹੀਂ ਲਿਆ। ਭਾਜਪਾ ਹਕੂਮਤ ਇਸ ਗੱਲੋਂ ਕਾਫੀ ਖ਼ਫ਼ਾ ਜਾਪ ਰਹੀ ਹੈ ਕਿ ਮੇਅਰ ਦੀ ਚੋਣ ਲਈ ਤਾਇਨਾਤ ਪ੍ਰੀਜ਼ਾਈਡਿੰਗ

*(ਬਾਕੀ ਸਫਾ 6 'ਤੇ)*

### ਵਿਰੋਧੀ ਧਿਰਾਂ ਧੱਕੇਸ਼ਾਹੀ ਖਿਲਾਫ ਨਿੱਤਰੀਆਂ

**ਨਵੀਂ ਦਿੱਲੀ:** ਵਿਰੋਧੀ ਧਿਰਾਂ ਵੀ ਭਾਜਪਾ ਦੀ 'ਧੱਕੇਸ਼ਾਹੀ' ਨੂੰ ਨੰਗਾ ਕਰਨ ਲਈ ਜੁਟ ਗਈਆਂ ਹੈ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਭਾਜਪਾ 'ਤੇ ਤਿੱਖੇ ਨਿਸ਼ਾਨੇ ਸੇਧੇ ਹਨ। ਉਨ੍ਹਾਂ ਦੋਸ਼ ਲਗਾਇਆ ਕਿ ਭਾਜਪਾ ਆਉਣ ਵਾਲੀਆਂ ਆਮ ਚੋਣਾਂ ਜਿੱਤਣ ਲਈ ਵਿਰੋਧੀ ਆਗੂਆਂ ਨੂੰ ਕੈਦ ਕਰ ਰਹੀ ਹੈ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਚੰਡੀਗੜ੍ਹ ਮੇਅਰ ਦੀ ਚੋਣ ਨੂੰ ਲੈ ਕੇ ਭਾਜਪਾ ਨੂੰ ਨਿਸ਼ਾਨਾ ਬਣਾਉਂਦੇ ਹੋਏ ਕਿਹਾ ਕਿ ਵਿਸ਼ਵ ਦੀ ਸਭ ਤੋਂ ਵੱਡੀ ਪਾਰਟੀ ਵੋਟਾਂ ਚੋਰੀ ਕਰਦੀ ਹੋਈ ਕੈਮਰੇ ਵਿਚ ਫੜੀ ਗਈ ਹੈ। ਭਾਜਪਾ ਜੇਕਰ ਚੰਡੀਗੜ੍ਹ ਮੇਅਰ ਦੀ ਚੋਣ ਵਿਚ 'ਹੇਰਾਫੇਰੀ' ਕਰ ਸਕਦੀ ਹੈ ਤਾਂ ਉਹ ਅਸੈਂਬਲੀ ਤੇ ਲੋਕ ਸਭਾ ਚੋਣਾਂ ਵਿਚ ਕਿਸੇ ਵੀ ਹੱਦ ਤੱਕ ਜਾ ਸਕਦੀ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਇਹ ਪਹਿਲੀ ਵਾਰ ਨਹੀਂ ਜਦੋਂ ਭਾਜਪਾ ਨੇ ਚੋਣਾਂ ਦੌਰਾਨ 'ਬੇਈਮਾਨੀ' ਕੀਤੀ ਹੈ ਪਰ ਇਹ ਪਹਿਲੀ ਵਾਰ ਹੈ ਜਦੋਂ ਉਹ ਬੇਈਮਾਨੀ ਕਰਦੇ ਕੈਮਰੇ ਵਿਚ ਫੜੇ ਗਏ ਹਨ।


**One stop shop for all your taxi needs**

**The Friendly Group Ltd.**
**Chelsea Taxi Brokers**
Ph: 212-947-9833, 212-695-0601

*40 ਸਾਲਾਂ ਤੋਂ ਭਾਈਚਾਰੇ ਦੀ ਸੇਵਾ ਵਿਚ*

*All types of insurance*
** Medallion transfers*
** Accident claims*
** Taxi Stand Facility available*



We are here at your service to sell and buy or insure medallions and we are in business to help our Punjabi Community since last 40 years.

*ਟੈਕਸੀ ਮਡਾਲੀਅਨ ਖਰੀਦਣ, ਵੇਚਣ ਜਾਂ ਲੀਜ਼ 'ਤੇ ਲੈਣ ਜਾਂ ਦੇਣ ਲਈ ਸਾਡਾ ਸੂਝਵਾਨ ਤੇ ਸੁਹਿਰਦ ਸਟਾਫ਼ ਤੁਹਾਨੂੰ ਵਾਜਬ ਕੀਮਤਾਂ ਦਿਵਾਉਣ ਲਈ ਹਰ ਯਤਨ ਕਰੇਗਾ।*

*Ask us about Purchase or new buyer and financing.

# ਕੈਲਗਰੀ ਲੇਖਕ ਸਭਾ ਵਲੋਂ ਜਸਵਿੰਦਰ ਸਿੰਘ ਰੁਪਾਲ ਦੀਆਂ ਦੋ ਕਿਤਾਬਾਂ ਲੋਕ ਅਰਪਣ

## ‘ਨੌਜੁਆਨ ਪੀੜ੍ਹੀ ਨੂੰ ਬੋਲੀ ਤੇ ਸਭਿਆਚਾਰ ਨਾਲ ਜੋੜਨ ਦੀ ਲੋੜ’ ’ਤੇ ਵਿਚਾਰ ਵਟਾਂਦਰਾ

**ਕੈਲਗਰੀ:** ਕੈਲਗਰੀ ਲੇਖਕ ਸਭਾ ਦੀ 3 ਫਰਵਰੀ, 2024 ਦੀ ਮਹੀਨਾਵਾਰ ਇਕੱਤਰਤਾ ਮਾਂ-ਬੋਲੀ ਪੰਜਾਬੀ ਨੂੰ ਸਮਰਪਿਤ ਕੀਤੀ ਗਈ। ਮੀਟਿੰਗ ਵਿਚ ਜਸਵਿੰਦਰ ਸਿੰਘ ਰੁਪਾਲ ਦੀਆਂ ਦੋ ਕਿਤਾਬਾਂ, ‘ਰਸੀਲਾ ਕਾਵਿ’ ਤੇ ‘ਕੀਤੋਸ ਆਪਣਾ ਪੰਥ ਨਿਰਾਲਾ’ ਲੋਕ-ਅਰਪਣ ਕੀਤੀਆਂ ਗਈਆਂ ਅਤੇ ‘ਨੌਜੁਆਨ ਪੀੜ੍ਹੀ ਨੂੰ ਆਪਣੇ ਸਭਿਆਚਾਰ ਨਾਲ ਜੋੜਨ ਦੀ ਲੋੜ ਤੇ ਉਪਰਾਲੇ’ ਵਿਸ਼ੇ ’ਤੇ ਬੋਲੀ ਨਾਲ ਜੋੜਨ ਦੀ ਲੋੜ ਬਾਰੇ ਆਪਣੇ ਤਜਰਬੇ ਦੇ ਆਧਾਰ ’ਤੇ ਦਰਪੇਸ਼ ਮੁਸ਼ਕਲਾਂ ਜਿਵੇਂ, ਕਲਚਰਲ ਸ਼ਾਕ, ਇਕੱਲਾਪਨ, ਲੈਂਗੁਏਜ ਬੈਰੀਅਰ ਅਤੇ ਵਿਦੇਸ਼ ਆਉਣ ਤੋਂ ਪਹਿਲਾਂ ਸਹੀ ਜਾਣਕਾਰੀ ਨਾ ਮਿਲਣ ਵਾਲੇ ਪਹਿਲੂਆਂ ਬਾਰੇ ਵਿਚਾਰ ਪੇਸ਼ ਕੀਤੇ।

ਇਸ ਵਿਸ਼ੇ ਨੂੰ ਹਾਜ਼ਰੀਨ ਦੀ ਚਰਚਾ ਲਈ ਪਰੋਸ ਕੇ ਪਹਿਲਾਂ ਕਿਤਾਬਾਂ ਦੇ ਲੋਕ ਅਰਪਣ ਦੀ ਮਿਲਣ ਦੀ ਗੱਲ ਕਰਦਿਆਂ ਕਿਹਾ ਕਿ ਸਾਨੂੰ ਪੰਜਾਬੀ ਬੋਲਣ ਸਮੇਂ ਸ਼ਰਮ ਨਹੀਂ ਸਗੋਂ ਮਾਣ ਮਹਿਸੂਸ ਕਰਨਾ ਚਾਹੀਦਾ ਹੈ। ਉਪਰੰਤ ਸਭਾ ਦੇ ਅਗਜ਼ੈਕਟਿਵ ਮੈਂਬਰਾਂ ਅਤੇ ਪਰਿਵਾਰ ਦੇ ਮੈਂਬਰਾਂ ਵਲੋਂ ਕਿਤਾਬਾਂ ਲੋਕ-ਅਰਪਣ ਕੀਤੀਆਂ ਗਈਆਂ। ਸਭਾ ਵਲੋਂ ਉਨ੍ਹਾਂ ਨੂੰ ‘ਮਾਂ-ਬੋਲੀ ਪੰਜਾਬੀ ਤੇ ਪੰਜਾਬੀਅਤ ਨੂੰ ਸਮਰਪਿਤ, ਵਿਸ਼ੇਸ਼ ਸਨਮਾਨ’ ਭੇਟ ਕੀਤਾ ਗਿਆ। ਜਸਵਿੰਦਰ ਸਿੰਘ ਰੁਪਾਲ ਨੇ ਨੌਜੁਆਨਾਂ ਨੂੰ ਆਪਣੇ ਸਭਿਆਚਾਰ ਤੇ ਆਪਣੇ ਨਾਲ ਜੋੜਨ ਲਈ ਇਮਾਨਦਾਰੀ ਦੀ ਲੋੜ ਹੈ ਅਤੇ ਲੁੱਟ-ਖਸੁੱਟ ਤੋਂ ਬਾਜ਼ ਆਉਣਾ ਚਾਹੀਦਾ ਹੈ ਤਾਂ ਜੋ ਨਿੱਤ ਹੁੰਦੇ ਖੁਦਕੁਸ਼ੀਆਂ ਦੇ ਰੁਝਾਨ ਤੋਂ ਨੌਜੁਆਨਾਂ ਨੂੰ ਬਚਾਇਆ ਜਾ ਸਕੇ।

ਇੰਜਨੀਅਰ ਜੀਰ ਸਿੰਘ ਬਰਾੜ ਨੇ ਕਿਹਾ ਕਿ ਪਰਿਵਾਰ ਵਿਚ ਦਾਦੀ ਦਾਦੇ ਦੀ ਹੋਂਦ ਨੌਜੁਆਨਾਂ ਨੂੰ ਆਪਣੇ ਸਭਿਆਚਾਰ ਤੇ ਬੋਲੀ ਨਾਲ ਜੋੜਨ ਦੀ ਕਵਿਤਾ ਗਾ ਕੇ ਸੁਣਾਈ। ਗੁਰਜੀਤ ਕੌਰ ਨੇ ‘ਸੁਣ ਵੇ ਬਾਜ਼ਾਂ ਵਾਲਿਆ’ ਬੁਲੰਦ ਅਵਾਜ਼ ਵਿਚ ਪੇਸ਼ ਕੀਤੀ। ਸਨੀ ਸਵੈਚ ਨੇ ਖੁਸ਼ ਰਹਿਣ ਦੇ ਭਰਮ ਅਤੇ ਸੈੱਲ ਫੋਨ ਦੇ ਘਰ ਰਹਿ ਜਾਣ ਦੀ ਬੇਚੈਨੀ ’ਤੇ ਹਾਸਰਸ ਰਚਨਾਵਾਂ ਪੇਸ਼ ਕੀਤੀਆਂ। ਹਰਮਿੰਦਰ ਸਿੰਘ ਨੇ ‘ਉੱਚਾ ਦਰ ਬਾਬੇ ਨਾਨਕ ਦਾ’ ਸ਼ਬਦ ਪੇਸ਼ ਕੀਤਾ। ਜਗਦੀਸ਼ ਸਰੋਆ ਨੇ ‘ਨਵੇਂ ਸਾਲ ਦੀ ਉਮੰਗ’ ਰਚਨਾ ਨਾਲ ਹਾਜ਼ਰੀ ਲੁਆਈ। ਮਨਮੋਹਨ





ਵਿਚਾਰ-ਚਰਚਾ ਹੋਈ। ਪ੍ਰਧਾਨਗੀ ਮੰਡਲ ਵਿਚ ਪ੍ਰਧਾਨ ਜਸਵੀਰ ਸਿੰਘ ਸਿਹੋਤਾ, ਜਸਵਿੰਦਰ ਸਿੰਘ ਰੁਪਾਲ ਅਤੇ ਬਲਵਿੰਦਰ ਕੌਰ ਬਰਾੜ ਦੇ ਸਥਾਨ ਗ੍ਰਹਿਣ ਕਰਨ ਉਪਰੰਤ ਸਕੱਤਰ ਗੁਰਚਰਨ ਥਿੰਦ ਨੇ ਸਟੇਜ ਸੰਚਾਲਨ ਸ਼ੁਰੂ ਕੀਤਾ। ਸਭਾ ਦੇ ਸਤਿਕਾਰਤ ਮੈਂਬਰ ਜਗਦੇਵ ਸਿੰਘ ਸਿੱਧੂ ਦੇ ਨੌਜੁਆਨ ਭਤੀਜੇ ਦੀ ਬੇਵਕਤ ਮੌਤ ’ਤੇ ਦੁੱਖ ਸਾਂਝਾ ਕੀਤਾ ਗਿਆ। ਪੰਜਾਬੀ ਸਿਨਮੇ ਦੀ ਜਾਣੀ-ਮਾਣੀ ਸ਼ਖ਼ਸੀਅਤ ਨਿਰਮਲ ਰਿਸ਼ੀ ਨੂੰ ‘ਪਦਮ ਸ੍ਰੀ’ ਮਿਲਣ ਦੀ ਖੁਸ਼ਖਬਰੀ ਹਾਜ਼ਰੀਨ ਨਾਲ ਸਾਂਝੀ ਕੀਤੀ ਗਈ। ਸਭਾ ਦੇ ਮੈਂਬਰ ਦਰਸ਼ਨ ਸਿੰਘ ਤਿਓਣਾ, ਹਰਜਿੰਦਰ ਕੌਰ ਬਦੇਸ਼ਾ, ਜਗਦੀਸ਼ ਸਿੰਘ ਚੋਹਕਾ ਤੇ ਡਾ. ਗੁਰਮਿੰਦਰ ਕੌਰ, ਜੋ ਕਿ ਪੰਜਾਬ ਫੇਰੀ ’ਤੇ ਹਨ, ਵਲੋਂ ਉੱਥੇ ਜਾ ਕੇ ਸਭਾ ਲਈ ਪਾਏ ਜਾ ਰਹੇ ਯੋਗਦਾਨ ਲਈ ਉਨ੍ਹਾਂ ਦਾ ਧੰਨਵਾਦ ਕੀਤਾ ਗਿਆ। ਉਪਰੰਤ ਮੀਟਿੰਗ ਦੀ ਕਾਰਵਾਈ ਸ਼ੁਰੂ ਹੋ ਗਈ। ਸਭ ਤੋਂ ਪਹਿਲਾਂ ਇੰਟਰਨੈਸ਼ਨਲ ਵਿਦਿਆਰਥੀ ਵਜੋਂ ਕੈਨੇਡਾ ਆਏ ਪ੍ਰੀਤਸਾਗਰ ਸਿੰਘ ਨੇ ਨੌਜੁਆਨ ਪੀੜ੍ਹੀ ਨੂੰ ਸਭਿਆਚਾਰ ਤੇ ਕਾਰਵਾਈ ਕੀਤੀ ਗਈ। ਬਲਵਿੰਦਰ ਬਰਾੜ ਨੇ ‘ਰਸੀਲਾ ਕਾਵਿ’ ਵਿਚ ਸਰਲ ਭਾਸ਼ਾ ਵਿਚ ਭਿੰਨ-ਭਿੰਨ ਸਮਾਜਿਕ ਤੇ ਧਾਰਮਿਕ ਵਿਸ਼ਿਆਂ ’ਤੇ ਲਿਖੀਆਂ ਛੰਦਬੱਧ ਕਵਿਤਾਵਾਂ ਨੂੰ ਕਵੀ ਦਾ ਹਾਸਲ ਦੱਸਿਆ। ਗੁਰਦੀਸ਼ ਗਰੇਵਾਲ ਨੇ ‘ਕੀਤੋਸ ਆਪਣਾ ਪੰਥ ਨਿਰਾਲਾ’ ਲੇਖ-ਸੰਗ੍ਰਹਿ ਉੱਪਰ ‘ਖੋਜ ਭਰਪੂਰ ਗੁਰਮਤਿ ਲੇਖਾਂ ਦਾ ਅਨਮੋਲ ਖਜ਼ਾਨਾ’ ਸਿਰਲੇਖ ਹੇਠ ਆਪਣਾ ਪੇਪਰ ਪੜ੍ਹਿਆ। ਗੁਰਨਾਮ ਕੌਰ ਨੇ ਇਸ ਲੇਖ-ਸੰਗ੍ਰਿਹ ਦੇ ਗੁਰਮਤਿ ’ਤੇ ਆਧਾਰਤ ਲੇਖਾਂ ਦਾ ਵਿਸ਼ਲੇਸ਼ਣ ਕਰਦੇ ਕਿਤਾਬ ਵਿਚਲੇ ਤੀਹ ਲੇਖਾਂ ਨੂੰ ਜੀਵਨ-ਜਾਚ ਦਰਸਾਉਂਦੇ ਲੇਖ ਦਰਸਾਇਆ। ਗੁਰਚਰਨ ਥਿੰਦ ਨੇ ਦੋਵਾਂ ਕਿਤਾਬਾਂ ਦੀਆਂ ਲਿਖਤਾਂ ਨੂੰ ਜਸਵਿੰਦਰ ਸਿੰਘ ਰੁਪਾਲ ਦੀ ‘ਤਰਕ ਤੇ ਦਲੀਲ ਦੀ ਕਸਵੱਟੀ ’ਤੇ ਪੂਰੀ ਉਤਰਦੀ ਅਧਿਆਤਮਕ ਲੇਖਣੀ’ ਆਖ ਇਨ੍ਹਾਂ ਕਿਤਾਬਾਂ ਨੂੰ ਆਪਣੀਆਂ ਪੜ੍ਹਨਯੋਗ ਪੁਸਤਕਾਂ ਵਿਚ ਸ਼ਾਮਲ ਕਰਨ ਦੀ ਗੱਲ ਆਖੀ। ਬਲਤੇਜ ਸਿੰਘ ਨੇ ਆਪਣੇ ਲੇਖਕ ਪਿਤਾ ਜੀ ਤੋਂ ਸਹਿਣਸ਼ੀਲਤਾ ਤੇ ਡਸਿਪਲਿਨ ਭਰਪੂਰ ਜ਼ਿੰਦਗੀ ਜਿਓਣ ਦੀ ਪ੍ਰੇਰਨਾ ਕਿਹਾ ਕਿ ਲੇਖਕ ਦੁਨੀਆਂ ਨੂੰ ਹਿਲਾ ਸਕਣ ਦੀ ਸਮਰੱਥਾ ਰੱਖਦੇ ਹਨ। ਬਾਬੇ ਨਾਨਕ ਦੇ ਸ਼ਬਦਾਂ ਨੇ ਸੱਜਣ ਠੱਗ ਵਰਗਿਆਂ ਨੂੰ ਸਿੱਧੇ ਰਾਹ ਪਾਇਆ। ਪਰ ਅਫ਼ਸੋਸ! ਕਿ ਸਾਡੇ ਸ਼ਬਦਾਂ ਵਿਚ ਉਹ ਜ਼ੋਰ ਕਿਉਂ ਨਹੀਂ? ਉਨ੍ਹਾਂ ਅਜੋਕੇ ਸਮੇਂ ਵਿਚ ਰਚੇ ਜਾ ਰਹੇ ਨਾਂਹ-ਪੱਖੀ ਸਾਹਿਤ ’ਤੇ ਚਿੰਤਾ ਪ੍ਰਗਟ ਕੀਤੀ।

ਕਿਤਾਬਾਂ ਦੇ ਲੋਕ-ਅਰਪਣ ਕਰਨ ਉਪਰੰਤ ਵਿਚਾਰ-ਚਰਚਾ ਛੇੜੀ ਗਈ। ਕੈਲਗਰੀ ਯੂਨੀਵਰਸਿਟੀ ਦੇ ਸੈਨੇਟਰ ਰਹਿ ਚੁੱਕੇ ਰੇਡੀਓ ਰੈੱਡ ਐੱਫ ਐਮ ਦੇ ਹੋਸਟ ਰਿਸ਼ੀ ਨਾਗਰ ਨੇ ਕਿਹਾ ਕਿ ਅੰਤਰ-ਰਾਸ਼ਟਰੀ ਵਿਦਿਆਰਥੀਆਂ ਦੀ ਪੜ੍ਹਾਈ ਲਈ ਸੱਤ ਗੁਣਾਂ ਫੀਸ ਅਤੇ ਪੰਜਾਬ ਦੀਆਂ ਯੂਨੀਵਰਸਿਟੀਆਂ ਵਿਚ ਪੜ੍ਹੇ ਗਏ ਸਾਲ ਅਤੇ ਇੱਥੋਂ ਦੀਆਂ ਯੂਨੀਵਰਸਿਟੀਆਂ ਵਿਚ ਪੜ੍ਹਾਈ ਦੇ ਸਾਲਾਂ ਦਾ ਮੇਲ ਨਾ ਖਾਣਾ, ਨੌਜੁਆਨਾਂ ਅੰਦਰ ਬੇਚੈਨੀ ਪੈਦਾ ਕਰਦਾ ਹੈ। ਇਸਦੇ ਨਾਲ ਹੀ ਸਾਡੇ ਆਪਣੇ ਲੋਕਾਂ ਵਲੋਂ ਨੌਕਰੀਆਂ ਲਈ ਐਲ.ਐਮ.ਆਈ ਦੇਣ ਦੇ ਨਾਂ ‘ਤੇ ਨੌਜੁਆਨਾਂ ਦੇ ਸ਼ੋਸ਼ਣ ‘ਤੇ ਚਿੰਤਾ ਜ਼ਾਹਿਰ ਕਰਦਿਆਂ ਕਿਹਾ ਕਿ ਲਈ ਲਾਹੇਵੰਦ ਹੁੰਦੀ ਹੈ। ਨੌਜੁਆਨ ਵਿਦਿਆਰਥੀ ਸਿਕੰਦਰ ਸਿੰਘ, ਨੇ ਪੰਜਾਬੀ ਬੋਲੀ ਦੇ ਉਚਾਰਣ ਦੇ ਡਿੱਗਦੇ ਮਿਆਰ ਦਾ ਕਾਰਨ ਸਕੂਲਾਂ ਵਿਚ ਅਧਿਆਪਕਾਂ ਦੀ ਫ਼ਰਮਾਇਸ਼ੀ ਭਰਤੀ ਦੱਸਿਆ। ਯੂਨੀਵਰਸਿਟੀ ਵਿਚੋਂ ਸਾਈਕੌਲੌਜੀ ਦੀ ਡਿਗਰੀ ਪ੍ਰਾਪਤ ਕਰ ਚੁੱਕੀ ਸ਼ੈਰੀ ਬਰਾੜ ਨੇ ਕਿਹਾ ਕਿ ਇਹ ਸੱਚ ਹੈ ਕਿ ਪਹਿਲਾਂ ਜ਼ਰੂਰ ਕਲਚਰਲ ਸ਼ਾਕ ਲਗਦਾ ਹੈ ਪਰ ਮੇਰਾ ਤਜਰਬਾ ਬਹੁਤਾ ਪਾਜ਼ਿਟਿਵ ਹੀ ਰਿਹਾ ਹੈ, ਮੈਨੂੰ ਕਿਸੇ ਕਿਸਮ ਦੇ ਰੇਸ਼ੀਅਲ ਡਿਸਕ੍ਰੀਮੀਨੇਸ਼ਨ ਦਾ ਸਾਹਮਣਾ ਨਹੀਂ ਕਰਨਾ ਪਿਆ। ਸੁਰਿੰਦਰ ਗੀਤ ਨੇ ਕਿਹਾ ਕਿ ਕਵਿਤਾ ਬੇਰੋਕ ਆਉਂਦੀ ਹੈ। ਉਨ੍ਹਾਂ ਦਾ ਵਿਚਾਰ ਹੈ ਕਿ ਪੰਜਾਬੀ ਬੋਲੀ ਵਿਚੋਂ ਗਾਲ੍ਹਾਂ ਬਾਹਰ ਕੱਢ ਦਿਓ ਬੋਲੀ ਆਪੇ ਮਕਬੂਲ ਹੋ ਜਾਵੇਗੀ। ਉਨ੍ਹਾਂ ਆਪਣੀ ਕਵਿਤਾ, ‘ਬੈਠ ਗਈ ਹੈ ਜਿੰਦ ਨਿਮਾਣੀ, ਥੱਕੀ ਟੁੱਟੀ ਆਪਣੇ ਆਪ ਨਾ ਢਾਸਣਾ ਲਾ ਕੇ’ ਅਤੇ ਇੱਕ ਗ਼ਜ਼ਲ ਸਾਂਝੀ ਕੀਤੀ। ਰਵੀ ਜਨਾਗਲ ਨੇ ਸੰਤ ਰਾਮ ਉਦਾਸੀ ਦਾ ਗੀਤ ਸੁਣਾਇਆ। ਸੁਖਵਿੰਦਰ ਸਿੰਘ ਤੂਰ ਨੇ ਜਸਵਿੰਦਰ ਸਿੰਘ ਰੁਪਾਲ ਸਿੰਘ ਬਾਠ ਨੇ ਪ੍ਰੋ: ਮੋਹਨ ਸਿੰਘ ਦੀ ਰਚਨਾ ਨੂੰ ਸੁਰੀਲੀ ਸੁਰ ਵਿਚ ਗਾਇਆ। ਸਰਬਜੀਤ ਉੱਪਲ ਨੇ ਮਾਂ ਦੇ ਰੁਤਬੇ ਦੀ ਗੱਲ ਕਰਦੀ ਰਚਨਾ ਸਾਂਝੀ ਕੀਤੀ। ਪਰਮਜੀਤ ਸਿੰਘ ਭੰਗੂ ਨੇ ‘ਰਹਿੰਦੀ ਸਦਾ ਗਰੀਬ ਨੂੰ ਆਟੇ ਦੀ ਤੋਟ’ ਗੀਤ ਬੁਲੰਦ ਅਵਾਜ਼ ਵਿਚ ਪੇਸ਼ ਕੀਤਾ।

ਸੁਖਵਿੰਦਰ ਸਿੰਘ ਥਿੰਦ, ਸੁਰਿੰਦਰ ਢਿਲੋਂ, ਪ੍ਰੋ. ਸ਼ੁਭਪ੍ਰੇਮ ਸਿੰਘ ਨੇ ਵੀ ਵਿਚਾਰ ਪੇਸ਼ ਕੀਤੇ। ਅੰਤ ਵਿਚ ਪ੍ਰਧਾਨ ਸਿਹੋਤਾ ਜੀ ਨੇ ਸਭ ਦਾ ਧੰਨਵਾਦ ਕੀਤਾ।

ਮੀਟਿੰਗ ਵਿਚ ਜਸਜੋਤ ਕੌਰ, ਇਕਬਾਲ ਸਿੰਘ ਰੁਪਾਲ, ਅਮਰਪਾਲ ਕੌਰ ਰੁਪਾਲ, ਪੈਰੀ ਮਾਹਲ, ਸਿਮਰ ਕੌਰ ਚੀਮਾ, ਅਮਰੀਕ ਸਿੰਘ ਸਰੋਆ, ਰੈਮੀ ਸਵੈਚ ਤੇ ਗਿਆਨ ਕੌਰ ਸੀਹਰਾ ਹਾਜ਼ਰ ਸੀ। ਵਧੇਰੇ ਜਾਣਕਾਰੀ ਲਈ ਗੁਰਚਰਨ ਕੌਰ ਥਿੰਦ ਸਕੱਤਰ ਨਾਲ 403-402-9635 ਜਾਂ ਜਸਵੀਰ ਸਿੰਘ ਸਿਹੋਤਾ ਪ੍ਰਧਾਨ, ਨਾਲ 403-681-8281 ’ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਪਰਵਾਸੀ ਭਾਰਤੀਆਂ ਵਲੋਂ ਸਫ਼ਲ ਕਿਸਾਨ ਸਨਮਾਨ ਸਮਾਗਮ ਦੌਰਾਨ ਵਾਤਾਵਰਨ ਪੱਖੀ ਕਿਸਾਨ ਸਨਮਾਨਤ

**ਕੋਟਕਪੂਰਾ:** ਮਨੁੱਖਤਾ ਦੀ ਭਲਾਈ ਵਾਲੇ ਕਾਰਜਾਂ ‘ਚ ਯਤਨਸ਼ੀਲ ਰਹਿਣ ਵਾਲੀ ਪਰਵਾਸੀ ਭਾਰਤੀਆਂ ਦੀ ਸੰਸਥਾ ‘ਪਗੜੀ’ ਵਲੋਂ ਸਫਲ ਕਿਸਾਨ ਸਨਮਾਨ ਸਮਾਗਮ’ ਦੌਰਾਨ ਪਿਛਲੇ ਸਮੇਂ ਤੋਂ ਸ਼ੁਰੂ ਕੀਤੇ ਪ੍ਰੋਜੈਕਟ ਜੈਵਿਕ ਘਰੇਲੂ ਬਗੀਚੀ ਅਤੇ ਮੁਰਗੀ ਪਾਲਣ ‘ਚ ਸਫਲਤਾ ਮਹਿੰਦੀਰੱਤਾ ਮੁਤਾਬਕ ਸਪੀਕਰ ਸੰਧਵਾਂ ਨੇ ਆਖਿਆ ਕਿ ਅਜਿਹੀਆਂ ਵਾਤਾਵਰਨ ਪੱਖੀ ਸੰਸਥਾਵਾਂ ਅਤੇ ਜਥੇਬੰਦੀਆਂ ਦੇ ਸਹਿਯੋਗ ਲਈ ਸਰਕਾਰ ਹਰ ਸਮੇਂ ਤਿਆਰ ਹੈ ਤੇ ਉਹ ਇਸ ਬਾਰੇ ਗੁਰਮੀਤ ਸਿੰਘ ਖੁੱਡੀਆਂ ਖੇਤੀਬਾੜੀ ਮੰਤਰੀ ਪੰਜਾਬ ਨਾਲ ਵੀ ਗੱਲਬਾਤ ਕਰਨਗੇ। ਅਫਸਰ ਸਮੇਤ ਹਰਵਿੰਦਰ ਸਿੰਘ ਮਰਵਾਹਾ, ਦਲੇਰ ਸਿੰਘ, ਅਮਰਜੀਤ ਸਿੰਘ ਢਿੱਲੋਂ ਆਦਿ ਨੇ ਸੰਬੋਧਨ ਕੀਤਾ। ਉਨ੍ਹਾਂ ਦੱਸਿਆ ਕਿ ਪਗੜੀ ਸੰਸਥਾ ਸ਼ਿਕਾਗੋ ਕਿਸਾਨੀ ਮੋਰਚੇ ਤੋਂ ਬਾਅਦ ਹੋਂਦ ਵਿਚ ਆਈ। ਇਸ ਸੰਸਥਾ ਨੇ ਲਾਲ ਸਿੰਘ (ਮੁੱਖ ਸੇਵਾਦਾਰ) ਸ਼ਿਕਾਗੋ, ਕੁਲਦੀਪ ਸਿੰਘ



ਹਾਸਲ ਕਰਨ ਵਾਲੇ ਕਿਸਾਨਾਂ ਦਾ ਅੱਜ ਉਚੇਚੇ ਤੌਰ ‘ਤੇ ਸਨਮਾਨ ਕੀਤਾ ਗਿਆ।

ਸਥਾਨਕ ਕੋਠੇ ਗੱਜਣ ਸਿੰਘ ਵਾਲਾ ਵਿਖੇ ਹੋਏ ਉਕਤ ਸਮਾਗਮ ਵਿਚ ਕੁਲਤਾਰ ਸਿੰਘ ਸੰਧਵਾਂ ਸਪੀਕਰ ਪੰਜਾਬ ਵਿਧਾਨ ਸਭਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸਮਾਗਮ ਦੀ ਪ੍ਰਧਾਨਗੀ ਪਗੜੀ ਸੰਸਥਾ ਦੇ ਮੁੱਖ ਸੇਵਾਦਾਰ ਲਾਲ ਸਿੰਘ ਸ਼ਿਕਾਗੋ ਨੇ ਕੀਤੀ। ਸਪੀਕਰ ਸੰਧਵਾਂ ਨੇ ਪਗੜੀ ਸੰਸਥਾ ਦੀ ਸ਼ਲਾਘਾ ਕੀਤੀ।

ਸੰਸਥਾ ਦੇ ਪ੍ਰੈਸ ਸਕੱਤਰ ਗੁਰਿੰਦਰ ਸਿੰਘ

ਸੰਸਥਾ ਦੇ ਸੰਸਥਾਪਕ ਸ. ਲਾਲ ਸਿੰਘ ਸ਼ਿਕਾਗੋ ਨੇ ਕਿਹਾ ਕਿ ਸੰਸਥਾ ਵਲੋਂ ਹੁਣ ਤਕ 450 ਤੋਂ ਵੱਧ ਵਾਤਾਵਰਨ ਪੱਖੀ ਕਿਸਾਨਾਂ ਦਾ ਸਨਮਾਨ ਕੀਤਾ ਜਾ ਚੁੱਕਾ ਹੈ ਅਤੇ ਅੱਜ 40 ਪੋਲਟਰੀ ਫਾਰਮ ਦਾ ਧੰਦਾ ਕਰਨ ਵਾਲੇ ਅਤੇ 55 ਘਰੇਲੂ ਬਗੀਚੀਆਂ ਵਾਲੇ ਵਾਤਾਵਰਨ ਪੱਖੀ ਕਿਸਾਨਾਂ ਦਾ ਸਨਮਾਨ ਮਾਣਯੋਗ ਸਪੀਕਰ ਕੁਲਤਾਰ ਸਿੰਘ ਸੰਧਵਾਂ ਤੋਂ ਕਰਵਾਇਆ ਗਿਆ। ਇਸ ਮੌਕੇ ਡਾ. ਅਮਰੀਕ ਸਿੰਘ ਮੁੱਖ ਖੇਤੀਬਾੜੀ ਅਫਸਰ, ਗੁਰਪ੍ਰੀਤ ਸਿੰਘ ਬਲਾਕ ਸਰਾਂ, ਡਾ. ਹਰਿੰਦਰ ਸਿੰਘ ਲਾਂਬਾ ਦੀ ਅਗਵਾਈ ਹੇਠ ਫਰੀਦਕੋਟ ਤੋਂ ਸੇਵਾ ਕਾਰਜ ਸ਼ੁਰੂ ਕੀਤਾ।

ਹਰਵਿੰਦਰ ਸਿੰਘ (ਕੋਆਰਡੀਨੇਟਰ) ਨੇ ਦੱਸਿਆ ਕਿ ਫਰੀਦਕੋਟ ਦੇ ਕੁਝ ਪਿੰਡਾਂ ਦੇ 30 ਕਿਸਾਨਾਂ ਨੂੰ ਪੋਲਟਰੀ ਦਾ ਕੰਮ ਸ਼ੁਰੂ ਕਰ ਕੇ ਦਿੱਤਾ, 419 ਘਰੇਲੂ ਬਗੀਚੀਆਂ ਲਵਾਈਆਂ, ਕੁਦਰਤੀ ਖੇਤੀ ਲਈ ਕਿਸਾਨਾਂ ਨੂੰ ਉਤਸ਼ਾਹਿਤ ਕੀਤਾ। ਇਸ ਤੋਂ ਇਲਾਵਾ ਮਨੁੱਖਤਾ ਦੀ ਭਲਾਈ ਵਾਲੇ ਕਾਰਜਾਂ ‘ਚ ਲੋੜ ਅਨੁਸਾਰ ਮਦਦ ਕੀਤੀ ਜਾ ਰਹੀ ਹੈ।

# ਲੈਫਟੀਨੈਂਟ ਕਰਨਲ ਤੇਜਦੀਪ ਸਿੰਘ ਰਤਨ ਲੜ ਰਹੇ ਹਨ ਮਾਊਨਟੇਨ ਹਾਊਸ ਕੈਲੀਫੋਰਨੀਆ ਦੀ ਸਿਟੀ ਕੌਂਸਲ ਦੀਆਂ ਚੋਣਾਂ

**ਮਾਊਨਟੇਨ ਹਾਊਸ, ਕੈਲੀਫੋਰਨੀਆ:** ਸਾਲ 2009 ਵਿਚ ਆਪਣੇ ਸਿੱਖੀ ਸਰੂਪ ਨਾਲ ਅਮਰੀਕਾ ਦੀ ਫੌਜ ਵਿਚ ਭਰਤੀ ਹੋਣ ਲਈ ਆਗਿਆ ਪ੍ਰਾਪਤ ਕਰਨ ਵਾਲੇ ਪਹਿਲੇ ਸਾਬਤ ਸੂਰਤ ਦਸਤਾਰਧਾਰੀ ਸਿੱਖ, ਲੈਫਟੀਨੈਂਟ ਕਰਨਲ ਡਾ. ਤੇਜਦੀਪ ਸਿੰਘ ਰਤਨ ਨੇ ਅਮਰੀਕਾ ਵਿਚ ਕੈਲੀਫੋਰਨੀਆ ਸੂਬੇ ਦੇ ਸ਼ਹਿਰ ਮਾਊਨਟੇਨ ਹਾਊਸ ਦੀਆਂ ਆਗਾਮੀ ਮਾਰਚ 2024 ਵਾਲੀਆਂ ਸਿਟੀ ਕੌਂਸਲ ਚੋਣਾਂ ਵਿਚ ਕਾਊਂਸਲ ਮੈਂਬਰ ਵੱਜੋਂ ਚੋਣ ਲੜਨ ਲਈ ਆਪਣੇ ਨਾਂ ਦਾ ਐਲਾਨ ਕੀਤਾ ਹੈ।



ਕੌਂਸਲ ਦੇ 4 ਮੈਂਬਰਾਂ ਨੂੰ ਚੁਣਨ ਲਈ, ਕੁੱਲ 8 ਉਮੀਦਵਾਰ ਮੈਦਾਨ ਵਿਚ ਹਨ ਅਤੇ ਇਨ੍ਹਾਂ ਵਿਚੋਂ ਸਿਰਫ ਰਤਨ ਹੀ ਸਿੱਖ ਭਾਈਚਾਰੇ ਨਾਲ ਸੰਬੰਧ ਰੱਖਦੇ ਹਨ। ਇਸ ਚੋਣ ਲਈ ਸ਼ਹਿਰ ਵਾਸੀ 5 ਫਰਵਰੀ ਤੋਂ ਲੈ ਕੇ 5 ਮਾਰਚ 2024 ਤੱਕ ਵੋਟਾਂ ਪਾ ਸਕਦੇ ਹਨ।

ਡਾ. ਰਤਨ ਨੇ ਸਾਲ 2015 ਵਿਚ ਆਪਣੀ ਕੁੱਲ-ਵਕਤੀ ਫੌਜੀ ਸੇਵਾ ਦੀ ਸਮਾਪਤੀ ਤੋਂ ਬਾਅਦ ਮਾਊਨਟੇਨ ਹਾਊਸ ਸ਼ਹਿਰ ਵਿਖੇ ਆਪਣਾ ਘਰ ਖਰੀਦਿਆ ਜਿੱਥੇ ਉਹ ਆਪਣੀ ਪਤਨੀ ਜਸਜੀਤ ਕੌਰ ਅਤੇ ਦੋ ਬੱਚਿਆਂ ਦੇ ਨਾਲ ਰਹਿੰਦੇ ਹਨ। ਉਹ ਕਿੱਤੇ ਵਜੋਂ ਦੰਦਾਂ ਦੇ ਡਾਕਟਰ ਹੋਣ ਦੇ ਨਾਲ ਨਾਲ ਫੌਜ ਦੀ ਰਿਜ਼ਰਵ ਬਟਾਲੀਅਨ ਵਿਚ ਵੀ ਆਪਣੀ ਸੇਵਾ ਨਿਭਾ ਰਹੇ ਹਨ ਅਤੇ ਹਾਲ ਹੀ ਵਿਚ ਉਨ੍ਹਾਂ ਨੂੰ ਨਵੰਬਰ 2024 ਵਿਚ ਸ਼ੁਰੂ ਹੋਣ ਵਾਲੇ ਆਰਮੀ ਰਿਜ਼ਰਵ ਦੇ ਅਗਲੇ ਸੈਸ਼ਨ ਲਈ ਬਟਾਲੀਅਨ ਕਮਾਂਡ ਵਾਸਤੇ ਚੁਣਿਆ ਗਿਆ ਹੈ।

ਆਪਣੇ ਸਾਥੀਆਂ ਵਿਚ “ਟੀ ਜੇ” ਦੇ ਨਾਮ ਨਾਲ ਜਾਣੇ ਜਾਂਦੇ ਰਤਨ ਦਾ ਕਹਿਣਾ ਹੈ ਕਿ, “ਫੌਜ ਵਿਚ ਨਿਰਸਵਾਰਥ ਸੇਵਾ ਦੀਆਂ ਕਦਰਾਂ-ਕੀਮਤਾਂ ਤੋਂ ਪ੍ਰੇਰਿਤ ਹੋ ਕੇ, ਅਮਰੀਕਾ ਦੇ ਸਭ ਤੋਂ ਨਵੇਂ ਸ਼ਹਿਰ ਵਜੋਂ ਮਾਨਤਾ ਪ੍ਰਾਪਤ ਮਾਊਨਟੇਨ ਹਾਊਸ ਦੀ ਸੁਰੱਖਿਆ ਤੇ ਖੁਸ਼ਹਾਲੀ ਨੂੰ ਯਕੀਨੀ ਬਣਾਉਣਾ ਅਤੇ ਭਾਈਚਾਰੇ ਨੂੰ ਵਿਕਸਤ ਕਰਨਾ ਮੇਰਾ ਮੁੱਖ ਮਕਸਦ ਹੈ। ਸਿਟੀ ਕੌਂਸਲ ਲਈ ਚੋਣ ਲੜਨ ਦਾ ਮੇਰਾ ਫੈਸਲਾ ਜਨਤਕ ਸੇਵਾ ਅਤੇ ਭਾਈਚਾਰਕ ਭਲਾਈ ਲਈ ਮੇਰੇ ਸਮਰਪਣ ਦਾ ਪ੍ਰਮਾਣ ਹੈ। ਯੂ.ਐਸ. ਆਰਮਡ ਫੋਰਸਿਜ਼ ਵਿਚ ਮੇਰੀ ਭੂਮਿਕਾ ਅਤੇ ਵਿਲੱਖਣ ਤਜ਼ਰਬਾ, ਮੈਨੂੰ ਸਿਟੀ ਕੌਂਸਲ ਵਿਚ ਪ੍ਰਭਾਵਸ਼ਾਲੀ ਢੰਗ ਨਾਲ ਯੋਗਦਾਨ ਪਾਉਣ ਵਿਚ ਸਹਾਈ ਹੋਵੇਗਾ।”

ਸ਼ਹਿਰ ਵਾਸੀਆਂ ਦੇ ਸਮਰਥਨ ਦੀ ਮਹੱਤਤਾ ਨੂੰ ਪਛਾਣਦੇ ਹੋਏ, ਡਾ. ਰਤਨ ਨੇ ਕਮਿਊਨਿਟੀ ਨੂੰ ਸਿਹਤਮੰਦ ਤੇ ਸੰਗਠਿਤ ਬਣਾਉਣ ਲਈ ਸੱਦਾ ਦਿੱਤਾ ਹੈ। ਉਨ੍ਹਾਂ ਮਾਊਨਟੇਨ ਹਾਊਸ ਦੇ ਹਰੇਕ 7 ਪਿੰਡਾਂ ਵਿਚੋਂ ਘੱਟੋ-ਘੱਟ 6 ਵਾਲੰਟੀਅਰਾਂ ਨੂੰ ਇਸ ਚੋਣ ਮੁਹਿੰਮ ਵਿਚ ਉਨ੍ਹਾਂ ਨਾਲ ਮੋਢਾ ਜੋੜਨ ਦੀ ਬੇਨਤੀ ਕੀਤੀ ਹੈ।


**-ਵੱਲੋਂ: ਸਮੀਪ ਸਿੰਘ ਗੁਮਟਾਲਾ**

# ਗਾਖਲ ਗਰੁੱਪ ਪ੍ਰੋਡਕਸ਼ਨ ਦੀ ਨਵੀਂ ਫ਼ਿਲਮ 'ਅਜਬ ਗਜਬ ਧਮਾਲ' ਹਿੰਦੀ, ਤਾਮਿਲ ਤੇ ਭੋਜਪੁਰੀ ਭਾਸ਼ਾਵਾਂ 'ਚ ਐਮਾਜ਼ਨ 'ਤੇ ਰਿਲੀਜ਼

**ਜਲੰਧਰ (ਬਿਊਰੋ):** ਗਾਖਲ ਗਰੁੱਪ ਪ੍ਰੋਡਕਸ਼ਨ ਦੀ ਨਵੀਂ ਹਿੰਦੀ, ਤਾਮਿਲ ਅਤੇ ਭੋਜਪੁਰੀ ਭਾਸ਼ਾਵਾਂ 'ਚ ਤਿਆਰ ਫ਼ਿਲਮ 'ਅਜਬ ਗਜਬ ਧਮਾਲ' ਐਮਾਜ਼ਨ ਉੱਤੇ ਵੱਡੇ ਪੱਧਰ 'ਤੇ ਰਿਲੀਜ਼ ਕਰ ਦਿੱਤੀ ਗਈ ਹੈ। ਗਾਖਲ ਗਰੁੱਪ ਪ੍ਰੋਡਕਸ਼ਨ ਦੇ ਚੇਅਰਮੈਨ ਅਤੇ ਫ਼ਿਲਮ 'ਅਜਬ ਗਜਬ ਧਮਾਲ' ਦੇ ਨਿਰਮਾਤਾ ਅਮੋਲਕ ਸਿੰਘ ਗਾਖਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਫ਼ਿਲਮ ਜਿੰਮੀ ਸ਼ੇਰਗਿੱਲ, ਸੁਨੀਲ ਗਰੋਵਰ (ਗੁੱਥੀ), ਜਸਵਿੰਦਰ ਭੱਲਾ, ਸ਼ਰੁਤੀ ਸੋਢੀ, ਬੀ.ਐੱਨ. ਸ਼ਰਮਾ ਅਤੇ ਬੀਨੂੰ ਢਿੱਲੋਂ ਵਰਗੇ ਫ਼ਿਲਮੀ ਸਿਤਾਰਿਆਂ ਨਾਲ ਸਜੀ ਹੈ। ਉਨ੍ਹਾਂ ਦੱਸਿਆ ਕਿ ਜਲਦੀ ਹੀ ਇਹ ਫਿਲਮ ਯੂਟਿਊਬ ਸਮੇਤ ਹੋਰ ਪਲੇਟਫਾਰਮਾਂ ਉੱਤੇ ਵੀ ਵੇਖਣ ਨੂੰ ਮਿਲੇਗੀ।

ਸ. ਗਾਖਲ ਨੇ ਕਿਹਾ ਕਿ ਫਿਲਮ ਰਿਲੀਜ਼ ਹੁੰਦਿਆਂ ਹੀ ਕਈ ਆਨਲਾਈਨ ਚੋਰਾਂ ਨੇ ਫਿਲਮ ਚੋਰੀ ਕਰ ਕੇ ਗੈਰਕਾਨੂੰਨੀ ਪਲੇਟਫਾਰਮਾਂ ਉੱਤੇ ਚਲਾਉਣੀ ਸ਼ੁਰੂ ਕਰ ਦਿੱਤੀ ਹੈ ਜਿਨ੍ਹਾਂ ਉੱਤੇ ਉਹ ਕਾਰਵਾਈ ਕਰਵਾਉਣ ਜਾ ਰਹੇ ਹਨ। ਉਨ੍ਹਾਂ ਨੇ ਦਰਸ਼ਕਾਂ ਨੂੰ ਅਪੀਲ ਕੀਤੀ ਕਿ ਉਹ ਐਮਾਜ਼ਨ ਤੋਂ ਹੀ ਇਹ ਫਿਲਮ ਖਰੀਦਣ ਅਤੇ ਪਰਿਵਾਰ 'ਚ ਬੈਠ ਕੇ ਦੇਖਣ। ਉਨ੍ਹਾਂ ਦੱਸਿਆ ਕਿ ਆਉਣ ਵਾਲੇ ਦਿਨਾਂ 'ਚ ਗਾਖਲ ਗਰੁੱਪ ਪ੍ਰੋਡਕਸ਼ਨ ਵਲੋਂ ਇਹ ਫਿਲਮ ਗੁਜਰਾਤੀ, ਮਰਾਠੀ ਅਤੇ ਤੇਲਗੂ ਆਦਿ ਭਾਸ਼ਾਵਾਂ 'ਚ ਵੀ ਰਿਲੀਜ਼ ਕੀਤੀ ਜਾਵੇਗੀ। ਆਸ ਹੈ ਕਿ ਆਪ ਸਭ ਦਰਸ਼ਕਾਂ ਵਲੋਂ ਪਹਿਲਾਂ ਵਾਂਗ ਭਰਪੂਰ ਹੁੰਗਾਰਾ ਮਿਲਦਾ ਰਹੇਗਾ। ਉਨ੍ਹਾਂ ਜਾਣਕਾਰੀ ਦਿੱਤੀ ਕਿ ਗਾਖਲ ਗਰੁੱਪ ਪ੍ਰੋਡਸ਼ਕਨ ਵਲੋਂ ਆਉਣ ਵਾਲੇ ਦਿਨਾਂ 'ਚ ਹੋਰ ਵੀ ਉੱਚ ਪੱਧਰ 'ਤੇ ਫਿਲਮਾਂ ਬਣਾਉਣ ਦੀ ਤਿਆਰੀ ਕਰ ਲਈ ਗਈ ਹੈ।

**ਜਿੰਮੀ ਸ਼ੇਰਗਿੱਲ, ਸੁਨੀਲ ਗਰੋਵਰ, ਬੀਨੂ ਢਿੱਲੋਂ ਤੇ ਜਸਵਿੰਦਰ ਭੱਲਾ ਵਰਗੇ ਸਿਤਾਰਿਆਂ ਨਾਲ ਸਜੀ ਹੈ ਫਿਲਮ: ਗਾਖਲ**






## ਇਲੀਨਾਏ ਵਿਚ ਫਰਵਰੀ ਨੂੰ 'ਪੰਜਾਬੀ ਭਾਸ਼ਾ ਦਾ ਮਹੀਨਾ' ਐਲਾਨਿਆ

**ਸਪਰਿੰਗਫੀਲਡ (ਇਲੀਨਾਏ):** ਇਲੀਨਾਏ ਸਟੇਟ ਵਿਚ ਪੰਜਾਬੀਆਂ ਦੇ ਵਡੇਰੇ ਯੋਗਦਾਨ ਦੇ ਮੱਦੇਨਜ਼ਰ ਇਲੀਨਾਏ ਦੇ ਗਵਰਨਰ ਜੇ.ਬੀ. ਪ੍ਰਿਟਜ਼ਕਰ ਨੇ ਇਸ ਸਾਲ ਦੇ ਫਰਵਰੀ ਮਹੀਨੇ ਨੂੰ 'ਪੰਜਾਬੀ ਭਾਸ਼ਾ ਦਾ ਮਹੀਨਾ' ਐਲਾਨਿਆ ਹੈ। ਸ਼ਿਕਾਗੋ ਦੀ ਪੰਜਾਬੀ ਕਲਚਰਲ ਸੁਸਾਇਟੀ ਅਤੇ ਕੁਝ ਹੋਰ ਸੰਸਥਾਵਾਂ ਨੇ ਸਟੇਟ ਗਵਰਨਰ ਵੱਲੋਂ ਪੰਜਾਬੀ ਨੂੰ ਦਿੱਤੇ ਇਸ ਮਾਣ ਲਈ ਉਨ੍ਹਾਂ ਦਾ ਧੰਨਵਾਦ ਕੀਤਾ ਹੈ ਅਤੇ ਨਾਲ ਹੀ ਪੰਜਾਬੀਆਂ ਨੂੰ ਇਸ ਪ੍ਰਾਪਤੀ ਲਈ ਵਧਾਈਆਂ ਦਿੱਤੀਆਂ ਹਨ।

ਯਾਦ ਰਹੇ ਕਿ 21 ਫਰਵਰੀ ਨੂੰ ਸੰਸਾਰ ਭਰ ਵਿਚ ਮਾਤ-ਭਾਸ਼ਾ ਦਿਵਸ ਮਨਾਇਆ ਜਾਂਦਾ ਹੈ ਜੋ ਸੰਯੁਕਤ ਰਾਸ਼ਟਰ ਤੋਂ ਮਾਨਤਾ ਪ੍ਰਾਪਤ ਹੈ। ਪੰਜਾਬੀ ਇਸ ਵਕਤ ਸੰਸਾਰ ਦੀ 9ਵੀਂ ਸਭ ਤੋਂ ਵੱਧ ਬੋਲੀ ਜਾਣ ਵਾਲੀ ਜ਼ੁਬਾਨ ਹੈ। ਇਸ ਦਾ ਜਨਮ 7ਵੀਂ ਸਦੀ ਦੌਰਾਨ ਹੋਇਆ ਦੱਸਿਆ ਜਾਂਦਾ ਹੈ। ਸੰਸਾਰ ਭਰ ਵਿਚ 11 ਕਰੋੜ ਤੋਂ ਉਪਰ ਲੋਕ ਪੰਜਾਬੀ ਬੋਲਦੇ ਹਨ ਜਿਨ੍ਹਾਂ ਵਿਚ ਸਿੱਖਾਂ, ਹਿੰਦੂਆਂ ਤੇ ਮੁਸਲਮਾਨਾਂ ਤੋਂ ਇਲਾਵਾ ਇਸਾਈ ਅਤੇ ਹੋਰ ਧਰਮਾਂ ਤੇ ਖਿੱਤਿਆਂ ਦੇ ਲੋਕ ਵੀ ਸ਼ਾਮਿਲ ਹਨ। ਭਾਰਤ, ਪਾਕਿਸਤਾਨ, ਇੰਗਲੈਂਡ ਅਤੇ ਕੈਨੇਡਾ ਵਿਚ ਪੰਜਾਬੀ ਸਰਕਾਰੀ ਭਾਸ਼ਾ ਦਾ ਦਰਜਾ ਹਾਸਲ ਕਰ ਚੁੱਕੀ ਹੈ। ਨਿਊਜ਼ੀਲੈਂਡ, ਆਸਟਰੇਲੀਆ, ਮਲੇਸ਼ੀਆ, ਪੂਰਬੀ ਅਫਰੀਕੀ ਮੁਲਕਾਂ, ਅਤੇ ਯੂ.ਏ.ਈ. ਵਿਚ ਪੰਜਾਬੀ ਖਾਸੀ ਗਿਣਤੀ ਵਿਚ ਵੱਸਦੇ ਹਨ। ਅਮਰੀਕਾ ਵਿਚ ਸਾਢੇ ਸੱਤ ਲੱਖ ਲੋਕ ਪੰਜਾਬੀ ਬੋਲਦੇ ਹਨ। ਇਨ੍ਹਾਂ ਵਿਚੋਂ 50 ਹਜ਼ਾਰ ਤੋਂ ਵਧੇਰੇ ਪੰਜਾਬੀ ਬੋਲਣ ਵਾਲੇ ਇਕੱਲੇ ਇਲੀਨਾਏ ਵਿਚ ਹਨ। ਪੰਜਾਬੀ ਕਲਚਰਲ ਸੁਸਾਇਟੀ ਦੇ ਚੇਅਰਮੈਨ ਡਾ. ਵਿਕਰਮਜੀਤ ਸਿੰਘ ਗਿੱਲ ਨੇ ਕਿਹਾ ਕਿ ਪੰਜਾਬੀ ਮਾਣਮੱਤੇ, ਸਾਹਸੀ, ਦਲੇਰ ਅਤੇ ਮਹਿਮਾਨ ਨਿਵਾਜ ਹਨ। ਮੈਟਰੋ ਸ਼ਿਕਾਗੋ ਖੇਤਰ ਵਿਚ ਇਹ ਵਾਹਵਾ ਸਰਗਰਮ ਹਨ ਅਤੇ ਵੱਖ-ਵੱਖ ਸਮਾਗਮ ਕਰਵਾਉਂਦੇ ਰਹਿੰਦੇ ਹਨ। ਪੰਜਾਬੀ ਕਲਚਰਲ ਸੁਸਾਇਟੀ ਹਰ ਸਾਲ ਵਾਂਗ ਇਸ ਸਾਲ ਵੀ 20 ਅਪਰੈਲ ਨੂੰ 'ਰੰਗਲਾ ਪੰਜਾਬ' ਸਮਾਗਮ ਕਰਵਾ ਰਹੀ ਹੈ। ਪੰਜਾਬੀ ਕਲਚਰਲ ਸੁਸਾਇਟੀ ਦੇ ਬੋਰਡ ਆਫ ਗਰਵਨਰ ਰਾਜਿੰਦਰ ਸਿੰਘ ਮਾਗੋ ਨੇ ਕਿਹਾ ਕਿ ਪੰਜਾਬੀ ਕਲਚਰਲ ਸੁਸਾਇਟੀ ਅਤੇ ਇਲੀਨਾਏ ਵਿਚ ਪੰਜਾਬੀ ਬੋਲਣ ਵਾਲੇ ਆਪਣੀ ਜ਼ੁਬਾਨ ਅਤੇ ਸਭਿਆਚਾਰ ਦੀ ਰਾਖੀ ਲਈ ਸਰਗਰਮ ਹਨ ਅਤੇ ਵੱਖ-ਵੱਖ ਢੰਗ-ਤਰੀਕਿਆਂ ਰਾਹੀਂ ਲੋਕਾਂ ਅੰਦਰ ਜਾਗਰੂਕਤਾ ਫੈਲਾ ਰਹੇ ਹਨ।






# Matrimonials

## ਲੜਕੀ ਦੀ ਲੋੜ ਹੈ

Jatt sikh family from Samrala, Ludhiana, looking for a suitable match for their Amritdhari son. 24 years old , Height- 6.2". Education- 2 year Business management diploma from Humber college, Toronto, Canada. Boy is Living in Canada and Working in Canada, USA. Taya ji (Michigan, USA), Contact : +1 (586) 864-3453. *Please contact only from The USA. 05-08

Qualified compatible match for Sikh Khatri postgraduate IT engineer boy, Nov 86 born 5'8" working near New York on H1B. Green card under process. Father retired as Chief Manager from bank in India. Educated Punjabi family. Please contact us at: M +1 315 849 6562, Whatsapp +91 8860131363 oe E-mail: richiewalia@gmail.com 05-08

California settled Grewal Jatt Sikh family seeking compatible match for their US born, Kesdhariboy 27,5'9" son, well versed in both cultures. The boy is Bachelors degree holder and currently working in IT. Please call us at: E-mail- kamk1837@gmail.com or Whatsapp: 1-209-302-4376 03-06

US Based well educated Khatri Gursikh family is seeking a match for their Son, 31 Years, 5'7", Non-Vegetarian, Does not Drink. He wears a Turban. He has earned a Masters in Computer Science Degree from the US. He works for a reputed large Information Technology company in the Bay Area as a Technical Lead & Software Engineer. Looking for an educated and well settled US Citizen or Green Card match living in the US. Beyond education, girl must be with a family-oriented mindset and should have good moral family values. Caste no bar. Please contact Ph: 425-305-0114 or Email: **issuri@gmail.com** 02-05

Well educated Jatt Sikh Bay area family is seeking a suitable match for their July 2000 US born Son, height 5' 10". He has a BS in Computer Science from UCLA and a MS in CS BioMedical Imaging from UCSF. He does not drink. He wears a turban and keeps his hair. He is now working for a Software Company. Beyond education (BDS, DDS preferred), girl must be with a family-oriented mindset and should have good moral family values. Please contact ph:5108616491 or email: pgrrealty@gmail.com 52-03

Looking for suitable Ramgarhia Sikh Dhiman match in USA/Canada/Punjab for our well settled boy (US citizen), 30 years old, 5' 11", residing in Chicago. Please contact: manpreetrupal24@gmail.com 52-03

## ਲੜਕੇ ਦੀ ਲੋੜ ਹੈ

ਅਮਰੀਕਾ ਦਾ ਵਿਜ਼ਟਰ ਵੀਜ਼ਾ ਹੋਲਡਰ ਪੰਜਾਬ, ਅੰਮ੍ਰਿਤਸਰ ਰਹਿੰਦੀ ਜੱਟ ਸਿੱਖ ਲੜਕੀ, ਉਮਰ 28 ਸਾਲ, 5'5" (ਵੈੱਬ ਡਿਜਾਈਨਿੰਗ ਡਿਪਲੋਮਾ ਹੋਲਡਰ), ਲਈ ਯੂ.ਐਸ.ਏ. ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੇ ਦੀ ਜ਼ਰੂਰਤ ਹੈ। ਚਾਹਵਾਨ ਲੜਕੀ ਦੇ ਪਿਤਾ ਨਾਲ ਵ੍ਹਟਸਐਪ ਨੰਬਰ: 98783-42510, ਭਰਾ ਨਾਲ 510-424-8565 ਅਤੇ ਫੁੱਫੜ ਨਾਲ 510-610-7391 'ਤੇ ਸੰਪਰਕ ਕਰਨ। ਈਮੇਲ: gurtejsingh1991us@gmail.com 06-09

Jat Sikh family seeks a suitable match for their daughter born and raised in US, 29 years. MD doctor in residency in the US. Looking for a US/Canada born or raised Amritdhari boy doctor or higher education. Send biodata and pictures to gurkirpa224@gmail.com. 02-05

Jatt Sikh parents invite matrimonial alliance for their US born daughter 38, 5'9" beautiful, family oriented, never married. Master's in Bioengineering Management- executive position in Bay Area, California. The boy must be from the USA, professionally qualified; good-natured and well settled, with family values. Serious enquiries only. Please respond with latest photo and biodata to kaurprincess11@yahoo.com or whatsapp 669-946-5891 41-44

Jatt Sikh family seeks suitable match for their daughter who has her MD and is currently working in the Bay Area (California) as a Doctor. 38 yrs old (never married). 5'-5". The boy should be settled in the Bay Area (California) with a University degree and professionally employed. Please contact 408-763-3949 39-42

# ਸ਼੍ਰੋਮਣੀ ਕਮੇਟੀ ਚੋਣਾਂ: ਵੋਟਾਂ ਲਈ ਬਹੁਤੀ ਦਿਲਚਸਪੀ ਨਹੀਂ ਦਿਖਾ ਰਹੇ ਪੰਜਾਬੀ

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਵੋਟਾਂ ਵਿਚ ਪੰਜਾਬ ਵਾਸੀ ਐਤਕੀਂ ਬਹੁਤੀ ਦਿਲਚਸਪੀ ਨਹੀਂ ਦਿਖਾ ਰਹੇ। ਕਾਰਨ ਕੁਝ ਵੀ ਰਹੇ ਹੋਣ ਪਰ 30 ਜਨਵਰੀ ਤੱਕ ਸਮੁੱਚੇ ਸੂਬੇ 'ਚ ਸਿਰਫ 15.06 ਲੱਖ ਵੋਟਾਂ ਬਣੀਆਂ ਹਨ; 2011 ਵਿਚ ਇਹ ਅੰਕੜਾ 51.86 ਲੱਖ ਵੋਟਾਂ ਦਾ ਸੀ। 2011 ਵਿਚ ਸ਼੍ਰੋਮਣੀ ਕਮੇਟੀ ਦੀਆਂ ਵੋਟਾਂ ਪਈਆਂ ਸਨ। ਕਰੀਬ 13 ਸਾਲ ਪਹਿਲਾਂ ਦੇ ਮੁਕਾਬਲੇ ਐਤਕੀਂ ਸਿਰਫ 29 ਫੀਸਦ ਵੋਟਾਂ ਹੀ ਬਣੀਆਂ ਹਨ; ਬੀਤੇ ਵਰ੍ਹਿਆਂ ਦੌਰਾਨ ਵੋਟਰਾਂ ਦੀ ਗਿਣਤੀ ਵਿਚ ਵਾਧਾ ਹੋਣਾ ਚਾਹੀਦਾ ਸੀ।

ਪ੍ਰਾਪਤ ਵੇਰਵਿਆਂ ਅਨੁਸਾਰ ਜਦੋਂ ਵੀ ਚੀਫ ਕਮਿਸ਼ਨਰ, ਗੁਰਦੁਆਰਾ ਚੋਣਾਂ ਵੱਲੋਂ ਸ਼੍ਰੋਮਣੀ ਕਮੇਟੀ ਦੀ ਚੋਣ ਕਰਵਾਈ ਜਾਂਦੀ ਹੈ ਤਾਂ ਨਵੇਂ ਸਿਰਿਓਂ ਸਾਰੀਆਂ ਵੋਟਾਂ ਬਣਦੀਆਂ ਹਨ। ਚੀਫ ਕਮਿਸ਼ਨਰ ਦੀ ਸਿਫਾਰਸ਼ ਉਤੇ ਪੰਜਾਬ ਦੇ ਮੁੱਖ ਚੋਣ ਅਫ਼ਸਰ ਵੱਲੋਂ 21 ਅਕਤੂਬਰ ਨੂੰ ਸ਼੍ਰੋਮਣੀ ਕਮੇਟੀ ਲਈ ਵੋਟਾਂ ਬਣਾਏ ਜਾਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਗਈ ਸੀ ਜਿਸ ਦੀ ਆਖਰੀ ਤਰੀਕ 15 ਨਵੰਬਰ 2023 ਸੀ। ਸ਼੍ਰੋਮਣੀ ਕਮੇਟੀ ਨੇ ਲੋਕਾਂ ਦੀ ਘੱਟ ਦਿਲਚਸਪੀ ਨੂੰ ਦੇਖਦਿਆਂ ਤਰੀਕ ਵਿਚ ਵਾਧੇ ਦੀ ਮੰਗ ਕੀਤੀ ਸੀ, ਜਿਸ ਮਗਰੋਂ ਇਹ ਤਰੀਕ ਵਧਾ ਕੇ 29 ਫਰਵਰੀ 2024 ਕੀਤੀ ਗਈ ਹੈ।



10 ਨਵੰਬਰ 2023 ਤੱਕ ਵੋਟਾਂ ਵਾਸਤੇ ਸਿਰਫ 1.32 ਲੱਖ ਫਾਰਮ ਹੀ ਜਮ੍ਹਾਂ ਹੋਏ ਸਨ। ਪੰਥਕ ਧਿਰਾਂ ਲਈ ਸਿੱਖ ਵੋਟਰਾਂ ਦਾ ਮੱਠਾ ਹੁੰਗਾਰਾ ਫਿਕਰਮੰਦੀ ਵਾਲਾ ਹੈ। ਸਾਲ 2011 ਵਿਚ ਸ਼੍ਰੋਮਣੀ ਕਮੇਟੀ ਚੋਣਾਂ ਲਈ 51.86 ਲੱਖ ਵੋਟਰ ਸਨ, ਪਰ ਇਨ੍ਹਾਂ 'ਚੋਂ 30 ਲੱਖ ਵੋਟਰਾਂ ਨੇ ਵੋਟ ਦਾ ਇਸਤੇਮਾਲ ਕੀਤਾ ਸੀ। ਪੰਜਾਬ ਦੇ 14 ਜ਼ਿਲ੍ਹਿਆਂ ਵਿਚ ਤਾਂ ਸਾਲ 2011 ਦੀ ਵੋਟਰ ਸੂਚੀ ਦੇ ਮੁਕਾਬਲੇ 30 ਫੀਸਦ ਤੋਂ ਵੀ ਘੱਟ ਵੋਟਾਂ ਬਣੀਆਂ ਹਨ, ਜਦਕਿ ਸਿਰਫ਼ ਚਾਰ ਜ਼ਿਲ੍ਹਿਆਂ ਤਰਨ ਤਾਰਨ, ਲੁਧਿਆਣਾ, ਗੁਰਦਾਸਪੁਰ ਤੇ ਅੰਮ੍ਰਿਤਸਰ ਵਿਚ ਵੋਟਰਾਂ ਦਾ ਅੰਕੜਾ ਇਕ ਲੱਖ ਨੂੰ ਪਾਰ ਕੀਤਾ ਹੈ। ਕਪੂਰਥਲਾ ਜ਼ਿਲ੍ਹੇ ਵਿਚ ਸਾਲ 2011 ਵਿਚ 1.40 ਲੱਖ ਵੋਟਰ ਸਨ, ਜਦਕਿ ਐਤਕੀਂ 22,163 ਵੋਟਾਂ ਬਣੀਆਂ ਹਨ। ਬਰਨਾਲਾ ਜ਼ਿਲ੍ਹੇ ਵਿਚ ਸਿਰਫ 20 ਫੀਸਦ ਵੋਟਾਂ ਬਣੀਆਂ ਹਨ।

ਮੁੱਖ ਮੰਤਰੀ ਭਗਵੰਤ ਮਾਨ ਨੇ ਡਿਪਟੀ ਕਮਿਸ਼ਨਰਾਂ ਨੂੰ ਹਦਾਇਤ ਕੀਤੀ ਹੈ ਕਿ ਉਹ ਸ਼੍ਰੋਮਣੀ ਕਮੇਟੀ ਦੀਆਂ ਵੋਟਾਂ ਬਣਾਉਣ ਵਿਚ ਪੂਰਾ ਸਹਿਯੋਗ ਕਰਨ ਅਤੇ ਪਿੰਡ ਪਿੰਡ ਸਟਾਫ ਭੇਜਿਆ ਜਾਵੇ। ਪੰਥਕ ਹਲਕਿਆਂ ਦਾ ਅੰਦਾਜ਼ਾ ਹੈ ਕਿ ਐਤਕੀਂ ਔਰਤਾਂ ਦੀਆਂ ਵੋਟਾਂ ਵੱਧ ਬਣਨ ਦੀ ਸੰਭਾਵਨਾ ਹੈ। ਨਵੀਂ ਪੀੜ੍ਹੀ ਤਾਂ ਇਨ੍ਹਾਂ ਵੋਟਾਂ ਵਿਚ ਦਿਲਚਸਪੀ ਦਿਖਾ ਹੀ ਨਹੀਂ ਰਹੀ।

### ਸ਼੍ਰੋਮਣੀ ਕਮੇਟੀ ਦੀ ਸਾਖ ਨੂੰ ਖੋਰਾ ਲੱਗਿਆ: ਢੀਂਡਸਾ

**ਸੰਗਰੂਰ:** ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਦਾ ਕਹਿਣਾ ਸੀ ਕਿ ਸ਼੍ਰੋਮਣੀ ਕਮੇਟੀ ਦੀ ਸਾਖ਼ ਨੂੰ ਬੀਤੇ ਸਮੇਂ ਵਿਚ ਵੱਡਾ ਖੋਰਾ ਲੱਗਿਆ ਹੈ। ਉਨ੍ਹਾਂ ਕਿਹਾ ਕਿ ਘੱਟ ਦਿਲਚਸਪੀ ਦਾ ਰੁਝਾਨ ਸੱਚਮੁੱਚ ਚਿੰਤਤ ਕਰਨ ਵਾਲਾ ਹੈ। ਸ਼੍ਰੋਮਣੀ ਕਮੇਟੀ ਦਾ ਵੋਟਰ ਬਣਨ ਲਈ 21 ਸਾਲ ਦੀ ਉਮਰ ਵਿਚ ਦਾੜ੍ਹੀ ਤੇ ਕੇਸ ਹੋਣੇ ਲਾਜ਼ਮੀ ਹਨ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਜਨਰਲ ਸਕੱਤਰ ਗੁਰਸੇਵਕ ਸਿੰਘ ਜਵਾਹਰਕੇ ਦਾ ਕਹਿਣਾ ਸੀ ਕਿ ਫਾਰਮ ਉਤੇ ਲੱਗਣ ਵਾਲੀ ਫੋਟੋ ਕਰ ਕੇ ਵੀ ਦਿੱਕਤਾਂ ਆਈਆਂ ਹਨ।

## ਡੇਰਾ ਬਾਬਾ ਨਾਨਕ 'ਦਰਸ਼ਨ ਸਥਾਨ' ਉਤੇ ਦੋ ਨਵੀਆਂ ਦੂਰਬੀਨਾਂ ਲਾਈਆਂ



**ਡੇਰਾ ਬਾਬਾ ਨਾਨਕ:** ਕੌਮਾਂਤਰੀ ਸਰਹੱਦ ਉਤੇ ਸਥਿਤ ਦਰਸ਼ਨ ਸਥਲ 'ਤੇ ਸੰਗਤ ਦੀ ਸਹੂਲਤ ਲਈ ਦੋ ਨਵੀਆਂ ਦੂਰਬੀਨਾਂ ਲਗਾਈਆਂ ਗਈਆਂ ਹਨ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਇਸ ਸੁੰਦਰੀਕਰਨ ਪ੍ਰੋਜੈਕਟ ਦਾ ਨਿਰੀਖਣ ਕੀਤਾ। ਜ਼ਿਕਰਯੋਗ ਹੈ ਕਿ ਪਹਿਲਾਂ ਇੱਥੇ ਇਕ ਦੂਰਬੀਨ ਹੁੰਦੀ ਸੀ ਜਿਸ ਨਾਲ ਸਰਹੱਦ ਪਾਰ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਸਾਫ਼ ਨਹੀਂ ਸੀ ਦਿਖਾਈ ਦਿੰਦਾ। ਡੀ.ਸੀ. ਨੇ ਦੱਸਿਆ ਕਿ ਇੱਥੇ ਦੋ ਹਾਈ ਲੈਵਲ ਦੂਰਬੀਨਾਂ ਅਤੇ ਐਲ.ਈ.ਡੀ. ਸਕਰੀਨ ਲਗਾਈ ਗਈ ਹੈ। ਡੀ.ਸੀ. ਅਨੁਸਾਰ ਜਿਹੜੇ ਸ਼ਰਧਾਲੂ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਨੂੰ ਨਹੀਂ ਜਾ ਸਕਦੇ, ਉਹ ਡੇਰਾ ਬਾਬਾ ਨਾਨਕ ਧੁੱਸੀ ਬੰਨ੍ਹ ਉਤੇ ਖੜ੍ਹੇ ਹੋ ਕੇ ਦੂਰੋਂ ਹੀ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਨੂੰ ਸਿਜਦਾ ਕਰਦੇ ਹਨ।

# ਹੈਰੀਟੇਜ ਸਟਰੀਟ 'ਚ ਸਕਰੀਨਾਂ ਉਤੇ ਇਸ਼ਤਿਹਾਰ ਦਿਖਾਉਣ ਦਾ ਮਾਮਲਾ ਭਖਿਆ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਨੇੜੇ ਬਣੀ ਹੈਰੀਟੇਜ ਸਟਰੀਟ ਵਿਚ ਲੱਗੀਆਂ ਸਕਰੀਨਾਂ ਉਤੇ ਗੁਰਬਾਣੀ ਦੀ ਥਾਂ ਸਰਕਾਰ ਦੀ ਇਸ਼ਤਿਹਾਰਬਾਜ਼ੀ ਦਿਖਾਉਣ ਦਾ ਮਾਮਲਾ ਮੁੜ ਭਖ ਗਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ੍ਰੀ ਹਰਿਮੰਦਰ ਸਾਹਿਬ ਨੂੰ ਆਉਂਦੇ ਵਿਰਾਸਤੀ ਮਾਰਗ ਉਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੇ ਪ੍ਰਚਾਰ ਲਈ ਹੋਰ ਸਕਰੀਨਾਂ ਲਗਾ ਕੇ ਇੱਥੋਂ ਦੇ ਅਧਿਆਤਮਕ ਵਾਤਾਵਰਨ ਨੂੰ ਖੰਡਿਤ ਕੀਤਾ ਹੈ। ਉਨ੍ਹਾਂ ਕਿਹਾ ਕਿ ਗੁਰਦੁਆਰੇ ਦਾ ਚੌਗਿਰਦਾ ਧਾਰਮਿਕ ਮਾਹੌਲ ਵਾਲਾ ਹੁੰਦਾ ਹੈ ਜਿੱਥੇ ਸੰਗਤ ਸਿਰਫ ਗੁਰੂ ਸਾਹਿਬ ਦੇ ਉਪਦੇਸ਼ ਸਰਵਣ ਕਰਨ ਆਉਂਦੀ ਹੈ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸੰਗਤ ਨੇ ਗੁਰਦੁਆਰਾ ਸ੍ਰੀ ਸੰਤੋਖਸਰ ਸਾਹਿਬ ਦੇ ਮੁੱਖ ਦਰਵਾਜ਼ੇ ਉਤੇ ਲਗਾਈ ਗਈ ਸਕਰੀਨ ਸਬੰਧੀ ਇਤਰਾਜ਼ ਭੇਜੇ ਹਨ। ਉਨ੍ਹਾਂ ਕਿਹਾ ਕਿ ਸਿੱਖ ਮਰਿਆਦਾ ਅਤੇ ਸੰਗਤ ਦੀਆਂ ਭਾਵਨਾਵਾਂ ਖ਼ਿਲਾਫ਼ ਸਰਕਾਰ ਦੀਆਂ ਮਸ਼ਹੂਰੀਆਂ ਲਈ ਲਗਾਈਆਂ ਗਈਆਂ, ਇਨ੍ਹਾਂ ਸਕਰੀਨਾਂ ਨੂੰ ਤੁਰੰਤ ਹਟਾਇਆ ਜਾਵੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਵੱਲੋਂ ਗੁਰੂ ਘਰਾਂ ਦੇ ਆਲੇ-ਦੁਆਲੇ ਨੂੰ ਵੀ ਨਹੀਂ ਬਖ਼ਸ਼ਿਆ ਜਾ ਰਿਹਾ। ਜ਼ਿਕਰਯੋਗ ਹੈ ਕਿ ਇਹ ਮਾਮਲਾ ਪਹਿਲਾਂ ਵੀ ਉੱਭਰ ਚੁੱਕਾ ਹੈ। ਸ਼੍ਰੋਮਣੀ ਕਮੇਟੀ ਵੱਲੋਂ ਪਹਿਲਾਂ ਵੀ ਇਸ ਬਾਰੇ ਸ਼ਿਕਾਇਤ ਕੀਤੀ ਜਾ ਚੁੱਕੀ ਹੈ। ਹੈਰੀਟੇਜ ਸਟਰੀਟ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਵੇਲੇ ਬਣਾਈ ਗਈ ਸੀ ਅਤੇ ਉਸੇ ਵੇਲੇ ਇੱਥੇ ਕੁੱਝ ਸਕਰੀਨਾਂ ਲਗਾਈਆਂ ਗਈਆਂ ਸਨ। ਅਕਾਲੀ-ਭਾਜਪਾ ਸਰਕਾਰ ਵੇਲੇ ਸਕਰੀਨਾਂ ਦਾ ਪ੍ਰਬੰਧ ਇਕ ਪ੍ਰਾਈਵੇਟ ਕੰਪਨੀ ਨੂੰ ਦਿੱਤਾ ਗਿਆ ਸੀ ਜਿਸ ਵੱਲੋਂ ਸਕਰੀਨ ਉਤੇ ਇਸ਼ਤਿਹਾਰਬਾਜ਼ੀ ਦਿਖਾਉਣ ਦਾ ਵਿਰੋਧ ਹੋਇਆ ਸੀ। ਕਾਂਗਰਸ ਸਰਕਾਰ ਵੇਲੇ ਵੀ ਇਸ ਦਾ ਵਿਰੋਧ ਹੋਇਆ ਸੀ ਅਤੇ ਹੁਣ 'ਆਪ' ਸਰਕਾਰ ਵੇਲੇ ਵੀ ਇਸ ਦਾ ਵਿਰੋਧ ਹੋ ਰਿਹਾ ਹੈ।



# ਚੀਫ ਖਾਲਸਾ ਦੀਵਾਨ ਦੀਆਂ ਚੋਣਾਂ ਲਈ ਉਮੀਦਵਾਰ ਐਲਾਨੇ

**ਅੰਮ੍ਰਿਤਸਰ:** ਚੀਫ਼ ਖ਼ਾਲਸਾ ਦੀਵਾਨ ਦੀ 18 ਫਰਵਰੀ ਨੂੰ ਛੇ ਅਹੁਦੇਦਾਰਾਂ ਦੀ ਪੰਜ ਸਾਲ ਬਾਅਦ ਹੋਣ ਵਾਲੀ ਚੋਣ ਵਾਸਤੇ 'ਦੀਵਾਨ ਬਚਾਓ ਫਰੰਟ' ਨੇ ਆਪਣੇ ਪੰਜ ਉਮੀਦਵਾਰਾਂ ਦਾ ਐਲਾਨ ਕੀਤਾ ਹੈ। ਇਸ ਤਹਿਤ ਆਮਦਨ ਕਰ ਵਿਭਾਗ ਤੋਂ ਸੇਵਾਮੁਕਤ ਚੀਫ ਕਮਿਸ਼ਨਰ ਸੁਰਿੰਦਰਜੀਤ ਸਿੰਘ ਪਾਲ ਪ੍ਰਧਾਨ ਦੇ ਅਹੁਦੇ ਲਈ ਉਮੀਦਵਾਰ ਹੋਣਗੇ ਮੀਤ ਪ੍ਰਧਾਨ ਲਈ ਅਮਰਜੀਤ ਸਿੰਘ ਵਿਕਰਾਂਤ ਤੇ ਸਰਬਜੀਤ ਸਿੰਘ ਚੋਣ ਲੜਨਗੇ। ਜਨਰਲ ਸਕੱਤਰ ਦੇ ਅਹੁਦੇ ਲਈ ਰਮਣੀਕ ਸਿੰਘ ਅਤੇ ਸਥਾਨਕ ਪ੍ਰਧਾਨ ਲਈ ਸੁਖਦੇਵ ਸਿੰਘ ਮੱਤੇਵਾਲ ਚੋਣ ਮੈਦਾਨ ਵਿਚ ਉਤਾਰੇ ਗਏ ਹਨ। ਜਨਰਲ ਸਕੱਤਰ ਦੇ ਦੂਜੇ ਅਹੁਦੇ ਲਈ ਫਿਲਹਾਲ ਉਮੀਦਵਾਰ ਦਾ ਐਲਾਨ ਨਹੀਂ ਕੀਤਾ ਗਿਆ ਹੈ।

ਦੀਵਾਨ ਦੇ ਆਗੂ ਰਹੇ ਮਰਹੂਮ ਭਾਗ ਸਿੰਘ ਅਣਖੀ ਦੀ ਪਤਨੀ ਅਜੀਤ ਕੌਰ ਅਣਖੀ ਨੇ ਸਾਰੇ ਉਮੀਦਵਾਰਾਂ ਦੀ ਸਫ਼ਲਤਾ ਲਈ ਅਰਦਾਸ ਕਰਦਿਆਂ ਕਿਹਾ ਕਿ ਦੀਵਾਨ ਦੇ ਇਤਿਹਾਸ ਨੂੰ ਸੰਭਾਲਣਾ ਸਮੇਂ ਦੀ ਮੁੱਖ ਲੋੜ ਹੈ। ਪ੍ਰਧਾਨਗੀ ਦੇ ਅਹੁਦੇ ਲਈ ਉਮੀਦਵਾਰ ਸੁਰਿੰਦਰਜੀਤ ਸਿੰਘ ਪਾਲ ਨੇ ਕਿਹਾ ਕਿ ਚੋਣ ਪ੍ਰਕਿਰਿਆ ਪਾਰਦਰਸ਼ੀ ਤੇ ਨਿਰਪੱਖ ਹੋਣੀ ਚਾਹੀਦੀ ਹੈ, ਇਸ ਵਾਸਤੇ ਮੌਜੂਦਾ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ ਨੂੰ ਪੱਤਰ ਭੇਜਿਆ ਗਿਆ ਹੈ। ਫਰੰਟ ਵੱਲੋਂ ਪ੍ਰੀਜ਼ਾਈਡਿੰਗ ਅਫਸਰ ਲਈ ਸੇਵਾਮੁਕਤ ਐਸ.ਡੀ.ਐਮ. ਜਸਪਾਲ ਸਿੰਘ ਅਤੇ ਰਿਟਰਨਿੰਗ ਅਫਸਰ ਲਈ ਐਡਵੋਕੇਟ ਸਰਬਜੀਤ ਸਿੰਘ ਵੇਰਕਾ, ਅਜਾਇਬ ਸਿੰਘ ਅਭਿਆਸੀ ਤੇ ਡਾ. ਜੇ.ਐੱਸ. ਅਰੋੜਾ ਨੂੰ ਸ਼ਾਮਲ ਕਰਨ ਲਈ ਕਿਹਾ ਗਿਆ ਹੈ। ਉਨ੍ਹਾਂ ਦੂਜੇ ਸ਼ਹਿਰਾਂ ਤੇ ਸੂਬਿਆਂ ਤੋਂ ਆਉਣ ਵਾਲੇ ਮੈਂਬਰਾਂ ਦੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਵੋਟਾਂ ਪਾਉਣ ਦਾ ਸਮਾਂ ਵਧਾਉਣ ਦਾ ਸੁਝਾਅ ਵੀ ਦਿੱਤਾ ਹੈ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ ਛੇ ਪਾਕਿਸਤਾਨੀਆਂ ਦੀ ਜਾਨ ਬਚਾਈ

**ਅੰਮ੍ਰਿਤਸਰ:** ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਬਾਨੀ ਡਾ. ਐਸ.ਪੀ. ਸਿੰਘ ਓਬਰਾਏ ਨੇ ਜਲੰਧਰ ਸ਼ਹਿਰ ਨਾਲ ਸਬੰਧਤ ਇਕ ਨੌਜਵਾਨ ਦੇ ਕਤਲ ਕੇਸ ਵਿਚ ਸਜ਼ਾਯਾਫ਼ਤਾ ਛੇ ਪਾਕਿਸਤਾਨੀ ਨੌਜਵਾਨਾਂ ਨੂੰ ਬਚਾਉਣ ਵਿਚ ਮਦਦ ਕੀਤੀ ਹੈ। ਇਸ ਸਬੰਧੀ ਡਾ. ਓਬਰਾਏ ਨੇ ਦੱਸਿਆ ਕਿ 22 ਮਈ 2019 ਨੂੰ ਜਲੰਧਰ ਦੇ ਕੁਲਦੀਪ ਸਿੰਘ ਦਾ ਸ਼ਾਰਜਾਹ ਵਿਚ ਕਤਲ ਹੋਇਆ ਸੀ ਅਤੇ ਛੇ ਪਾਕਿਸਤਾਨੀ ਨੌਜਵਾਨ ਅਲੀ ਹਸਨ, ਮੁਹੰਮਦ ਸ਼ਾਕਿਰ, ਆਫ਼ਤਾਬ ਗੁਲਾਮ, ਮੁਹੰਮਦ ਕਾਮਰਾਨ, ਮੁਹੰਮਦ ਓਮਰ ਵਾਹਿਦ ਤੇ ਸਈਦ ਹਸਨ ਸ਼ਾਹ ਨੂੰ ਕਤਲ ਦੇ ਦੋਸ਼ ਹੇਠ ਮੌਤ ਦੀ ਸਜ਼ਾ ਸੁਣਾਈ ਗਈ ਸੀ।

ਉਕਤ ਨੌਜਵਾਨਾਂ ਦੇ ਪਰਿਵਾਰਾਂ ਨੇ ਬਲੱਡ ਮਨੀ ਦੇ ਕੇ ਆਪਣੇ ਪੁੱਤਰਾਂ ਦੀ ਜਾਨ ਬਖ਼ਸ਼ਾਉਣ ਦੀ ਅਪੀਲ ਕੀਤੀ ਸੀ। ਉਨ੍ਹਾਂ ਦੱਸਿਆ ਕਿ ਕੁਲਦੀਪ ਦੇ ਮਾਤਾ-ਪਿਤਾ ਅਤੇ ਪਤਨੀ ਕਿਰਨਦੀਪ ਕੌਰ ਨੂੰ ਮਨਾਉਣ ਦਾ ਯਤਨ ਕੀਤਾ ਗਿਆ ਸੀ ਪਰ ਸਫ਼ਲਤਾ ਨਹੀਂ ਮਿਲੀ।



ਇਸ ਕੇਸ ਵਿਚ ਸ੍ਰੀ ਓਬਰਾਏ ਨੇ ਆਪਣੇ ਵਕੀਲਾਂ ਰਾਹੀਂ ਛੇ ਨੌਜਵਾਨਾਂ ਲਈ ਬਲੱਡ ਮਨੀ ਦੇ ਬਣਦੇ 2.10 ਲੱਖ ਦਿਰਹਮ (ਕਰੀਬ 48 ਲੱਖ ਰੁਪਏ) ਅਦਾਲਤ ਵਿਚ ਜਮ੍ਹਾਂ ਕਰਵਾਏ ਸਨ, ਜਿਸ ਮਗਰੋਂ ਅਦਾਲਤ ਨੇ ਉਕਤ ਨੌਜਵਾਨਾਂ ਦੀ ਸਜ਼ਾ ਮੁਆਫ਼ ਕਰ ਦਿੱਤੀ ਹੈ ਅਤੇ ਕੁਝ ਦਿਨਾਂ ਵਿਚ ਇਹ ਨੌਜਵਾਨ ਸਹੀ ਸਲਾਮਤ ਆਪੋ-ਆਪਣੇ ਘਰਾਂ ਨੂੰ ਪਰਤ ਜਾਣਗੇ।

ਉਨ੍ਹਾਂ ਕਿਹਾ ਕਿ ਜੇਕਰ ਅੱਜ ਵੀ ਸਬੰਧਤ ਪੀੜਤ ਪਰਿਵਾਰ ਦੀ ਆਪਸੀ ਸਹਿਮਤੀ ਹੋ ਜਾਂਦੀ ਹੈ ਤਾਂ ਉਹ ਅਦਾਲਤ ਵਿਚ ਜਮ੍ਹਾਂ ਹੋਈ ਰਕਮ ਦਿਵਾਉਣ ਵਿਚ ਉਨ੍ਹਾਂ ਦੀ ਹਰ ਸੰਭਵ ਮਦਦ ਕਰਨਗੇ।

# ਅਕਾਲ ਬੁੰਗਾ ਘਟਨਾ: ਮੁੱਖ ਮੰਤਰੀ ਖਿਲਾਫ ਕਾਰਵਾਈ ਲਈ ਮਤਾ ਪਾਸ

**ਅੰਮ੍ਰਿਤਸਰ:** ਸੁਲਤਾਨਪੁਰ ਲੋਧੀ ਦੇ ਗੁਰਦੁਆਰਾ ਸ੍ਰੀ ਅਕਾਲ ਬੁੰਗਾ ਵਿਖੇ ਪੁਲਿਸ ਵੱਲੋਂ ਗੋਲੀ ਚਲਾਏ ਜਾਣ ਤੇ ਨਿਰਾਦਰ ਕਰਨ ਦੇ ਮਾਮਲੇ ਤਹਿਤ ਸੱਦੇ ਗਏ ਵਿਸ਼ੇਸ਼ ਇਜਲਾਸ ਵਿਚ ਇਥੇ ਸ਼੍ਰੋਮਣੀ ਕਮੇਟੀ ਨੇ ਮੁੱਖ ਮੰਤਰੀ ਭਗਵੰਤ ਮਾਨ ਸਣੇ ਘਟਨਾ ਦੇ ਸਾਰੇ ਮੁਲਜ਼ਮਾਂ ਖ਼ਿਲਾਫ਼ ਧਾਰਾ 295ਏ ਤਹਿਤ ਕੇਸ ਦਰਜ ਕਰਨ ਅਤੇ ਧਾਰਮਿਕ ਅਵੱਗਿਆ ਕਾਰਨ ਮੁੱਖ ਮੰਤਰੀ ਤੋਂ ਤੁਰਤ ਅਸਤੀਫ਼ਾ ਦੇਣ ਦੀ ਮੰਗ ਕੀਤੀ ਹੈ। ਇਹ ਖੁਲਾਸਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮੀਟਿੰਗ ਤੋਂ ਬਾਅਦ ਕੀਤੀ ਪ੍ਰੈੱਸ ਕਾਨਫਰੰਸ ਦੌਰਾਨ ਕੀਤਾ। ਵਿਸ਼ੇਸ਼ ਇਜਲਾਸ ਮੌਕੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਸਮੇਤ ਸ਼੍ਰੋਮਣੀ ਕਮੇਟੀ ਦੇ ਲਗਪਗ 75 ਮੈਂਬਰ ਹਾਜ਼ਰ ਸਨ।

ਸ਼੍ਰੋਮਣੀ ਕਮੇਟੀ ਦਫ਼ਤਰ ਸਥਿਤ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਹੋਏ ਇਜਲਾਸ ਵਿਚ ਵੱਖ-ਵੱਖ ਮੈਂਬਰਾਂ ਨੇ ਗੁਰਦੁਆਰਾ ਅਕਾਲ ਬੁੰਗਾ ਉਤੇ ਪੁਲਿਸ ਹਮਲੇ ਦੀ ਨਿੰਦਾ ਕੀਤੀ। ਇਜਲਾਸ ਨੇ ਜਾਂਚ ਕਮੇਟੀ ਦੀ ਰਿਪੋਰਟ ਨੂੰ ਪ੍ਰਵਾਨਗੀ ਦਿੰਦਿਆਂ ਇਸ ਦੇ ਆਧਾਰ ਉਤੇ ਸਖ਼ਤ ਕਾਰਵਾਈ ਅਮਲ 'ਚ ਲਿਆਉਣ ਲਈ ਆਖਿਆ। ਬੁਲਾਰਿਆਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਸੂਬੇ ਦੇ ਗ੍ਰਹਿ ਮੰਤਰੀ ਹੋਣ ਦੇ ਨਾਤੇ ਸਿੱਧੇ ਤੌਰ ਉਤੇ ਇਸ ਧਾਰਮਿਕ ਅਵੱਗਿਆ ਲਈ ਜ਼ਿੰਮੇਵਾਰ ਹਨ ਜਿਸ ਲਈ ਉਨ੍ਹਾਂ ਉਤੇ ਫ਼ੌਜਦਾਰੀ ਮੁਕੱਦਮਾ ਦਰਜ ਹੋਣਾ ਚਾਹੀਦਾ ਹੈ। ਇਜਲਾਸ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਪੇਸ਼ ਕੀਤੇ ਗਏ ਮਤੇ ਨੂੰ ਸਰਬਸੰਮਤੀ ਨਾਲ ਪ੍ਰਵਾਨਗੀ ਦਿੱਤੀ ਗਈ, ਜਿਸ ਰਾਹੀਂ ਗੁਰਦੁਆਰਾ ਅਕਾਲ ਬੁੰਗਾ ਉਤੇ ਪੁਲਿਸ ਵੱਲੋਂ ਗੋਲੀਬਾਰੀ ਕਰਨ ਅਤੇ ਮਰਿਆਦਾ ਦੀ ਉਲੰਘਣਾ ਦੇ ਮੁੱਖ ਮੁਲਜ਼ਮ ਵਜੋਂ ਪੰਜਾਬ ਦੇ ਮੁੱਖ ਮੰਤਰੀ/ਗ੍ਰਹਿ ਮੰਤਰੀ ਭਗਵੰਤ ਮਾਨ ਤੋਂ ਅਹੁਦਾ ਤੁਰਤ ਛੱਡਣ ਦੀ ਮੰਗ ਕੀਤੀ ਗਈ। ਮਤੇ ਵਿਚ ਕਿਹਾ ਗਿਆ ਕਿ ਇਸ ਮਾਮਲੇ 'ਚ ਮੁੱਖ ਮੰਤਰੀ ਵਿਰੁੱਧ ਕਾਰਵਾਈ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਦਾ ਵਫ਼ਦ ਪੰਜਾਬ ਦੇ ਰਾਜਪਾਲ ਨੂੰ ਵੀ ਮਿਲੇਗਾ।



ਇਜਲਾਸ ਨੇ ਫ਼ੈਸਲਾ ਲਿਆ ਕਿ ਜੇਕਰ ਸਰਕਾਰ ਨੇ ਕੋਈ ਕਾਰਵਾਈ ਨਾ ਕੀਤੀ ਤਾਂ ਸ਼੍ਰੋਮਣੀ ਕਮੇਟੀ ਵੱਲੋਂ ਕਾਨੂੰਨੀ ਪੈਰਵੀ ਕੀਤੀ ਜਾਵੇਗੀ। ਇਸ ਦੇ ਨਾਲ ਹੀ ਸਿੱਖ ਜਥੇਬੰਦੀਆਂ ਅਤੇ ਸੰਗਤ ਦਾ ਇਕੱਠ ਸੱਦ ਕੇ ਪੰਜਾਬ ਸਰਕਾਰ ਵਿਰੁੱਧ ਅਗਲੀ ਰਣਨੀਤੀ ਉਲੀਕਣ ਦਾ ਫ਼ੈਸਲਾ ਲਿਆ ਗਿਆ। ਇਸ ਦੇ ਨਾਲ ਹੀ ਸ਼੍ਰੋਮਣੀ ਕਮੇਟੀ ਨੇ ਸਰਕਾਰ ਨੂੰ ਤਾੜਨਾ ਕੀਤੀ ਕਿ ਸਜ਼ਾਯਾਫ਼ਤਾ ਡੇਰਾ ਸਿਰਸਾ ਦੇ ਮੁਖੀ ਰਾਮ ਰਹੀਮ ਦੀ ਕਥਿਤ ਪੁਸ਼ਤਪਨਾਹੀ ਬੰਦ ਕੀਤੀ ਜਾਵੇ।

# ਅਕਾਲੀ ਦਲ ਬਾਦਲ ਵੱਲੋਂ ਖੁੱਸੇ ਵਕਾਰ ਦੀ ਬਹਾਲੀ ਲਈ ਚਾਰਾਜੋਈ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਵੱਲੋਂ ਪੰਜਾਬ ਦੀ ਸਿਆਸਤ ਵਿਚ ਪਾਰਟੀ ਦਾ ਖੁੱਸਿਆ ਆਧਾਰ ਬਹਾਲ ਕਰਨ ਲਈ ਸ਼ੁਰੂ ਕੀਤੀ ਗਈ 'ਪੰਜਾਬ ਬਚਾਓ ਯਾਤਰਾ' ਰਾਹੀਂ ਸੰਸਦੀ ਚੋਣਾਂ ਦੀਆਂ ਤਿਆਰੀਆਂ ਆਰੰਭ ਦਿੱਤੀਆਂ ਗਈਆਂ ਹਨ। ਪਾਰਟੀ ਵੱਲੋਂ ਇਸ ਯਾਤਰਾ ਰਾਹੀਂ ਦਰਪੇਸ਼ ਚੁਣੌਤੀਆਂ ਨਾਲ ਸਿੱਝਣ ਦਾ ਯਤਨ ਕੀਤਾ ਜਾ ਰਿਹਾ ਹੈ, ਜਿਸ ਤਹਿਤ ਪਾਰਟੀ ਕੇਡਰਾਂ ਨੂੰ ਸਰਗਰਮ ਕਰਨ ਲਈ ਮੀਟਿੰਗਾਂ ਦਾ ਸਿਲਸਿਲਾ ਵੀ ਆਰੰਭਿਆ ਗਿਆ ਹੈ। ਭਾਜਪਾ ਨਾਲੋਂ ਸਿਆਸੀ ਤੋੜ-ਵਿਛੋੜੇ ਮਗਰੋਂ ਅਕਾਲੀ ਦਲ ਦਾ ਵੋਟ ਬੈਂਕ 18 ਫੀਸਦ ਸੁੰਗੜ ਗਿਆ ਹੈ। ਵਿਧਾਨ ਸਭਾ ਵਿਚ ਵੀ ਪਾਰਟੀ ਦੇ ਸਿਰਫ਼ ਤਿੰਨ ਹੀ ਮੈਂਬਰ ਹਨ। ਇਸ ਵੇਲੇ ਅਕਾਲੀ ਦਲ ਦਾ ਬਸਪਾ ਨਾਲ ਸਿਆਸੀ ਗੱਠਜੋੜ ਹੈ। ਪਾਰਟੀ ਪ੍ਰਧਾਨ ਸੁਖਬੀਰ ਬਾਦਲ ਨੇ ਦਸੰਬਰ ਮਹੀਨੇ ਵਿਚ ਪਾਰਟੀ ਦੇ ਸਥਾਪਨਾ ਦਿਵਸ ਮੌਕੇ ਸ੍ਰੀ ਅਕਾਲ ਤਖ਼ਤ ਤੋਂ ਭੁੱਲਾਂ ਦੀ ਮੁਆਫ਼ੀ ਮੰਗ ਕੇ ਪੰਥਕ ਏਕਤਾ ਦਾ ਹੋਕਾ ਦਿੱਤਾ ਸੀ। ਇਸ ਮਗਰੋਂ ਲਗਾਤਾਰ ਰੁੱਸੇ ਹੋਏ ਜਾਂ ਪਾਰਟੀ ਛੱਡ ਚੁੱਕੇ ਆਗੂਆਂ ਨੂੰ ਵਾਪਸ ਲਿਆਉਣ ਦਾ ਯਤਨ ਕੀਤਾ ਜਾ ਰਿਹਾ ਹੈ। ਇਸ ਮੁਹਿੰਮ ਦੀ ਸ਼ੁਰੂਆਤ ਵਿਚ ਦਿੱਲੀ ਦੇ ਅਕਾਲੀ ਆਗੂ ਮਨਜੀਤ ਸਿੰਘ ਜੀ.ਕੇ. ਨੇ ਪਾਰਟੀ 'ਚ ਸ਼ਮੂਲੀਅਤ ਕੀਤੀ ਸੀ। ਇਸੇ ਤਰ੍ਹਾਂ ਬੀਬੀ ਜਗੀਰ ਕੌਰ ਦੀ ਅਕਾਲੀ ਦਲ ਵਿਚ ਸ਼ਮੂਲੀਅਤ ਲਈ ਵੀ ਜ਼ੋਰ ਅਜ਼ਮਾਇਸ਼ ਕੀਤੀ ਜਾ ਰਹੀ ਹੈ। ਪਾਰਟੀ ਸੂਤਰਾਂ ਦਾ ਇਹ ਵੀ ਦੱਸਣਾ ਹੈ ਕਿ ਅਕਾਲੀ ਦਲ ਵੱਲੋਂ ਅਗਾਮੀ ਸੰਸਦੀ ਚੋਣਾਂ ਤੋਂ ਪਹਿਲਾਂ ਭਾਜਪਾ ਨਾਲ ਮੁੜ ਸਿਆਸੀ ਗੱਠਜੋੜ ਬਾਰੇ ਵੀ ਵਿਚਾਰ ਕੀਤਾ ਜਾਣਾ ਹੈ। ਇਕ ਪੱਖ ਇਹ ਵੀ ਹੈ ਕਿ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਨੇ ਇਸ ਗੱਠਜੋੜ ਸਬੰਧੀ ਠੋਸ ਹੁੰਗਾਰਾ ਨਹੀਂ ਭਰਿਆ ਹੈ।



ਇਧਰ, 'ਪੰਜਾਬ ਬਚਾਓ ਯਾਤਰਾ' ਦੇ ਆਗਾਜ਼ ਮੌਕੇ ਸੁਖਬੀਰ ਬਾਦਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਇਸ ਦਾ ਮੁੱਖ ਉਦੇਸ਼ ਪੰਜਾਬ ਨੂੰ ਬਚਾਉਣਾ ਹੈ ਕਿਉਂਕਿ ਇਸ ਵੇਲੇ ਪੰਜਾਬ ਹਰੇਕ ਪੱਖ ਤੋਂ ਕਮਜ਼ੋਰ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਜੇਕਰ ਹੁਣ ਵੀ ਪੰਜਾਬ ਨੂੰ ਨਾ ਬਚਾਇਆ ਗਿਆ ਤਾਂ ਆਉਣ ਵਾਲਾ ਸਮਾਂ ਬਹੁਤ ਔਖਾ ਹੋਵੇਗਾ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਚੋਣਾਂ ਦੌਰਾਨ ਕੀਤੇ ਆਪਣੇ ਹਰ ਵਾਅਦੇ ਤੋਂ ਭੱਜ ਗਈ ਹੈ।

ਰੈਲੀ ਸ਼ੁਰੂ ਕਰਨ ਤੋਂ ਪਹਿਲਾਂ ਸੁਖਬੀਰ ਬਾਦਲ ਨੇ ਸਰਹੱਦੀ ਪਿੰਡ ਰੋੜਾਂਵਾਲਾ ਦਾ ਦੌਰਾ ਕੀਤਾ। ਇਸ ਮੌਕੇ ਉਨ੍ਹਾਂ ਕੰਡਿਆਲੀ ਤਾਰ ਤੋਂ ਪਾਰ ਖੇਤੀ ਕਰਦੇ ਹੋਏ ਕਿਸਾਨਾਂ ਦੀਆਂ ਮੁਸ਼ਕਿਲਾਂ ਸੁਣੀਆਂ ਤੇ ਹੱਲ ਕਰਨ ਦਾ ਭਰੋਸਾ ਦਿੱਤਾ। ਕਿਸਾਨਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਕੰਡਿਆਲੀ ਤਾਰ ਤੋਂ ਪਾਰ ਖੇਤੀ ਲਈ ਮਿਲਦਾ 12 ਹਜ਼ਾਰ ਰੁਪਏ ਪ੍ਰਤੀ ਸਾਲ ਦਾ ਮੁਆਵਜ਼ਾ ਵੀ ਪਿਛਲੇ ਦੋ ਸਾਲਾਂ ਤੋਂ ਨਹੀਂ ਮਿਲਿਆ ਹੈ। ਸ੍ਰੀ ਬਾਦਲ ਨੇ ਕਿਹਾ ਕਿ ਸਾਬਕਾ ਮੁੱਖ ਮੰਤਰੀ ਪੰਜਾਬ ਮਰਹੂਮ ਪ੍ਰਕਾਸ਼ ਸਿੰਘ ਬਾਦਲ ਨੇ ਕੰਡਿਆਲੀ ਤਾਰ ਤੋਂ ਪਾਰ ਦੇ ਕਿਸਾਨਾਂ ਨੂੰ 2 ਹਜ਼ਾਰ ਰੁਪਏ ਮੁਆਵਜ਼ਾ ਦੇਣਾ ਸ਼ੁਰੂ ਕਰਵਾਇਆ ਸੀ ਤੇ ਨਾਲ ਹੀ ਉਨ੍ਹਾਂ ਖੇਤੀ ਵਾਸਤੇ ਕਿਸਾਨਾਂ ਨੂੰ ਟਿਊਬਵੈੱਲਾਂ ਦੇ ਕੁਨੈਕਸ਼ਨ ਦਿੱਤੇ ਸਨ। ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਕੰਡਿਆਲੀ ਤਾਰ ਪਾਰਲੀਆਂ ਜ਼ਮੀਨਾਂ ਵਾਲੇ ਕਿਸਾਨਾਂ ਨੂੰ ਪ੍ਰਤੀ ਏਕੜ ਮੁਆਵਜ਼ਾ ਵਧਾ ਕੇ 35 ਹਜ਼ਾਰ ਰੁਪਏ ਦਿੱਤਾ ਜਾਵੇ। ਉਨ੍ਹਾਂ ਪਾਕਿਸਤਾਨ ਨਾਲ ਲੱਗਦੀ ਸਰਹੱਦ ਨੂੰ ਦੁਵੱਲੇ ਵਪਾਰ ਲਈ ਖੋਲ੍ਹਣ ਦੀ ਮੰਗ ਵੀ ਕੀਤੀ। ਯਾਤਰਾ ਵਿਚ ਟਰੈਕਟਰਾਂ, ਕਾਰਾਂ ਤੇ ਵੱਡੀ ਗਿਣਤੀ ਹੋਰ ਵਾਹਨਾਂ ਉਤੇ ਸਵਾਰ ਪਾਰਟੀ ਵਰਕਰਾਂ ਤੇ ਆਗੂਆਂ ਨੇ ਸ਼ਮੂਲੀਅਤ ਕੀਤੀ।

## 'ਪੰਜਾਬ ਬਚਾਓ ਯਾਤਰਾ' ਸਿਰਫ ਡਰਾਮਾ: ਬੀਬੀ ਗੁਲਸ਼ਨ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਇਸਤਰੀ ਵਿੰਗ ਦੀ ਸਰਪ੍ਰਸਤ ਤੇ ਸਾਬਕਾ ਮੈਂਬਰ ਪਾਰਲੀਮੈਂਟ ਪਰਮਜੀਤ ਕੌਰ ਗੁਲਸ਼ਨ ਨੇ ਕਿਹਾ ਕਿ ਬਾਦਲ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਅਰੰਭੀ ਗਈ 'ਪੰਜਾਬ ਬਚਾਓ ਯਾਤਰਾ' ਸਿਰਫ਼ ਇਕ ਡਰਾਮਾ ਹੈ। ਉਨ੍ਹਾਂ ਕਿਹਾ ਕਿ ਸੁਖਬੀਰ ਬਾਦਲ ਦਾ ਸਾਰਾ ਪਰਿਵਾਰ ਕੇਂਦਰ ਤੋਂ ਲੈ ਕੇ ਪੰਜਾਬ ਮੰਤਰੀ ਮੰਡਲ ਵਿਚ ਰਿਹਾ ਹੈ ਜਦੋਂ ਕਿ ਉਸ ਸਮੇਂ ਇਹ ਪੰਜਾਬ ਨੂੰ ਨਹੀਂ ਬਚਾਅ ਸਕੇ ਤਾਂ ਹੁਣ ਜਦੋਂ ਲੋਕਾਂ ਨੇ ਉਨ੍ਹਾਂ ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ ਹੈ ਤਾਂ ਉਹ ਕਿਸ ਮੂੰਹ ਨਾਲ ਪੰਜਾਬ ਨੂੰ ਬਚਾਉਣ ਦੀਆਂ ਗੱਲਾਂ ਕਰ ਰਹੇ ਹਨ।

## ਘਪਲੇ ਦੇ ਸ਼ੱਕ ਹੇਠ ਸਿੰਜਾਈ ਵਿਭਾਗ ਦੇ ਐਕਸੀਅਨ ਸਣੇ ਤਿੰਨ ਅਧਿਕਾਰੀ ਮੁਅੱਤਲ

**ਚੰਡੀਗੜ੍ਹ:** ਜਲ ਸਰੋਤ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਇਕ ਘਪਲੇ ਦੇ ਸ਼ੱਕ ਹੇਠ ਜਲ ਸਰੋਤ ਵਿਭਾਗ ਦੇ ਐਕਸੀਅਨ ਸਣੇ ਤਿੰਨ ਅਧਿਕਾਰੀਆਂ ਨੂੰ ਮੁਅੱਤਲ ਕਰ ਦਿੱਤਾ ਹੈ। ਜਾਰੀ ਹੋਏ ਹੁਕਮਾਂ ਅਨੁਸਾਰ ਜਲ ਸਰੋਤ ਮੰਤਰੀ ਨੇ ਕੈਨਾਲ ਡਿਵੀਜ਼ਨ ਦੇ ਕਾਰਜਕਾਰੀ ਇੰਜੀਨੀਅਰ ਗਗਨਦੀਪ ਗਿੱਲ, ਐਸ.ਡੀ.ਈ. ਚੇਤਨ ਗੁਪਤਾ ਅਤੇ ਜੇ.ਈ. ਮਨੋਜ ਪ੍ਰਭਾਕਰ ਨੂੰ ਤੁਰਤ ਨੌਕਰੀ ਤੋਂ ਮੁਅੱਤਲ ਕਰ ਦਿੱਤਾ ਹੈ।

ਮੰਤਰੀ ਜੌੜਾਮਾਜਰਾ ਨੇ ਇਸ ਦੇ ਨਾਲ ਹੀ ਠੇਕੇਦਾਰ ਦੇ ਜਲ ਸਰੋਤ ਵਿਭਾਗ ਵਿਚ ਚੱਲ ਰਹੇ ਹੋਰ ਕੰਮਾਂ ਉਤੇ ਆਰਜ਼ੀ ਰੋਕ ਲਗਾ ਦਿੱਤੀ ਹੈ। ਮੁਅੱਤਲੀ ਦੇ ਹੁਕਮਾਂ ਅਨੁਸਾਰ ਜ਼ਿਲ੍ਹਾ ਪਟਿਆਲਾ ਦੀ ਤਹਿਸੀਲ ਸਮਾਣਾ ਦੇ ਕਰਾਹਲੀ ਰੈਸਟ ਹਾਊਸ ਵਿਚੋਂ ਮਿੱਟੀ ਪੁੱਟ ਕੇ ਧਰਮਗੜ੍ਹ ਰਜਵਾਹਾ (ਕੈਨਾਲ ਡਿਸਟ੍ਰੀਬਿਊਟਰੀ) ਵਿਚ ਪਾਈ ਜਾ ਰਹੀ ਸੀ। ਮੰਤਰੀ ਨੇ ਕਿਹਾ ਕਿ ਉਨ੍ਹਾਂ ਦੇ ਧਿਆਨ ਵਿਚ ਆਇਆ ਕਿ ਵਿਭਾਗੀ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਰਜਵਾਹੇ ਉਤੇ ਨਾਂਮਾਤਰ ਹੀ ਮਿੱਟੀ ਪਾਈ ਜਾ ਰਹੀ ਹੈ। ਇਹ ਮਿੱਟੀ ਠੇਕੇਦਾਰ ਵੱਲੋਂ ਕਿਧਰੇ ਹੋਰ ਭੇਜੀ ਜਾ ਰਹੀ ਹੈ।

ਮੰਤਰੀ ਨੇ ਇਸ ਬਾਰੇ ਟੌਲ ਪਲਾਜ਼ਾ ਤੋਂ ਗੱਡੀਆਂ ਦੀ ਮੂਵਮੈਂਟ ਵੀ ਚੈੱਕ ਕਰਵਾਈ ਹੈ ਜਿਸ ਤੋਂ ਜਾਪਦਾ ਹੈ ਕਿ ਅਧਿਕਾਰੀਆਂ ਵੱਲੋਂ ਠੇਕੇਦਾਰ ਨਾਲ ਮਿਲੀਭੁਗਤ ਕਰ ਕੇ ਘਪਲਾ ਕੀਤਾ ਜਾ ਰਿਹਾ ਸੀ। ਜਲ ਸਰੋਤ ਮੰਤਰੀ ਨੇ ਵਿਭਾਗ ਦੇ ਪ੍ਰਮੁੱਖ ਸਕੱਤਰ ਨੂੰ ਹੁਕਮ ਜਾਰੀ ਕੀਤੇ ਹਨ ਕਿ ਇਸ ਮਾਮਲੇ ਦੀ ਮੁੱਢਲੀ ਜਾਂਚ ਦੋ ਸੀਨੀਅਰ ਅਧਿਕਾਰੀਆਂ ਤੋਂ ਕਰਵਾਈ ਜਾਵੇ ਅਤੇ 15 ਦਿਨਾਂ ਦੇ ਅੰਦਰ-ਅੰਦਰ ਰਿਪੋਰਟ ਦਿੱਤੀ ਜਾਵੇ। ਜੇਕਰ ਵਿਭਾਗ ਵਿਚ ਸਬੰਧਤ ਠੇਕੇਦਾਰ ਦੇ ਹੋਰ ਕੰਮ ਚੱਲ ਰਹੇ ਹਨ ਤਾਂ ਉਨ੍ਹਾਂ ਕੰਮਾਂ ਉਤੇ ਪੜਤਾਲ ਮੁਕੰਮਲ ਹੋਣ ਤੱਕ ਆਰਜ਼ੀ ਰੋਕ ਜਾਰੀ ਰਹੇਗੀ। ਦੱਸਣਯੋਗ ਹੈ ਕਿ ਇਹ ਘੁਟਾਲਾ ਜਲ ਸਰੋਤ ਮੰਤਰੀ ਜੌੜਾਮਾਜਰਾ ਦੇ ਆਪਣੇ ਵਿਧਾਨ ਸਭਾ ਹਲਕਾ ਸਮਾਣਾ ਵਿਚ ਹੋਇਆ ਹੈ।

# ਕੈਬਨਿਟ ਮੰਤਰੀ ਅਮਨ ਅਰੋੜਾ ਨੂੰ ਰੈਗੂਲਰ ਸਟੇਅ ਮਿਲੀ

**ਸੰਗਰੂਰ:** ਕੈਬਨਿਟ ਮੰਤਰੀ ਅਮਨ ਅਰੋੜਾ ਨੂੰ ਜ਼ਿਲ੍ਹਾ ਤੇ ਸੈਸ਼ਨ ਜੱਜ ਆਰ.ਐੱਸ. ਰਾਏ ਦੀ ਅਦਾਲਤ ਨੇ ਵੱਡੀ ਰਾਹਤ ਦਿੰਦਿਆਂ ਅਪੀਲ ਦੇ ਫੈਸਲੇ ਤੱਕ ਰੈਗੂਲਰ ਸਟੇਅ ਦੇ ਦਿੱਤੀ ਹੈ ਜਦੋਂ ਕਿ ਪਹਿਲਾਂ ਅਦਾਲਤ ਵੱਲੋਂ ਸ੍ਰੀ ਅਰੋੜਾ ਨੂੰ 31 ਜਨਵਰੀ ਤੱਕ ਅੰਤ੍ਰਿਮ ਸਟੇਅ ਦਿੱਤੀ ਗਈ ਸੀ। ਭਾਵ ਜਿਹੜੇ ਦੋਸ਼ਾਂ ਤਹਿਤ ਸ੍ਰੀ ਅਰੋੜਾ ਨੂੰ ਹੇਠਲੀ ਅਦਾਲਤ ਵੱਲੋਂ ਦੋਸ਼ੀ ਠਹਿਰਾਉਂਦਿਆਂ ਦੋ ਸਾਲ ਦੀ ਸਜ਼ਾ ਸੁਣਾਈ ਗਈ ਸੀ, ਉਨ੍ਹਾਂ ਦੋਸ਼ਾਂ ਉਤੇ ਉਨ੍ਹਾਂ ਨੂੰ ਰੈਗੂਲਰ ਸਟੇਅ ਮਿਲ ਗਈ ਹੈ। ਜ਼ਿਲ੍ਹਾ ਅਦਾਲਤ ਵੱਲੋਂ ਕੇਸ ਦੀ ਅਗਲੀ ਸੁਣਵਾਈ ਲਈ ਪਹਿਲੀ ਮਾਰਚ ਦੀ ਤੈਅ ਕੀਤੀ ਗਈ ਹੈ।

ਅਦਾਲਤ ਤੋਂ ਵੱਡੀ ਰਾਹਤ ਮਿਲਣ ਤੋਂ ਬਾਅਦ ਸ੍ਰੀ ਅਰੋੜਾ ਨੇ ਜੁਡੀਸ਼ਲ ਸਿਸਟਮ ਅਤੇ ਜ਼ਿਲ੍ਹਾ ਸੈਸ਼ਨ ਅਦਾਲਤ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਦਾਲਤ ਵੱਲੋਂ ਉਨ੍ਹਾਂ ਨੂੰ ਵੱਡੀ ਰਾਹਤ ਦਿੱਤੀ ਗਈ ਹੈ। ਉਧਰ, ਕੇਸ ਦੇ ਮੁੱਦਈ ਰਾਜਿੰਦਰ ਦੀਪਾ ਨੇ ਕਿਹਾ ਕਿ ਰੈਗੂਲਰ ਸਟੇਅ ਦਾ ਡਿਟੇਲ ਆਰਡਰ ਆਉਣ ਤੋਂ ਬਾਅਦ ਪਤਾ ਲੱਗੇਗਾ ਕਿ ਸਜ਼ਾ 'ਤੇ ਰੋਕ ਲਾਉਣ ਦੇ ਕੀ ਕਾਰਨ ਰਹੇ ਹਨ। ਉਨ੍ਹਾਂ ਕਿਹਾ ਕਿ ਉਹ ਆਪਣੇ ਸੀਨੀਅਰ ਵਕੀਲਾਂ ਨਾਲ ਵਿਚਾਰ ਵਟਾਂਦਰਾ ਕਰਨ ਤੋਂ ਬਾਅਦ ਹੀ ਅਗਲਾ ਫੈਸਲਾ ਲੈਣਗੇ। ਜ਼ਿਕਰਯੋਗ ਹੈ ਕਿ ਸੁਨਾਮ ਅਦਾਲਤ ਵੱਲੋਂ 15 ਸਾਲ ਪੁਰਾਣੇ ਘਰੇਲੂ ਝਗੜੇ ਦੇ ਕੇਸ ਵਿਚ ਸ੍ਰੀ ਅਰੋੜਾ ਸਣੇ ਨੌਂ ਵਿਅਕਤੀਆਂ ਨੂੰ ਦੋ-ਦੋ ਸਾਲ ਦੀ ਕੈਦ ਅਤੇ ਪੰਜ-ਪੰਜ ਹਜ਼ਾਰ ਰੁਪਏ ਜਰਮਾਨੇ ਦੀ ਸਜ਼ਾ ਸੁਣਾਈ ਗਈ ਸੀ। ਸੰਨ 2008 ਵਿਚ ਸ੍ਰੀ ਅਰੋੜਾ ਦੇ ਭਣੋਈਏ ਰਾਜਿੰਦਰ ਦੀਪਾ ਨੇ ਇਸ ਸਬੰਧੀ ਅਦਾਲਤ ਵਿਚ ਮੁਕੱਦਮਾ ਦਾਇਰ ਕੀਤਾ ਸੀ, ਜਿਸ ਦਾ ਫੈਸਲਾ ਸੁਨਾਮ ਅਦਾਲਤ ਵੱਲੋਂ ਬੀਤੀ 21 ਦਸੰਬਰ 2023 ਨੂੰ ਸੁਣਾਇਆ ਗਿਆ ਸੀ। ਸ੍ਰੀ ਅਰੋੜਾ ਵੱਲੋਂ ਹੇਠਲੀ ਅਦਾਲਤ ਦੇ ਫੈਸਲੇ ਖ਼ਿਲਾਫ਼ ਜ਼ਿਲ੍ਹਾ ਤੇ ਸੈਸ਼ਨ ਅਦਾਲਤ ਵਿਚ ਅਪੀਲ ਦਾਇਰ ਕੀਤੀ ਗਈ ਸੀ।



# 'ਗਰੀਨ ਸਕੂਲ ਪ੍ਰੋਗਰਾਮ' ਵਿਚ ਜ਼ਿਲ੍ਹਾ ਸੰਗਰੂਰ ਦੇਸ਼ ਭਰ ਵਿਚੋਂ ਮੋਹਰੀ




**ਸੰਗਰੂਰ:** ਜ਼ਿਲ੍ਹਾ ਸੰਗਰੂਰ ਨੇ ਕੌਮੀ ਪੱਧਰ ਦੇ 'ਗਰੀਨ ਸਕੂਲ ਪ੍ਰੋਗਰਾਮ' ਲਈ ਨਿਰਧਾਰਤ ਮਾਪਦੰਡਾਂ 'ਚ ਵਧੀਆ ਕਾਰਗੁਜ਼ਾਰੀ ਦਿਖਾਉਂਦਿਆਂ 'ਸਰਬੋਤਮ ਜ਼ਿਲ੍ਹਾ ਐਵਾਰਡ' ਹਾਸਲ ਕੀਤਾ ਹੈ। ਇਹ ਜਾਣਕਾਰੀ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਦਿੱਤੀ। ਡੀ.ਸੀ. ਨੇ ਦੱਸਿਆ ਕਿ ਸੈਂਟਰ ਫਾਰ ਸਾਇੰਸ ਐਂਡ ਐਨਵਾਇਨਰਮੈਂਟ ਵੱਲੋਂ ਸਾਲਾਨਾ ਕਰਵਾਏ ਜਾਂਦੇ 'ਗਰੀਨ ਸਕੂਲ ਪ੍ਰੋਗਰਾਮ' ਨਾਂ ਦੇ ਕੌਮੀ ਪੱਧਰੀ ਮੁਕਾਬਲੇ ਤਹਿਤ ਜ਼ਿਲ੍ਹਾ ਸੰਗਰੂਰ ਨੂੰ ਇਹ ਮਾਣ ਹਾਸਲ ਹੋਇਆ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੇ 500 ਤੋਂ ਵੀ ਵੱਧ ਸਕੂਲਾਂ ਨੇ ਇਸ ਪ੍ਰੋਗਰਾਮ ਤਹਿਤ ਆਨਲਾਈਨ ਆਡਿਟ ਕਰਵਾਇਆ ਜਿਸ ਵਿਚ ਵੱਖ-ਵੱਖ ਮਾਪਦੰਡਾਂ ਦੀ ਕਸੌਟੀ ਉਤੇ ਖਰਾ ਉਤਰਦੇ ਹੋਏ ਜ਼ਿਲ੍ਹਾ ਸੰਗਰੂਰ ਨੇ ਇਹ ਐਵਾਰਡ ਹਾਸਲ ਕੀਤਾ। ਉਪ-ਜ਼ਿਲ੍ਹਾ ਸਿੱਖਿਆ ਅਫ਼ਸਰ ਪ੍ਰੀਤਇੰਦਰ ਘਈ ਨੇ ਦੱਸਿਆ ਕਿ ਇਹ ਪ੍ਰੋਜੈਕਟ ਵਾਤਾਵਰਨ ਪੱਖੀ ਸੋਚ ਨੂੰ ਵਧੇਰੇ ਵਿਕਸਤ ਕਰਨ ਦਾ ਉਪਰਾਲਾ ਹੈ।

# ਸਿੱਧੂ ਮੂਸੇਵਾਲਾ ਦਾ ਛੇਵਾਂ ਗੀਤ 'ਡਰਿੱਪੀ' ਰਿਲੀਜ਼

**ਮਾਨਸਾ:** ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦਾ ਨਵਾਂ ਗੀਤ 'ਡਰਿੱਪੀ' ਰਿਲੀਜ਼ ਹੋ ਗਿਆ ਹੈ। ਗੀਤ ਦੇ ਰਿਲੀਜ਼ ਹੋਣ ਤੋਂ ਪਹਿਲਾਂ ਹੀ 50 ਹਜ਼ਾਰ ਤੋਂ ਵੱਧ ਲੋਕ ਇਸ ਗੀਤ ਦੀ ਉਡੀਕ ਕਰ ਰਹੇ ਸਨ ਅਤੇ ਰਿਲੀਜ਼ ਹੋਣ ਤੋਂ ਇਕ ਘੰਟੇ ਬਾਅਦ ਹੀ ਗੀਤ ਨੂੰ 9.73 ਲੱਖ ਤੋਂ ਵੱਧ ਵਿਊ ਮਿਲ ਚੁੱਕੇ ਸਨ। ਇਸ ਦੇ ਨਾਲ ਹੀ ਲਗਪਗ 4.63 ਲੱਖ ਲੋਕਾਂ ਨੇ ਇਸ ਨੂੰ ਪਸੰਦ ਕੀਤਾ ਹੈ ਅਤੇ ਦੋ ਲੱਖ ਤੋਂ ਵੱਧ ਕੁਮੈਂਟ ਆਏ ਹਨ। ਮਾਨਸਾ ਨੇੜਲੇ ਪਿੰਡ ਜਵਾਹਰਕੇ ਵਿਚ 29 ਮਈ 2022 ਵਿਚ ਸਿੱਧੂ ਮੂਸੇਵਾਲਾ ਦਾ ਕਤਲ ਹੋਣ ਮਗਰੋਂ ਇਹ ਛੇਵਾਂ ਗੀਤ ਰਿਲੀਜ਼ ਕੀਤਾ ਗਿਆ ਹੈ। ਮਰਹੂਮ ਗਾਇਕ ਦੇ ਪਿਤਾ ਬਲਕੌਰ ਸਿੰਘ ਤੇ ਮਾਤਾ ਚਰਨ ਕੌਰ ਵੱਲੋਂ ਮੂਸੇਵਾਲਾ ਦੇ ਯੂ-ਟਿਊਬ ਚੈਨਲ ਉਤੇ ਸਵੇਰੇ ਕਰੀਬ 10 ਵਜੇ ਇਹ ਗੀਤ ਰਿਲੀਜ਼ ਕੀਤਾ ਗਿਆ ਹੈ। ਇਹ ਗੀਤ 3.17 ਮਿੰਟ ਦਾ ਹੈ। ਗਾਣੇ ਦੀ ਵੀਡੀਓ ਐਨੀਮੇਸ਼ਨ ਨਾਲ ਤਿਆਰ ਕੀਤੀ ਗਈ ਹੈ। ਪੁੱਤਰ ਦੇ ਨਵੇਂ ਗੀਤ ਨੂੰ ਭਰਪੂਰ ਪਿਆਰ ਮਿਲਦਾ ਦੇਖ ਕੇ ਬਲਕੌਰ ਸਿੰਘ ਤੇ ਚਰਨ ਕੌਰ ਨੇ ਪ੍ਰਸੰਸਕਾਂ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਦੱਸਿਆ ਕਿ ਸਵੇਰੇ 11 ਵਜੇ ਇਹ ਗੀਤ ਯੂ-ਟਿਊਬ ਉਤੇ ਪੰਜਵੇਂ ਨੰਬਰ 'ਤੇ ਟਰੈਂਡ ਕਰ ਰਿਹਾ ਸੀ। ਪੂਰਾ ਗੀਤ ਰੈਪ ਵਾਂਗ ਗਾਇਆ ਗਿਆ ਹੈ।



# ਭਗਵੰਤ ਮਾਨ ਵੱਲੋਂ ਪਰਵਾਸੀ ਭਾਈਚਾਰੇ ਨੂੰ ਪੰਜਾਬ 'ਚ ਖੁੱਲ੍ਹੇ ਦਿਲ ਨਾਲ ਨਿਵੇਸ਼ ਦਾ ਸੱਦਾ

**ਪਠਾਨਕੋਟ:** ਮੁੱਖ ਮੰਤਰੀ ਭਗਵੰਤ ਮਾਨ ਨੇ ਵਿਸ਼ਵ ਭਰ ਵਿਚ ਵਸਦੇ ਪਰਵਾਸੀ ਭਾਰਤੀ ਭਾਈਚਾਰੇ ਨੂੰ ਪੰਜਾਬ ਦੇ ਅਰਥਚਾਰੇ ਨੂੰ ਦੁਨੀਆ ਭਰ 'ਚ ਮੋਹਰੀ ਬਣਾਉਣ ਲਈ ਇੱਥੇ ਖੁੱਲ੍ਹੇ ਦਿਲ ਨਾਲ ਨਿਵੇਸ਼ ਕਰਨ ਅਤੇ ਕਾਰੋਬਾਰ ਸ਼ੁਰੂ ਕਰਨ ਦਾ ਸੱਦਾ ਦਿੱਤਾ ਹੈ। ਉਹ ਜ਼ਿਲ੍ਹਾ ਪਠਾਨਕੋਟ ਦੇ ਚਮਰੋੜ ਵਿਚ ਐਨ.ਆਰ.ਆਈ. ਭਾਈਚਾਰੇ ਨਾਲ ਰੱਖੀ ਮਿਲਣੀ ਨੂੰ ਸੰਬੋਧਨ ਕਰ ਰਹੇ ਸਨ।

ਇਸ ਮੌਕੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ, ਲਾਲ ਚੰਦ ਕਟਾਰੂਚੱਕ, ਬ੍ਰਮਸ਼ੰਕਰ ਜਿੰਪਾ, ਬਟਾਲਾ ਦੇ ਵਿਧਾਇਕ ਸ਼ੈਰੀ ਕਲਸੀ, ਜ਼ਿਲ੍ਹਾ ਪ੍ਰਧਾਨ ਠਾਕੁਰ, ਅਮਿਤ ਸਿੰਘ ਮੰਟੂ, ਵਿਭੂਤੀ ਸ਼ਰਮਾ, ਡਾ. ਸੰਜੀਵ ਤਿਵਾੜੀ, ਡਿਪਟੀ ਕਮਿਸ਼ਨਰ ਆਦਿੱਤਿਆ ਉੱਪਲ, ਐਨ.ਆਰ.ਆਈ. ਸਭਾ ਦੀ ਪੰਜਾਬ ਪ੍ਰਧਾਨ ਪਰਵਿੰਦਰ ਕੌਰ ਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ।

ਮੁੱਖ ਮੰਤਰੀ ਨੇ ਕਿਹਾ ਕਿ ਪਠਾਨਕੋਟ ਦਾ ਇਹ ਨਿਆਮਤਾਂ ਭਰਿਆ ਅਤੇ ਜਰਖੇਜ਼ ਨੀਮ ਪਹਾੜੀ ਇਲਾਕਾ ਹੁਣ ਤੱਕ ਵਿੱਸਰਿਆ ਰਿਹਾ ਹੈ। ਇੱਥੋਂ ਦਾ ਵਾਤਾਵਰਨ ਬਹੁਤ ਖੂਬਸੂਰਤ ਹੋਣ ਕਰ ਕੇ ਇੱਥੇ ਸੈਰ ਸਪਾਟਾ ਵਿਕਸਤ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਮਿਨੀ ਗੋਆ ਦੇ ਨਾਂ ਨਾਲ ਮਸ਼ਹੂਰ ਇਸ ਇਲਾਕੇ ਨੂੰ ਵਿਕਸਤ ਕਰਨ ਦੇ ਉਦੇਸ਼ ਹਿੱਤ ਹੀ ਇਹ ਮੀਟਿੰਗ ਰੱਖੀ ਗਈ ਹੈ।



ਮੁੱਖ ਮੰਤਰੀ ਨੇ ਦੱਸਿਆ ਕਿ ਇਸ ਤਹਿਤ ਤਾਜ ਅਤੇ ਹਯਾਤ ਹੋਟਲ ਵਾਲਿਆਂ ਨੇ ਇੱਥੇ ਅੱਠ-ਅੱਠ ਏਕੜ ਵਿਚ ਹੋਟਲ ਬਣਾਉਣ ਸਬੰਧੀ ਗੱਲਬਾਤ ਅਰੰਭੀ ਹੈ। ਇਹ ਹੋਟਲ ਇੱਥੇ ਰਣਜੀਤ ਸਾਗਰ ਡੈਮ ਦੀ ਝੀਲ ਅੰਦਰਲੇ ਕੁਦਰਤੀ ਟਾਪੂ ਵਿਚ ਬਣਨਗੇ ਅਤੇ ਵੈਸ਼ਨੋ ਦੇਵੀ, ਡਲਹੌਜ਼ੀ, ਧਰਮਸ਼ਾਲਾ ਤੇ ਹੋਰ ਪਹਾੜੀ ਸਥਾਨਾਂ ਨੂੰ ਜਾਣ ਵਾਲੇ ਸੈਲਾਨੀਆਂ ਲਈ ਇਹ ਹੋਟਲ ਖਿੱਚ ਦਾ ਕੇਂਦਰ ਬਣਨਗੇ। ਸਿਰਫ਼ ਇਹੀ ਨਹੀਂ ਇੱਥੇ ਰਾਵੀ ਦਰਿਆ ਦੇ ਪਾਣੀ ਨਾਲ ਸ਼ਾਹਪੁਰਕੰਡੀ ਡੈਮ ਵੀ ਉਸਾਰਿਆ ਜਾ ਰਿਹਾ ਹੈ ਜਿੱਥੋਂ 206 ਮੈਗਾਵਾਟ ਬਿਜਲੀ ਦੀ ਪੈਦਾਵਾਰ ਹੋਵੇਗੀ।

ਮੁੱਖ ਮੰਤਰੀ ਨੇ ਪੰਜਾਬੀਆਂ ਨੂੰ ਕਿਹਾ ਕਿ ਨੌਕਰੀਆਂ ਮੰਗਣ ਦੀ ਥਾਂ ਉਹ ਨੌਕਰੀਆਂ ਦੇਣ ਵਾਲੇ ਬਣਨ। ਉਨ੍ਹਾਂ ਚਮਰੋੜ (ਮਿਨੀ ਗੋਆ) ਵਿਚ ਸੈਲਾਨੀਆਂ ਲਈ ਜੈਟਸਕੀਅ (ਸਪੀਡ ਬੋਟਿੰਗ), ਮੋਟਰ ਪੈਰਾਗਲਾਈਡਿੰਗ ਅਤੇ ਹੌਟ ਏਅਰ ਬੈਲੂਨ ਸ਼ੁਰੂ ਕਰਨ ਦਾ ਐਲਾਨ ਵੀ ਕੀਤਾ। ਇਹ ਐਲਾਨ ਉਨ੍ਹਾਂ ਸਮਾਗਮ ਖ਼ਤਮ ਹੋਣ ਤੋਂ ਬਾਅਦ ਇਨ੍ਹਾਂ ਤਿੰਨੋਂ ਸਰਗਰਮੀਆਂ ਦਾ ਪ੍ਰਦਰਸ਼ਨ ਦੇਖਣ ਮਗਰੋਂ ਕੀਤਾ। ਉਨ੍ਹਾਂ ਕਿਹਾ ਕਿ ਇਸ ਜਗ੍ਹਾ ਉਤੇ ਪਹਿਲਾਂ ਹੀ ਦੋ ਕਿਸ਼ਤੀਆਂ ਚੱਲ ਰਹੀਆਂ ਹਨ, ਇਸ ਕਰ ਕੇ ਇੱਥੇ ਸੈਰ-ਸਪਾਟੇ ਦੀ ਸੰਭਾਵਨਾ ਨੂੰ ਦੇਖਦੇ ਹੋਏ ਇਹ ਤਿੰਨੋਂ ਸਰਗਰਮੀਆਂ ਵੀ ਸ਼ੁਰੂ ਕੀਤੀਆਂ ਜਾਣਗੀਆਂ।

**Punjab Times**

**Established in 2000**
**24nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.


Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਜਥੇਦਾਰ ਕਾਉਂਕੇ ਮਾਮਲਾ: ਪੰਜਾਬ ਸਰਕਾਰ ਤੇ ਤਤਕਾਲੀ ਪੁਲਿਸ ਅਧਿਕਾਰੀਆਂ ਨੂੰ ਨੋਟਿਸ

**ਅੰਮ੍ਰਿਤਸਰ:** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਦੇ ਕਤਲ ਮਾਮਲੇ ਵਿਚ ਪੰਜਾਬ ਪੁਲਿਸ ਦੇ ਸਬੰਧਤ ਤਤਕਾਲੀ ਅਧਿਕਾਰੀਆਂ ਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰਕੇ ਮਾਮਲੇ ਦੀ ਅਗਲੀ ਸੁਣਵਾਈ 9 ਅਪਰੈਲ ਨੂੰ ਤੈਅ ਕੀਤੀ ਹੈ। ਉੱਚ ਅਦਾਲਤ ਵਿਚ ਇਹ ਪਟੀਸ਼ਨ ਜਥੇਦਾਰ ਕਾਉਂਕੇ ਦੇ ਪਰਿਵਾਰ ਵੱਲੋਂ ਸ਼੍ਰੋਮਣੀ ਕਮੇਟੀ ਦੇ ਸਹਿਯੋਗ ਨਾਲ ਸੀਨੀਅਰ ਐਡਵੋਕਟ ਪੂਰਨ ਸਿੰਘ ਹੁੰਦਲ ਰਾਹੀਂ ਦਾਇਰ ਕੀਤੀ ਗਈ ਸੀ।

ਇਸ ਬਾਰੇ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਮੈਂਬਰ ਅਤੇ ਕਾਨੂੰਨੀ ਵਿੰਗ ਦੇ ਮੁਖੀ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਨੇ ਦੱਸਿਆ ਕਿ ਜਥੇਦਾਰ ਕਾਉਂਕੇ ਦੇ ਕਤਲ ਸਬੰਧੀ ਸਾਬਕਾ ਆਈ.ਪੀ.ਐਸ. ਅਧਿਕਾਰੀ ਬੀਪੀ ਤਿਵਾੜੀ ਦੀ ਰਿਪੋਰਟ ਸਾਹਮਣੇ ਆਉਣ ਮਗਰੋਂ ਉੱਚ ਅਦਾਲਤ



ਵਿਚ ਪਾਈ ਪਟੀਸ਼ਨ ਉਤੇ ਅਹਿਮ ਸੁਣਵਾਈ ਹੋਈ ਹੈ, ਜਿਸ ਤਹਿਤ ਪੰਜਾਬ ਸਰਕਾਰ ਅਤੇ ਸਬੰਧਤ ਪੁਲਿਸ ਅਧਿਕਾਰੀਆਂ ਨੂੰ ਨੋਟਿਸ ਜਾਰੀ ਕਰਕੇ ਜਵਾਬ ਮੰਗਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਵਿਚ ਤਤਕਾਲੀ ਪੁਲਿਸ ਅਧਿਕਾਰੀਆਂ ਵੱਲੋਂ ਉੱਚ ਅਦਾਲਤ ਵਿਚ ਉਸ ਸਮੇਂ ਕਥਿਤ ਗਲਤ ਹਲਫ਼ਨਾਮੇ ਦਾਇਰ ਕਰਕੇ ਇਹ ਕਿਹਾ ਗਿਆ ਸੀ ਕਿ ਜਥੇਦਾਰ ਕਾਉਂਕੇ ਪੁਲਿਸ ਹਿਰਾਸਤ ਵਿਚ ਨਹੀਂ ਹਨ। ਇਸ ਨੂੰ ਚੁਣੌਤੀ ਦਿੰਦਿਆਂ ਜਥੇਦਾਰ ਕਾਉਂਕੇ ਦੇ ਪਰਿਵਾਰ ਰਾਹੀਂ ਪਾਈ ਪਟੀਸ਼ਨ ਉਤੇ ਉੱਚ ਅਦਾਲਤ ਨੇ ਮਾਮਲੇ 'ਤੇ ਸੁਣਵਾਈ ਸ਼ੁਰੂ ਕਰਦਿਆਂ ਨੋਟਿਸ ਜਾਰੀ ਕੀਤੇ ਹਨ। ਇਸ ਮਾਮਲੇ ਦੀ ਅਗਲੀ ਸੁਣਵਾਈ 9 ਅਪਰੈਲ ਨਿਰਧਾਰਤ ਕੀਤੀ ਗਈ ਹੈ। ਐਡਵੋਕੇਟ ਸਿਆਲਕਾ ਨੇ ਦੱਸਿਆ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮਾਮਲੇ 'ਚ ਕਾਨੂੰਨੀ ਮਾਹਰਾਂ ਦੀ ਕਮੇਟੀ ਬਣਾ ਕੇ ਪੈਰਵੀ ਦੀ ਜ਼ਿੰਮੇਵਾਰੀ ਸੌਂਪੀ ਸੀ, ਜਿਸ ਤਹਿਤ ਕਾਰਵਾਈ ਜਾ ਰਹੀ ਹੈ।

## ਅਮਰੀਕਾ: ਫ਼ਰਜ਼ੀ ਪਾਸਪੋਰਟ ਧੋਖਾਧੜੀ ਮਾਮਲੇ 'ਚ ਭਾਰਤੀ ਦੋਸ਼ੀ ਕਰਾਰ

**ਵਾਸ਼ਿੰਗਟਨ:** ਭਾਰਤੀ ਅਮਰੀਕੀ ਨੂੰ ਸਥਾਨਕ ਨਾਗਰਿਕਤਾ ਹਾਸਲ ਕਰਨ ਦੇ ਮਕਸਦ ਨਾਲ ਜਾਅਲੀ ਦਸਤਾਵੇਜ਼ ਦਾਖਲ ਕਰਨ ਅਤੇ ਝੂਠ ਬੋਲਣ ਦਾ ਦੋਸ਼ੀ ਕਰਾਰ ਦਿੱਤਾ ਗਿਆ ਹੈ। ਯੂ.ਐਸ. ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ ਨੇ ਦੱਸਿਆ ਕਿ ਜਾਂਚ ਤੋਂ ਬਾਅਦ ਫਲੋਰੀਡਾ 'ਚ ਰਹਿਣ ਵਾਲੇ ਜੈਪ੍ਰਕਾਸ਼ ਗੁਲਵਾਡੀ (51) ਨੂੰ ਗੈਰ-ਕਾਨੂੰਨੀ ਤਰੀਕੇ ਨਾਲ ਨਾਗਰਿਕਤਾ ਹਾਸਲ ਕਰਨ, ਨਾਗਰਿਕਤਾ ਦੇ ਸਬੂਤ ਦੀ ਦੁਰਵਰਤੋਂ ਕਰਨ, ਪਾਸਪੋਰਟ ਅਰਜ਼ੀ 'ਚ ਗਲਤ ਬਿਆਨ ਦੇਣ ਅਤੇ ਗਲਤ ਬਿਆਨ ਦੇ ਕੇ ਪਾਸਪੋਰਟ ਦੀ ਵਰਤੋਂ ਕਰਨ ਦਾ ਦੋਸ਼ੀ ਕਰਾਰ ਦਿੱਤਾ ਗਿਆ ਹੈ। ਗੁਲਵਾਡੀ ਨੂੰ ਵੱਧ ਤੋਂ ਵੱਧ 10 ਸਾਲ ਦੀ ਸਜ਼ਾ ਹੋ ਸਕਦੀ ਹੈ। ਜੇ ਉਹ ਗੈਰ-ਕਾਨੂੰਨੀ ਤਰੀਕੇ ਨਾਲ ਨਾਗਰਿਕਤਾ ਹਾਸਲ ਕਰਨ ਦਾ ਦੋਸ਼ੀ ਪਾਇਆ ਜਾਂਦਾ ਹੈ ਤਾਂ ਉਸ ਦੀ ਅਮਰੀਕੀ ਨਾਗਰਿਕਤਾ ਆਪਣੇ ਆਪ ਰੱਦ ਹੋ ਜਾਵੇਗੀ।

## ਧਾਰਮਿਕ ਆਗੂਆਂ ਦੇ ਵਫਦ ਵੱਲੋਂ ਪ੍ਰਧਾਨ ਮੰਤਰੀ ਨਾਲ ਮੁਲਾਕਾਤ

**ਨਵੀਂ ਦਿੱਲੀ:** ਭਾਰਤੀ ਘੱਟ ਗਿਣਤੀ ਫਾਊਂਡੇਸ਼ਨ ਦੀ ਅਗਵਾਈ ਹੇਠ 24 ਧਾਰਮਿਕ ਆਗੂਆਂ ਦੇ ਇਕ ਵਫ਼ਦ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ। ਮੁਲਾਕਾਤ ਮਗਰੋਂ ਉਨ੍ਹਾਂ ਕਿਹਾ ਕਿ ਉਹ ਭਾਰਤ ਵਿਚ ਅੰਤਰ-ਧਰਮ ਏਕਤਾ ਦਾ ਸੰਦੇਸ਼ ਬਾਹਰੀ ਦੁਨੀਆਂ ਤੱਕ ਪਹੁੰਚਾਉਣਾ ਚਾਹੁੰਦੇ ਹਨ। ਸਿੱਖ, ਜੈਨ, ਈਸਾਈ ਅਤੇ ਪਾਰਸੀ ਭਾਈਚਾਰਿਆਂ ਦੀ ਨੁਮਾਇੰਦਗੀ ਕਰਨ ਵਾਲੇ ਵਫ਼ਦ ਵਿਚ ਆਲ ਇੰਡੀਆ ਇਮਾਮ ਸੰਗਠਨ ਦੇ ਮੁੱਖ ਇਮਾਮ ਇਮਾਮ ਉਮਰ ਅਹਿਮਦ ਇਲਿਆਸੀ ਅਤੇ ਮਹਾਂਬੋਧੀ ਇੰਟਰਨੈਸ਼ਨਲ ਮੈਡੀਟੇਸ਼ਨ ਸੈਂਟਰ ਦੇ ਸੰਸਥਾਪਕ ਪ੍ਰਧਾਨ ਭੀਖੂ ਸੰਘਸੇਨਾ ਸ਼ਾਮਲ ਸਨ। ਪ੍ਰਧਾਨ ਮੰਤਰੀ ਨੇ ਐਕਸ ਉਤੇ ਮੀਟਿੰਗ ਦੀਆਂ ਕੁਝ ਤਸਵੀਰਾਂ ਸਾਂਝੀਆਂ ਕਰਦਿਆਂ ਦੱਸਿਆ, "ਅੱਜ ਸੰਸਦ ਵਿਚ ਧਾਰਮਿਕ ਆਗੂਆਂ ਦੇ ਵਫ਼ਦ ਨੂੰ ਮਿਲ ਕੇ ਖੁਸ਼ੀ ਹੋਈ। ਮੈਂ ਸਾਡੇ ਦੇਸ਼ ਦੇ ਵਿਕਾਸ ਦੀ ਰਫ਼ਤਾਰ 'ਤੇ ਉਨ੍ਹਾਂ ਦੇ ਬਹੁਮੁੱਲੇ ਸ਼ਬਦਾਂ ਲਈ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ।" ਭਾਰਤੀ ਸਰਵ ਧਰਮ ਸੰਸਦ ਦੇ ਗੋਸਵਾਮ ਸੁਸ਼ੀਲ ਵੀ ਇਸ ਵਫ਼ਦ ਦਾ ਹਿੱਸਾ ਸਨ।

## ਭਾਰਤੀ ਮੂਲ ਦੇ ਵਿਅਕਤੀ 'ਤੇ ਮੰਦਰਾਂ ਦੀਆਂ ਗੋਲਕਾਂ ਚੋਰੀ ਕਰਨ ਦੇ ਦੋਸ਼

**ਟੋਰਾਂਟੋ:** 41 ਸਾਲਾ ਭਾਰਤੀ ਮੂਲ ਦੇ ਕੈਨੇਡੀਅਨ ਵਿਅਕਤੀ ਉਤੇ ਮੰਦਰਾਂ ਵਿਚ ਤੋੜ-ਭੰਨ ਕਰਨ ਅਤੇ ਦਾਨ ਬਾਕਸਿਆਂ ਵਿਚੋਂ ਚੋਰੀ ਕਰਨ ਦਾ ਦੋਸ਼ ਲਗਾਇਆ ਗਿਆ ਹੈ। ਮੁਲਜ਼ਮ ਦੀ ਪਛਾਣ ਬਰੈਂਪਟਨ ਸ਼ਹਿਰ ਦੇ ਰਹਿਣ ਵਾਲੇ ਜਗਦੀਸ਼ ਪੰਧੇਰ ਵਜੋਂ ਹੋਈ ਹੈ। ਪੁਲਿਸ ਅਨੁਸਾਰ ਮਾਰਚ ਅਤੇ ਅਗਸਤ 2023 ਦਰਮਿਆਨ ਬਰੈਂਪਟਨ, ਮਿਸੀਸਾਗਾ ਅਤੇ ਕੈਲੇਡਨ ਵਾਲੇ ਪੀਲ ਖੇਤਰ ਵਿਚ ਕਈ ਅਜਿਹੀਆਂ ਘਟਨਾਵਾਂ ਸਾਹਮਣੇ ਆਈਆਂ ਹਨ। ਤਿੰਨ ਪੂਜਾ ਸਥਾਨਾਂ ਦੀ ਨਿਗਰਾਨੀ ਫੁਟੇਜ ਵਿਚ ਮਸ਼ਕੂਕ ਵਿਅਕਤੀ ਨੂੰ ਮੰਦਰਾਂ ਵਿਚ ਦਾਖਲ ਹੁੰਦੇ ਅਤੇ ਦਾਨ ਬਾਕਸਿਆਂ ਵਿਚੋਂ ਨਕਦੀ ਚੋਰੀ ਕਰਦੇ ਦੇਖਿਆ ਗਿਆ। ਪੰਧੇਰ, ਜੋ ਪਹਿਲਾਂ ਹੀ ਅਜਿਹੇ ਅਪਰਾਧਾਂ ਲਈ ਹਿਰਾਸਤ ਵਿਚ ਹੈ, ਉੱਤੇ ਮੰਦਰਾਂ ਅਤੇ ਕਾਰੋਬਾਰਾਂ ਵਿਚ ਤੋੜ-ਭੰਨ ਕਰਨ ਅਤੇ ਪੈਸੇ ਚੋਰੀ ਕਰਨ ਦੇ ਪੰਜ ਹੋਰ ਦੋਸ਼ ਲਗਾਏ ਗਏ ਹਨ।

## ਭਾਜਪਾ ਦੀ ਬੁਰਛਾਗਰਦੀ 'ਤੇ ਸੁਪਰੀਮ ਕੋਰਟ ਦੇ ਸਵਾਲ

*(ਪਹਿਲੇ ਸਫੇ ਦੀ ਬਾਕੀ)*

ਅਫਸਰ ਦੀ ਐਨ ਮੌਕੇ ਦੀ ਵੀਡੀਓ ਨਸ਼ਰ ਹੋਣ ਕਾਰਨ ਉਹ ਕਸੂਤੀ ਸਥਿਤੀ ਵਿਚ ਫਸ ਗਈ। ਮੌਜੂਦਾ ਹਾਲਾਤ ਇਹ ਹਨ ਕਿ ਇਕ ਪਾਸੇ ਜਿਥੇ ਸੁਪਰੀਮ ਕੋਰਟ ਸਖਤ ਰੁਖ ਵਿਚ ਹੈ, ਉਤੇ ਆਮ ਆਦਮੀ ਪਾਰਟੀ ਦਿੱਲੀ, ਪੰਜਾਬ ਤੇ ਚੰਡੀਗੜ੍ਹ ਵਿਚ ਭਗਵਾ ਧਿਰ ਨੂੰ ਘੇਰਨ ਵਿਚ ਜੁਟ ਗਈ ਹੈ। 'ਆਪ' ਨੇ ਸੈਕਟਰ 17 ਵਿਚ ਸਥਿਤ ਨਗਰ ਨਿਗਮ ਦਫ਼ਤਰ ਅੱਗੇ ਭੁੱਖ ਹੜਤਾਲ ਅਤੇ ਰੋਸ ਪ੍ਰਦਰਸ਼ਨ ਸ਼ੁਰੂ ਕਰ ਦਿੱਤਾ ਹੈ। ਆਪ ਦੀ ਮੰਗ ਹੈ ਕਿ ਜਦੋਂ ਤੱਕ ਗ਼ਲਤ ਢੰਗ ਨਾਲ ਬਣਾਏ ਮੇਅਰ ਨੂੰ ਹਟਾ ਕੇ ਮੁੜ ਚੋਣਾਂ ਨਹੀਂ ਕਰਵਾਈਆਂ ਜਾਂਦੀਆਂ, ਉਦੋਂ ਤੱਕ 'ਆਪ' ਦੇ ਇਕ ਕੌਂਸਲਰ ਤੇ ਚਾਰ ਵਾਲੰਟੀਅਰਾਂ ਵੱਲੋਂ ਰੋਜ਼ਾਨਾ ਚੰਡੀਗੜ੍ਹ ਨਗਰ ਨਿਗਮ ਦੇ ਦਫ਼ਤਰ ਅੱਗੇ ਭੁੱਖ ਹੜਤਾਲ ਅਤੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਉਧਰ, ਕਿਸਾਨ ਜਥੇਬੰਦੀਆਂ ਵੀ ਦਿੱਲੀ ਨੂੰ ਘੇਰਨ ਲਈ ਤੁਰ ਪਈਆਂ ਹਨ। ਦੇਸ਼ ਦੀਆਂ 100 ਜਥੇਬੰਦੀਆਂ ਵੱਲੋਂ 'ਕਿਸਾਨ-ਮਜ਼ਦੂਰ ਮੋਰਚਾ' ਕਾਇਮ ਕਰਕੇ ਦਿੱਲੀ ਵੱਲ ਕੂਚ ਕਰਨ ਦੀ ਤਿਆਰੀ ਕਰ ਲਈ ਗਈ ਹੈ। ਆਗੂਆਂ ਨੇ ਕਿਹਾ ਕਿ ਦਿੱਲੀ ਅੰਦੋਲਨ-2 ਦੇਸ਼ਵਿਆਪੀ ਬਣਨ ਜਾ ਰਿਹਾ ਹੈ ਜਿਸ ਨੂੰ ਸੁਚੱਜੇ ਢੰਗ ਨਾਲ ਚਲਾਉਣ ਲਈ ਮੋਰਚੇ ਵੱਲੋਂ ਵੱਖ-ਵੱਖ ਸੂਬਿਆਂ ਤੋਂ ਆਗੂਆਂ ਦੀ ਤਾਲਮੇਲ ਕਮੇਟੀ ਬਣਾਈ ਗਈ ਹੈ। ਕਿਸਾਨ ਜਥੇਬੰਦੀਆਂ 13 ਫਰਵਰੀ ਤੋਂ ਦਿੱਲੀ ਵਿਚ ਅੰਦੋਲਨ ਸ਼ੁਰੂ ਕਰਨ ਲਈ ਰਵਾਨਾ ਹੋਣਗੀਆਂ। ਮੌਜੂਦਾ ਹਾਲਾਤ ਦੱਸ ਰਹੇ ਹਨ ਕਿ ਆਉਣ ਵਾਲੇ ਦਿਨ ਭਾਜਪਾ ਲਈ ਹਾਲਾਤ ਔਖੇ ਕਰਨ ਵਾਲੇ ਹਨ।

## ਅਮਰੀਕਾ ਵੱਲੋਂ ਐੱਚ-1ਬੀ ਵੀਜ਼ਾ ਧਾਰਕਾਂ ਨੂੰ ਵੱਡੀ ਰਾਹਤ

**ਵਾਸ਼ਿੰਗਟਨ:** ਅਮਰੀਕਾ ਨੇ ਐੱਚ-1ਬੀ ਵੀਜ਼ਾ ਧਾਰਕਾਂ ਨੂੰ ਵੱਡੀ ਰਾਹਤ ਦਿੱਤੀ ਹੈ। ਇਕ ਨਵੀਂ ਯੋਜਨਾ ਦਾ ਖੁਲਾਸਾ ਕੀਤਾ ਗਿਆ ਹੈ ਜਿਸ ਤਹਿਤ ਐੱਚ-1ਬੀ ਵੀਜ਼ਾ ਧਾਰਕਾਂ ਦੇ ਇਕ ਵਿਸ਼ੇਸ਼ ਵਰਗ ਦੇ ਪੇਸ਼ੇਵਰਾਂ ਦੇ ਬੱਚਿਆਂ ਤੇ ਪਤੀ-ਪਤਨੀ (ਸਪਾਊਸ) ਨੂੰ ਕੰਮ ਕਰਨ ਦੀ 'ਆਟੋਮੈਟਿਕ' ਪ੍ਰਵਾਨਗੀ ਮਿਲ ਜਾਵੇਗੀ।

ਇਨ੍ਹਾਂ ਐੱਚ-4 ਵੀਜ਼ਾ ਧਾਰਕਾਂ ਦੀ ਗਿਣਤੀ 1,00,000 ਦੇ ਕਰੀਬ ਹੈ। ਕੌਮੀ ਸੁਰੱਖਿਆ ਸਮਝੌਤੇ ਨੂੰ ਅਮਰੀਕੀ ਸੈਨੇਟ ਵਿਚ ਰਿਪਬਲਿਕਨ ਤੇ ਡੈਮੋਕਰੈਟਿਕ ਧੜਿਆਂ ਦੀ ਹਮਾਇਤ ਮਿਲੀ ਹੈ। ਇਸ ਨੂੰ ਵ੍ਹਾਈਟ ਹਾਊਸ ਨੇ ਵੀ ਸਮਰਥਨ ਦਿੱਤਾ ਹੈ। ਇਸ ਸਮਝੌਤੇ ਵਿਚ ਦੋਵਾਂ ਧਿਰਾਂ ਨੇ ਐੱਚ-1ਬੀ ਵੀਜ਼ਾ ਧਾਰਕਾਂ ਦੇ ਵੱਡੇ ਹੋ ਚੁੱਕੇ 2,50,000 ਬੱਚਿਆਂ ਦੇ ਮਸਲਿਆਂ ਦਾ ਹੱਲ ਕੱਢਣ ਉਤੇ ਵੀ ਚਰਚਾ ਕੀਤੀ ਹੈ। ਇਹ ਕਦਮ ਵਰ੍ਹਿਆਂ ਤੋਂ ਗਰੀਨ ਕਾਰਡ ਉਡੀਕ ਰਹੇ ਹਜ਼ਾਰਾਂ ਭਾਰਤੀ ਤਕਨੀਕੀ ਪੇਸ਼ੇਵਰਾਂ ਲਈ ਚੰਗੀ ਖਬਰ ਹੈ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਅਮਰੀਕਾ ਆਏ ਭਾਰਤੀ ਪੇਸ਼ੇਵਰਾਂ ਦੇ ਪਤੀ-ਪਤਨੀ ਕੰਮ ਨਹੀਂ ਕਰ ਸਕਦੇ ਸਨ ਤੇ ਉਨ੍ਹਾਂ ਦੇ ਵੱਡੇ ਹੋ ਚੁੱਕੇ ਬੱਚਿਆਂ ਨੂੰ ਭਾਰਤ ਡਿਪੋਰਟ ਕਰਨ ਦਾ ਖਤਰਾ ਵੀ ਬਣਿਆ ਰਹਿੰਦਾ ਸੀ। ਜ਼ਿਕਰਯੋਗ ਹੈ ਕਿ ਅਮਰੀਕਾ ਵਿਚ ਸਥਾਈ ਤੌਰ ਉਤੇ ਵਸਣ ਲਈ ਗਰੀਨ ਕਾਰਡ ਲੋੜੀਂਦਾ ਹੈ। ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਇਕ ਬਿਆਨ ਵਿਚ ਕਿਹਾ, 'ਕਈ ਦਹਾਕਿਆਂ ਤੋਂ ਇਮੀਗ੍ਰੇਸ਼ਨ ਢਾਂਚਾ ਵਿਗੜਿਆ ਹੋਇਆ ਹੈ। ਹੁਣ ਇਸ ਨੂੰ ਸਹੀ ਕਰਨ ਦਾ ਸਮਾਂ ਆ ਗਿਆ ਹੈ। ਇਸ ਨਾਲ ਸਾਡਾ ਮੁਲਕ ਤੇ ਸਰਹੱਦਾਂ ਸੁਰੱਖਿਅਤ ਹੋਣਗੀਆਂ।' ਉਨ੍ਹਾਂ ਕਿਹਾ ਕਿ ਜਾਇਜ਼ ਇਮੀਗ੍ਰੇਸ਼ਨ ਲੋਕਾਂ ਨਾਲ ਨਿਰਪੱਖ ਤੇ ਮਾਨਵੀ ਵਤੀਰਾ ਯਕੀਨੀ ਬਣਾਏਗੀ।

## ਪੁਰਤਗਾਲ 'ਚ ਸੜਕ ਹਾਦਸੇ ਵਿਚ ਪੰਜਾਬੀ ਨੌਜਵਾਨ ਦੀ ਮੌਤ

**ਦਸੂਹਾ:** ਪੁਰਤਗਾਲ ਵਿਚ ਵਾਪਰੇ ਇਕ ਸੜਕ ਹਾਦਸੇ 'ਚ ਦਸੂਹਾ ਦੇ ਪਿੰਡ ਉਸਮਾਨ ਸ਼ਹੀਦ ਦੇ ਇਕ ਨੌਜਵਾਨ ਦੀ ਮੌਤ ਹੋ ਗਈ ਹੈ। ਮ੍ਰਿਤਕ ਦੀ ਪਛਾਣ ਤਜਿੰਦਰ ਸਿੰਘ (24) ਪੁੱਤਰ ਭਗਵੰਤ ਸਿੰਘ ਵਜੋਂ ਹੋਈ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਤਜਿੰਦਰ ਕਰੀਬ ਡੇਢ ਸਾਲ ਪਹਿਲਾਂ ਪੁਰਤਗਾਲ ਗਿਆ ਸੀ। ਤਜਿੰਦਰ ਦੀ ਮੌਤ ਦੀ ਸੂਚਨਾ ਮਿਲਣ ਮਗਰੋਂ ਇਲਾਕੇ 'ਚ ਸੋਗ ਹੈ। ਪਰਿਵਾਰ ਦੇ ਨਜ਼ਦੀਕੀ ਰਾਜਾ ਘੁੰਮਣ ਨੇ ਦੱਸਿਆ ਕਿ ਉਨ੍ਹਾਂ ਨੂੰ ਖ਼ਬਰ ਮਿਲੀ ਹੈ ਕਿ 3 ਫਰਵਰੀ ਦੀ ਰਾਤ ਨੂੰ ਤਜਿੰਦਰ ਸਿੰਘ ਆਪਣੀ ਕਾਰ ਉਤੇ ਘਰ ਪਰਤ ਰਿਹਾ ਸੀ ਕਿ ਅਚਾਨਕ ਕਾਰ ਦਾ ਸੰਤੁਲਨ ਵਿਗੜ ਗਿਆ ਤੇ ਕਾਰ ਨੇੜੇ ਵਗਦੀ ਨਹਿਰ ਵਿਚ ਜਾ ਡਿੱਗੀ। ਇਸ ਹਾਦਸੇ ਵਿਚ ਤਜਿੰਦਰ ਦੀ ਮੌਤ ਹੋ ਗਈ। ਉਨ੍ਹਾਂ ਦੱਸਿਆ ਕਿ ਨੌਜਵਾਨ ਦੀ ਲਾਸ਼ ਭਾਰਤ ਲਿਆਉਣ ਲਈ ਪੁਰਤਗਾਲ ਦੇ ਸਫ਼ਾਰਤਖ਼ਾਨੇ ਨਾਲ ਸੰਪਰਕ ਕੀਤਾ ਜਾ ਰਿਹਾ ਹੈ।

## ਲੁਧਿਆਣਾ ਜੇਲ੍ਹ ਵਿਚ ਸੁਰੰਗ ਪੁੱਟਣ ਦੀ ਕੋਸ਼ਿਸ਼

**ਲੁਧਿਆਣਾ:** ਚੰਡੀਗੜ੍ਹ ਦੀ ਬੁੜੈਲ ਜੇਲ੍ਹ ਵਾਂਗ ਲੁਧਿਆਣਾ ਦੀ ਕੇਂਦਰੀ ਜੇਲ੍ਹ ਵਿਚ ਬੰਦ ਦੋ ਹਵਾਲਾਤੀਆਂ ਨੇ ਪਖਾਨੇ ਵਿਚ ਸੁਰੰਗ ਪੱਟ ਕੇ ਫਰਾਰ ਹੋਣ ਦੀ ਕੋਸ਼ਿਸ਼ ਕੀਤੀ ਹੈ। ਜੇਲ੍ਹ ਪ੍ਰਸ਼ਾਸਨ ਵੱਲੋਂ ਕੀਤੀ ਗਈ ਰੁਟੀਨ ਜਾਂਚ ਦੌਰਾਨ ਸਾਹਮਣੇ ਆਇਆ ਕਿ ਜੇਲ੍ਹ ਦੇ ਪਖਾਨੇ ਵਿਚ ਇੱਟਾਂ ਪੱਟੀਆਂ ਹੋਈਆਂ ਸਨ ਤੇ ਇਕ ਸੁਰੰਗ ਪੁੱਟਣ ਦੀ ਤਿਆਰੀ ਕੀਤੀ ਜਾ ਰਹੀ ਸੀ।

ਜੇਲ੍ਹ ਪ੍ਰਸ਼ਾਸਨ ਨੇ ਸਹਾਇਕ ਸੁਪਰਡੈਂਟ ਦੀ ਸ਼ਿਕਾਇਤ ਉਤੇ ਥਾਣਾ ਡਿਵੀਜ਼ਨ ਨੰਬਰ 7 ਦੀ ਪੁਲਿਸ ਨੇ ਪ੍ਰੇਮ ਚੰਦ ਉਰਫ਼ ਮਿਥੁਨ ਅਤੇ ਸਰਬ ਉਰਫ਼ ਬਕਰੂ ਖ਼ਿਲਾਫ਼ ਕੇਸ ਦਰਜ ਕਰ ਕੇ ਉਨ੍ਹਾਂ ਦੀਆਂ ਬੈਰਕਾਂ ਬਦਲ ਦਿੱਤੀਆਂ ਹਨ। ਪੁਲਿਸ ਮੁਲਜ਼ਮਾਂ ਨੂੰ ਪ੍ਰੋਡਕਸ਼ਨ ਵਾਰੰਟ ਉਤੇ ਲਿਆਉਣ ਦੀ ਤਿਆਰੀ ਕਰ ਰਹੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਮੁਲਜ਼ਮ ਮਿਥੁਨ ਖ਼ਿਲਾਫ਼ ਗੁਰਦਾਸਪੁਰ ਤੇ ਸਰਬ ਖ਼ਿਲਾਫ਼ ਐਸ.ਬੀ.ਐਸ. ਨਗਰ ਦੇ ਥਾਣੇ 'ਚ ਚੋਰੀ ਦਾ ਕੇਸ ਦਰਜ ਹੈ ਤੇ ਜ਼ਮਾਨਤ ਨਾ ਮਿਲਣ ਕਰਕੇ ਦੋਵੇਂ ਲੰਬੇ ਸਮੇਂ ਤੋਂ ਲੁਧਿਆਣਾ ਕੇਂਦਰੀ ਜੇਲ੍ਹ ਦੇ ਐੱਨਬੀ ਵਾਰਡ ਦੀ ਬੈਰਕ ਨੰਬਰ 5 ਵਿਚ ਬੰਦ ਸਨ। ਦੋਵਾਂ ਨੇ ਰਲ ਕੇ ਪਖਾਨੇ ਵਿਚੋਂ ਵੱਡੀ ਗਿਣਤੀ ਇੱਟਾਂ ਪੁੱਟ ਲਈਆਂ ਸਨ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਪੰਜਾਬ ਦੇ ਸਿਰ ਕਰਜ਼ੇ ਦੀ ਪੰਡ ਹੁਣ ਹੋਰ ਭਾਰੀ ਹੋਈ

**ਚੰਡੀਗੜ੍ਹ:** ਮੌਜੂਦਾ ਵਿੱਤੀ ਵਰ੍ਹੇ ਦੀਆਂ ਪਹਿਲੀਆਂ ਤਿੰਨ ਤਿਮਾਹੀਆਂ ਵਿਚ ਵਸਤਾਂ ਤੇ ਸੇਵਾਵਾਂ ਕਰ ਅਤੇ ਆਬਕਾਰੀ ਡਿਊਟੀ ਸਣੇ ਮਾਲੀਏ ਦੀ ਉੱਚੀ ਵਸੂਲੀ ਦੇ ਬਾਵਜੂਦ ਪੰਜਾਬ ਸਿਰ ਕਰਜ਼ੇ ਦੀ ਪੰਡ ਭਾਰੀ ਹੋ ਰਹੀ ਹੈ। 2023-24 (ਅਪਰੈਲ ਤੋਂ ਦਸੰਬਰ) ਦੀਆਂ ਪਹਿਲੀਆਂ ਤਿੰਨ ਤਿਮਾਹੀਆਂ (ਅਪਰੈਲ ਤੋਂ ਦਸੰਬਰ) ਦੇ ਹੁਣੇ ਜਾਰੀ ਕੀਤੇ ਗਏ ਵਿੱਤੀ ਸੂਚਕਾਂ ਤੋਂ ਸਾਹਮਣੇ ਆਇਆ ਹੈ ਕਿ ਸੂਬਾ ਸਰਕਾਰ ਨੇ ਇਸ ਮਿਆਦ ਦੌਰਾਨ 26,317.37 ਕਰੋੜ ਰੁਪਏ ਦਾ ਕਰਜ਼ਾ ਲਿਆ ਹੈ।



ਮਿਲੇ ਵੇਰਵਿਆਂ ਅਨੁਸਾਰ ਪੰਜਾਬ ਸਰਕਾਰ ਨੇ ਪਿਛਲੇ ਵਿੱਤੀ ਸਾਲ (2022-23) ਵਿਚ ਕੁੱਲ ਉਧਾਰ 30,899.81 ਕਰੋੜ ਰੁਪਏ ਲਿਆ ਸੀ। ਅਪਰੈਲ 2022 ਤੋਂ ਦਸੰਬਰ 2023 ਦਰਮਿਆਨ ਕਰਜ਼ੇ ਵਿਚ 57,217.18 ਕਰੋੜ ਰੁਪਏ ਦਾ ਵਾਧਾ ਹੋਇਆ ਹੈ ਜਿਸ ਨਾਲ ਸੂਬੇ ਦਾ ਕੁੱਲ ਕਰਜ਼ਾ 3.20 ਲੱਖ ਕਰੋੜ ਰੁਪਏ ਹੋ ਗਿਆ ਹੈ। ਸਰਕਾਰ ਆਮਦਨ ਦੇ ਨਵੇਂ ਸਰੋਤ ਪੈਦਾ ਨਹੀਂ ਕਰ ਸਕੀ ਜਦੋਂ ਕਿ ਬਿਜਲੀ ਸਬਸਿਡੀ ਦਾ ਬੋਝ ਰੋਜ਼ਾਨਾ ਦਾ ਔਸਤ 60 ਕਰੋੜ ਰੁਪਏ ਹੋ ਗਿਆ ਹੈ। ਸਰਕਾਰ ਨੂੰ ਪਿਛਲੇ 21 ਮਹੀਨਿਆਂ ਵਿਚ 31,153 ਕਰੋੜ ਰੁਪਏ ਵਿਆਜ ਵਜੋਂ ਤਾਰਨੇ ਪਏ ਹਨ ਜਿਸ 'ਚ 2022-23 ਵਿਚ ਲਾਹੇ ਗਏ 17083.66 ਕਰੋੜ ਰੁਪਏ ਅਤੇ ਅਪਰੈਲ ਤੋਂ ਦਸੰਬਰ 2023 ਦਰਮਿਆਨ ਤਾਰੇ ਗਏ 14069.34 ਕਰੋੜ ਰੁਪਏ ਵੀ ਸ਼ਾਮਲ ਹਨ। ਆਬਕਾਰੀ ਤੋਂ ਆਮਦਨੀ ਵਿਚ ਕਾਫੀ ਵਾਧਾ ਹੋਇਆ ਹੈ।

ਇਸ ਤੋਂ ਇਲਾਵਾ ਪੰਜਾਬ ਦਾ ਮਾਲੀ ਘਾਟਾ 24,588.78 ਕਰੋੜ ਰੁਪਏ ਦੇ ਟੀਚੇ ਦੇ ਮੁਕਾਬਲੇ ਚਾਲੂ ਵਿੱਤੀ ਸਾਲ ਦੇ ਸਿਰਫ਼ ਨੌਂ ਮਹੀਨਿਆਂ ਵਿਚ 23,262.18 ਕਰੋੜ ਰੁਪਏ ਹੋ ਗਿਆ ਹੈ। ਮਾਲੀਆ ਘਾਟਾ ਪੂਰੇ ਸਾਲ ਦੇ ਟੀਚੇ ਨੂੰ ਪਾਰ ਕਰ ਸਕਦਾ ਹੈ ਕਿਉਂਕਿ ਵਿੱਤੀ ਵਰ੍ਹੇ ਦੇ ਅਜੇ ਤਿੰਨ ਮਹੀਨੇ ਬਾਕੀ ਹਨ। ਭਾਵੇਂ ਕਿ ਪਿਛਲੇ ਸਾਲ ਦੇ ਮੁਕਾਬਲੇ ਕੁੱਲ ਮਾਲੀਆ ਪ੍ਰਾਪਤੀ ਵਿਚ ਸੁਧਾਰ ਹੋਇਆ ਹੈ, ਪਰ ਚਾਲੂ ਵਿੱਤੀ ਸਾਲ ਦੇ ਪਹਿਲੇ ਨੌਂ ਮਹੀਨਿਆਂ ਵਿਚ 98852.13 ਕਰੋੜ ਰੁਪਏ ਦੇ ਟੀਚੇ ਦਾ 63.68 ਫ਼ੀਸਦ ਪ੍ਰਾਪਤ ਹੋਇਆ ਹੈ। ਅਪਰੈਲ ਤੋਂ ਦਸੰਬਰ 2022 ਦਰਮਿਆਨ ਇਕੱਠੀਆਂ ਹੋਈਆਂ ਮਾਲੀਆ ਪ੍ਰਾਪਤੀਆਂ ਨਾਲੋਂ 2852.68 ਕਰੋੜ ਰੁਪਏ (62948.37 ਕਰੋੜ ਰੁਪਏ) ਵੱਧ ਹਨ। ਕੇਂਦਰ ਤੋਂ ਪ੍ਰਾਪਤ ਸਹਾਇਤਾ ਅਤੇ ਯੋਗਦਾਨ ਵਿਚ ਗ੍ਰਾਂਟ ਪਿਛਲੇ ਵਿੱਤੀ ਸਾਲ ਦੀ ਸਮਾਨ ਮਿਆਦ ਦੇ ਮੁਕਾਬਲੇ 6065.92 ਕਰੋੜ ਰੁਪਏ ਘੱਟ ਹੈ।

## ਪੰਜਾਬ 'ਚ ਅਣਐਲਾਨੀ ਐਮਰਜੈਂਸੀ: ਚੰਦੂਮਾਜਰਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ 'ਆਪ' ਸਰਕਾਰ ਨੇ ਪੰਜਾਬ ਵਿਚ ਅਣਐਲਾਨੀ ਐਮਰਜੈਂਸੀ ਲਾਗੂ ਕਰ ਦਿੱਤੀ ਹੈ ਅਤੇ ਲੋਕਾਂ ਦੇ ਹੱਕ ਵਿਚ ਉੱਠਣ ਵਾਲੀਆਂ ਆਵਾਜ਼ਾਂ ਨੂੰ ਦਬਾਉਣ ਦਾ ਯਤਨ ਕੀਤਾ ਜਾ ਰਿਹਾ ਹੈ। ਇਸ ਮੌਕੇ ਸ੍ਰੀ ਚੰਦੂਮਾਜਰਾ ਨੇ ਨਾਗਰਿਕ ਆਜ਼ਾਦੀ ਦੀ ਰਾਖੀ ਲਈ ਸਭ ਨੂੰ ਇਕਜੁੱਟ ਹੋਣ ਦਾ ਸੱਦਾ ਵੀ ਦਿੱਤਾ। ਅਕਾਲੀ ਆਗੂ ਨੇ ਕਿਹਾ ਕਿ 'ਆਪ' ਸਰਕਾਰ ਨੇ ਲੋਕਾਂ ਨੂੰ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਲਗਾਈ ਐਮਰਜੈਂਸੀ ਦੇ ਦਿਨ ਯਾਦ ਕਰਵਾ ਦਿੱਤੇ ਹਨ। ਮੁੱਖ ਮੰਤਰੀ ਭਗਵੰਤ ਮਾਨ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੀ ਦੁਰਵਰਤੋਂ ਕਰ ਕੇ ਵਿਰੋਧੀਆਂ ਦੇ ਨਾਗਰਿਕ ਅਧਿਕਾਰਾਂ ਨੂੰ ਮਿੱਧ ਰਹੇ ਹਨ।

# ਕੇਂਦਰ ਸਰਕਾਰ ਪੰਜਾਬ ਨੂੰ ਅਟਲ-ਭੂ ਜਲ ਯੋਜਨਾ 'ਚ ਸ਼ਾਮਲ ਕਰੇ: ਜੌੜਾਮਾਜਰਾ

**ਚੰਡੀਗੜ੍ਹ:** ਪੰਜਾਬ ਦੇ ਜਲ ਸਰੋਤ ਅਤੇ ਭੂਮੀ ਤੇ ਜਲ ਸੰਭਾਲ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਕੇਂਦਰ ਸਰਕਾਰ ਨੂੰ ਮੁੜ ਅਪੀਲ ਕੀਤੀ ਹੈ ਕਿ ਉਹ ਧਰਤੀ ਹੇਠਲੇ ਪਾਣੀ ਦੇ ਨਿਰੰਤਰ ਘਟਣ ਕਾਰਨ ਚਿੰਤਾਜਨਕ ਸਥਿਤੀ ਵੱਲ ਵਧ ਰਹੇ ਪੰਜਾਬ ਸੂਬੇ ਨੂੰ ਅਟਲ-ਭੂ ਜਲ ਯੋਜਨਾ ਵਿਚ ਸ਼ਾਮਲ ਕਰੇ। ਉਨ੍ਹਾਂ ਅਫ਼ਸੋਸ ਜ਼ਾਹਿਰ ਕੀਤਾ ਕਿ ਸੂਬਾ ਸਰਕਾਰ ਵੱਲੋਂ ਨਿਰੰਤਰ ਪੱਤਰ-ਵਿਹਾਰ ਕਰਨ ਦੇ ਬਾਵਜੂਦ ਕੇਂਦਰ ਸਰਕਾਰ ਦੇ ਕੰਨ ਉਤੇ ਜੂੰ ਤੱਕ ਨਹੀਂ ਸਰਕ ਰਹੀ ਹੈ। ਜੌੜਾਮਾਜਰਾ ਨੇ ਪੰਜਾਬ ਸਿਵਲ ਸਕੱਤਰੇਤ ਸਥਿਤ ਆਪਣੇ ਦਫ਼ਤਰ ਵਿਚ ਸੂਬੇ 'ਚ ਧਰਤੀ ਹੇਠਲੇ ਪਾਣੀ ਦੇ ਘੱਟ ਰਹੇ ਪੱਧਰ ਨੂੰ ਰੋਕਣ ਅਤੇ ਪਾਣੀ ਨੂੰ ਦੂਸ਼ਿਤ ਹੋਣ ਤੋਂ



ਬਚਾਉਣ ਸਬੰਧੀ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨਾਲ ਚਰਚਾ ਕੀਤੀ। ਉਨ੍ਹਾਂ ਸੰਤ ਸੀਚੇਵਾਲ ਨੂੰ ਅਪੀਲ ਕੀਤੀ ਕਿ ਉਹ ਵੀ ਕੇਂਦਰ ਸਰਕਾਰ ਕੋਲ ਸੂਬੇ ਦੀ ਮੰਗ ਉਠਾਉਣ। ਇਸੇ ਦੌਰਾਨ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਦੱਸਿਆ ਕਿ ਪੰਜਾਬ ਨੂੰ ਇਸ ਯੋਜਨਾ ਵਿਚ ਸ਼ਾਮਲ ਕਰਨ ਲਈ ਉਹ ਕਈ ਵਾਰ ਲਿਖ ਵੀ ਚੁੱਕੇ ਹਨ।

## ਚੋਣ ਵਾਅਦਿਆਂ ਤੋਂ ਮੁੱਕਰੀ ਆਪ ਸਰਕਾਰ: ਬਾਜਵਾ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਤੇ ਸੀਨੀਅਰ ਕਾਂਗਰਸੀ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਸੂਬੇ ਵਿਚ ਵੱਡੀ ਪੱਧਰ ਉਤੇ ਹੋ ਰਹੇ ਗ਼ੈਰ-ਕਾਨੂੰਨੀ ਖਣਨ 'ਤੇ ਰੋਕ ਲਗਾਉਣ ਵਿਚ ਅਸਫਲ ਰਹਿਣ ਉਤੇ ਪੰਜਾਬ ਸਰਕਾਰ ਦੀ ਆਲੋਚਨਾ ਕੀਤੀ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿਚ ਗ਼ੈਰ-ਕਾਨੂੰਨੀ ਖਣਨ ਨੂੰ ਠੱਲ੍ਹਣਾ ਤੇ ਖਣਨ ਤੋਂ 20 ਹਜ਼ਾਰ ਕਰੋੜ ਰੁਪਏ ਦੀ ਕਮਾਈ ਕਰਨਾ 'ਆਪ' ਦੇ ਮੁੱਖ ਚੋਣ ਵਾਅਦਿਆਂ ਵਿਚੋਂ ਇਕ ਸੀ। ਉਨ੍ਹਾਂ ਕਿਹਾ ਕਿ ਵਿੱਤੀ ਸਾਲ 2022-23 ਲਈ ਲੋਕ ਨਿਰਮਾਣ ਵਿਭਾਗਾਂ ਦੇ ਕੰਮਕਾਜ ਦੀ ਸਾਲਾਨਾ ਸਮੀਖਿਆ ਦੌਰਾਨ ਭਾਰਤ ਦੇ ਕੰਪਟਰੋਲਰ ਆਡੀਟਰ ਜਨਰਲ (ਕੈਗ) ਨੇ ਕਿਹਾ ਕਿ ਪੰਜਾਬ ਰਾਜ ਰੇਤੇ ਤੇ ਬਜਰੀ ਮਾਈਨਿੰਗ ਨੀਤੀ 2018 ਦੀ ਲੋੜ ਅਨੁਸਾਰ ਤੇ ਕੌਮੀ ਗਰੀਨ ਟ੍ਰਿਬਿਊਨਲ (ਐਨ.ਜੀ.ਟੀ.) ਨੇ ਗ਼ੈਰ-ਕਾਨੂੰਨੀ ਮਾਈਨਿੰਗ ਨੂੰ ਰੋਕਣ ਲਈ ਜੀਓ-ਟੈਗਿੰਗ, ਜੀਓ-ਫੈਂਸਿੰਗ ਅਤੇ ਇਲੈਕਟ੍ਰੌਨਿਕ ਨਿਗਰਾਨੀ ਦੀ ਵਰਤੋਂ ਕਰਨ ਦੇ ਆਦੇਸ਼ ਦਿੱਤੇ। ਤਿੰਨ ਡਰੇਨੇਜ ਡਿਵੀਜ਼ਨਾਂ ਦੇ ਰਿਕਾਰਡਾਂ ਦੀ ਜਾਂਚ ਤੋਂ ਪਤਾ ਲੱਗਿਆ ਹੈ ਕਿ ਜਲ ਸਰੋਤ ਵਿਭਾਗ ਵੱਲੋਂ ਗ਼ੈਰ-ਕਾਨੂੰਨੀ ਖਣਨ ਦਾ ਪਤਾ ਲਗਾਉਣ ਅਤੇ ਜਾਂਚ ਕਰਨ ਲਈ ਤਕਨਾਲੋਜੀ ਦੀ ਵਰਤੋਂ ਨਹੀਂ ਕੀਤੀ ਗਈ ਸੀ।

# ਗੈਰ-ਕਾਨੂੰਨੀ ਖਣਨ ਰੋਕਣ ਲਈ ਡਿਪਟੀ ਕਮਿਸ਼ਨਰਾਂ ਨੂੰ ਖੁੱਲ੍ਹੀ ਛੁੱਟੀ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਗ਼ੈਰਕਾਨੂੰਨੀ ਖਣਨ ਨੂੰ ਠੱਲ੍ਹਣ ਲਈ ਡਿਪਟੀ ਕਮਿਸ਼ਨਰਾਂ ਨੂੰ ਖੁੱਲ੍ਹੀ ਛੁੱਟੀ ਦੇ ਦਿੱਤੀ ਹੈ। ਉਨ੍ਹਾਂ ਕਿਹਾ ਕਿ ਡੀ.ਸੀ. ਇਹ ਯਕੀਨੀ ਬਣਾਉਣ ਕਿ ਉਨ੍ਹਾਂ ਦੇ ਜ਼ਿਲ੍ਹਿਆਂ ਵਿਚ ਕਿਸੇ ਤਰ੍ਹਾਂ ਦਾ ਗ਼ੈਰਕਾਨੂੰਨੀ ਖਣਨ ਨਾ ਹੋਵੇ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਮੁੱਖ ਮੰਤਰੀ ਨੇ ਡਿਪਟੀ ਕਮਿਸ਼ਨਰਾਂ ਦੀ ਮੀਟਿੰਗ 'ਚ ਕਿਹਾ ਸੀ ਕਿ ਗ਼ੈਰਕਾਨੂੰਨੀ ਖਣਨ ਰੋਕਣ ਸਮੇਂ ਜੇਕਰ ਕੋਈ ਸਿਆਸੀ ਆਗੂ ਦਖ਼ਲ ਦਿੰਦਾ ਹੈ ਤਾਂ ਉਨ੍ਹਾਂ ਨੂੰ ਤੁਰੰਤ ਜਾਣੂ ਕਰਵਾਇਆ ਜਾਵੇ। ਵਿਰੋਧੀ ਧਿਰਾਂ ਵੱਲੋਂ 'ਆਪ' ਉਤੇ ਗ਼ੈਰਕਾਨੂੰਨੀ ਖਣਨ ਸਬੰਧੀ ਲਾਏ ਜਾ ਰਹੇ ਦੋਸ਼ਾਂ ਕਾਰਨ ਮੁੱਖ ਮੰਤਰੀ ਫ਼ਿਕਰਮੰਦ ਦਿਸੇ।

ਪ੍ਰਾਪਤ ਵੇਰਵਿਆਂ ਅਨੁਸਾਰ ਪੰਜਾਬ ਰਾਜ ਮਾਈਨਰ ਮਿਨਰਲ ਮਾਈਨਿੰਗ ਨੀਤੀ 2023, ਖਾਣਾਂ ਦੀ ਇਲੈਕਟ੍ਰੌਨਿਕ ਨਿਗਰਾਨੀ ਤੇ ਜੀਓ-ਟੈਗਿੰਗ ਲਈ ਮੁਹੱਈਆ ਕਰਵਾਈ ਜਾਣੀ ਸੀ ਪਰ ਕਥਿਤ ਤੌਰ ਉਤੇ ਅਜਿਹਾ ਨਹੀਂ ਕੀਤਾ ਗਿਆ। ਕੰਟਰੋਲਰ ਅਤੇ ਆਡਿਟਰ ਜਨਰਲ ਨੇ ਆਪਣੀ ਸਾਲਾਨਾ ਸਮੀਖਿਆ ਰਿਪੋਰਟ ਵਿਚ ਵੀ ਇਸ ਵਿਗਾੜ ਦਾ ਜ਼ਿਕਰ ਕੀਤਾ ਹੈ। ਮੁੱਖ ਮੰਤਰੀ



ਨੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਖਣਨ ਤੋਂ ਮਾਲੀਏ ਵਿਚ ਵਾਧਾ ਕਰਨ ਅਤੇ ਲੋਕਾਂ ਨੂੰ ਸਹੀ ਮੁੱਲ ਉਤੇ ਰੇਤਾ, ਬਜਰੀ ਮੁਹੱਈਆ ਕਰਵਾਉਣ ਲਈ ਕਿਹਾ ਹੈ।

ਮਾਈਨਿੰਗ ਵਿਭਾਗ ਦੇ ਅਧਿਕਾਰਤ ਸੂਤਰਾਂ ਨੇ ਦੱਸਿਆ ਹੈ ਕਿ ਇਸ ਸਾਲ ਮਾਈਨਿੰਗ ਤੋਂ ਹੋਣ ਵਾਲੀ ਆਮਦਨ 225.50 ਕਰੋੜ ਰੁਪਏ ਨੂੰ ਪਾਰ ਕਰ ਗਈ ਹੈ, ਜੋ ਇਸ ਵਿੱਤੀ ਵਰ੍ਹੇ ਦੇ ਅਖ਼ੀਰ ਤੱਕ 300 ਕਰੋੜ ਤੱਕ ਜਾ ਸਕਦੀ ਹੈ। ਪਿਛਲੇ ਸਾਲ ਮਾਈਨਿੰਗ ਅਤੇ ਵਿਕਰੀ ਤੋਂ 247 ਕਰੋੜ ਰੁਪਏ ਦੀ ਆਮਦਨ ਹੋਈ ਸੀ।

# ਸਰਹੱਦ ਪਾਰੋਂ ਤਸਕਰੀ ਦਾ ਮਾਮਲਾ ਇੰਟਰਪੋਲ ਕੋਲ ਰੱਖਣ ਦੀ ਯੋਜਨਾ

**ਅੰਮ੍ਰਿਤਸਰ:** ਬੀ.ਐਸ.ਐਫ. ਵੱਲੋਂ ਸਰਹੱਦ ਪਾਰੋਂ ਹੋ ਰਹੀ ਨਸ਼ਾ ਤਸਕਰੀ ਦੇ ਮਾਮਲੇ 'ਚ ਪਾਕਿਸਤਾਨੀ ਤਸਕਰਾਂ ਖ਼ਿਲਾਫ਼ ਕਾਰਵਾਈ ਲਈ ਨਾਰਕੋਟਿਕ ਕੰਟਰੋਲ ਬਿਊਰੋ ਦੀ ਮਦਦ ਨਾਲ ਇੰਟਰਪੋਲ ਕੋਲ ਮਾਮਲਾ ਰੱਖਿਆ ਜਾਵੇਗਾ। ਬੀ.ਐਸ.ਐਫ. ਨੇ ਚਾਰ ਭਾਰਤੀ ਤਸਕਰਾਂ ਨੂੰ ਕਾਬੂ ਕਰ ਕੇ ਉਨ੍ਹਾਂ ਕੋਲੋਂ ਪਾਕਿਸਤਾਨ ਤੋਂ ਆਈ 5.9 ਕਿੱਲੋ ਹੈਰੋਇਨ ਅਤੇ ਨਸ਼ੀਲਾ ਪਦਾਰਥ ਆਈਸ, ਪਿਸਤੌਲ, ਗੋਲੀਆਂ, ਸਕੂਟਰ ਅਤੇ 70 ਹਜ਼ਾਰ ਰੁਪਏ ਦੀ ਭਾਰਤੀ ਕਰੰਸੀ ਬਰਾਮਦ ਕੀਤੀ ਸੀ।

ਬੀ.ਐਸ.ਐਫ. ਦੇ ਅਧਿਕਾਰੀਆਂ ਨੇ ਦੱਸਿਆ ਕਿ ਇਸ ਮਾਮਲੇ ਦੀ ਅਗਲੇਰੀ ਜਾਂਚ ਨਾਰਕੋਟਿਕ ਕੰਟਰੋਲ ਬਿਊਰੋ ਨੂੰ ਸੌਂਪ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਬੀ.ਐਸ.ਐਫ. ਅਧਿਕਾਰੀਆਂ ਨੂੰ ਇਸ ਬਾਰੇ ਲਗਪਗ ਹਫ਼ਤਾ ਪਹਿਲਾਂ ਸੂਚਨਾ ਮਿਲੀ ਸੀ। ਇਸੇ ਤਹਿਤ 29



ਜਨਵਰੀ ਨੂੰ ਰਾਤ ਕਰੀਬ 11.30 ਵਜੇ ਬੀ.ਐਸ.ਐਫ. ਦੀ ਟੀਮ ਨੇ ਡਰੋਨ ਦੀ ਆਵਾਜ਼ ਸੁਣੀ। ਡਰੋਨ ਵੱਲੋਂ ਸਰਹੱਦੀ ਖੇਤਰ ਵਿਚ ਪੈਕੇਟ ਸੁੱਟਿਆ ਗਿਆ ਸੀ। ਕੁਝ ਦੇਰ ਬਾਅਦ ਬੀ.ਐਸ.ਐਫ. ਦੇ ਜਵਾਨਾਂ ਨੇ ਉਥੋਂ ਤਿੰਨ ਤਸਕਰਾਂ ਨੂੰ ਕਾਬੂ ਕੀਤਾ। ਉਨ੍ਹਾਂ ਕੋਲੋਂ ਪਿਸਤੌਲ ਅਤੇ ਮੈਗਜ਼ੀਨ ਸਣੇ ਚਾਰ ਕਾਰਤੂਸ ਬਰਾਮਦ ਹੋਏ ਸਨ। ਬਾਅਦ ਵਿਚ ਇਨ੍ਹਾਂ ਦਾ ਇਕ ਹੋਰ ਸਾਥੀ ਕਾਬੂ ਕੀਤਾ ਗਿਆ ਅਤੇ ਦੋ ਸਾਥੀ ਅਜੇ ਫ਼ਰਾਰ ਹਨ। ਮੁੱਢਲੀ ਜਾਂਚ ਦੌਰਾਨ ਪਤਾ ਲੱਗਿਆ ਕਿ ਭਾਰਤੀ ਤਸਕਰਾਂ ਦਾ ਪਾਕਿਸਤਾਨ ਵਿਚ ਰਹਿੰਦੇ ਦੋ ਨਸ਼ਾ ਤਸਕਰਾਂ ਰਾਣਾ ਤੇ ਉਸ ਦੇ ਭਰਾ ਸਣੇ ਇਕ ਹੋਰ ਸਾਥੀ ਸਾਹਾ ਨਾਲ ਵੀਡੀਓ ਕਾਲ ਰਾਹੀਂ ਸੰਪਰਕ ਹੁੰਦਾ ਸੀ। ਉਨ੍ਹਾਂ ਦੱਸਿਆ ਕਿ ਰਾਣਾ ਵੱਲੋਂ ਹੀ ਨਸ਼ੀਲੇ ਪਦਾਰਥ ਦੀ ਇਹ ਖੇਪ ਅੱਗੇ ਵਿਅਕਤੀ ਨੂੰ ਸੌਂਪਣ ਲਈ ਕਿਹਾ ਗਿਆ ਸੀ, ਜਿਸ ਨੂੰ ਬੀ.ਐਸ.ਐਫ. ਨੇ ਕਾਬੂ ਕਰ ਕੇ ਮੁਲਜ਼ਮ ਕੋਲੋਂ ਡਰੱਗ ਮਨੀ ਬਰਾਮਦ ਕੀਤੀ ਹੈ।

# ਮੁੱਖ ਮੰਤਰੀ ਵੱਲੋਂ ਚੋਣ ਜ਼ਾਬਤੇ ਤੋਂ ਪਹਿਲਾਂ ਵਿਕਾਸ ਕਾਰਜ ਨੇਪਰੇ ਚਾੜ੍ਹਨ ਦੇ ਹੁਕਮ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਡਿਪਟੀ ਕਮਿਸ਼ਨਰਾਂ ਨੂੰ ਦੋ ਨੁਕਾਤੀ ਏਜੰਡੇ ਉਤੇ ਧਿਆਨ ਕੇਂਦਰਿਤ ਕਰਨ ਦੇ ਨਿਰਦੇਸ਼ ਦਿੱਤੇ ਹਨ। ਪਹਿਲਾ ਇਹ ਕਿ ਵਿੱਤੀ ਮਾਲੀਏ ਵਿਚ ਵਾਧੇ ਲਈ ਕਦਮ ਉਠਾਏ ਜਾਣ ਅਤੇ ਦੂਜਾ ਸੂਬੇ ਵਿਚ ਚੱਲ ਰਹੇ ਵਿਕਾਸ ਕਾਰਜਾਂ/ਸਕੀਮਾਂ ਨੂੰ ਤੇਜ਼ੀ ਨਾਲ ਮੁਕੰਮਲ ਕਰਵਾਇਆ ਜਾਵੇ। ਅਗਲੀਆਂ ਲੋਕ ਸਭਾ ਚੋਣਾਂ ਵਾਸਤੇ ਚੋਣ ਜ਼ਾਬਤਾ ਲੱਗਣ ਤੋਂ ਪਹਿਲਾਂ ਵਿਕਾਸ ਕਾਰਜਾਂ ਨੂੰ ਨੇਪਰੇ ਚਾੜ੍ਹਨ ਦਾ ਟੀਚਾ ਦਿੱਤਾ ਗਿਆ ਹੈ। ਮੁੱਖ ਮੰਤਰੀ ਨੇ ਨਾਗਰਿਕ ਸੇਵਾਵਾਂ ਮੁਹੱਈਆ ਕਰਾਉਣ ਸਬੰਧੀ ਇੱਥੇ ਸਮੀਖਿਆ ਮੀਟਿੰਗ ਕੀਤੀ।

ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਕਈ ਪ੍ਰੋਜੈਕਟਾਂ ਉਤੇ ਤਸੱਲੀ ਜ਼ਾਹਿਰ ਕੀਤੀ ਤੇ ਅਧੂਰੇ ਕੰਮਾਂ ਨੂੰ ਨੇਪਰੇ ਚਾੜ੍ਹਨ ਦੀ ਹਦਾਇਤ ਕੀਤੀ। 43 ਨਾਗਰਿਕ ਸੇਵਾਵਾਂ ਨੂੰ ਘਰ-ਘਰ ਪਹੁੰਚਾਉਣ ਵਾਲੀ ਸਕੀਮ ਨੂੰ ਮਿਸ਼ਨਰੀ ਉਤਸ਼ਾਹ ਨਾਲ ਲਾਗੂ ਕਰਨ ਵਾਸਤੇ ਕਿਹਾ। ਮੁੱਖ ਮੰਤਰੀ ਨੇ ਸਿਹਤ ਮਹਿਕਮੇ ਦੀ ਕਾਰਗੁਜ਼ਾਰੀ ਬਾਰੇ ਚਰਚਾ ਕਰਦਿਆਂ ਕਿਹਾ ਕਿ 664 ਆਮ ਆਦਮੀ ਕਲੀਨਿਕਾਂ ਵਿਚ ਹੁਣ ਤੱਕ



98 ਲੱਖ ਮਰੀਜ਼ ਇਲਾਜ ਦੀ ਸਹੂਲਤ ਲੈ ਚੁੱਕੇ ਹਨ, ਜਿਨ੍ਹਾਂ ਦੀ ਦਵਾਈ ਉਤੇ 40.50 ਕਰੋੜ ਅਤੇ ਲੈਬ ਟੈਸਟਾਂ 'ਤੇ 5.77 ਕਰੋੜ ਦਾ ਖ਼ਰਚਾ ਆਇਆ ਹੈ। ਮੁੱਖ ਮੰਤਰੀ ਨੇ ਇਹ ਵੀ ਦੱਸਿਆ ਕਿ ਸਰਕਾਰ ਅੰਮ੍ਰਿਤਸਰ, ਬਠਿੰਡਾ, ਫਾਜ਼ਿਲਕਾ, ਫਤਹਿਗੜ੍ਹ ਸਾਹਿਬ, ਜਲੰਧਰ, ਕਪੂਰਥਲਾ, ਲੁਧਿਆਣਾ, ਐਸ.ਏ.ਐਸ. ਨਗਰ ਅਤੇ ਤਰਨ ਤਾਰਨ ਜ਼ਿਲ੍ਹਿਆਂ ਵਿਚ 13 ਨਵੇਂ ਸਕੂਲ ਆਫ ਐਮੀਨੈਂਸ ਖੋਲ੍ਹੇਗੀ। ਭਗਵੰਤ ਮਾਨ ਨੇ ਡਿਪਟੀ ਕਮਿਸ਼ਨਰਾਂ ਨੂੰ ਸਾਰੇ ਸਰਕਾਰੀ ਸਕੂਲਾਂ ਵਿਚ 31 ਮਾਰਚ ਤੱਕ ਚਾਰਦੀਵਾਰੀ, ਪਖਾਨੇ, ਫਰਨੀਚਰ, ਪੀਣ ਵਾਲੇ ਪਾਣੀ ਦੀ ਸਹੂਲਤ ਦੇ ਨਾਲ-ਨਾਲ ਇੰਟਰਨੈੱਟ/ਵਾਈ-ਫਾਈ ਦੀ ਸਹੂਲਤ ਯਕੀਨੀ ਬਣਾਉਣ ਲਈ ਵੀ ਕਿਹਾ।

ਮੁੱਖ ਮੰਤਰੀ ਨੇ ਲੋੜਵੰਦਾਂ ਲਈ ਰੁਜ਼ਗਾਰ ਮੁਹੱਈਆ ਕਰਵਾਉਣ ਵਾਸਤੇ ਮਨਰੇਗਾ ਸਕੀਮ ਦੀ ਸੁਚੱਜੀ ਵਰਤੋਂ ਕਰਨ ਲਈ ਕਿਹਾ। ਇਸੇ ਤਰ੍ਹਾਂ ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਦਿੱਲੀ-ਅੰਮ੍ਰਿਤਸਰ-ਕਟੜਾ ਕੌਮੀ ਮਾਰਗ ਦੇ ਉਸਾਰੀ ਕਾਰਜ ਵਿਚ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਦੱਸਿਆ ਕਿ ਸੜਕਾਂ ਦੀ ਸਾਂਭ-ਸੰਭਾਲ ਲਈ ਪੀ.ਡਬਲਊ.ਡੀ. ਅਧਿਕਾਰੀਆਂ ਨੂੰ ਪਹਿਲਾਂ ਹੀ ਫੰਡ ਅਲਾਟ ਕਰ ਦਿੱਤੇ ਗਏ ਹਨ।

# ਪੰਜਾਬ ਦੇ ਰਾਜਪਾਲ ਦੇ ਅਚਨਚੇਤ ਅਸਤੀਫੇ ਨੇ ਨਵੀਂ ਚਰਚਾ ਛੇੜੀ



**ਚੰਡੀਗੜ੍ਹ:** ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਰਾਸ਼ਟਰਪਤੀ ਦਰੋਪਦੀ ਮੁਰਮੂ ਨੂੰ ਭੇਜੇ ਚਾਰ ਸਤਰਾਂ ਦੇ ਪੱਤਰ ਵਿਚ ਸ੍ਰੀ ਪੁਰੋਹਿਤ ਨੇ ਅਸਤੀਫ਼ੇ ਲਈ ਕੁਝ ਮਜਬੂਰੀਆਂ ਅਤੇ ਨਿੱਜੀ ਕਾਰਨਾਂ ਦਾ ਹਵਾਲਾ ਦਿੱਤਾ ਹੈ।

ਰਾਜਪਾਲ ਦੇ ਅਚਨਚੇਤ ਅਸਤੀਫ਼ੇ ਕਾਰਨ ਅਫ਼ਵਾਹਾਂ ਦਾ ਬਾਜ਼ਾਰ ਗਰਮ ਹੈ। ਸਿਆਸੀ ਹਲਕਿਆਂ ਵਿਚ ਕਈ ਤਰ੍ਹਾਂ ਦੀਆਂ ਚਰਚਾਵਾਂ ਦਾ ਜ਼ੋਰ ਹੈ ਪਰ ਕਿਸੇ ਦੇ ਹੱਥ ਅਸਤੀਫ਼ੇ ਦੇ ਠੋਸ ਕਾਰਨ ਨਹੀਂ ਹਨ। ਚੇਤੇ ਰਹੇ ਕਿ ਬਨਵਾਰੀ ਲਾਲ ਪੁਰੋਹਿਤ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮਿਲਣੀ ਮਗਰੋਂ ਆਪਣਾ ਅਸਤੀਫ਼ਾ ਰਾਸ਼ਟਰਪਤੀ ਨੂੰ ਸੌਂਪ ਦਿੱਤਾ ਸੀ। ਪੁਰੋਹਿਤ ਦਾ ਬਤੌਰ ਰਾਜਪਾਲ ਪੰਜਾਬ ਵਿਚਲਾ ਕਾਰਜਕਾਲ ਵਿਵਾਦਤ ਰਿਹਾ ਹੈ ਅਤੇ ਕਈ ਸੰਵਿਧਾਨਕ ਮਾਮਲਿਆਂ ਵਿਚ ਵੀ ਅੜਿੱਕੇ ਖੜ੍ਹੇ ਕੀਤੇ ਗਏ। ਅਹਿਮ ਸੂਤਰਾਂ ਅਨੁਸਾਰ ਇਸ ਦਾ ਫੌਰੀ ਕਾਰਨ ਚੰਡੀਗੜ੍ਹ ਨਗਰ ਨਿਗਮ ਦੇ ਮੇਅਰ ਦੀ ਚੋਣ ਬਣੀ ਜਾਪਦੀ ਹੈ। ਬੇਸ਼ੱਕ ਪੁਰੋਹਿਤ ਭਾਜਪਾ ਹਾਈਕਮਾਂਡ ਦੇ ਇਸ਼ਾਰੇ ਉਤੇ ਹੀ ਕਦਮ ਪੁੱਟ ਰਹੇ ਸਨ ਪਰ ਪਾਰਟੀ ਦੀ ਅਗਵਾਈ ਵਾਲੀ ਕੇਂਦਰੀ ਹਕੂਮਤ ਇਸ ਗੱਲ ਤੋਂ ਪਰੇਸ਼ਾਨ ਸੀ ਕਿ ਚੰਡੀਗੜ੍ਹ ਨਿਗਮ ਦੇ ਮੇਅਰ ਦੀ ਚੋਣ ਵਿਚ ਜ਼ਿਆਦਤੀ ਕਾਰਨ ਕੌਮੀ ਪੱਧਰ ਉਤੇ ਪਾਰਟੀ ਦੀ ਸਾਖ ਨੂੰ ਧੱਕਾ ਪਹੁੰਚਿਆ ਹੈ। ਚਰਚਾ ਹੈ ਕਿ ਚੰਡੀਗੜ੍ਹ ਦੇ ਬਤੌਰ ਪ੍ਰਸ਼ਾਸਕ ਪੁਰੋਹਿਤ ਨੇ ਮੇਅਰ ਦੀ ਚੋਣ ਜਿੱਤਣ ਲਈ ਸਿਆਸੀ ਸੰਜਮ ਤੇ ਹੁਸ਼ਿਆਰੀ ਨਾਲ ਕੰਮ ਨਹੀਂ ਲਿਆ। ਉਧਰ, ਆਮ ਆਦਮੀ ਪਾਰਟੀ ਨੇ ਇਸ ਮਾਮਲੇ ਵਿਚ ਕੌਮੀ ਰਾਜਧਾਨੀ ਦਿੱਲੀ ਵਿਚ ਪ੍ਰਦਰਸ਼ਨ ਕਰ ਕੇ ਭਾਜਪਾ ਨੂੰ ਨਿਸ਼ਾਨੇ ਉਤੇ ਲਿਆ ਸੀ। ਭਾਜਪਾ ਹਕੂਮਤ ਇਸ ਗੱਲੋਂ ਕਾਫੀ ਖ਼ਫ਼ਾ ਜਾਪ ਰਹੀ ਹੈ ਕਿ ਮੇਅਰ ਦੀ ਚੋਣ ਲਈ ਤਾਇਨਾਤ ਪ੍ਰੀਜ਼ਾਈਡਿੰਗ ਅਫ਼ਸਰ ਦੀ ਐਨ ਮੌਕੇ ਦੀ ਵੀਡੀਓ ਨਸ਼ਰ ਹੋਣ ਕਾਰਨ ਉਹ ਕਸੂਤੀ ਸਥਿਤੀ ਵਿਚ ਫਸ ਗਈ ਹੈ। ਇਕ ਹਿੱਸੇ ਵਿਚ ਇਹ ਵੀ ਚਰਚਾ ਹੈ ਕਿ ਪੁਰੋਹਿਤ ਹੁਣ ਬਿਰਧ ਅਵਸਥਾ ਵਿਚ ਹਨ ਅਤੇ ਕੇਂਦਰੀ ਹਕੂਮਤ ਆਪਣੇ ਕਿਸੇ ਹੋਰ ਨੇੜਲੇ ਨੂੰ ਪੰਜਾਬ ਦਾ ਰਾਜਪਾਲ ਲਾਉਣ ਦੀ ਇੱਛਕ ਹੈ। ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਵੱਲੋਂ ਨੇੜੇ ਭਵਿੱਖ ਵਿਚ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਨੂੰ ਗ੍ਰਿਫ਼ਤਾਰ ਕੀਤੇ ਜਾਣ ਦੀ ਸੂਰਤ ਵਿਚ ਭਾਜਪਾ ਹਕੂਮਤ ਪੰਜਾਬ ਨਾਲ ਨਜਿੱਠਣ ਲਈ ਕਿਸੇ ਖਾਸ ਚਿਹਰੇ ਦੀ ਤਲਾਸ਼ ਵਿਚ ਹੈ।

# ਆਮ ਆਦਮੀ ਪਾਰਟੀ ਦਾ ਸਿੱਖ ਵਿਰੋਧੀ ਚਿਹਰਾ ਲੋਕਾਂ ਸਾਹਮਣੇ ਆਇਆ: ਧਾਮੀ



**ਅੰਮ੍ਰਿਤਸਰ:** ਭਗਵੰਤ ਮਾਨ ਸਰਕਾਰ ਵੱਲੋਂ ਵਾਰ-ਵਾਰ ਸਿੱਖ ਭਾਵਨਾਵਾਂ ਨੂੰ ਸੱਟ ਮਾਰਨ ਦੀ ਕਾਰਵਾਈ ਦੁੱਖਦਾਈ ਹੈ ਜਿਸ ਨਾਲ ਪੂਰੇ ਸਿੱਖ ਜਗਤ ਅੰਦਰ ਭਾਰੀ ਰੋਸ ਹੈ। ਇਹ ਪ੍ਰਗਟਾਵਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਇੱਥੇ ਕੀਤਾ।

ਉਨ੍ਹਾਂ ਕਿਹਾ ਕਿ ਮਾਨਸਾ ਜ਼ਿਲ੍ਹੇ ਦੇ ਕਸਬਾ ਬੋਹਾ ਸਥਿਤ ਗੁਰਦੁਆਰੇ ਵਿਚ ਪੁਲਿਸ ਵੱਲੋਂ ਰਾਤ ਵੇਲੇ ਜਬਰੀ ਦਾਖ਼ਲ ਹੋ ਕੇ ਸੇਵਾਦਾਰਾਂ ਦੀ ਕੁੱਟਮਾਰ ਕਰਨੀ ਸਰਾਸਰ ਗੁਰਦੁਆਰੇ ਦੀ ਮਰਿਆਦਾ ਦੀ ਉਲੰਘਣਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਸਰਕਾਰ ਵੱਲੋਂ ਜਿਸ ਤਰ੍ਹਾਂ ਸਿੱਖ ਭਾਵਨਾਵਾਂ ਅਤੇ ਗੁਰ ਮਰਿਆਦਾ ਵਿਰੁੱਧ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ, ਇਸ ਨਾਲ ਆਮ ਆਦਮੀ ਪਾਰਟੀ ਦਾ ਸਿੱਖ ਵਿਰੋਧੀ ਚਿਹਰਾ ਲੋਕਾਂ ਸਾਹਮਣੇ ਆ ਗਿਆ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਗੁਰਦੁਆਰਾ ਅਕਾਲ ਬੁੰਗਾ ਸਾਹਿਬ, ਸੁਲਤਾਨਪੁਰ ਲੋਧੀ ਵਿਚ ਪੰਜਾਬ ਪੁਲਿਸ ਵੱਲੋਂ ਕੀਤੀ ਗਈ ਗੋਲੀਬਾਰੀ ਦੀ ਕਾਰਵਾਈ ਨੇ ਸੰਗਤ ਦੇ ਮਨਾਂ ਨੂੰ ਭਾਰੀ ਠੇਸ ਪਹੁੰਚਾਈ ਤੇ ਹੁਣ ਮਾਨਸਾ 'ਚ ਗੁਰਦੁਆਰੇ ਦੀ ਮਰਿਆਦਾ ਤੇ ਪਵਿੱਤਰਤਾ ਨੂੰ ਦਰਕਿਨਾਰ ਕਰ ਕੇ ਪੁਲਿਸ ਵੱਲੋਂ ਸਿੱਖ ਭਾਵਨਾਵਾਂ ਤਾਰ-ਤਾਰ ਕੀਤੀਆਂ ਗਈਆਂ ਹਨ। ਸ੍ਰੀ ਧਾਮੀ ਨੇ ਕਿਹਾ ਕਿ ਮਾਨਸਾ ਘਟਨਾ ਦੀ ਸੀ.ਸੀ.ਟੀ.ਵੀ. ਫੁਟੇਜ ਵਿਚ ਬਿਲਕੁਲ ਸਪੱਸ਼ਟ ਨਜ਼ਰ ਆ ਰਿਹਾ ਹੈ ਕਿ ਕਿਵੇਂ ਪੁਲਿਸ ਦੇ ਕੁਝ ਕਰਮਚਾਰੀ ਕੰਧ ਟੱਪ ਕੇ ਗੁਰਦੁਆਰੇ ਅੰਦਰ ਦਾਖ਼ਲ ਹੁੰਦੇ ਹਨ ਤੇ ਸੇਵਾਦਾਰਾਂ ਨੂੰ ਕੁੱਟਣਾ ਸ਼ੁਰੂ ਕਰ ਦਿੰਦੇ ਹਨ। ਉਨ੍ਹਾਂ ਕਿਹਾ ਕਿ ਇਸ ਮੰਦਭਾਗੀ ਘਟਨਾ ਦੀ ਗੰਭੀਰਤਾ ਨਾਲ ਜਾਂਚ ਕਰਕੇ ਦੋਸ਼ੀਆਂ ਵਿਰੁੱਧ ਪਰਚਾ ਦਰਜ ਕਰਕੇ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।

## ਪੰਜਾਬ ਦੇ ਜਵਾਨ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ

**ਜਨਾਲਾ:** ਅਜਨਾਲਾ ਸ਼ਹਿਰ ਦੀ ਭਗਤ ਨਾਮਦੇਵ ਕਲੋਨੀ ਦੇ ਵਸਨੀਕ ਫੌਜੀ ਜਵਾਨ ਸੁਖਪ੍ਰੀਤ ਸਿੰਘ ਦੀ ਜੰਮੂ ਕਸ਼ਮੀਰ ਵਿਚ ਡਿਊਟੀ ਦੌਰਾਨ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਉਸ ਦੇ ਪਿਤਾ ਤੇ ਸਾਬਕਾ ਫੌਜੀ ਰਣਜੀਤ ਸਿੰਘ ਨੇ ਦੱਸਿਆ ਕਿ ਸੁਖਪ੍ਰੀਤ ਸਿੰਘ ਪੰਜ ਸਾਲ ਪਹਿਲਾਂ ਫੌਜ ਵਿਚ ਭਰਤੀ ਹੋਇਆ ਸੀ। ਉਹ ਇਸ ਸਮੇਂ ਜੰਮੂ ਕਸ਼ਮੀਰ ਦੇ ਸਾਂਬਾ ਇਲਾਕੇ ਵਿਚ ਤਾਇਨਾਤ ਸੀ।

ਉਨ੍ਹਾਂ ਦੱਸਿਆ ਕਿ ਡਿਊਟੀ ਦੌਰਾਨ ਦਿਲ ਵਿਚ ਦਰਦ ਹੋਣ ਉਤੇ ਉਸ ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ ਉਸ ਦੀ ਮੌਤ ਹੋ ਗਈ। ਉਸ ਦੇ ਪਿੱਛੇ ਪਰਿਵਾਰ ਵਿਚ ਪਤਨੀ ਤੇ ਪੰਜ ਸਾਲ ਦਾ ਪੁੱਤਰ ਹਨ।

# ਦਿੱਲੀ ਕਮੇਟੀ ਵੱਲੋਂ ਅਕਾਲੀ ਆਗੂਆਂ ਖਿਲਾਫ ਜਥੇਦਾਰ ਨੂੰ ਸ਼ਿਕਾਇਤ

**ਅੰਮ੍ਰਿਤਸਰ:** ਦਿੱਲੀ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਅਕਾਲੀ ਆਗੂਆਂ ਪਰਮਜੀਤ ਸਿੰਘ ਸਰਨਾ, ਹਰਵਿੰਦਰ ਸਿੰਘ ਸਰਨਾ ਤੇ ਮਨਜੀਤ ਸਿੰਘ ਜੀ.ਕੇ. ਖ਼ਿਲਾਫ਼ ਇਕ ਵਾਰ ਮੁੜ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਸ਼ਿਕਾਇਤ ਕੀਤੀ ਹੈ।

ਸ੍ਰੀ ਕਾਲਕਾ ਨੇ ਪੱਤਰ ਵਿਚ ਕਿਹਾ ਕਿ ਦਿੱਲੀ ਕਮੇਟੀ ਸਿੱਖਾਂ ਦੀ ਦੂਜੀ ਵੱਡੀ ਚੁਣੀ ਹੋਈ ਧਾਰਮਿਕ ਜਥੇਬੰਦੀ ਹੈ, ਜਿਸ ਵੱਲੋਂ ਪਹਿਲਾਂ ਵੀ 24 ਨਵੰਬਰ ਨੂੰ ਪਰਮਜੀਤ ਸਿੰਘ ਸਰਨਾ ਅਤੇ ਮਨਜੀਤ ਸਿੰਘ ਜੀ.ਕੇ. ਖ਼ਿਲਾਫ਼ ਸ਼ਿਕਾਇਤ ਕੀਤੀ ਗਈ ਸੀ। ਉਨ੍ਹਾਂ ਦੋਸ਼ ਲਾਇਆ ਕਿ ਸ੍ਰੀ ਸਰਨਾ ਅਤੇ ਸ੍ਰੀ ਜੀ.ਕੇ. ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਦੇ ਸ਼ਹੀਦੀ ਅਸਥਾਨ ਗੁਰਦੁਆਰਾ ਰਕਾਬ ਗੰਜ



ਸਾਹਿਬ, ਨਵੀਂ ਦਿੱਲੀ ਵਿਚ 18 ਨਵੰਬਰ ਨੂੰ ਪ੍ਰਦਰਸ਼ਨ ਅਤੇ ਨਾਅਰੇਬਾਜ਼ੀ ਕੀਤੀ ਗਈ ਸੀ। ਇਸ ਸਬੰਧੀ ਦਿੱਲੀ ਕਮੇਟੀ ਅਤੇ ਪ੍ਰਬੰਧਕਾਂ ਨੂੰ ਸੋਸ਼ਲ ਮੀਡੀਆ ਆਦਿ ਮੰਚਾਂ ਉਤੇ ਬਦਨਾਮ ਕਰਨ ਦੇ ਦੋਸ਼ ਵਿਚ ਇਨ੍ਹਾਂ ਖ਼ਿਲਾਫ਼ ਕਾਰਵਾਈ ਕਰਨ ਦੀ ਮੰਗ ਕੀਤੀ ਗਈ ਸੀ ਪਰ ਦੋ ਮਹੀਨੇ ਤੋਂ ਵੱਧ ਸਮਾਂ ਬੀਤਣ ਦੇ ਬਾਵਜੂਦ ਹਾਲੇ ਤੱਕ ਇਸ ਸਬੰਧੀ ਕੋਈ ਕਾਰਵਾਈ ਨਹੀਂ ਕੀਤੀ ਗਈ। ਉਨ੍ਹਾਂ ਸਵਾਲ ਕੀਤਾ ਕਿ ਕੀ ਗੁਰਦੁਆਰੇ ਦੇ ਅੰਦਰ ਹੁੱਲੜਬਾਜ਼ੀ ਅਤੇ ਨਾਅਰੇਬਾਜ਼ੀ ਕਰਨਾ ਜਾਇਜ਼ ਹੈ?

## ਮਨਜਿੰਦਰ ਸਿਰਸਾ ਖਿਲਾਫ ਇਤਿਹਾਸ ਨਾਲ ਛੇੜਛਾੜ ਦਾ ਦੋਸ਼

**ਨਵੀਂ ਦਿੱਲੀ:** ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਇਕ ਵੀਡੀਓ ਰਾਹੀਂ ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਤੇ ਭਾਜਪਾ ਆਗੂ ਮਨਜਿੰਦਰ ਸਿੰਘ ਸਿਰਸਾ ਖ਼ਿਲਾਫ਼ ਗੰਭੀਰ ਦੋਸ਼ ਲਾਏ ਹਨ। ਉਨ੍ਹਾਂ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਸ਼ਿਕਾਇਤ ਭੇਜ ਕੇ ਉਸ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਹੈ। ਉਨ੍ਹਾਂ ਇਸ ਸਬੰਧੀ ਇਕ ਵੀਡੀਓ ਵੀ ਜਾਰੀ ਕੀਤੀ ਹੈ, ਜਿਸ ਵਿਚ ਸ੍ਰੀ ਸਿਰਸਾ ਵੱਲੋਂ ਗੁਰਦੁਆਰਾ ਰਕਾਬ ਗੰਜ ਬਾਰੇ ਚਰਚਾ ਕੀਤੀ ਜਾ ਰਹੀ ਹੈ। ਸ੍ਰੀ ਸਰਨਾ ਨੇ ਦੋਸ਼ ਲਾਇਆ ਕਿ ਸ੍ਰੀ ਸਿਰਸਾ ਨੇ ਗੁਰਦੁਆਰਾ ਰਕਾਬ ਗੰਜ ਦੇ ਇਤਿਹਾਸ ਬਾਰੇ ਗਲਤ ਬਿਆਨਬਾਜ਼ੀ ਕੀਤੀ ਹੈ, ਜੋ ਕਿ ਇਤਿਹਾਸ ਨਾਲ ਛੇੜਛਾੜ ਕਰਨ ਵਾਲੀ ਗੱਲ ਹੈ ਅਤੇ ਇਸ ਮਾਮਲੇ ਵਿਚ ਉਸ ਖ਼ਿਲਾਫ਼ ਕਾਰਵਾਈ ਹੋਣੀ ਚਾਹੀਦੀ ਹੈ।

# ਗੈਂਗਸਟਰ ਗੋਲਡੀ ਬਰਾੜ ਦੇ ਤਿੰਨ ਸਾਥੀ ਗੋਰਖਪੁਰ ਤੋਂ ਗ੍ਰਿਫਤਾਰ

**ਚੰਡੀਗੜ੍ਹ:** ਪੰਜਾਬ ਪੁਲਿਸ ਦੀ ਐਂਟੀ ਗੈਂਗਸਟਰ ਟਾਸਕ ਫੋਰਸ (ਏ.ਜੀ.ਟੀ.ਐਫ.) ਨੇ ਕੇਂਦਰੀ ਏਜੰਸੀਆਂ ਤੇ ਚੰਡੀਗੜ੍ਹ ਪੁਲਿਸ ਨਾਲ ਮਿਲ ਕੇ ਗੈਂਗਸਟਰ ਗੋਲਡੀ ਬਰਾੜ ਦੇ ਤਿੰਨ ਸਾਥੀਆਂ ਨੂੰ ਗੋਰਖਪੁਰ ਤੋਂ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮਾਂ ਦੀ ਪਛਾਣ ਅੰਮ੍ਰਿਤਪਾਲ ਤੇ ਕਮਲਪ੍ਰੀਤ ਸਿੰਘ ਵਾਸੀ ਬਠੁਤ ਅਤੇ ਪ੍ਰੇਮ ਸਿੰਘ ਵਾਸੀ ਡੇਰਾਬੱਸੀ ਵਜੋਂ ਹੋਈ ਹੈ। ਇਹ ਜਾਣਕਾਰੀ ਪੰਜਾਬ ਦੇ ਡੀ.ਜੀ.ਪੀ. ਗੌਰਵ ਯਾਦਵ ਨੇ ਦਿੱਤੀ ਹੈ।

ਡੀ.ਜੀ.ਪੀ. ਨੇ ਕਿਹਾ ਕਿ ਮੁਲਜ਼ਮਾਂ ਵਿਰੁੱਧ ਪੰਜਾਬ ਵਿਚ ਇਰਾਦਾ ਕਤਲ, ਜਬਰੀ ਵਸੂਲੀ, ਡਕੈਤੀ ਤੇ ਅਸਲਾ ਐਕਟ ਤਹਿਤ ਕਈ ਕੇਸ ਦਰਜ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਮੁਲਜ਼ਮਾਂ ਨੇ 19 ਜਨਵਰੀ ਨੂੰ ਚੰਡੀਗੜ੍ਹ ਦੇ ਸੈਕਟਰ-5 ਵਿਚ ਸਥਿਤ ਇਕ ਵਪਾਰੀ ਦੇ ਘਰ ਉਤੇ ਗੋਲੀਆਂ ਚਲਾਈਆਂ ਸਨ। ਸ੍ਰੀ ਯਾਦਵ ਨੇ ਦੱਸਿਆ ਕਿ ਡੀ.ਐਸ.ਪੀ. ਬਿਕਰਮਜੀਤ ਸਿੰਘ ਬਰਾੜ ਦੀ ਅਗਵਾਈ ਹੇਠ ਪੁਲਿਸ ਦੀ ਟੀਮ ਨੇ ਚੰਡੀਗੜ੍ਹ ਪੁਲਿਸ ਨਾਲ ਮਿਲ ਕੇ ਪਤਾ ਲਗਾਇਆ ਕਿ ਉਕਤ ਮੁਲਜ਼ਮ ਬਿਹਾਰ ਤੋਂ ਉੱਤਰ ਪ੍ਰਦੇਸ਼ ਜਾ ਰਹੇ ਹਨ। ਪੰਜਾਬ ਪੁਲਿਸ ਨੇ ਗੋਰਖਪੁਰ ਪੁਲਿਸ ਦੀ ਮਦਦ ਨਾਲ ਗੋਰਖਪੁਰ ਰੇਲਵੇ ਸਟੇਸ਼ਨ ਤੋਂ ਤਿੰਨਾਂ ਨੂੰ ਕਾਬੂ ਕਰ ਲਿਆ।

ਉਨ੍ਹਾਂ ਕਿਹਾ ਕਿ ਮੁੱਢਲੀ ਤਫ਼ਤੀਸ਼ ਅਨੁਸਾਰ ਮੁਲਜ਼ਮ ਅੰਮ੍ਰਿਤਪਾਲ ਸਿੰਘ ਤੇ ਕਮਲਪ੍ਰੀਤ ਸਿੰਘ ਨੇ ਸੈਕਟਰ-5 ਚੰਡੀਗੜ੍ਹ ਸਥਿਤ ਰਿਹਾਇਸ਼ੀ ਇਲਾਕੇ ਵਿਚ ਸਥਿਤ ਇਕ ਵਪਾਰੀ ਦੇ ਘਰ ਉਤੇ ਗੋਲੀਆਂ ਚਲਾਈਆਂ ਸਨ, ਜਦਕਿ ਤੀਜੇ ਮੁਲਜ਼ਮ ਪ੍ਰੇਮ ਸਿੰਘ ਨੇ ਉਨ੍ਹਾਂ ਨੂੰ ਆਪਣੀ ਵਰਨਾ ਕਾਰ ਵਿਚ ਵਾਰਦਾਤ ਵਾਲੇ ਸਥਾਨ ਤੋਂ ਭਜਾਉਣ ਵਿਚ ਮਦਦ ਕੀਤੀ ਸੀ। ਇਸ ਉਪਰੰਤ ਤਿੰਨੋਂ ਮੁਲਜ਼ਮ ਗੋਲਡੀ ਬਰਾੜ ਦੇ ਨਿਰਦੇਸ਼ਾਂ ਉਤੇ 27 ਜਨਵਰੀ ਨੂੰ ਬਿਹਾਰ ਭੱਜ ਗਏ। ਇਹ ਤਿੰਨੋਂ ਬਿਹਾਰ ਦੇ ਪਿੰਡ ਛਿਤੌਨੀ ਵਿਚ ਦੱਸੀ ਗਈ ਛੁਪਣਗਾਹ ਵਿਚ ਜਾਣ ਹੋਣ ਤੋਂ ਪਹਿਲਾਂ ਦੋ ਦਿਨ ਗੁਰਦੁਆਰਾ ਪਟਨਾ ਸਾਹਿਬ ਵਿਖੇ ਰਹੇ ਸਨ। ਉਨ੍ਹਾਂ ਕਿਹਾ ਕਿ ਮੁਲਜ਼ਮਾਂ ਕੋਲੋਂ ਪੁੱਛਗਿੱਛ ਕੀਤੀ ਜਾ ਰਹੀ ਹੈ।

# ਡਰੱਗ ਮਾਮਲਾ: ਮਜੀਠੀਆ ਦੇ ਪੀ.ਏ. ਅਤੇ ਦੋ ਹੋਰ ਨੇੜਲਿਆਂ ਤੋਂ ਪੁੱਛ-ਪੜਤਾਲ

**ਪਟਿਆਲਾ:** ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਖ਼ਿਲਾਫ਼ ਦਸੰਬਰ 2021 ਵਿਚ ਦਰਜ ਹੋਏ ਡਰੱਗ ਤਸਕਰੀ ਦੇ ਕੇਸ ਸਬੰਧੀ ਡੀ.ਆਈ.ਜੀ. ਹਰਚਰਨ ਸਿੰਘ ਭੁੱਲਰ ਦੀ ਅਗਵਾਈ ਹੇਠ ਗਠਿਤ ਸਿਟ ਨੇ ਮਜੀਠੀਆ ਦੇ ਪੀ.ਏ ਸਮੇਤ ਤਿੰਨ ਨੇੜਲਿਆਂ ਤੋਂ ਪੁੱਛ-ਪੜਤਾਲ ਕੀਤੀ ਹੈ। ਇਸ ਸਬੰਧੀ ਚਾਰ ਜਣਿਆਂ ਨੂੰ ਸੰਮਨ ਜਾਰੀ ਕੀਤੇ ਗਏ ਸਨ ਜਿਨ੍ਹਾਂ ਵਿਚੋਂ ਮਜੀਠੀਆ ਦੇ ਪੀਏ ਕਰਤਾਰ ਸਿੰਘ ਤੇ ਤਲਬੀਰ ਸਿੰਘ ਗਿੱਲ ਸਮੇਤ ਬੁੱਧ ਸਿੰਘ ਸੰਗਰੂਰ ਇੱਥੇ ਸਿਟ ਸਾਹਮਣੇ ਪੇਸ਼ ਹੋਏ ਜਦਕਿ ਮਜੀਠੀਆ ਦੇ ਓ.ਐਸ.ਡੀ. ਰਹਿ ਚੁੱਕੇ ਸ਼ਿਵਚਰਨ ਸਿੰਘ ਕਿਸੇ ਕਾਰਨ ਹਾਜ਼ਰ ਨਹੀਂ ਹੋ ਸਕੇ। ਇਨ੍ਹਾਂ ਸਾਰਿਆਂ ਕੋਲੋਂ ਵੱਖਰੇ-ਵੱਖਰੇ ਤੌਰ ਉਤੇ ਤਿੰਨ-ਤਿੰਨ ਘੰਟੇ ਪੁੱਛ-ਪੜਤਾਲ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਕੁਝ ਹਫ਼ਤੇ ਪਹਿਲਾਂ ਸਿਟ ਵੱਲੋਂ ਸਾਬਕਾ ਵਿਧਾਇਕ ਬੋਨੀ ਅਜਨਾਲਾ, ਅਕਾਲੀ ਆਗੂ ਬਿੱਟੂ ਔਲਖ ਅਤੇ ਜਗਜੀਤ ਸਿੰਘ ਨੂੰ ਗਵਾਹਾਂ ਵਜੋਂ ਸੱਦ ਕੇ ਪੁੱਛ-ਪੜਤਾਲ ਕੀਤੀ ਗਈ ਸੀ।

## ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੇ ਮਾਣਭੱਤੇ ਲਈ 46.89 ਕਰੋੜ ਜਾਰੀ

**ਚੰਡੀਗੜ੍ਹ:** ਪੰਜਾਬ ਦੇ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਸਰਕਾਰ ਨੇ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਮਾਣਭੱਤੇ ਦੀ ਅਦਾਇਗੀ ਲਈ 46.89 ਕਰੋੜ ਰੁਪਏ ਦੀ ਰਾਸ਼ੀ ਜਾਰੀ ਕਰ ਦਿੱਤੀ ਹੈ। ਮੰਤਰੀ ਨੇ ਦੱਸਿਆ ਕਿ ਆਈ.ਸੀ.ਡੀ.ਐਸ. ਸਕੀਮ ਤਹਿਤ ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਨੂੰ ਨਵੰਬਰ 2023 ਤੋਂ ਜਨਵਰੀ 2024 ਤੱਕ ਦੇ ਮਾਣਭੱਤੇ ਦੀ ਅਦਾਇਗੀ ਲਈ 46.89 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਸਕੀਮ ਅਧੀਨ ਛੇ ਮਹੀਨੇ ਤੋਂ ਛੇ ਸਾਲ ਤੱਕ ਦੀ ਉਮਰ ਦੇ ਬੱਚਿਆਂ, ਗਰਭਵਤੀਆਂ ਤੇ ਦੁੱਧ ਚੁੰਘਾਉਣ ਵਾਲੀਆਂ ਮਾਵਾਂ ਨੂੰ ਪੋਸ਼ਣ, ਟੀਕਾਕਰਨ, ਸਿਹਤ ਜਾਂਚ, ਰੈਫਰਲ ਸੇਵਾਵਾਂ, ਸਿਹਤ ਸਿੱਖਿਆ ਤੇ ਪ੍ਰੀ-ਸਕੂਲ ਵਰਗੀਆਂ ਸੇਵਾਵਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ।

# ਨਕੋਦਰ ਗੋਲੀਕਾਂਡ: 38 ਸਾਲ ਬਾਅਦ ਵੀ ਇਨਸਾਫ ਦੀ ਉਡੀਕ

**ਜਲੰਧਰ:** ਨਕੋਦਰ ਗੋਲੀਕਾਂਡ ਵਿਚ ਸ਼ਹੀਦ ਹੋਏ ਚਾਰ ਸਿੱਖ ਨੌਜਵਾਨਾਂ ਨੂੰ ਪਿੰਡ ਲਿੱਤਰਾਂ ਦੇ ਗੁਰਦੁਆਰੇ ਵਿਚ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਇਸ ਦੌਰਾਨ ਬੁਲਾਰਿਆਂ ਨੇ ਸ਼੍ਰੋਮਣੀ ਅਕਾਲੀ ਦਲ ਦੀ 'ਪੰਜਾਬ ਬਚਾਓ ਯਾਤਰਾ' ਦੇ ਬਾਈਕਾਟ ਦਾ ਸੱਦਾ ਦਿੱਤਾ।

ਉਨ੍ਹਾਂ ਚਾਰ ਸਿੱਖ ਨੌਜਵਾਨਾਂ ਦੀ ਸ਼ਹਾਦਤ ਨੂੰ ਯਾਦ ਕਰਦਿਆਂ ਪੁਲਿਸ ਉਤੇ ਅਦਾਲਤ ਨੂੰ ਗੁਮਰਾਹ ਕਰਨ ਦਾ ਦੋਸ਼ ਵੀ ਲਾਇਆ। ਉਨ੍ਹਾਂ ਕਿਹਾ ਕਿ ਇਸ ਕਾਂਡ ਦੀ ਜਾਂਚ ਵਾਸਤੇ ਬਣਾਈ ਗਈ ਵਿਸ਼ੇਸ਼ ਜਾਂਚ ਟੀਮ (ਸਿਟ) ਵਿਚ ਕੋਈ ਸੀਨੀਅਰ ਪੁਲਿਸ ਅਧਿਕਾਰੀ ਸ਼ਾਮਲ ਨਹੀਂ ਹੋਇਆ ਹੈ। ਇਸ ਕਾਂਡ ਵਿਚ ਸ਼ਹੀਦ ਹੋਏ ਨੌਜਵਾਨ ਰਵਿੰਦਰ ਸਿੰਘ ਲਿੱਤਰਾਂ ਦੇ ਪਿਤਾ ਬਲਦੇਵ ਸਿੰਘ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਅਪੀਲ ਕੀਤੀ ਕਿ ਉਸ ਦੇ ਜਿਊਂਦੇ ਜੀਅ ਇਸ ਕਾਂਡ ਦੇ ਸਾਰੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ। ਜ਼ਿਕਰਯੋਗ ਹੈ ਕਿ ਇਹ ਬੇਅਦਬੀ ਕਾਂਡ 1986 ਨੂੰ ਵਾਪਰਿਆ ਸੀ ਜਦੋਂ ਨਕੋਦਰ ਦੇ ਇਕ ਗੁਰੂਘਰ ਵਿਚ 2 ਫਰਵਰੀ 1986 ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਜ ਸਰੂਪ ਸਾੜ ਦਿੱਤੇ ਗਏ ਸਨ। ਇਸ ਦਾ ਰੋਸ ਪ੍ਰਗਟਾਉਣ ਲਈ ਇਕੱਠੀਆਂ ਹੋਈਆਂ ਸਿੱਖ ਸੰਗਤਾਂ ਉਤੇ 4 ਫਰਵਰੀ 1986 ਨੂੰ ਪੁਲਿਸ ਨੇ ਅੰਨ੍ਹੇਵਾਹ ਗੋਲੀਆਂ ਚਲਾਈਆਂ ਸਨ। ਇਸ ਗੋਲੀਬਾਰੀ ਵਿਚ ਚਾਰ ਸਿੱਖ ਨੌਜਵਾਨ ਰਵਿੰਦਰ ਸਿੰਘ ਲਿੱਤਰਾਂ, ਬਲਧੀਰ ਸਿੰਘ, ਝਿਲਮਣ ਸਿੰਘ ਤੇ ਹਰਮਿੰਦਰ ਸਿੰਘ ਸ਼ਹੀਦ ਹੋ ਗਏ ਸਨ। ਇਹ ਲਾਇਲਪੁਰ ਖਾਲਸਾ ਕਾਲਜ ਦੇ ਵਿਦਿਆਰਥੀ ਸਨ ਤੇ ਸਿੱਖ ਸਟੂਡੈਂਟ ਫੈਡਰੇਸ਼ਨ ਨਾਲ ਜੁੜੇ ਹੋਏ ਸਨ।



ਇਨ੍ਹਾਂ ਸਿੱਖ ਨੌਜਵਾਨਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਪੰਥਕ ਆਗੂ ਪਾਲ ਸਿੰਘ ਫਰਾਂਸ ਨੇ ਕਿਹਾ ਕਿ 38 ਸਾਲ ਬੀਤਣ ਦੇ ਬਾਵਜੂਦ ਪੰਥ ਤੇ ਪਰਿਵਾਰ ਨੂੰ ਇਨਸਾਫ਼ ਨਹੀਂ ਮਿਲਿਆ, ਜਦਕਿ ਇਸ ਵਕਫ਼ੇ ਦੌਰਾਨ 15 ਸਾਲ ਸ਼੍ਰੋਮਣੀ ਅਕਾਲੀ ਦਲ ਵੀ ਸੱਤਾ ਵਿੱਚ ਰਹੀ ਹੈ। ਅਕਾਲੀ ਦਲ ਦੀ 'ਪੰਜਾਬ ਬਚਾਓ ਯਾਤਰਾ' ਉਤੇ ਟਿੱਪਣੀ ਕਰਦਿਆਂ ਪਾਲ ਸਿੰਘ ਫਰਾਂਸ ਨੇ ਸੂਬੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਬਾਦਲ ਪਰਿਵਾਰ ਨੂੰ ਪਿੰਡਾਂ ਵਿਚ ਦਾਖ਼ਲ ਨਾ ਹੋਣ ਦੇਣ ਅਤੇ ਇਨ੍ਹਾਂ ਦਾ ਬਾਈਕਾਟ ਕੀਤਾ ਜਾਵੇ।

ਪੰਥਕ ਆਗੂ ਨਰਾਇਣ ਸਿੰਘ ਚੌੜਾ ਨੇ ਕਿਹਾ ਕਿ ਇਸ ਕਾਂਡ ਦੇ ਵਾਪਰਨ ਮੌਕੇ ਪੰਜਾਬ ਵਿਚ ਅਕਾਲੀ ਦਲ ਦੀ ਸਰਕਾਰ ਸੀ ਜਿਸ ਨੇ ਮੌਕੇ ਦੇ ਅਫ਼ਸਰਾਂ ਨੂੰ ਵੱਡੇ ਅਹੁਦਿਆਂ ਨਾਲ ਨਿਵਾਜਿਆ ਸੀ। ਉਨ੍ਹਾਂ ਕਿਹਾ ਕਿ 38 ਸਾਲਾਂ ਦੀ ਲੜਾਈ ਇਨਸਾਫ਼ ਮਿਲਣ ਤੱਕ ਜਾਰੀ ਰਹੇਗੀ। ਨੌਜਵਾਨ ਪੰਥਕ ਆਗੂ ਸੁਖਦੇਵ ਸਿੰਘ ਫਗਵਾੜਾ ਨੇ ਕਿਹਾ ਕਿ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਸਿਟ ਬਣਾਉਣ ਦਾ ਆਦੇਸ਼ ਦਿੰਦਿਆਂ ਕਿਹਾ ਸੀ ਕਿ ਅਫਸਰਾਂ ਦੀ ਮਿਲੀਭੁਗਤ ਕਾਰਨ ਹੀ ਇਸ ਵੱਡੇ ਕਾਂਡ ਦੀ ਜਾਂਚ ਰਿਪੋਰਟ ਦਾ ਦੂਜਾ ਹਿੱਸਾ ਜਾਣ-ਬੁੱਝ ਕੇ ਗਾਇਬ ਕੀਤਾ ਗਿਆ ਹੈ।

# ਅੰਤਰਿਮ ਬਜਟ: ਮੋਦੀ ਸਰਕਾਰ ਵੱਲੋਂ ਰਿਆਇਤਾਂ ਤੋਂ ਪਰਹੇਜ਼

**ਨਵੀਂ ਦਿੱਲੀ:** ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਅਗਾਮੀ ਲੋਕ ਸਭਾ ਚੋਣਾਂ ਤੋਂ ਪਹਿਲਾਂ ਪੇਸ਼ ਕੀਤੇ ਅੰਤਰਿਮ ਬਜਟ ਵਿਚ ਲੋਕ ਲੁਭਾਊ ਯੋਜਨਾਵਾਂ ਦੇ ਐਲਾਨ ਤੋਂ ਪਰਹੇਜ਼ ਰੱਖਿਆ। ਉਂਜ ਉਨ੍ਹਾਂ ਆਰਥਿਕ ਵਿਕਾਸ ਨੂੰ ਰਫ਼ਤਾਰ ਦੇਣ ਲਈ ਅਗਲੀ ਪੀੜ੍ਹੀ ਦੇ ਸੁਧਾਰਾਂ ਨੂੰ ਤੇਜ਼ੀ ਨਾਲ ਅੱਗੇ ਵਧਾਉਣ ਦੀ ਦ੍ਰਿੜ੍ਹ ਇੱਛਾ ਜਤਾਈ। ਵਿੱਤ ਮੰਤਰੀ ਨੇ ਸਿੱਧੇ ਤੇ ਅਸਿੱਧੇ ਕਰਾਂ ਦੀਆਂ ਟੈਕਸ ਦਰਾਂ (ਆਮਦਨ ਕਰ ਸਲੈਬ) ਵਿਚ ਵੀ ਕੋਈ ਫੇਰ-ਬਦਲ ਨਹੀਂ ਕੀਤਾ। ਉਨ੍ਹਾਂ ਵਿੱਤੀ ਸਾਲ 2024-25 ਲਈ ਅੰਤਰਿਮ ਬਜਟ ਪੇਸ਼ ਕਰਦਿਆਂ ਜਿੱਥੇ ਪੂੰਜੀਗਤ ਖਰਚ 11 ਫੀਸਦ ਤੋਂ ਵਧਾ ਕੇ 11.11 ਲੱਖ ਕਰੋੜ ਰੁਪਏ ਰੱਖਣ ਦੀ ਤਜਵੀਜ਼ ਰੱਖੀ, ਉਥੇ ਚਾਲੂ ਵਿੱਤੀ ਸਾਲ ਲਈ ਵਿੱਤੀ ਘਾਟੇ ਦੇ ਟੀਚੇ ਨੂੰ ਸੋਧ ਕੇ ਇਸ ਨੂੰ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) ਦਾ 5.8 ਫੀਸਦ ਕਰ ਦਿੱਤਾ ਹੈ।



ਨਰਿੰਦਰ ਮੋਦੀ ਸਰਕਾਰ ਦੇ ਦੂਜੇ ਕਾਰਜਕਾਲ ਦੇ ਆਖਰੀ ਬਜਟ ਵਿਚ ਸੀਤਾਰਮਨ ਨੇ ਆਮਦ ਡਿਊਟੀ ਸਣੇ ਸਿੱਧੇ ਤੇ ਅਸਿੱਧੇ ਟੈਕਸ ਦੇ ਮੋਰਚੇ ਉਤੇ ਕੋਈ ਰਾਹਤ ਨਹੀਂ ਦਿੱਤੀ। ਹਾਲਾਂਕਿ 2014-15 ਤੋਂ ਪਹਿਲਾਂ ਦੇ 25,000 ਰੁਪਏ ਤੱਕ ਦੀ ਛੋਟੀ ਰਾਸ਼ੀ ਦੀ ਟੈਕਸ ਮੰਗ ਨੂੰ ਲੈ ਕੇ ਆਮ ਲੋਕਾਂ ਨੂੰ ਕਿਸੇ ਤਰ੍ਹਾਂ ਦੇ ਵਿਵਾਦ ਤੋਂ ਰਾਹਤ ਦੇਣ ਦੀ ਤਜਵੀਜ਼ ਰੱਖੀ ਹੈ। ਕਰੀਬ ਇਕ ਘੰਟੇ ਦੇ ਆਪਣੇ ਬਜਟ ਭਾਸ਼ਣ ਦੌਰਾਨ ਸੀਤਾਰਮਨ ਨੇ ਮੋਦੀ ਸਰਕਾਰ ਦੀਆਂ ਪਿਛਲੇ ਦਸ ਸਾਲ ਦੀਆਂ ਪ੍ਰਾਪਤੀਆਂ ਦੱਸੀਆਂ ਅਤੇ ਸੈਰ-ਸਪਾਟਾ, ਆਵਾਸ ਤੇ ਨਵਿਆਉਣਯੋਗ ਊਰਜਾ ਨੂੰ ਹੱਲਾਸ਼ੇਰੀ ਦੇਣ ਲਈ ਕਈ ਉਪਰਾਲਿਆਂ ਦਾ ਐਲਾਨ ਕੀਤਾ।

ਕਾਬਲੇਗੌਰ ਹੈ ਕਿ ਅੰਤਰਿਮ ਬਜਟ ਵਿਚ ਨਵੀਂ ਸਰਕਾਰ ਦੇ ਸੱਤਾ ਸੰਭਾਲਣ ਤੱਕ ਦੇ ਖਰਚ ਲਈ ਸੰਸਦ ਦੀ ਮਨਜ਼ੂਰੀ ਲਈ ਜਾਂਦੀ ਹੈ। ਅਪਰੈਲ ਤੋਂ ਸ਼ੁਰੂ ਹੋਣ ਵਾਲੇ ਵਿੱਤੀ ਸਾਲ ਲਈ ਮੁਕੰਮਲ ਬਜਟ ਅਪਰੈਲ-ਮਈ ਦੀਆਂ ਆਮ ਚੋਣਾਂ ਵਿਚ ਚੁਣੀ ਜਾਣ ਵਾਲੀ ਸਰਕਾਰ ਜੁਲਾਈ ਵਿਚ ਪੇਸ਼ ਕਰੇਗੀ। ਵਿੱਤ ਮੰਤਰੀ ਨੇ ਬਜਟ ਵਿਚ 2024-25 ਵਿਚ ਖੁਰਾਕ, ਖਾਦ ਤੇ ਈਂਧਣ ਸਬਸਿਡੀ ਵਿਚ ਪਿਛਲੇ ਸਾਲ ਦੇ ਮੁਕਾਬਲੇ 8 ਫੀਸਦ ਦੀ ਕਟੌਤੀ ਦੀ ਤਜਵੀਜ਼ ਰੱਖੀ ਹੈ। ਇਸ ਦੇ ਨਾਲ ਹੀ ਪੇਂਡੂ ਰੁਜ਼ਗਾਰ ਗਾਰੰਟੀ ਯੋਜਨਾ (ਮਨਰੇਗਾ) ਲਈ ਫੰਡਾਂ ਦੀ ਅਲਾਟਮੈਂਟ ਵਿਚ ਕੋਈ ਬਦਲਾਅ ਨਹੀਂ ਕੀਤਾ। ਆਰਥਿਕ ਵਿਕਾਸ ਦੀ ਰਫ਼ਤਾਰ ਬਣਾਈ ਰੱਖਣ ਤੇ ਵਧੇਰੇ ਨੌਕਰੀਆਂ ਪੈਦਾ ਕਰਨ ਦੇ ਮਕਸਦ ਨਾਲ ਸੜਕ, ਬੰਦਰਗਾਹ ਤੇ ਹਵਾਈ ਅੱਡਾ ਜਿਹੇ ਬੁਨਿਆਦੀ ਢਾਂਚੇ ਉਤੇ ਖਰਚ 11 ਫੀਸਦ ਵਧਾ ਕੇ 11.11 ਲੱਖ ਕਰੋੜ ਰੁਪਏ ਕਰ ਦਿੱਤਾ ਹੈ। ਕੇਂਦਰ ਸਰਕਾਰ ਬੁਨਿਆਦੀ ਢਾਂਚੇ ਉਤੇ ਖਰਚ ਕਰਨ ਲਈ ਰਾਜਾਂ ਨੂੰ 1.3 ਲੱਖ ਕਰੋੜ ਰੁਪਏ ਦਾ ਲੰਮੀ ਮਿਆਦ ਦਾ ਕਰਜ਼ਾ ਵੀ ਦੇਵੇਗੀ। ਸਰਕਾਰ ਅਗਲੇ ਪੰਜ ਸਾਲਾਂ ਵਿਚ ਦੋ ਕਰੋੜ ਕਿਫਾਇਤੀ ਘਰ ਬਣਾਏਗੀ ਤੇ ਮੱਧ ਵਰਗ ਲਈ ਰਿਹਾਇਸ਼ੀ ਯੋਜਨਾ ਸ਼ੁਰੂ ਕਰੇਗੀ।

ਬਜਟ ਵਿਚ ਸੈਰ-ਸਪਾਟਾ ਕੇਂਦਰਾਂ ਦੇ ਵਿਕਾਸ ਦੀ ਤਜਵੀਜ਼ ਵੀ ਸ਼ਾਮਲ ਹੈ। ਖੇਤੀ ਖੇਤਰ ਵਿਚ ਤੇਲ ਬੀਜਾਂ ਦੇ ਮਾਮਲੇ ਵਿਚ ਆਤਮ-ਨਿਰਭਰਤਾ ਵਧਾਉਣ ਲਈ ਕਦਮ ਪੁੱਟੇ ਜਾਣਗੇ। ਵਿੱਤ ਮੰਤਰੀ ਨੇ ਬਜਟ ਵਿਚ ਵਿੱਤੀ ਮਜ਼ਬੂਤੀ ਦਾ ਵੀ ਧਿਆਨ ਰੱਖਿਆ ਹੈ। 2024-25 ਵਿਚ ਵਿੱਤੀ ਘਾਟਾ ਘਟ ਕੇ ਜੀ.ਡੀ.ਪੀ. ਦਾ 5.1 ਫੀਸਦ ਰਹਿਣ ਦੀ ਪੇਸ਼ੀਨਗੋਈ ਕੀਤੀ ਗਈ ਹੈ। ਚਾਲੂ ਵਿੱਤੀ ਸਾਲ ਲਈ ਸੋਧਿਆ ਵਿੱਤੀ ਘਾਟਾ ਅਨੁਮਾਨ 5.8 ਫੀਸਦ ਹੈ। ਇਹ 5.9 ਫੀਸਦ ਦੇ ਬਜਟ ਅਨੁਮਾਨਾਂ ਤੋਂ ਘੱਟ ਹੈ। ਵਿੱਤ ਮੰਤਰੀ ਨੇ ਟੈਕਸ ਪ੍ਰਬੰਧਾਂ ਲਈ ਵੀ ਕੁਝ ਐਲਾਨ ਕੀਤੇ, ਜਿਸ ਤਹਿਤ 'ਸੌਵਰਨ ਵੈਲਥ ਫੰਡ' ਤੇ ਪੈਨਸ਼ਨ ਫੰਡ ਦਾ ਨਿਵੇਸ਼ ਇਕ ਹੋਰ ਸਾਲ ਲਈ ਟੈਕਸ-ਫ੍ਰੀ ਹੋਵੇਗਾ। ਬਜਟ ਦੇ ਅਹਿਮ ਐਲਾਨਾਂ ਵਿਚ ਮਾਸਿਕ 300 ਯੂਨਿਟ ਤੱਕ ਮੁਫ਼ਤ ਬਿਜਲੀ ਦੇਣ ਲਈ ਇਕ ਕਰੋੜ ਘਰਾਂ ਵਿਚ ਛੱਤਾਂ ਉਤੇ ਸੌਰ ਊਰਜਾ ਪਲਾਂਟਾਂ ਦੀ ਸਥਾਪਨਾ, ਨਵੀਨਤਾ ਤੇ ਤਕਨਾਲੋਜੀ ਲਈ ਘੱਟ ਜਾਂ ਸਿਫਰ ਵਿਆਜ ਦਰ ਉਤੇ ਕਰਜ਼ੇ ਦੇਣ ਲਈ ਇਕ ਲੱਖ ਕਰੋੜ ਰੁਪਏ ਦਾ ਫੰਡ ਸ਼ਾਮਲ ਹੈ।

### ਬਜਟ ਰਾਸ਼ਟਰ ਨਿਰਮਾਣ 'ਤੇ ਕੇਂਦਰਿਤ: ਜਾਖੜ

**ਚੰਡੀਗੜ੍ਹ:** ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਵੱਲੋਂ ਪੇਸ਼ ਕੀਤੇ ਗਏ ਅੰਤਰਿਮ ਬਜਟ ਨੂੰ ਰਾਸ਼ਟਰ ਨਿਰਮਾਣ ਉਤੇ ਕੇਂਦਰਿਤ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਉਤੇ 140 ਕਰੋੜ ਭਾਰਤੀਆਂ ਦਾ ਭਰੋਸਾ ਹੈ ਅਤੇ ਇਸ ਬਜਟ ਵਿਚ ਅੱਗੇ ਵਧ ਰਹੇ ਭਾਰਤ ਦਾ ਦ੍ਰਿਸ਼ਟੀਕੋਣ ਝਲਕਦਾ ਹੈ। ਚੋਣਾਂ ਵਾਲੇ ਸਾਲ ਵਿਚ ਤੋਹਫਿਆਂ ਵਾਲੇ ਐਲਾਨਾਂ ਦੀ ਬਜਾਏ ਕੇਂਦਰ ਨੇ ਆਪਣੇ 10 ਸਾਲਾਂ ਦੇ ਰਿਕਾਰਡ ਅਨੁਸਾਰ ਦੇਸ਼ ਹਿੱਤ ਵਾਲਾ ਬਜਟ ਪੇਸ਼ ਕੀਤਾ ਹੈ ਅਤੇ ਵੋਟਰਾਂ ਨੂੰ ਪ੍ਰਭਾਵਿਤ ਕਰਨ ਲਈ ਭਰਮਾਊ ਐਲਾਨ ਨਾ ਕਰਨ ਤੋਂ ਵਿਰੋਧੀ ਧਿਰ ਹੈਰਾਨ ਹੈ।

### ਕੇਂਦਰ ਨੇ ਬਜਟ 'ਚ ਪੰਜਾਬ ਨੂੰ ਅੱਖੋਂ ਪਰੋਖੇ ਕੀਤਾ: ਚੀਮਾ

**ਚੰਡੀਗੜ੍ਹ:** 'ਆਪ' ਦੇ ਸੀਨੀਅਰ ਆਗੂ ਤੇ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਵਿੱਤੀ ਵਰ੍ਹੇ 2024-25 ਦੇ ਅੰਤ੍ਰਿਮ ਬਜਟ ਵਿਚ ਪੰਜਾਬ ਲਈ ਕੁਝ ਨਹੀਂ ਦਿੱਤਾ ਹੈ ਅਤੇ ਸੂਬੇ ਨੂੰ ਪੂਰੀ ਤਰ੍ਹਾਂ ਅੱਖੋਂ ਪਰੋਖੇ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਨੇ ਪਿਛਲੇ 10 ਸਾਲਾਂ ਦੌਰਾਨ ਪੰਜਾਬ ਨਾਲ ਸਿਰਫ 'ਧੋਖਾ' ਕੀਤਾ ਹੈ ਅਤੇ ਪੰਜਾਬੀਆਂ ਨੂੰ ਨਿਰਾਸ਼ ਕਰਨ ਤੇ ਨੁਕਸਾਨ ਪਹੁੰਚਾਉਣ ਵਾਲੇ ਫੈਸਲੇ ਲਏ ਹਨ। ਕੇਂਦਰ ਸਰਕਾਰ ਦੇ ਪਿਛਲੇ 10 ਬਜਟਾਂ ਤੋਂ ਪਤਾ ਲਗਦਾ ਹੈ ਕਿ ਭਾਜਪਾ ਨੇ ਹਮੇਸ਼ਾ ਪੰਜਾਬ ਨਾਲ ਵਿਤਕਰਾ ਕੀਤਾ ਤੇ ਪੰਜਾਬੀਆਂ ਨੂੰ ਆਰਥਿਕ ਲਾਭ ਤੋਂ ਵਾਂਝੇ ਰੱਖਣ ਦੀ ਕੋਸ਼ਿਸ਼ ਕੀਤੀ।

## ਕੈਨੇਡਾ ਨੂੰ ਚੋਣਾਂ ਵਿਚ ਭਾਰਤੀ ਦਖਲ ਦਾ ਖਦਸ਼ਾ

**ਨਵੀਂ ਦਿੱਲੀ:** ਕੈਨੇਡਾ ਨੇ ਆਪਣੀ ਧਰਤੀ ਉਤੇ ਇਕ ਖਾਲਿਸਤਾਨੀ ਦੀ ਹੱਤਿਆ 'ਚ ਦਿੱਲੀ ਦੀ ਭੂਮਿਕਾ ਦਾ ਦੋਸ਼ ਲਾਉਣ ਦੇ ਮਹੀਨਿਆਂ ਬਾਅਦ ਭਾਰਤ ਨੂੰ 'ਵਿਦੇਸ਼ੀ ਖਤਰਾ' ਕਰਾਰ ਦਿੱਤਾ ਹੈ ਜੋ ਸੰਭਾਵੀ ਤੌਰ ਉਤੇ ਉਨ੍ਹਾਂ ਦੀਆਂ ਚੋਣਾਂ 'ਚ ਦਖਲ ਦੇ ਸਕਦਾ ਹੈ। ਭਾਰਤ ਸਰਕਾਰ ਨੇ ਅਜੇ ਤੱਕ ਇਸ ਦੋਸ਼ 'ਤੇ ਪ੍ਰਤੀਕਿਰਿਆ ਨਹੀਂ ਦਿੱਤੀ ਹੈ। ਦੂਜੇ ਪਾਸੇ ਅਮਰੀਕਾ ਦੇ ਇਕ ਅਹਿਮ ਸੈਨੇਟਰ ਨੇ ਬਾਇਡਨ ਪ੍ਰਸ਼ਾਸਨ ਵੱਲੋਂ ਵਾਅਦਾ ਕੀਤਾ ਹੈ ਕਿ ਉਹ ਨਿਊ ਯਾਰਕ 'ਚ ਖਾਲਿਸਤਾਨੀ ਵੱਖਵਾਦੀ ਗੁਰਪਤਵੰਤ ਸਿੰਘ ਪੰਨੂ ਦੀ ਹੱਤਿਆ ਦੀ ਕੋਸ਼ਿਸ਼ 'ਚ ਭਾਰਤ ਸਰਕਾਰ ਦੀ ਸ਼ਮੂਲੀਅਤ ਦੇ ਦੋਸ਼ਾਂ ਦੀ ਜਾਂਚ 'ਚ ਸਹਿਯੋਗ ਲਈ ਭਾਰਤ ਨੂੰ ਮਨਾਉਣਗੇ।



ਬ੍ਰਿਟਿਸ਼ ਕੋਲੰਬੀਆ 'ਚ ਖਾਲਿਸਤਾਨੀ ਅਤਿਵਾਦੀ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਵਿਚ ਭਾਰਤ ਦਾ ਹੱਥ ਹੋਣ ਨੂੰ ਲੈ ਕੇ ਨਵੀਂ ਦਿੱਲੀ ਨਾਲ ਚੱਲ ਰਹੇ ਤਣਾਅ ਵਿਚਾਲੇ ਕੈਨੇਡਿਆਈ ਸੁਰੱਖਿਆ ਖੁਫ਼ੀਆ ਸੇਵਾ (ਸੀ.ਐਸ.ਆਈ.ਐਸ.) ਦੀ ਰਿਪੋਰਟ 'ਚ ਭਾਰਤ ਨੂੰ 'ਵਿਦੇਸ਼ੀ ਦਖਲ' ਦੇ ਖਤਰੇ ਵਜੋਂ ਦਰਸਾਇਆ ਗਿਆ ਹੈ। 'ਭਾਰਤ ਦਾ ਵਿਦੇਸ਼ੀ ਦਖਲ' ਸਬੰਧੀ ਰਿਪੋਰਟ 'ਚ ਕਿਹਾ ਗਿਆ ਹੈ, 'ਸਾਨੂੰ ਕੈਨੇਡਾ ਦੀਆਂ ਜਮਹੂਰੀ ਸੰਸਥਾਵਾਂ ਤੇ ਪ੍ਰਕਿਰਿਆਵਾਂ ਦੀ ਰਾਖੀ ਲਈ ਹੋਰ ਜ਼ਿਆਦਾ ਕੋਸ਼ਿਸ਼ ਕਰਨੀ ਚਾਹੀਦੀ ਹੈ।' ਇਸ ਵਿਚ ਕਿਹਾ ਗਿਆ ਹੈ ਕਿ ਇਹ ਸਮੱਸਿਆ ਹੋਰ ਗੰਭੀਰ ਹੋ ਸਕਦੀ ਹੈ। ਕੈਨੇਡਿਆਈ ਮੀਡੀਆ ਅਨੁਸਾਰ ਇਹ ਰਿਪੋਰਟ ਅਕਤੂਬਰ 2022 ਦੀ ਹੈ ਅਤੇ ਇਹ ਰਿਪੋਰਟ ਸਰਕਾਰੀ ਗਤੀਵਿਧੀਆਂ ਨੂੰ ਪ੍ਰਭਾਵਿਤ ਕਰਨ ਲਈ ਭਾਰਤ, ਚੀਨ ਤੇ ਰੂਸ ਦੇ ਕਥਿਤ ਵਿਦੇਸ਼ੀ ਦਖਲ ਦੀ ਜਾਂਚ ਨਾਲ ਸਬੰਧਤ ਹੈ। ਇਸ ਰਿਪੋਰਟ ਤੋਂ ਬਾਅਦ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਜਾਂਚ ਦੇ ਹੁਕਮ ਦਿੱਤੇ ਸਨ।

### ਨਿੱਝਰ ਦੇ ਦੋਸਤ ਦੇ ਘਰ 'ਤੇ ਗੋਲੀਬਾਰੀ ਮਾਮਲੇ ਦੀ ਜਾਂਚ ਸ਼ੁਰੂ

**ਸਰੀ:** ਰੌਇਲ ਕੈਨੇਡੀਅਨ ਮਾਊਂਟਿਡ ਪੁਲਿਸ ਨੇ ਖਾਲਿਸਤਾਨੀ ਹਰਦੀਪ ਸਿੰਘ ਨਿੱਝਰ ਦੇ ਦੋਸਤ ਸਿਮਰਨਜੀਤ ਸਿੰਘ ਦੇ ਦੱਖਣੀ ਸਰੀ ਸਥਿਤ ਘਰ ਉਤੇ ਹੋਈ ਗੋਲੀਬਾਰੀ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਕੈਨੇਡੀਅਨ ਬ੍ਰਾਡਕਾਸਟਿੰਗ ਕਾਰਪੋਰੇਸ਼ਨ (ਸੀ.ਬੀ.ਸੀ.) ਦੀ ਰਿਪੋਰਟ ਮੁਤਾਬਕ ਸਰੀ ਪੁਲਿਸ ਨੂੰ 154 ਸਟਰੀਟ ਦੇ 2800 ਬਲਾਕ ਨੇੜੇ ਸਥਿਤ ਇਕ ਘਰ ਉਤੇ ਗੋਲੀਬਾਰੀ ਦੀ ਸੂਚਨਾ ਮਿਲੀ ਸੀ। ਕਾਰਪੋਰਲ ਸਰਬਜੀਤ ਸੰਘਾ ਨੇ ਕਿਹਾ ਕਿ ਅਧਿਕਾਰੀਆਂ ਨੇ ਇਲਾਕੇ ਦੇ ਲੋਕਾਂ ਨਾਲ ਗੱਲਬਾਤ ਕੀਤੀ ਅਤੇ ਵਧੇਰੇ ਜਾਣਕਾਰੀ ਲਈ ਸੀ.ਸੀ.ਟੀ.ਵੀ. ਫੁਟੇਜ ਦੀ ਪੜਤਾਲ ਕੀਤੀ ਜਾ ਰਹੀ ਹੈ।

## ਬਰਾਂਡ ਗਾਰਡੀਅਨਸ਼ਿਪ ਇੰਡੈਕਸ 'ਚ ਸ਼ਾਮਲ ਭਾਰਤੀਆਂ 'ਚੋਂ ਮੁਕੇਸ਼ ਅੰਬਾਨੀ ਮੋਹਰੀ

**ਨਵੀਂ ਦਿੱਲੀ:** ਬਰਾਂਡ ਫਾਇਨਾਂਸ ਵੱਲੋਂ ਤਿਆਰ ਬਰਾਂਡ ਗਾਰਡੀਅਨਸ਼ਿਪ ਇੰਡੈਕਸ-2024 ਵਿਚ ਸ਼ਾਮਲ ਭਾਰਤੀਆਂ ਵਿਚੋਂ ਮੁਕੇਸ਼ ਅੰਬਾਨੀ ਨੂੰ ਪਹਿਲਾ ਅਤੇ ਆਲਮੀ ਪੱਧਰ ਉਤੇ ਦੂਜਾ ਸਥਾਨ ਮਿਲਿਆ ਹੈ। ਰਿਲਾਇੰਸ ਇੰਡਸਟਰੀਜ਼ ਲਿਮਟਿਡ ਦੇ ਚੇਅਰਮੈਨ ਅਤੇ ਮੈਨੇਜਿੰਗ ਡਾਇਰੈਕਟਰ ਮੁਕੇਸ਼ ਅੰਬਾਨੀ ਨੇ ਮਾਈਕ੍ਰੋਸਾਫਟ ਦੇ ਸੱਤਿਆ ਨਾਡੇਲਾ ਅਤੇ ਗੂਗਲ ਦੇ ਸੁੰਦਰ ਪਿਚਾਈ ਨੂੰ ਪਛਾੜ ਕੇ ਵਿਸ਼ਵ ਪੱਧਰ ਉਤੇ ਦੂਜਾ ਸਥਾਨ ਹਾਸਲ ਕੀਤਾ ਹੈ। ਇਸ ਸੂਚੀ ਵਿਚ ਉਨ੍ਹਾਂ ਤੋਂ ਅੱਗੇ ਸਿਰਫ ਟੈਨਸੈਂਟ ਦੇ ਹੁਆਤੇਂਗ ਮਾ ਹਨ। ਬਰਾਂਡ ਫਾਇਨਾਂਸ ਦੇ ਸਰਵੇਖਣ ਵਿਚ ਮੁਕੇਸ਼ ਅੰਬਾਨੀ ਨੂੰ ਬੀ.ਜੀ.ਆਈ. ਦੇ 80.3 ਅੰਕ ਦਿੱਤੇ ਗਏ ਹਨ ਜਦਕਿ ਚੀਨ ਅਧਾਰਿਤ ਟੈਨਸੈਂਟ ਦੇ ਹੁਆਤੇਂਗ ਮਾ ਦੇ 81.6 ਅੰਕ ਹਨ। ਪ੍ਰਕਾਸ਼ਨ ਮੁਤਾਬਕ ਬਰਾਂਡ ਗਾਰਡੀਅਨਸ਼ਿਪ ਇੰਡੈਕਸ (ਬੀ.ਜੀ.ਆਈ.) ਉਨ੍ਹਾਂ ਸੀ.ਈ.ਓ'ਜ ਦੀ ਪਛਾਣ ਕਰਦਾ ਹੈ ਜੋ ਸਾਰੇ ਹਿੱਤਧਾਰਕਾਂ, ਕਰਮਚਾਰੀਆਂ, ਨਿਵੇਸ਼ਕਾਂ ਅਤੇ ਵਿਆਪਕ ਸਮਾਜ ਦੀਆਂ ਲੋੜਾਂ ਨੂੰ ਸੰਤੁਲਿਤ ਕਰ ਕੇ ਸਥਾਈ ਤਰੀਕੇ ਨਾਲ ਕਾਰੋਬਾਰੀ ਮੁੱਲਾਂ ਦਾ ਨਿਰਮਾਣ ਕਰ ਰਹੇ ਹਨ।



ਬਰਾਂਡ ਫਾਇਨਾਂਸ ਦੀ ਇਸ ਸੂਚੀ ਵਿਚ ਸ਼ਾਮਲ ਹੋਰ ਭਾਰਤੀਆਂ ਵਿਚੋਂ ਟਾਟਾ ਸੰਨਜ਼ ਦੇ ਚੇਅਰਮੈਨ ਐਨ. ਚੰਦਰਸ਼ੇਖਰਨ ਨੂੰ 5ਵਾਂ ਸਥਾਨ ਮਿਲਿਆ ਹੈ, ਜੋ ਕਿ ਸਾਲ 2023 ਦੀ ਸੂਚੀ ਵਿਚ 8ਵੇਂ ਸਥਾਨ ਉਤੇ ਸਨ। ਉਨ੍ਹਾਂ ਤੋਂ ਬਾਅਦ ਮਹਿੰਦਰਾ ਐਂਡ ਮਹਿੰਦਰਾ ਦੇ ਅਨੀਸ਼ ਸ਼ਾਹ ਅਤੇ ਇੰਫੋਸਿਸ ਦੇ ਸਲਿਲ ਪਾਰੇਖ ਕ੍ਰਮਵਾਰ 6ਵੇਂ ਤੇ 16ਵੇਂ ਸਥਾਨ ਉਤੇ ਹਨ। ਮੁਕੇਸ਼ ਅੰਬਾਨੀ ਬੀ.ਜੀ.ਆਈ-2023 ਵਿਚ ਵੀ ਆਲਮੀ ਪੱਧਰ ਉਤੇ ਦੂਜੇ ਨੰਬਰ 'ਤੇ ਸਨ। ਇਸ ਸਾਲ ਉਨ੍ਹਾਂ ਨੂੰ 'ਵਿਭਿੰਨਤਾ' ਗਰੁੱਪਾਂ ਦੇ ਵਰਗ ਵਿਚ ਪਹਿਲਾ ਸਥਾਨ ਦਿੱਤਾ ਗਿਆ ਹੈ।

## ਹੂਤੀ ਬਾਗ਼ੀਆਂ ਖਿਲਾਫ ਮੁਹਿੰਮ ਹੋਰ ਤਿੱਖੀ ਕੀਤੀ

**ਵਾਸ਼ਿੰਗਟਨ:** ਅਮਰੀਕਾ ਅਤੇ ਯੂ.ਕੇ. ਨੇ ਇਕ ਵਾਰ ਫਿਰ ਯਮਨ 'ਚ ਹੂਤੀ ਬਾਗ਼ੀਆਂ ਨੂੰ ਨਿਸ਼ਾਨਾ ਬਣਾਉਂਦਿਆਂ ਉਨ੍ਹਾਂ ਦੇ 36 ਟਿਕਾਣਿਆਂ ਉਤੇ ਹਮਲੇ ਕੀਤੇ। ਪੈਂਟਾਗਨ ਨੇ ਕਿਹਾ ਕਿ ਹੂਤੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਣ 'ਚ ਯੂ.ਕੇ., ਆਸਟਰੇਲੀਆ, ਬਹਿਰੀਨ, ਕੈਨੇਡਾ, ਡੈਨਮਾਰਕ, ਨੈਦਰਲੈਂਡਜ਼ ਅਤੇ ਨਿਊਜ਼ੀਲੈਂਡ ਦੀ ਫ਼ੌਜ ਨੇ ਵੀ ਆਪਣਾ ਯੋਗਦਾਨ ਪਾਇਆ।

ਇਕ ਅਮਰੀਕੀ ਅਧਿਕਾਰੀ ਨੇ ਸੀ.ਐਨ.ਐਨ. ਨੂੰ ਦੱਸਿਆ ਕਿ ਯਮਨ 'ਚ ਹੂਤੀ ਬਾਗ਼ੀਆਂ ਦੇ ਟਿਕਾਣਿਆਂ ਉਤੇ ਟੌਮਹਾਕ ਮਿਜ਼ਾਈਲਾਂ ਵੀ ਦਾਗੀਆਂ ਗਈਆਂ। ਇਸ ਤੋਂ ਇਲਾਵਾ ਐੱਫ/ਏ-18 ਲੜਾਕੂ ਜੈੱਟ ਅਤੇ ਹੋਰ ਮਿਜ਼ਾਈਲਾਂ ਦੀ ਵੀ ਵਰਤੋਂ ਕੀਤੀ ਗਈ। ਅਮਰੀਕਾ ਵੱਲੋਂ ਸੀਰੀਆ ਅਤੇ ਇਰਾਕ 'ਚ 85 ਟਿਕਾਣਿਆਂ ਉਤੇ ਹਮਲੇ ਕੀਤੇ ਜਾਣ ਦੇ ਅਗਲੇ ਦਿਨ ਹੂਤੀ ਬਾਗ਼ੀਆਂ ਉਪਰ ਹਮਲੇ ਕੀਤੇ ਗਏ ਹਨ। ਅਮਰੀਕੀ ਰੱਖਿਆ ਮੰਤਰੀ ਲੌਇਡ ਆਸਟਿਨ ਨੇ ਇਕ ਬਿਆਨ 'ਚ ਕਿਹਾ ਕਿ ਸਾਂਝੀ ਕਾਰਵਾਈ ਨਾਲ ਹੂਤੀ ਬਾਗ਼ੀਆਂ ਨੂੰ ਸਪੱਸ਼ਟ ਸੁਨੇਹਾ ਦਿੱਤਾ ਗਿਆ ਹੈ ਕਿ ਜੇਕਰ ਉਨ੍ਹਾਂ ਲਾਲ ਸਾਗਰ 'ਚ ਸਮੁੰਦਰੀ ਜਹਾਜ਼ਾਂ ਅਤੇ ਜਲ ਸੈਨਾ ਦੇ ਬੇੜਿਆਂ ਉਤੇ ਹਮਲੇ ਬੰਦ ਨਾ ਕੀਤੇ ਤਾਂ ਉਨ੍ਹਾਂ ਨੂੰ ਹੋਰ ਗੰਭੀਰ ਸਿੱਟੇ ਭੁਗਤਣੇ ਪੈਣਗੇ।

ਅਮਰੀਕਾ ਅਤੇ ਉਸ ਦੇ ਭਾਈਵਾਲ ਮੁਲਕਾਂ ਦੀਆਂ ਸੈਨਾਵਾਂ ਵੱਲੋਂ ਇਰਾਨ ਸਮਰਥਿਤ ਹੂਤੀ ਬਾਗ਼ੀਆਂ ਦੇ ਹਥਿਆਰਾਂ ਦੇ ਭੰਡਾਰ, ਮਿਜ਼ਾਈਲ ਪ੍ਰਣਾਲੀਆਂ ਤੇ ਲਾਂਚਰਾਂ, ਹਵਾਈ ਰੱਖਿਆ ਪ੍ਰਣਾਲੀਆਂ ਅਤੇ ਰਾਡਾਰਾਂ ਨੂੰ ਨਿਸ਼ਾਨਾ ਬਣਾਇਆ ਗਿਆ। ਹੂਤੀ ਬਾਗ਼ੀਆਂ ਵੱਲੋਂ ਪਿਛਲੇ ਸਾਲ ਨਵੰਬਰ ਤੋਂ ਲੈ ਕੇ ਹੁਣ ਤੱਕ ਲਾਲ ਸਾਗਰ 'ਚ 30 ਤੋਂ ਵਧ ਹਮਲੇ ਕੀਤੇ ਜਾ ਚੁੱਕੇ ਹਨ।

## ਰੂਸੀ ਕਬਜ਼ੇ ਵਾਲੇ ਸ਼ਹਿਰ ਦੀ ਬੇਕਰੀ 'ਤੇ ਹਮਲਾ, 28 ਮੌਤਾਂ

**ਮਾਸਕੋ:** ਰੂਸ ਨੇ ਦੋਸ਼ ਲਾਇਆ ਹੈ ਕਿ ਪੂਰਬੀ ਯੂਕਰੇਨ 'ਚ ਉਸ ਦੇ ਕਬਜ਼ੇ ਹੇਠਲੇ ਸ਼ਹਿਰ ਲਿਸੀਚਾਂਸਕ ਦੀ ਇਕ ਬੇਕਰੀ ਉਤੇ ਪੱਛਮ ਵੱਲੋਂ ਦਿੱਤੇ ਗਏ ਰਾਕੇਟਾਂ ਨਾਲ ਕੀਤੇ ਗਏ ਹਮਲੇ 'ਚ 28 ਵਿਅਕਤੀ ਮਾਰੇ ਗਏ। ਮ੍ਰਿਤਕਾਂ 'ਚ 9 ਔਰਤਾਂ ਅਤੇ ਇਕ ਬੱਚਾ ਸ਼ਾਮਲ ਹਨ।



ਰੂਸ ਸਮਰਥਿਤ ਅਧਿਕਾਰੀਆਂ ਨੇ ਕਿਹਾ ਕਿ ਯੂਕਰੇਨ ਨੇ ਅਮਰੀਕਾ ਵੱਲੋਂ ਸਪਲਾਈ ਕੀਤੀ ਗਈ ਤੋਪਖਾਨਾ ਰਾਕੇਟ ਪ੍ਰਣਾਲੀ ਨਾਲ ਬੇਕਰੀ ਉਤੇ ਹਮਲਾ ਕੀਤਾ। ਉਨ੍ਹਾਂ ਕਿਹਾ ਕਿ ਇਹ ਬੇਕਰੀ ਆਮ ਲੋਕਾਂ ਲਈ ਬਣਾਈ ਗਈ ਸੀ ਪਰ ਹੁਣ ਉਹ ਮਲਬੇ 'ਚ ਤਬਦੀਲ ਹੋ ਗਈ ਹੈ। ਰੂਸੀ ਫ਼ੌਜ ਦੇ ਕਬਜ਼ੇ ਵਾਲੇ ਲੁਹਾਂਸਕ ਖ਼ਿੱਤੇ ਦੇ ਮੁਖੀ ਲਿਓਨਿਡ ਪਾਸੇਚਨਿਕ ਨੇ ਕਿਹਾ ਕਿ ਯੂਕਰੇਨੀ ਫ਼ੌਜ ਵੱਲੋਂ ਕੀਤੇ ਗਏ ਹਮਲੇ ਸਮੇਂ ਬੇਕਰੀ ਉਤੇ ਵੱਡੀ ਗਿਣਤੀ ਲੋਕ ਮੌਜੂਦ ਸਨ। ਰੂਸ ਦੇ ਐਮਰਜੈਂਸੀ ਮੰਤਰਾਲੇ ਨੇ ਕਿਹਾ ਕਿ ਮਲਬੇ 'ਚੋਂ 10 ਵਿਅਕਤੀਆਂ ਨੂੰ ਜਿਊਂਦਾ ਕੱਢਿਆ ਗਿਆ ਹੈ।

ਮੰਤਰਾਲੇ ਨੇ ਕਿਹਾ ਕਿ ਚਾਰ ਹੋਰ ਵਿਅਕਤੀ ਗੰਭੀਰ ਰੂਪ 'ਚ ਜ਼ਖ਼ਮੀ ਹਨ ਅਤੇ ਹੋਰ ਲੋਕਾਂ ਦੀ ਭਾਲ ਕੀਤੀ ਜਾ ਰਹੀ ਹੈ। ਰੂਸੀ ਵਿਦੇਸ਼ ਮੰਤਰਾਲੇ ਦੀ ਤਰਜਮਾਨ ਮਾਰੀਆ ਜ਼ਖਾਰੋਵਾ ਨੇ ਯੂਕਰੇਨੀ ਹਮਲੇ ਦੀ ਨਿਖੇਧੀ ਕਰਦਿਆਂ ਕਿਹਾ ਕਿ ਪੱਛਮ ਨੂੰ ਇਹ ਵਿਚਾਰ ਕਰਨਾ ਚਾਹੀਦਾ ਹੈ ਕਿ ਉਸ ਦੀ ਕੀਵ ਨੂੰ ਵਿੱਤੀ ਸਹਾਇਤਾ ਕਿਵੇਂ ਆਮ ਲੋਕਾਂ ਨੂੰ ਮਾਰਨ ਲਈ ਵਰਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਯੂਰਪੀਅਨ ਯੂਨੀਅਨ ਦੇ ਨਾਗਰਿਕਾਂ ਨੂੰ ਸਮਝਣਾ ਚਾਹੀਦਾ ਹੈ ਕਿ ਕਿਵੇਂ ਉਨ੍ਹਾਂ ਵੱਲੋਂ ਭਰੇ ਗਏ ਟੈਕਸਾਂ ਦੀ ਵਰਤੋਂ ਹੋ ਰਹੀ ਹੈ।

## ਜੋਅ ਬਾਇਡਨ ਨੇ ਸਾਊਥ ਕੈਰੋਲੀਨਾ ਦੀ ਪ੍ਰਾਇਮਰੀ ਚੋਣ ਜਿੱਤੀ

**ਵਾਸ਼ਿੰਗਟਨ:** ਅਮਰੀਕਾ ਵਿਚ ਰਾਸ਼ਟਰਪਤੀ ਅਹੁਦੇ ਲਈ ਇਸ ਵਰ੍ਹੇ ਹੋਣ ਵਾਲੀਆਂ ਚੋਣਾਂ 'ਚ ਡੈਮੋਕਰੈਟਿਕ ਪਾਰਟੀ ਦਾ ਉਮੀਦਵਾਰ ਚੁਣਨ ਦੀ ਪ੍ਰਕਿਰਿਆ ਤਹਿਤ ਕਰਵਾਏ ਗਏ ਸਾਊਥ ਕੈਰੋਲੀਨਾ ਪ੍ਰਾਇਮਰੀ ਚੋਣ 'ਚ ਜੋਅ ਬਾਇਡਨ ਨੇ ਆਸਾਨੀ ਨਾਲ ਜਿੱਤ ਹਾਸਲ ਕਰ ਲਈ ਹੈ। ਇਸ ਦੇ ਨਾਲ ਉਨ੍ਹਾਂ 5 ਨਵੰਬਰ ਨੂੰ ਹੋਣ ਵਾਲੀਆਂ ਚੋਣਾਂ 'ਚ ਡੈਮੋਕਰੈਟਿਕ ਉਮੀਦਵਾਰ ਬਣਨ ਦੀ ਰਾਹ 'ਚ ਪਹਿਲੀ ਅਧਿਕਾਰਤ ਜਿੱਤ ਆਪਣੇ ਨਾਮ ਕੀਤੀ।

ਬਾਇਡਨ ਆਪਣੀ ਪਾਰਟੀ ਦਾ ਉਮੀਦਵਾਰ ਬਣਨ ਦੇ ਸਭ ਤੋਂ ਮਜ਼ਬੂਤ ਦਾਅਵੇਦਾਰ ਹਨ। ਇਹ ਹੁਕਮਰਾਨ ਡੈਮੋਕਰੈਟਿਕ ਪਾਰਟੀ ਦੀ ਪਹਿਲੀ ਅਧਿਕਾਰਤ ਪ੍ਰਾਇਮਰੀ ਚੋਣ ਹੈ। ਮੰਨਿਆ ਜਾ ਰਿਹਾ ਹੈ ਕਿ ਬਾਇਡਨ ਅਤੇ ਡੋਨਲਡ ਟਰੰਪ ਵਿਚਕਾਰ ਮੁੜ ਤੋਂ ਮੁਕਾਬਲਾ ਹੋ ਸਕਦਾ ਹੈ। ਪਿਛਲੀਆਂ ਰਾਸ਼ਟਰਪਤੀ ਚੋਣਾਂ 'ਚ ਵੀ ਸਾਊਥ ਕੈਰੋਲੀਨਾ ਪ੍ਰਾਇਮਰੀ ਚੋਣ ਨੇ ਬਾਇਡਨ ਨੂੰ ਪਾਰਟੀ ਉਮੀਦਵਾਰ ਬਣਾਉਣ 'ਚ ਅਹਿਮ ਭੂਮਿਕਾ ਨਿਭਾਈ ਸੀ।

# ਰਾਸ਼ਨ ਦੀ ਹੋਮ ਡਲਿਵਰੀ: ਕੇਂਦਰੀ ਨਿਯਮਾਂ ਨੂੰ ਲੈ ਕੇ ਪੰਜਾਬ ਸਰਕਾਰ ਚੌਕਸ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਕੇਂਦਰੀ ਸਕੀਮ 'ਕੌਮੀ ਖ਼ੁਰਾਕ ਸੁਰੱਖਿਆ ਐਕਟ' ਤਹਿਤ ਮਿਲਣ ਵਾਲੇ ਰਾਸ਼ਨ ਦੀ ਹੋਮ ਡਲਿਵਰੀ ਲਈ ਨਵਾਂ ਫ਼ਾਰਮੂਲਾ ਕੱਢ ਲਿਆ ਹੈ ਤਾਂ ਜੋ ਕੇਂਦਰ ਸਰਕਾਰ ਦੇ ਹੱਥ ਫੰਡ ਰੋਕਣ ਦਾ ਮੌਕਾ ਨਾ ਲੱਗ ਸਕੇ। ਮਾਰਕਫੈੱਡ ਵੱਲੋਂ ਰਾਸ਼ਨ ਦੀ ਹੋਮ ਡਲਿਵਰੀ ਦੇਣ ਵਾਸਤੇ ਵਿਸ਼ੇਸ਼ ਤੌਰ ਉਤੇ ਬੈਗ ਡਿਜ਼ਾਈਨ ਕੀਤਾ ਗਿਆ ਹੈ ਅਤੇ ਇਨ੍ਹਾਂ ਬੈਗਾਂ ਉਪਰ ਕੇਂਦਰ ਸਰਕਾਰ ਅਤੇ ਪੰਜਾਬ ਦੀ 'ਆਪ' ਸਰਕਾਰ ਦੋਵਾਂ ਦੀ ਸਾਂਝੀ ਬਰਾਂਡਿੰਗ ਹੋਵੇਗੀ। ਬੈਗਾਂ ਉਪਰ 'ਕੌਮੀ ਖ਼ੁਰਾਕ ਸੁਰੱਖਿਆ ਐਕਟ' (ਐਨ.ਐਫ.ਐਸ.ਏ.) ਅੰਕਿਤ ਕੀਤਾ



ਗਿਆ ਹੈ ਜਦੋਂ ਕਿ ਬੈਗ ਦੇ ਹੇਠਾਂ ਲਿਖਿਆ ਹੈ, ''ਪੰਜਾਬ ਸਰਕਾਰ ਨੇ ਐਨ.ਐਫ.ਐਸ.ਏ. ਅਧੀਨ ਪ੍ਰਾਪਤ ਰਾਸ਼ਨ ਘਰ-ਘਰ ਪਹੁੰਚਾਇਆ।'' ਇਸੇ ਤਰ੍ਹਾਂ ਬੈਗ ਦੇ ਐਨ ਵਿਚਕਾਰ 'ਸੁਚੱਜਾ ਸ਼ਾਸਨ, ਮੁਫ਼ਤ ਰਾਸ਼ਨ' ਦਾ ਨਾਅਰਾ ਵੀ ਲਿਖਿਆ ਹੈ। ਬੈਗ ਉਤੇ ਕਣਕ ਦੀਆਂ ਬੱਲੀਆਂ ਦੀ ਤਸਵੀਰ ਹੈ ਅਤੇ ਬੈਗ ਦਾ ਰੰਗ ਪੀਲਾ ਰੱਖਿਆ ਗਿਆ ਹੈ।

ਚੇਤੇ ਰਹੇ ਕਿ ਕੇਂਦਰ ਸਰਕਾਰ ਨੇ ਕੌਮੀ ਸਿਹਤ ਮਿਸ਼ਨ ਦੇ ਅਕਤੂਬਰ 2022 ਤੋਂ ਕਰੀਬ 600 ਕਰੋੜ ਰੁਪਏ ਰੋਕੇ ਹੋਏ ਹਨ ਕਿਉਂਕਿ ਕੇਂਦਰ ਦਾ ਇਤਰਾਜ਼ ਹੈ ਕਿ ਪੰਜਾਬ ਸਰਕਾਰ ਨੇ ਸਿਹਤ ਅਤੇ ਤੰਦਰੁਸਤੀ ਕੇਂਦਰਾਂ ਦੀ ਬਰਾਂਡਿੰਗ ਬਾਰੇ ਕੇਂਦਰੀ ਨਿਰਦੇਸ਼ਾਂ ਦੀ ਪਾਲਣਾ ਨਹੀਂ ਕੀਤੀ ਹੈ। ਕੇਂਦਰ ਸਰਕਾਰ ਨੇ ਕੇਂਦਰੀ ਸਪਾਂਸਰਡ ਸਕੀਮਾਂ ਦੇ ਬਰਾਂਡਿੰਗ ਨਿਯਮਾਂ ਦੀ ਪਾਲਣਾ ਨਾ ਕਰਨ ਕਰ ਕੇ ਪੂੰਜੀ ਨਿਵੇਸ਼ ਯੋਜਨਾ ਤਹਿਤ 1837 ਕਰੋੜ ਦਾ ਕਰਜ਼ਾ ਨਾ ਦੇਣ ਦੀ ਧਮਕੀ ਵੀ ਦਿੱਤੀ ਹੈ।

ਪੰਜਾਬ ਸਰਕਾਰ ਦੇ ਇਕ ਸੀਨੀਅਰ ਅਧਿਕਾਰੀ ਦਾ ਕਹਿਣਾ ਹੈ ਕਿ ਕੇਂਦਰ ਦੇ ਸਾਰੇ ਬਰਾਂਡਿੰਗ ਨਿਯਮਾਂ ਦੀ ਖ਼ੁਰਾਕ ਤੇ ਸਪਲਾਈ ਵਿਭਾਗ ਪਾਲਣਾ ਕਰ ਰਿਹਾ ਹੈ। ਮੁਫ਼ਤ ਰਾਸ਼ਨ ਦੇਣ ਵਿਚ 92 ਫ਼ੀਸਦੀ ਯੋਗਦਾਨ ਕੇਂਦਰ ਸਰਕਾਰ ਦਾ ਹੈ ਜਿਸ ਕਰ ਕੇ ਬੈਗਾਂ ਉਤੇ ਐਨ.ਐਫ.ਐਸ.ਏ. ਅਤੇ ਸਵੱਛ ਭਾਰਤ ਦੇ ਲੋਗੋ ਵੀ ਹੈ ਤੇ ਸੂਬਾ ਸਰਕਾਰ ਸਿਰਫ਼ ਰਾਸ਼ਨ ਦੀ ਹੋਮ ਡਲਿਵਰੀ ਦਾ ਲਾਹਾ ਲੈ ਰਹੀ ਹੈ ਜਿਸ ਉਤੇ ਕੇਂਦਰ ਸਰਕਾਰ ਨੂੰ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ। ਉਨ੍ਹਾਂ ਦੱਸਿਆ ਕਿ ਹੋਮ ਡਲਿਵਰੀ ਅਤੇ ਆਟਾ ਪਿਸਾਈ ਦਾ ਸਾਰਾ ਖਰਚਾ ਸੂਬਾ ਸਰਕਾਰ ਚੁੱਕ ਰਹੀ ਹੈ।

## ਸਾਹਨੀ ਵੱਲੋਂ ਪੰਜਾਬੀ ਯੂਨੀਵਰਸਿਟੀ ਨੂੰ ਗਰਾਂਟ ਦੇਣ ਦਾ ਐਲਾਨ

**ਪਟਿਆਲਾ:** ਪੰਜਾਬ ਤੋਂ ਰਾਜ ਸਭਾ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਨੇ ਪੰਜਾਬੀ ਯੂਨੀਵਰਸਿਟੀ ਨੂੰ 2.25 ਕਰੋੜ ਰੁਪਏ ਦੀ ਗਰਾਂਟ ਦੇਣ ਦਾ ਐਲਾਨ ਕੀਤਾ ਹੈ।

ਸ੍ਰੀ ਸਾਹਨੀ ਨੇ ਇਹ ਐਲਾਨ ਇੱਥੇ 37ਵੇਂ ਨੌਰਥ ਜ਼ੋਨ ਕੌਮਾਂਤਰੀ ਯੁਵਕ ਮੇਲੇ ਦੇ ਸਮਾਪਤੀ ਸਮਾਰੋਹ ਦੌਰਾਨ ਕੀਤਾ। ਉਨ੍ਹਾਂ ਯੂਨੀਵਰਸਿਟੀ ਦੀ ਲਾਇਬ੍ਰੇਰੀ ਵਿਚ ਇਕ ਹੋਰ ਰੀਡਿੰਗ ਹਾਲ ਬਣਾਉਣ ਲਈ ਦੋ ਕਰੋੜ ਰੁਪਏ ਤੇ ਗੁਰੂ ਤੇਗ ਬਹਾਦਰ ਆਡੀਟੋਰੀਅਮ ਵਾਸਤੇ 25 ਲੱਖ ਰੁਪਏ ਦੇਣ ਦਾ ਐਲਾਨ ਵੀ ਕੀਤਾ। ਉਨ੍ਹਾਂ ਕਿਹਾ ਕਿ ਉਹ ਚਾਹੁੰਦੇ ਹਨ ਕਿ ਗੁਰੂ ਤੇਗ ਬਹਾਦਰ ਆਡੀਟੋਰੀਅਮ ਉੱਤਰੀ ਜ਼ੋਨ ਦਾ ਸਭ ਤੋਂ ਸ਼ਾਨਦਾਰ ਆਡੀਟੋਰੀਅਮ ਹੋਵੇ। ਵਿਦਿਆਰਥੀ ਵਜੋਂ ਯੂਨੀਵਰਸਿਟੀ ਵਿਚ ਬਿਤਾਏ ਪਲਾਂ ਨੂੰ ਯਾਦ ਕਰਦਿਆਂ ਉਹ ਭਾਵੁਕ ਹੋ ਗਏ। ਯੂਨੀਵਰਸਿਟੀ ਦੇ ਉਪ ਕੁਲਪਤੀ ਪ੍ਰੋ. ਅਰਵਿੰਦ ਨੇ ਜੇਤੂਆਂ ਨੂੰ ਵਧਾਈ ਦਿੱਤੀ। ਉਨ੍ਹਾਂ ਅਜਿਹੇ ਮੇਲਿਆਂ ਦਾ ਪਸਾਰ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ।

# ਕਿਸਾਨ ਜਥੇਬੰਦੀਆਂ ਵੱਲੋਂ 'ਆਪ' ਵਿਧਾਇਕਾਂ ਦੇ ਘਰ ਘੇਰਨ ਦਾ ਐਲਾਨ

**ਮਾਨਸਾ:** ਮਨਜੀਤ ਸਿੰਘ ਧਨੇਰ ਦੀ ਅਗਵਾਈ ਵਾਲੀ ਭਾਰਤੀ ਕਿਸਾਨ ਯੂਨੀਅਨ (ਏਕਤਾ ਡਕੌਂਦਾ) ਵੱਲੋਂ ਮਾਨਸਾ ਜ਼ਿਲ੍ਹੇ ਦੇ ਪਿੰਡ ਕੁਲਰੀਆਂ ਦੇ ਕਿਸਾਨਾਂ ਨੂੰ ਇਨਸਾਫ਼ ਦਿਵਾਉਣ ਲਈ ਡੀ.ਐਸ.ਪੀ. ਦਫ਼ਤਰ ਬੁਢਲਾਡਾ ਅੱਗੇ ਲਾਇਆ ਪੱਕਾ ਮੋਰਚਾ ਜਾਰੀ ਹੈ।

ਜਥੇਬੰਦੀ ਵੱਲੋਂ ਮੰਚ ਤੋਂ ਐਲਾਨ ਕੀਤਾ ਗਿਆ ਕਿ 12 ਫਰਵਰੀ ਨੂੰ ਨਿਆਂ ਸਬੰਧੀ ਦਬਾਅ ਪਾਉਣ ਵਾਸਤੇ ਸੂਬੇ ਦੇ 13 ਜ਼ਿਲ੍ਹਿਆਂ ਵਿਚ 'ਆਪ' ਵਿਧਾਇਕਾਂ ਦੇ ਘਰਾਂ ਅੱਗੇ ਦੋ-ਦੋ ਘੰਟੇ ਧਰਨੇ ਲਗਾ ਕੇ ਮੰਗ ਪੱਤਰ ਸੌਂਪੇ ਜਾਣਗੇ। ਇਹ ਧਰਨੇ ਮਾਲਵਾ ਖੇਤਰ ਨਾਲ ਸਬੰਧਤ ਸਾਰੇ ਜ਼ਿਲ੍ਹਿਆਂ ਵਿਚ ਲਗਾਏ ਜਾਣਗੇ।

ਜਥੇਬੰਦੀ ਦੇ ਸੂਬਾ ਜਨਰਲ ਸਕੱਤਰ ਹਰਨੇਕ ਸਿੰਘ ਮਹਿਮਾ ਨੇ ਕਿਹਾ ਕਿ ਯੂਨੀਅਨ ਸੱਤ ਮਹੀਨਿਆਂ ਤੋਂ ਸ਼ਾਂਤਮਈ ਅੰਦੋਲਨ ਕਰ ਰਹੀ ਹੈ, ਪਰ ਸਰਕਾਰ ਉਨ੍ਹਾਂ ਦੀ ਗੱਲ ਸੁਣਨ ਤੋਂ ਵੀ ਇਨਕਾਰੀ ਹੈ। ਉਨ੍ਹਾਂ ਦੱਸਿਆ ਕਿ ਵੱਖ-ਵੱਖ ਸਮਿਆਂ ਉਤੇ ਮਾਨਸਾ ਜ਼ਿਲ੍ਹੇ ਦੇ ਪ੍ਰਸ਼ਾਸਨਿਕ ਅਤੇ ਪੁਲਿਸ ਅਧਿਕਾਰੀ ਕਿਸਾਨਾਂ ਦੇ ਪੱਖ ਨਾਲ ਸਹਿਮਤ ਹੋ ਕੇ ਇਨਸਾਫ ਦੇਣ ਦੇ ਵਾਅਦੇ ਕਰ ਚੁੱਕੇ ਹਨ। ਮਾਨਸਾ ਦੇ ਐਸ.ਐਸ.ਪੀ. ਨੇ ਕਿਸਾਨਾਂ ਉਤੇ ਹਮਲਾ ਕਰਨ ਵਾਲਿਆਂ ਖ਼ਿਲਾਫ਼ 19 ਦਸੰਬਰ ਤੋਂ ਪਹਿਲਾਂ ਕਾਰਵਾਈ ਕਰਨ ਦਾ ਵਾਅਦਾ ਵੀ ਕੀਤਾ ਸੀ, ਪਰ ਅੱਜ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ।



ਯੂਨੀਅਨ ਦੇ ਸੀਨੀਅਰ ਮੀਤ ਪ੍ਰਧਾਨ ਗੁਰਦੀਪ ਸਿੰਘ ਰਾਮਪੁਰਾ ਨੇ ਕਿਹਾ ਕਿ ਸਰਕਾਰ ਤੱਕ ਗੱਲ ਪਹੁੰਚਾਉਣ ਲਈ ਜਥੇਬੰਦੀ ਦੀਆਂ ਸਮੁੱਚੀਆਂ ਜ਼ਿਲ੍ਹਾ ਕਮੇਟੀਆਂ ਆਪੋ-ਆਪਣੇ ਜ਼ਿਲ੍ਹਿਆਂ ਨਾਲ ਸਬੰਧਤ 'ਆਪ' ਵਿਧਾਇਕਾਂ ਦੇ ਘਰਾਂ ਅੱਗੇ 12 ਫਰਵਰੀ ਨੂੰ ਧਰਨੇ ਦੇਣਗੇ ਅਤੇ ਜੇਕਰ ਫਿਰ ਵੀ ਗੱਲ ਨਾ ਸੁਣੀ ਗਈ ਤਾਂ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ।

ਜਥੇਬੰਦੀ ਦੇ ਸੂਬਾ ਕਮੇਟੀ ਮੈਂਬਰ ਕੁਲਵੰਤ ਸਿੰਘ ਕਿਸ਼ਨਗੜ੍ਹ ਨੇ ਕਿਹਾ ਕਿ ਕੁਲਰੀਆਂ ਦੇ ਕਿਸਾਨਾਂ ਉਤੇ ਦੋ ਵਾਰ ਜਾਨਲੇਵਾ ਹਮਲੇ ਕਰਨ ਵਾਲਿਆਂ ਖ਼ਿਲਾਫ਼ ਕਾਰਵਾਈ ਕਰਵਾਉਣ ਲਈ ਡੀ.ਐਸ.ਪੀ. ਬੁਢਲਾਡਾ ਦੇ ਦਫ਼ਤਰ ਅੱਗੇ 30 ਦਿਨਾਂ ਤੋਂ ਚੱਲ ਰਹੇ ਮੋਰਚੇ ਦੇ ਬਾਵਜੂਦ ਅੱਜ ਤੱਕ ਕਿਸੇ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ।

# ਪੰਜਾਬ ਸਰਕਾਰ ਵੱਲੋਂ ਕਿਲਾ ਰਾਏਪੁਰ ਖੇਡਾਂ ਦੀ ਤਰੀਕ ਦਾ ਐਲਾਨ

**ਮੰਡੀ ਅਹਿਮਦਗੜ੍ਹ:** ਖੇਡ ਜਗਤ ਵਿਚ ਮਿੰਨੀ ਓਲੰਪਿਕਸ ਵਜੋਂ ਜਾਣੇ ਜਾਂਦੇ ਕਿਲਾ ਰਾਏਪੁਰ ਖੇਡ ਮੇਲੇ ਦੀਆਂ ਸਾਰੀਆਂ ਕਿਆਸਅਰਾਈਆਂ ਤੋਂ ਪਰਦਾ ਚੁੱਕਦੇ ਹੋਏ ਪੰਜਾਬ ਸਰਕਾਰ ਨੇ ਇਹ ਤਿੰਨ ਦਿਨਾਂ ਖੇਡ ਮੇਲਾ ਆਉਂਦੇ ਸੋਮਵਾਰ ਤੋਂ ਕਰਵਾਉਣ ਦਾ ਐਲਾਨ ਕਰ ਦਿੱਤਾ ਹੈ।



ਡਾਇਰੈਕਟੋਰੇਟ ਸੱਭਿਆਚਾਰਕ ਮਾਮਲੇ ਪੁਰਾਤਤਵ ਅਤੇ ਅਜਾਇਬਘਰ ਵਿਭਾਗ, ਪੰਜਾਬ ਅਤੇ ਜ਼ਿਲ੍ਹਾ ਪ੍ਰਸ਼ਾਸਨ ਲੁਧਿਆਣਾ ਵੱਲੋਂ ਜਾਰੀ ਕੀਤੇ ਗਏ ਪੋਸਟਰ ਨੂੰ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲਿਆਂ ਦੇ ਕੈਬਨਿਟ ਮੰਤਰੀ ਅਨਮੋਲ ਗਗਨ ਮਾਨ ਵੱਲੋਂ ਚੰਡੀਗੜ੍ਹ ਸਥਿਤ ਆਪਣੇ ਦਫ਼ਤਰ ਵਿਖੇ ਜਾਰੀ ਕਰ ਦਿੱਤਾ ਗਿਆ। ਇਸ ਸਬੰਧੀ ਡੀ.ਸੀ. ਲੁਧਿਆਣਾ ਸਾਕਸ਼ੀ ਸਾਹਨੀ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਰੂਰਲ ਓਲੰਪਿਕਸ ਕਿਲਾ ਰਾਏਪੁਰ ਵਿਖੇ 12 ਫਰਵਰੀ ਤੋਂ 14 ਫਰਵਰੀ ਤੱਕ ਕਰਵਾਈਆਂ ਜਾਣਗੀਆਂ ਅਤੇ ਇਨ੍ਹਾਂ ਖੇਡਾਂ ਦਾ ਕੈਲੰਡਰ ਕੈਬਨਿਟ ਮੰਤਰੀ ਅਨਮੋਲ ਗਗਨ ਮਾਨ ਵੱਲੋਂ ਆਪਣੇ ਦਫ਼ਤਰ ਵਿਖੇ ਜਾਰੀ ਕਰ ਦਿੱਤਾ ਗਿਆ ਹੈ। ਖੇਡ ਮੇਲੇ ਦੇ ਕਨਵੀਨਰ ਅਤੇ ਏ.ਡੀ.ਸੀ. ਲੁਧਿਆਣਾ ਅਨਮੋਲ ਸਿੰਘ ਧਾਲੀਵਾਲ ਨੇ ਪੋਸਟਰ ਜਾਰੀ ਹੋਣ ਤੋਂ ਬਾਅਦ ਦੱਸਿਆ ਕਿ ਆਉਂਦੇ ਸੋਮਵਾਰ ਨੂੰ ਹਾਕੀ ਦੇ ਮੈਚ ਅਤੇ ਟਰੈਕ ਈਵੈਂਟਾਂ ਨਾਲ ਤਿੰਨ ਦਿਨਾਂ ਮੇਲੇ ਦੀ ਸ਼ੁਰੂਆਤ ਹੋਵੇਗੀ। ਇਨ੍ਹਾਂ ਖੇਡਾਂ ਦੌਰਾਨ ਲੜਕੇ ਅਤੇ ਲੜਕੀਆਂ ਦੇ ਹਾਕੀ, ਕਬੱਡੀ, ਕੁਸ਼ਤੀ, ਰੱਸਾਕਸ਼ੀ, ਸਾਈਕਲ, ਲੰਮੀ ਛਾਲ ਅਤੇ ਦਿਵਿਆਂਗਾਂ ਦੀਆਂ ਦੌੜਾਂ ਵੀ ਕਰਵਾਈਆਂ ਜਾਣਗੀਆਂ। ਮੇਲੇ ਦੇ ਤਿੰਨੇ ਦਿਨ ਸ਼ਾਮ ਵੇਲੇ ਸੱਭਿਆਚਾਰਕ ਪ੍ਰੋਗਰਾਮ ਕਰਵਾਏ ਜਾਣਗੇ ਜਿਸ ਦੌਰਾਨ ਸੂਬੇ ਦੇ ਪ੍ਰਮੁੱਖ ਪੰਜਾਬੀ ਅਤੇ ਸੂਫੀ ਕਲਾਕਾਰ ਪੰਜਾਬ ਦੇ ਵਿਰਸੇ ਨੂੰ ਸੁਰਜੀਤ ਕਰਨਗੇ।

# ਅਕਾਲੀ ਦਲ ਵੱਲੋਂ 'ਪੰਜਾਬ ਬਚਾਓ ਯਾਤਰਾ' ਨੂੰ ਭਰਵਾਂ ਹੁੰਗਾਰਾ ਮਿਲਣ ਦਾ ਦਾਅਵਾ

**ਚਮਕੌਰ ਸਾਹਿਬ:** ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਅਤੇ ਬੁਲਾਰੇ ਜਥੇਦਾਰ ਕਰਨੈਲ ਸਿੰਘ ਪੀਰ ਮੁਹੰਮਦ ਨੇ ਕਿਹਾ ਕਿ ਬੀਤੇ ਦਿਨੀਂ ਅਕਾਲ ਤਖਤ ਸਾਹਿਬ ਤੋਂ ਅਰਦਾਸ ਕਰਨ ਉਪਰੰਤ ਪੰਜਾਬ ਬਚਾਓ ਯਾਤਰਾ ਦਾ ਆਰੰਭ ਕੀਤਾ ਗਿਆ ਜਿਸ ਦੀ ਅਗਵਾਈ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਕਰ ਰਹੇ ਹਨ। ਇਸ ਨੂੰ ਸੂਬੇ ਅੰਦਰ ਭਰਵਾਂ ਹੁੰਗਾਰਾ ਮਿਲ ਰਿਹਾ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ 70 ਹਜ਼ਾਰ ਕਰੋੜ ਰੁਪਏ ਤੋਂ ਵੱਧ ਦਾ ਕਰਜ਼ਾ ਚੁੱਕ ਕੇ ਦੂਜੇ ਸੂਬਿਆਂ ਵਿਚ ਕੇਜਰੀਵਾਲ ਨੂੰ ਲਿਜਾਣ ਵਾਸਤੇ ਜਹਾਜ਼ ਅਤੇ ਹੋਰ ਮਹਿੰਗੀਆਂ ਸੁਵਿਧਾਵਾਂ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸੂਬੇ ਦੇ ਕਾਰੋਬਾਰੀ ਦੂਜੇ ਸੂਬਿਆਂ ਵਿਚ ਜਾ ਰਹੇ ਹਨ ਅਤੇ ਗੈਂਗਸਟਰਾਂ ਵੱਲੋਂ ਫਿਰੌਤੀਆਂ ਲਈਆਂ ਜਾ ਰਹੀਆਂ ਹਨ। ਇਹ ਸਭ ਸਰਕਾਰ ਫੇਲ੍ਹ ਹੋਣ ਦੀਆਂ ਨਿਸ਼ਾਨੀਆਂ ਹਨ ਕਿਉਂਕਿ ਅਫ਼ਸਰਸ਼ਾਹੀ ਇਸ ਸਰਕਾਰ ਨੂੰ ਪਸੰਦ ਹੀ ਨਹੀਂ ਕਰਦੀ।

ਸ੍ਰੀ ਪੀਰ ਮੁਹੰਮਦ ਨੇ ਕਿਹਾ ਕਿ ਜੇ ਕੋਈ ਨੌਜਵਾਨ ਵਿਰੋਧ ਕਰਦਾ ਹੈ ਤਾਂ ਉਨ੍ਹਾਂ ਉੱਪਰ ਦੇਸ਼ ਧਰੋਹੀ ਵਰਗੇ ਐਕਟ ਲਾ ਕੇ ਬਾਹਰਲੀਆਂ ਜੇਲ੍ਹਾਂ ਵਿਚ ਸੁੱਟਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਹੁਣ ਪੰਜਾਬ ਦੇ ਲੋਕ 'ਆਪ' ਨੂੰ ਲੋਕ ਸਭਾ ਚੋਣਾਂ ਵਿਚ ਮੂੰਹ ਨਹੀਂ ਲਗਾਉਣਗੇ।

# ਅਥਲੀਟ ਤੇਜਿੰਦਰਪਾਲ ਤੂਰ ਤੇ ਕ੍ਰਿਕਟਰ ਹਰਮਨਪ੍ਰੀਤ ਕੌਰ ਬਣੇ ਡੀ.ਐਸ.ਪੀ.

**ਮੋਗਾ:** ਪੰਜਾਬ ਸਰਕਾਰ ਵੱਲੋਂ ਕੌਮਾਂਤਰੀ ਪੱਧਰ ਉਤੇ ਸੂਬੇ ਦਾ ਨਾਮ ਰੋਸ਼ਨ ਕਰਨ ਵਾਲੇ ਜਿਨ੍ਹਾਂ 11 ਖਿਡਾਰੀਆਂ ਨੂੰ ਡੀ.ਐਸ.ਪੀ. ਤੇ ਪੀ.ਸੀ.ਐਸ. ਅਧਿਕਾਰੀ ਲਈ ਨਿਯੁਕਤੀ ਪੱਤਰ ਦਿੱਤੇ ਗਏ ਹਨ, ਉਨ੍ਹਾਂ ਵਿਚ ਮੋਗਾ ਨਾਲ ਸਬੰਧਤ ਦੋ ਖਿਡਾਰੀ ਅਥਲੀਟ ਤੇਜਿੰਦਰਪਾਲ ਸਿੰਘ ਤੂਰ ਅਤੇ ਅਰਜੁਨ ਐਵਾਰਡੀ ਕ੍ਰਿਕਟਰ ਹਰਮਨਪ੍ਰੀਤ ਕੌਰ ਵੀ ਸ਼ਾਮਲ ਹਨ। ਇਨ੍ਹਾਂ ਦੋਵੇਂ ਖਿਡਾਰੀਆਂ ਨੂੰ ਡੀ.ਐਸ.ਪੀ. ਬਣਾਇਆ ਗਿਆ ਹੈ। ਜਕਾਰਤਾ ਵਿਚ 18ਵੀਆਂ ਏਸ਼ਿਆਈ ਖੇਡਾਂ ਵਿਚ ਗੋਲਾ ਸੁੱਟ ਕੇ ਸੋਨ ਤਗ਼ਮਾ ਜਿੱਤਣ ਵਾਲੇ ਤੇਜਿੰਦਰਪਾਲ ਸਿੰਘ ਤੂਰ ਦਾ ਪੰਜਾਬ ਪੁਲਿਸ ਵਿਚ ਆਉਣ ਦਾ ਸੁਫ਼ਨਾ ਸਾਢੇ ਪੰਜ ਸਾਲ ਬਾਅਦ ਪੂਰਾ ਹੋਇਆ ਹੈ, ਜਦਕਿ ਬੱਲੇਬਾਜ਼ ਹਰਮਨਪ੍ਰੀਤ ਕੌਰ ਨੂੰ ਦੁਬਾਰਾ ਪੰਜ ਸਾਲ ਬਾਅਦ ਡੀ.ਐਸ.ਪੀ. ਦਾ ਸਟਾਰ ਲੱਗੇਗਾ। ਜਾਣਕਾਰੀ ਅਨੁਸਾਰ ਅਥਲੀਟ ਤੇਜਿੰਦਰਪਾਲ ਸਿੰਘ ਤੂਰ ਦਾ ਜਨਮ 13 ਨਵੰਬਰ 1994 ਨੂੰ ਮੋਗਾ ਨੇੜਲੇ ਪਿੰਡ ਖੋਸਾ ਪਾਂਡੋ ਦੇ ਇਕ ਕਿਸਾਨ ਪਰਿਵਾਰ ਵਿੱਚ ਹੋਇਆ ਸੀ। ਉਸ ਨੇ ਆਪਣੇ ਪਿਤਾ ਕਰਮ ਸਿੰਘ ਦੇ ਜ਼ੋਰ ਦੇਣ ਉਤੇ ਗੋਲਾ ਸੁੱਟਣਾ ਸ਼ੁਰੂ ਕੀਤਾ ਤੇ ਚਾਚੇ ਨੇ ਉਸ ਨੂੰ ਇਸ ਦੇ ਗੁਰ ਸਿਖਾਏ।



ਇਸੇ ਤਰ੍ਹਾਂ ਮੋਗਾ ਸ਼ਹਿਰ ਦੀ ਵਸਨੀਕ ਅਰਜੁਨ ਐਵਾਰਡੀ ਤੂਫ਼ਾਨੀ ਬੱਲੇਬਾਜ਼ ਹਰਮਨਪ੍ਰੀਤ ਕੌਰ ਨੂੰ ਵੀ ਪੰਜਾਬ ਪੁਲਿਸ 'ਚ ਡੀ.ਐਸ.ਪੀ. ਦੀ ਕਰੀਬ ਸਾਢੇ ਪੰਜ ਸਾਲ ਬਾਅਦ ਦੁਬਾਰਾ ਨੌਕਰੀ ਹਾਸਲ ਕਰਨ ਦਾ ਮੌਕਾ ਮਿਲਿਆ ਹੈ। ਮਾਰਚ 2018 ਵਿਚ ਸੂਬੇ ਦੇ ਤਤਕਾਲੀ ਡੀ.ਜੀ.ਪੀ. ਸੁਰੇਸ਼ ਅਰੋੜਾ ਤੇ ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਹਰਮਨਪ੍ਰੀਤ ਨੂੰ ਪੰਜਾਬ ਪੁਲਿਸ ਦੇ ਡੀ.ਐਸ.ਪੀ. ਦੇ ਸਟਾਰ ਲਗਾਏ ਸਨ ਪਰ ਉਸ ਦੀ ਗ੍ਰੈਜੂਏਸ਼ਨ ਦੀ ਡਿਗਰੀ ਉਤੇ ਸਵਾਲ ਉੱਠਣ ਕਾਰਨ ਉਹ ਡੀ.ਐਸ.ਪੀ. ਨਹੀਂ ਬਣ ਸਕੀ ਸੀ। ਹੁਣ ਮੁੜ ਉਸ ਦਾ ਇਹ ਸੁਫ਼ਨਾ ਪੂਰਾ ਕਰਦਿਆਂ ਪੰਜਾਬ ਸਰਕਾਰ ਵੱਲੋਂ ਡੀ.ਐਸ.ਪੀ. ਵਜੋਂ ਉਸ ਦੀ ਨਿਯੁਕਤੀ ਦਾ ਪੱਤਰ ਦਿੱਤਾ ਗਿਆ ਹੈ। 8 ਮਾਰਚ 1989 ਨੂੰ ਮੋਗਾ ਵਿਚ ਪਿਤਾ ਹਰਮੰਦਰ ਸਿੰਘ ਭੁੱਲਰ ਤੇ ਮਾਤਾ ਸਤਵਿੰਦਰ ਕੌਰ ਦੇ ਘਰ ਜੰਮੀ ਹਰਮਨਪ੍ਰੀਤ ਦਸਵੀਂ ਦੀ ਪੜ੍ਹਾਈ ਦੌਰਾਨ ਲੜਕਿਆਂ ਨਾਲ ਕ੍ਰਿਕਟ ਖੇਡਣਾ ਸ਼ੁਰੂ ਕੀਤਾ ਸੀ ਜੋ ਅੱਜ ਇਸ ਮੁਕਾਮ ਉਤੇ ਪੁੱਜੀ ਹੈ।

## ਅਗਲੀ ਵਾਰ ਖੇਡਾਂ ਲਈ ਵੱਡਾ ਬਜਟ ਰੱਖਾਂਗੇ: ਭਗਵੰਤ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਅਗਲੇ ਵਿੱਤੀ ਵਰ੍ਹੇ ਤੋਂ ਨਸ਼ਾ ਵਿਰੋਧੀ ਮੁਹਿੰਮ ਨੂੰ ਹੁਲਾਰਾ ਦੇਣ ਲਈ ਖੇਡਾਂ ਵਾਸਤੇ ਵੱਡਾ ਬਜਟ ਰੱਖੇਗੀ ਤਾਂ ਜੋ ਸੂਬੇ ਵਿਚ ਖੇਡ ਸਭਿਆਚਾਰ ਪ੍ਰਫੁੱਲਤ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦਾ 'ਰੁਜ਼ਗਾਰ ਮਿਸ਼ਨ' ਵੀ ਜਵਾਨੀ ਨੂੰ ਸਹੀ ਮੋੜਾ ਦੇਣ ਲਈ ਹੈ ਤੇ ਇਸੇ ਤਹਿਤ ਹਰ ਵਰ੍ਹੇ ਪੁਲਿਸ 'ਚ ਰੈਗੂਲਰ 2100 ਅਸਾਮੀਆਂ ਦੀ ਭਰਤੀ ਦਾ ਇਸ਼ਤਿਹਾਰ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਜਿਵੇਂ ਸਰਕਾਰੀ ਨੌਕਰੀਆਂ ਨੇ ਪਰਵਾਸ ਨੂੰ ਪੁੱਠਾ ਗੇੜ ਦਿੱਤਾ ਹੈ, ਉਸੇ ਤਰ੍ਹਾਂ ਖੇਡਾਂ ਦੇ ਖੇਤਰ 'ਚ ਵੀ ਤਬਦੀਲੀ ਆਵੇਗੀ। ਦੂਜੇ ਸੂਬਿਆਂ ਦੇ ਖਿਡਾਰੀ ਵੀ ਪੰਜਾਬ ਸਰਕਾਰ ਦਾ ਹਿੱਸਾ ਬਣਨ ਵਾਸਤੇ ਤਿਆਰ ਹੋਣਗੇ।

# ਅਮਰੀਕਾ ਨੇ ਵੀਜ਼ਾ ਫੀਸਾਂ 'ਚ ਭਾਰੀ ਵਾਧਾ ਕੀਤਾ

**ਵਾਸ਼ਿੰਗਟਨ:** ਅਮਰੀਕਾ ਨੇ ਭਾਰਤੀਆਂ ਵਿਚ ਸਭ ਤੋਂ ਵੱਧ ਪ੍ਰਸਿੱਧ ਐੱਚ-1ਬੀ., ਐੱਲ.-1 ਅਤੇ ਈ.ਬੀ.-5 ਵਰਗੇ ਗੈਰ-ਪਰਵਾਸੀ ਵੀਜ਼ਾ ਦੀਆਂ ਵੱਖ-ਵੱਖ ਸ਼੍ਰੇਣੀਆਂ ਲਈ ਫੀਸਾਂ ਵਿਚ ਭਾਰੀ ਵਾਧੇ ਦਾ ਐਲਾਨ ਕੀਤਾ ਹੈ।

2016 ਤੋਂ ਬਾਅਦ ਪਹਿਲੀ ਵਾਰ ਫੀਸਾਂ ਵਿਚ ਵਾਧਾ ਕੀਤਾ ਜਾ ਰਿਹਾ ਹੈ ਜੋ 1 ਅਪਰੈਲ ਤੋਂ ਲਾਗੂ ਹੋਵੇਗਾ। ਐੱਚ-1ਬੀ ਵੀਜ਼ਾ ਗੈਰ-ਪਰਵਾਸੀ ਵੀਜ਼ਾ ਹੈ, ਜੋ ਅਮਰੀਕੀ ਕੰਪਨੀਆਂ ਨੂੰ ਵਿਸ਼ੇਸ਼ ਕਿੱਤਿਆਂ ਵਿਚ ਵਿਦੇਸ਼ੀ ਕਾਮਿਆਂ ਨੂੰ ਨਿਯੁਕਤ ਕਰਨ ਦੀ ਇਜਾਜ਼ਤ ਦਿੰਦਾ ਹੈ। ਅਮਰੀਕੀ ਸਰਕਾਰ ਨੇ 1990 ਵਿਚ ਈ.ਬੀ.-5 ਪ੍ਰੋਗਰਾਮ ਸ਼ੁਰੂ ਕੀਤਾ ਸੀ, ਜੋ ਵਿਦੇਸ਼ੀ ਨਿਵੇਸ਼ਕਾਂ ਨੂੰ ਅਮਰੀਕੀ ਕਾਰੋਬਾਰ ਵਿਚ ਘੱਟੋ ਘੱਟ 500,000 ਡਾਲਰ ਦਾ ਨਿਵੇਸ਼ ਕਰਕੇ ਆਪਣੇ ਅਤੇ ਆਪਣੇ ਪਰਿਵਾਰਾਂ ਲਈ ਅਮਰੀਕੀ ਵੀਜ਼ਾ ਪ੍ਰਾਪਤ ਕਰਨ ਦੇ ਯੋਗ ਬਣਾਉਂਦਾ ਹੈ।




ਈ.ਬੀ-5 ਪ੍ਰੋਗਰਾਮ 10 ਅਮਰੀਕੀ ਕਾਮਿਆਂ ਨੂੰ ਨੌਕਰੀਆਂ ਪ੍ਰਦਾਨ ਕਰਨ ਵਿਚ ਮਦਦ ਕਰਦਾ ਹੈ। ਐੱਚ-1ਬੀ ਐਪਲੀਕੇਸ਼ਨ ਵੀਜ਼ਾ ਫੀਸ 460 ਤੋਂ ਵਧਾ ਕੇ 780 ਡਾਲਰ ਕਰ ਦਿੱਤੀ ਗਈ ਹੈ।

ਅਗਲੇ ਸਾਲ ਤੋਂ ਐੱਚ-1ਬੀ ਰਜਿਸਟ੍ਰੇਸ਼ਨ ਫੀਸ 10 ਡਾਲਰ ਤੋਂ ਵਧਾ ਕੇ 215 ਡਾਲਰ ਤੱਕ ਵਧ ਜਾਵੇਗੀ। ਐੱਲ-1 ਵੀਜ਼ਾ ਲਈ ਫੀਸ 460 ਤੋਂ 1,385 ਡਾਲਰ ਅਤੇ ਈਬੀ-5 ਵੀਜ਼ਾ ਫੀਸ, ਜੋ ਨਿਵੇਸ਼ਕ ਵੀਜ਼ਾ ਵਜੋਂ ਮਸ਼ਹੂਰ ਹੈ, ਦੀ ਫੀਸ 3,675 ਤੋਂ 11,160 ਡਾਲਰ ਗਈ ਹੈ।

## ਐੱਚ-1ਬੀ ਵੀਜ਼ਾ: ਅਰਜ਼ੀ ਪ੍ਰਕਿਰਿਆ 6 ਮਾਰਚ ਤੋਂ

**ਵਾਸ਼ਿੰਗਟਨ:** ਅਮਰੀਕਾ ਨੇ ਲਾਟਰੀ ਰਾਹੀਂ ਐੱਚ-1ਬੀ ਵੀਜ਼ਾ ਲਈ ਚੋਣ ਪ੍ਰਕਿਰਿਆ ਵਿਚ ਵੱਡੇ ਬਦਲਾਅ ਦਾ ਐਲਾਨ ਕੀਤਾ ਹੈ ਅਤੇ ਇਸ ਦੇ ਨਾਲ ਹੀ ਵਿੱਤੀ ਸਾਲ 2025 ਲਈ ਵੀਜ਼ਾ ਅਰਜ਼ੀਆਂ ਜਮ੍ਹਾਂ ਕਰਵਾਉਣ ਦੀ ਪ੍ਰਕਿਰਿਆ 6 ਮਾਰਚ ਤੋਂ ਸ਼ੁਰੂ ਹੋ ਜਾਵੇਗੀ। ਅਮਰੀਕੀ ਸੰਘੀ ਏਜੰਸੀ ਨੇ ਇਹ ਜਾਣਕਾਰੀ ਦਿੱਤੀ। ਐੱਚ-1ਬੀ ਵੀਜ਼ਾ ਗੈਰ-ਪਰਵਾਸੀ ਵੀਜ਼ਾ ਹੈ, ਜੋ ਅਮਰੀਕੀ ਕੰਪਨੀਆਂ ਨੂੰ ਵਿਸ਼ੇਸ਼ ਕਿੱਤਿਆਂ ਵਿਚ ਵਿਦੇਸ਼ੀ ਕਾਮਿਆਂ ਨੂੰ ਨਿਯੁਕਤ ਕਰਨ ਦੀ ਇਜਾਜ਼ਤ ਦਿੰਦਾ ਹੈ, ਜਿਨ੍ਹਾਂ ਲਈ ਸਿਧਾਂਤਕ ਜਾਂ ਤਕਨੀਕੀ ਮੁਹਾਰਤ ਦੀ ਲੋੜ ਹੁੰਦੀ ਹੈ।

## ਅਦਾਲਤੀ ਰਾਹਤ ਪਿੱਛੋਂ ਵੀ ਉਮਰਾਨੰਗਲ ਲਈ ਵੱਡੀਆਂ ਚੁਣੌਤੀਆਂ



**ਚੰਡੀਗੜ੍ਹ:** ਪੰਜਾਬ ਪੁਲਿਸ ਦੇ ਵਿਵਾਦਤ ਅਧਿਕਾਰੀ ਪਰਮਰਾਜ ਸਿੰਘ ਉਮਰਾਨੰਗਲ ਨੂੰ ਉੱਚ ਅਦਾਲਤ ਨੇ ਭਾਵੇਂ ਬਹਾਲ ਕਰਨ ਦੇ ਹੁਕਮ ਦੇ ਦਿੱਤੇ ਹਨ ਪਰ ਪਿਛਲੇ ਕਈ ਸਾਲਾਂ ਤੋਂ ਮੁਅੱਤਲੀ ਅਧੀਨ ਚੱਲ ਰਹੇ ਇਸ ਪੁਲਿਸ ਅਧਿਕਾਰੀ ਦੇ ਸਾਹਮਣੇ ਵੱਡੀਆਂ ਚੁਣੌਤੀਆਂ ਅਜੇ ਵੀ ਮੂੰਹ ਅੱਡੀ ਖੜ੍ਹੀਆਂ ਹਨ।

ਪੰਜਾਬ ਵਿਚ ਅਕਾਲੀ-ਭਾਜਪਾ ਸਰਕਾਰ ਵੇਲੇ ਅਹਿਮ ਅਹੁਦਿਆਂ ਉਤੇ ਰਹੇ ਉਮਰਾਨੰਗਲ ਨੂੰ ਕਾਂਗਰਸ ਸਰਕਾਰ ਵੇਲੇ ਮੁਅੱਤਲ ਕਰ ਦਿੱਤਾ ਗਿਆ ਸੀ। ਇਹ ਪੁਲਿਸ ਅਧਿਕਾਰੀ ਪਿਛਲੇ ਪੰਜ ਸਾਲਾਂ ਤੋਂ ਮੁਅੱਤਲੀ ਅਧੀਨ ਹੀ ਚੱਲ ਰਿਹਾ ਸੀ ਜੋ ਕਿ ਕੋਟਕਪੂਰਾ ਗੋਲੀਕਾਂਡ ਵਿਚ ਗ੍ਰਿਫ਼ਤਾਰੀ ਤੋਂ ਬਾਅਦ ਜ਼ਮਾਨਤ ਉਤੇ ਜੇਲ੍ਹ 'ਚੋਂ ਬਾਹਰ ਆਇਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੰਜਾਬ ਪੁਲੀਸ ਵੱਲੋਂ 21 ਅਕਤੂਬਰ 2023 ਨੂੰ ਉਮਰਾਨੰਗਲ ਤੇ ਦੋ ਹੋਰ ਅਧਿਕਾਰੀਆਂ ਖ਼ਿਲਾਫ਼ ਝੂਠੇ ਪੁਲੀਸ ਮੁਕਾਬਲੇ ਵਿਚ ਇਕ ਵਿਅਕਤੀ ਨੂੰ ਮਾਰਨ ਦੇ ਦੋਸ਼ਾਂ ਤਹਿਤ ਕੇਸ ਦਰਜ ਕੀਤਾ ਗਿਆ ਸੀ। ਪੜਤਾਲ ਮੁਤਾਬਕ ਉਮਰਾਨੰਗਲ ਨੇ 1994 ਵਿਚ ਮੋਰਿੰਡਾ ਦਾ ਡੀ.ਐਸ.ਪੀ. ਹੁੰਦਿਆਂ ਗੁਰਨਾਮ ਸਿੰਘ ਬੁੰਡਾਲਾ ਨਾਮੀ ਅਤਿਵਾਦੀ ਨੂੰ ਮਾਰਨ ਦਾ ਦਾਅਵਾ ਕੀਤਾ ਸੀ, ਜਦਕਿ ਗੁਰਨਾਮ ਸਿੰਘ ਬਾਅਦ ਵਿਚ ਜਿਉਂਦਾ ਨਿਕਲਿਆ। ਉਸ ਵੇਲੇ ਪੁਲਿਸ ਨੇ ਸੁਖਪਾਲ ਸਿੰਘ ਨਾਂ ਦੇ ਵਿਅਕਤੀ ਨੂੰ ਝੂਠੇ ਪੁਲਿਸ ਮੁਕਾਬਲੇ ਵਿਚ ਮਾਰ ਕੇ ਤਰੱਕੀਆਂ ਅਤੇ ਇਨਾਮ ਹਾਸਲ ਕੀਤੇ ਸਨ। ਇਹ ਪੁਲਿਸ ਅਧਿਕਾਰੀ ਪੰਜਾਬੀ ਗਾਇਕ ਦਲੇਰ ਮਹਿੰਦੀ ਖ਼ਿਲਾਫ਼ ਕਬੂਤਰਬਾਜ਼ੀ ਦਾ ਕੇਸ ਦਰਜ ਕਰਨ ਵੇਲੇ ਵੀ ਸੁਰਖੀਆਂ ਵਿਚ ਆਇਆ ਸੀ। ਉਮਰਾਨੰਗਲ ਨੂੰ ਤਰਸ ਦੇ ਆਧਾਰ ਉਤੇ ਅਤਿਵਾਦ ਪੀੜਤ ਪਰਿਵਾਰ ਦੇ ਮੈਂਬਰ ਵਜੋਂ 80ਵਿਆਂ ਦੇ ਅੰਤਲੇ ਸਾਲਾਂ ਵਿਚ ਪੰਜਾਬ ਪੁਲਿਸ ਵਿਚ ਸਿੱਧੀ ਡੀ.ਐਸ.ਪੀ. ਦੀ ਨੌਕਰੀ ਦਿੱਤੀ ਗਈ ਸੀ।

# ਇਜ਼ਰਾਈਲ ਵਿਚ ਭਾਰਤੀ ਉਸਾਰੀ ਕਾਮਿਆਂ ਦੀ ਚਾਂਦੀ

**ਯੇਰੂਸ਼ਲਮ:** ਹਮਾਸ ਵੱਲੋਂ ਪਿਛਲੇ ਸਾਲ 7 ਅਕਤੂਬਰ ਨੂੰ ਇਜ਼ਰਾਈਲ ਉਤੇ ਕੀਤੇ ਗਏ ਹਮਲੇ ਮਗਰੋਂ ਮੁਲਕ ਦੇ ਉਸਾਰੀ ਸੈਕਟਰ 'ਚ ਵਰਕਰਾਂ ਦੀ ਕਮੀ ਹੋ ਗਈ ਹੈ ਜਿਸ ਨੂੰ ਪੂਰਨ ਲਈ ਭਾਰਤ ਦੇ ਲਗਭਗ 10,000 ਕਾਮੇ ਅਗਲੇ ਹਫ਼ਤੇ ਤੋਂ ਇੱਥੇ ਪਹੁੰਚਣੇ ਸ਼ੁਰੂ ਹੋ ਜਾਣਗੇ। ਇਜ਼ਰਾਈਲ ਦੀ ਬਿਲਡਰਜ਼ ਐਸੋਸੀਏਸ਼ਨ (ਆਈ.ਬੀ.ਏ.) ਦੇ ਇਕ ਸੂਤਰ ਨੇ ਖ਼ਬਰ ਏਜੰਸੀ ਨੂੰ ਦੱਸਿਆ ਕਿ ਹਫ਼ਤੇ ਵਿਚ 700 ਤੋਂ 1,000 ਦੇ ਬੈਚਾਂ ਵਿਚ ਵਰਕਰ ਇਥੇ ਪਹੁੰਚਣਗੇ।

ਗਾਜ਼ਾ ਵਿਚ ਹਮਾਸ ਨਾਲ ਜੰਗ ਮਗਰੋਂ ਫਲਸਤੀਨੀ ਮਜ਼ਦੂਰਾਂ ਦੇ ਇਜ਼ਰਾਈਲ ਵਿਚ ਦਾਖ਼ਲੇ ਤੇ ਪਾਬੰਦੀ ਲਾਉਣ ਅਤੇ ਕਈ ਹਜ਼ਾਰ ਹੋਰ ਵਿਦੇਸ਼ੀ ਵਰਕਰਾਂ ਦੇ ਮੁਲਕ 'ਚੋਂ ਜਾਣ ਕਾਰਨ ਇਜ਼ਰਾਇਲੀ ਨਿਰਮਾਣ ਉਦਯੋਗ ਡੂੰਘੇ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਇਜ਼ਰਾਈਲ ਦੇ ਬਿਜ਼ਨਸ ਅਖ਼ਬਾਰ 'ਦਿ ਕੈਲਕਲਿਸਟ' ਨੇ ਪਿਛਲੇ ਹਫ਼ਤੇ ਇਕ ਰਿਪੋਰਟ ਵਿਚ ਕਿਹਾ ਸੀ ਕਿ ਉਸਾਰੀ ਉਦਯੋਗ ਲਈ ਵਿਦੇਸ਼ੀ ਮਨੁੱਖੀ ਸ਼ਕਤੀ ਦਾ ਕੋਟਾ 30,000 ਤੋਂ ਵਧਾ ਕੇ 50,000 ਕਰ ਦਿੱਤਾ ਗਿਆ ਹੈ ਅਤੇ ਇਜ਼ਰਾਇਲੀ ਸਰਕਾਰ ਨੇ ਪਿਛਲੇ ਮਹੀਨੇ ਭਾਰਤ ਤੋਂ 10,000 ਵਰਕਰਾਂ ਨੂੰ ਮੁਲਕ 'ਚ ਆਉਣ ਦੀ ਮਨਜ਼ੂਰੀ ਦਿੱਤੀ ਸੀ। ਆਈ.ਬੀ.ਏ. ਦੇ ਸੂਤਰ ਨੇ ਖ਼ਬਰ ਏਜੰਸੀ ਕੋਲ ਪੁਸ਼ਟੀ ਕੀਤੀ ਕਿ ਅਖ਼ਬਾਰ ਦੀ ਰਿਪੋਰਟ ਦੇ ਵੇਰਵੇ ਸਹੀ ਹਨ। ਆਈ.ਬੀ.ਏ. ਮੈਕਸਿਕੋ, ਕੀਨੀਆ ਅਤੇ ਮਲਾਵੀ ਤੋਂ ਵੀ ਵਰਕਰਾਂ ਨੂੰ ਲਿਆਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਵਰਕਰਾਂ ਦੀ ਸਕਰੀਨਿੰਗ ਦਾ ਕੰਮ ਤਿੰਨ ਹਫ਼ਤੇ ਪਹਿਲਾਂ ਭਾਰਤ, ਸ੍ਰੀਲੰਕਾ ਅਤੇ ਉਜ਼ਬੇਕਿਸਤਾਨ ਵਿਚ ਸ਼ੁਰੂ ਹੋ ਗਿਆ ਸੀ। ਰਿਪੋਰਟ ਮੁਤਾਬਕ ਹੁਣ ਤੱਕ ਲਗਭਗ 8,000 ਕਰਮਚਾਰੀਆਂ ਦੀ ਜਾਂਚ ਕੀਤੀ ਗਈ ਹੈ ਅਤੇ ਕਰੀਬ 5,500 ਵਰਕਰਾਂ ਨੂੰ ਇਜ਼ਰਾਈਲ ਵਿਚ ਕੰਮ ਦੇ ਯੋਗ ਪਾਇਆ ਗਿਆ ਹੈ। ਭਾਰਤੀ ਉਸਾਰੀ ਕਾਮਿਆਂ ਨੂੰ ਮਾਹਿਰ ਮੰਨਿਆ ਜਾਂਦਾ ਹੈ ਅਤੇ ਉਨ੍ਹਾਂ ਵਿਚੋਂ ਬਹੁਤ ਸਾਰੇ ਪਹਿਲਾਂ ਖਾੜੀ ਮੁਲਕਾਂ ਵਿਚ ਨੌਕਰੀ ਕਰਦੇ ਸਨ। ਉਨ੍ਹਾਂ 'ਚੋਂ ਜ਼ਿਆਦਾਤਰ ਨੂੰ ਚੰਗੀ ਅੰਗਰੇਜ਼ੀ ਵੀ ਆਉਂਦੀ ਹੈ ਤੇ ਜਿਨ੍ਹਾਂ ਨੇ ਖਾੜੀ ਵਿਚ ਕੰਮ ਕੀਤਾ ਹੈ ਉਹ ਅਰਬੀ ਵੀ ਜਾਣਦੇ ਹਨ।

# ਅਮਰੀਕਾ 'ਚ ਚਾਰ ਭਾਰਤੀ ਵਿਦਿਆਰਥੀਆਂ ਦੀ ਮੌਤ ਪਿੱਛੋਂ ਫਿਕਰਮੰਦੀ

**ਨਵੀਂ ਦਿੱਲੀ:** ਅਮਰੀਕਾ 'ਚ ਚਾਰ ਭਾਰਤੀ ਵਿਦਿਆਰਥੀਆਂ ਦੀ ਉਪਰੋਥੱਲੀ ਮੌਤ ਨਾਲ ਵਿਦੇਸ਼ 'ਚ ਪੜ੍ਹਨ ਗਏ ਬੱਚਿਆਂ ਦੀ ਸੁਰੱਖਿਆ ਨੂੰ ਲੈ ਕੇ ਚਿੰਤਾ ਦਾ ਮਾਹੌਲ ਪੈਦਾ ਹੋ ਗਿਆ ਹੈ। ਗੁੱਸੇ 'ਚ ਆਏ ਲੋਕਾਂ ਨੇ ਮੰਗ ਕੀਤੀ ਹੈ ਕਿ ਭਾਰਤੀ ਵਿਦਿਆਰਥੀਆਂ ਦੀ ਸੁਰੱਖਿਆ ਲਈ ਨਿਰਦੇਸ਼ ਜਾਰੀ ਕੀਤੇ ਜਾਣ।

ਸਿਨਸਿਨਾਟੀ ਦੇ ਲਿੰਡਨਰ ਸਕੂਲ ਆਫ ਬਿਜ਼ਨਸ ਦੇ ਵਿਦਿਆਰਥੀ ਸ਼੍ਰੇਅਸ ਰੈਡੀ ਬੇਨਿਗਰੀ ਦੀ ਵੀਰਵਾਰ ਨੂੰ ਮੌਤ ਹੋਈ ਹੈ। ਬੀਤੇ ਇਕ ਮਹੀਨੇ 'ਚ ਚਾਰ ਭਾਰਤੀ ਵਿਦਿਆਰਥੀਆਂ ਦੀ ਮੌਤ ਹੋ ਚੁੱਕੀ ਹੈ। ਇਸ ਤੋਂ ਪਹਿਲਾਂ ਪਰਡਿਊ ਯੂਨੀਵਰਸਿਟੀ ਦੇ ਨੀਲ ਅਚਾਰਿਆ, ਜੌਰਜੀਆ 'ਚ ਐਮ.ਬੀ.ਏ. ਵਿਦਿਆਰਥੀ ਵਿਵੇਕ ਸੈਣੀ ਅਤੇ ਇਲੀਨੋਇਸ ਯੂਨੀਵਰਸਿਟੀ ਦੇ ਅਕੁਲ ਬੀ ਧਵਨ ਦੀ ਮੌਤ ਹੋ ਚੁੱਕੀ ਹੈ। ਸ਼੍ਰੇਅਸ ਦੀ ਮੌਤ ਮਗਰੋਂ ਨਿਊ ਯਾਰਕ 'ਚ ਭਾਰਤੀ ਕੌਂਸੁਲੇਟ ਨੇ ਕਿਹਾ ਕਿ ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਉਧਰ ਸੋਸ਼ਲ ਮੀਡੀਆ ਉਤੇ ਲੋਕਾਂ ਨੇ ਭਾਰਤੀ ਵਿਦਿਆਰਥੀਆਂ ਦੀ ਮੌਤ ਉਤੇ ਦੁੱਖ ਜ਼ਾਹਿਰ ਕਰਦਿਆਂ ਮੰਗ ਕੀਤੀ ਹੈ ਕਿ ਉਨ੍ਹਾਂ ਦੀ ਸੁਰੱਖਿਆ ਸਬੰਧੀ ਉਪਾਅ ਕੀਤੇ ਜਾਣੇ ਚਾਹੀਦੇ ਹਨ।

ਭਾਰਤੀ ਵਿਦੇਸ਼ ਮੰਤਰਾਲੇ ਨੇ ਕਿਹਾ ਹੈ ਕਿ ਪਿਛਲੇ ਪੰਜ ਸਾਲਾਂ ਦੌਰਾਨ ਵੱਖ-ਵੱਖ ਕਾਰਨਾਂ ਕਰਕੇ 34 ਮੁਲਕਾਂ 'ਚ 403 ਭਾਰਤੀ ਵਿਦਿਆਰਥੀਆਂ ਦੀ ਮੌਤ ਹੋ ਚੁੱਕੀ ਹੈ। ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਲੋਕ ਸਭਾ 'ਚ ਲਿਖਤੀ ਜਵਾਬ ਦੌਰਾਨ ਕਿਹਾ ਕਿ ਕੁਦਰਤੀ ਕਾਰਨਾਂ, ਹਾਦਸਿਆਂ ਅਤੇ ਸਿਹਤ ਵਿਗੜਨ ਸਮੇਤ ਹੋਰ ਕਾਰਨਾਂ ਕਰਕੇ ਭਾਰਤੀ ਵਿਦਿਆਰਥੀਆਂ ਦੀ ਵਿਦੇਸ਼ਾਂ 'ਚ ਮੌਤ ਹੋਈ ਹੈ। ਉਨ੍ਹਾਂ ਕਿਹਾ ਕਿ ਭਾਰਤੀ ਵਿਦਿਆਰਥੀਆਂ ਦੀ ਸਲਾਮਤੀ ਸਰਕਾਰ ਦੀ ਤਰਜੀਹ ਹੈ।

## ਆਸਟਰੇਲੀਆ: ਵਿਦਿਆਰਥੀਆਂ ਲਈ ਨਵੇਂ ਨੇਮਾਂ ਦੀ ਤਿਆਰੀ

**ਸਿਡਨੀ:** ਆਸਟਰੇਲੀਆ ਆਉਣ ਵਾਲੇ ਕੌਮਾਂਤਰੀ ਵਿਦਿਆਰਥੀਆਂ ਲਈ ਪ੍ਰਧਾਨ ਮੰਤਰੀ ਐਂਥਨੀ ਅਲਬਨੀਜ਼ ਸਰਕਾਰ ਵੱਲੋਂ ਨਵੇਂ ਨਿਯਮ ਬਣਾਏ ਜਾ ਰਹੇ ਹਨ ਜਿਨ੍ਹਾਂ ਨਾਲ ਉਨ੍ਹਾਂ ਦਾ ਮੁਲਕ 'ਚ ਪੱਕੇ ਤੌਰ ਉਤੇ ਵਸਣ ਦਾ ਰਾਹ ਪੱਧਰਾ ਹੋਵੇਗਾ। 'ਸਿਡਨੀ ਮੌਰਨਿੰਗ ਹੈਰਲਡ' ਦੀ ਰਿਪੋਰਟ 'ਚ ਇਹ ਖੁਲਾਸਾ ਕੀਤਾ ਗਿਆ ਹੈ। 'ਅਸਲ ਵਿਦਿਆਰਥੀ ਟੈਸਟ' ਵਿਦੇਸ਼ੀ ਵਿਦਿਆਰਥੀਆਂ ਨੂੰ ਬਿਹਤਰ ਢੰਗ ਨਾਲ ਫਿਲਟਰ ਕਰਦਾ ਹੈ ਜੋ ਦੇਸ਼ ਵਿੱਚ ਪੜ੍ਹਨ ਲਈ ਆਉਂਦੇ ਹਨ। ਸਰਕਾਰ ਦਾ ਇਹ ਨਿਯਮ ਯਕੀਨੀ ਬਣਾਉਂਦਾ ਹੈ ਕਿ ਵਿਦਿਆਰਥੀ ਪੜ੍ਹਾਈ ਖ਼ਤਮ ਹੋਣ ਮਗਰੋਂ ਆਪਣੇ ਵਤਨ ਪਰਤ ਜਾਣਗੇ ਪਰ ਹੁਣ ਉਹ ਇਹ ਮੱਦ ਖ਼ਤਮ ਕਰਨ ਜਾ ਰਹੀ ਹੈ। ਹੁਣ ਵਿਦਿਆਰਥੀਆਂ ਉਤੇ ਨਿਰਭਰ ਹੋਵੇਗਾ ਕਿ ਉਹ ਮੁਲਕ ਵਿਚ ਪੱਕੇ ਤੌਰ ਉਤੇ ਰਹਿਣ ਲਈ ਵੀਜ਼ਾ ਸ਼ਰਤਾਂ ਨਾਲ ਸਬੰਧਤ ਨਿਯਮਾਂ ਦਾ ਪਾਲਣ ਕਰਨ। ਲੇਬਰ ਸਰਕਾਰ ਨੇ ਪਿਛਲੇ ਵਿੱਤੀ ਵਰ੍ਹੇ ਦੌਰਾਨ ਰਿਕਾਰਡ 577,295 ਵਿਦਿਆਰਥੀ ਵੀਜ਼ੇ ਜਾਰੀ ਕੀਤੇ ਸਨ ਜਿਨ੍ਹਾਂ ਵਿਚ ਪੰਜਾਬੀ ਵਧੇਰੇ ਹਨ।

# ਬ੍ਰਿਟਿਸ਼ ਕੋਲੰਬੀਆ ਵਿਚ ਪ੍ਰਾਈਵੇਟ ਵਿੱਦਿਅਕ ਅਦਾਰਿਆਂ 'ਤੇ ਸਖਤੀ



**ਵੈਨਕੂਵਰ:** ਕੈਨੇਡਾ ਦੀ ਫੈਡਰਲ ਸਰਕਾਰ ਵੱਲੋਂ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ਸੀਮਤ ਕੀਤੇ ਜਾਣ ਮਗਰੋਂ ਸੂਬਾ ਸਰਕਾਰਾਂ ਵੀ ਹਰਕਤ 'ਚ ਆ ਗਈਆਂ ਹਨ। ਬ੍ਰਿਟਿਸ਼ ਕੋਲੰਬੀਆ ਸਰਕਾਰ ਵਿਚ ਉੱਚ ਸਿੱਖਿਆ ਮੰਤਰੀ ਸੈਲੀਨਾ ਰੌਬਿਨਸਨ ਨੇ ਕਿਹਾ ਹੈ ਕਿ ਹਰੇਕ ਵਿੱਦਿਅਕ ਸੰਸਥਾ ਦੀ ਅਚਾਨਕ ਜਾਂਚ ਯਕੀਨੀ ਬਣਾਈ ਜਾ ਰਹੀ ਹੈ ਜਦ ਕਿ ਪਹਿਲਾਂ ਇਹ ਜਾਂਚ ਸ਼ਿਕਾਇਤ ਮਿਲਣ ਉਤੇ ਹੀ ਕੀਤੀ ਜਾਂਦੀ ਸੀ। ਉਨ੍ਹਾਂ ਇਹ ਗੱਲ ਸਰੀ ਵਿਚ ਇਕ ਸਮਾਗਮ ਦੌਰਾਨ ਆਖੀ। ਸੈਲੀਨਾ ਨੇ ਕਿਹਾ, ''ਸੂਬੇ ਵਿਚਲੇ 280 ਨਿੱਜੀ ਕਾਲਜਾਂ ਨੂੰ ਹੁਣ ਵਿਦਿਆਰਥੀ ਦੀਆਂ ਲੋੜਾਂ ਲਈ ਲੋੜੀਂਦੇ ਸਾਧਨਾਂ ਦੇ ਪ੍ਰਬੰਧ ਵੇਖ ਕੇ ਸੀਮਤ ਦਾਖ਼ਲਿਆਂ ਦੀ ਆਗਿਆ ਦਿੱਤੀ ਜਾਵੇਗੀ ਤੇ ਗੁਮਰਾਹ ਕਰਨ ਵਾਲੇ ਅਦਾਰਿਆਂ ਨੂੰ ਤਾਲੇ ਜੜੇ ਜਾਣਗੇ।'' ਸਿੱਖਿਆ ਮੰਤਰੀ ਨੇ ਅਸਿੱਧੇ ਤੌਰ ਉਤੇ ਮੰਨਿਆ ਕਿ ਨਿੱਜੀ ਸਿੱਖਿਆ ਸੰਸਥਾਵਾਂ ਬੇਨਿਯਮੀਆਂ ਕਰਦੀਆਂ ਰਹੀਆਂ ਹਨ।

# ਨਰਕ ਵਰਗੀ ਜ਼ਿੰਦਗੀ ਭੋਗਣ ਮਗਰੋਂ ਬਹਿਰੀਨ ਤੋਂ ਪਰਤੀਆਂ ਪੰਜਾਬੀ ਮੁਟਿਆਰਾਂ

**ਮੋਗਾ:** ਬਿਹਤਰ ਜ਼ਿੰਦਗੀ ਦੀ ਆਸ ਵਿਚ ਮੋਗਾ ਤੋਂ ਬਹਿਰੀਨ ਗਈਆਂ ਤਿੰਨ ਮੁਟਿਆਰਾਂ ਉਥੇ ਇਕ ਸਾਲ ਤੱਕ ਨਰਕ ਵਰਗੀ ਜ਼ਿੰਦਗੀ ਭੋਗਣ ਮਗਰੋਂ ਆਖਰਕਾਰ ਪੰਜਾਬ ਆਪਣੇ ਘਰ ਪਰਤ ਆਈਆਂ ਹਨ। ਇਹ ਤਿੰਨੋਂ ਮੁਟਿਆਰਾਂ ਗਰੀਬ ਪਰਿਵਾਰਾਂ ਨਾਲ ਸਬੰਧ ਰੱਖਦੀਆਂ ਹਨ, ਜਿਨ੍ਹਾਂ ਦੇ ਮਾਤਾ-ਪਿਤਾ ਨੇ ਇਸ ਆਸ ਨਾਲ ਇਨ੍ਹਾਂ ਨੂੰ ਬਹਿਰੀਨ ਭੇਜਿਆ ਸੀ ਕਿ ਉਹ ਉੱਥੇ ਕਮਾਈ ਕਰ ਕੇ ਆਪਣਾ ਤੇ ਆਪਣੇ ਪਰਿਵਾਰ ਦਾ ਆਰਥਿਕ ਸਹਾਰਾ ਬਣ ਸਕਣਗੀਆਂ।

ਬਹਿਰੀਨ ਤੋਂ ਪਰਤੀਆਂ ਮੁਟਿਆਰਾਂ ਨੇ ਪੰਜਾਬ ਪਹੁੰਚ ਕੇ ਦੱਸਿਆ ਕਿ ਕਿਵੇਂ ਉਥੇ ਉਨ੍ਹਾਂ ਨੂੰ ਨਰਕ ਵਰਗੀ ਜ਼ਿੰਦਗੀ ਜਿਊਣ ਲਈ ਮਜਬੂਰ ਕੀਤਾ ਜਾਂਦਾ ਸੀ। ਉਨ੍ਹਾਂ ਦੱਸਿਆ ਕਿ ਬਹਿਰੀਨ ਪਹੁੰਚਣ ਮਗਰੋਂ ਉਨ੍ਹਾਂ ਨੂੰ ਤਿੰਨ ਵੱਖ-ਵੱਖ ਘਰਾਂ ਵਿਚ ਕੰਮ ਉਤੇ ਰੱਖਿਆ ਗਿਆ ਜਿੱਥੇ ਜਾਂਦੇ ਸਾਰ ਪਹਿਲਾਂ ਉਨ੍ਹਾਂ ਤੋਂ ਉਨ੍ਹਾਂ ਦੇ ਮੋਬਾਈਲ ਫੋਨ ਖੋਹ ਲਏ ਗਏ ਅਤੇ ਕਿਸੇ ਨਾਲ ਵੀ ਸੰਪਰਕ ਨਹੀਂ ਕਰਨ ਦਿੱਤਾ ਗਿਆ।

ਉਨ੍ਹਾਂ ਦੱਸਿਆ ਕਿ ਸਾਰਾ ਦਿਨ ਕੰਮ ਕਰਨ ਦੇ ਬਾਵਜੂਦ ਉਨ੍ਹਾਂ ਨੂੰ ਭਰ ਪੇਟ ਖਾਣਾ ਤੱਕ ਨਹੀਂ ਸੀ ਦਿੱਤਾ ਜਾਂਦਾ। ਉਨ੍ਹਾਂ ਇਹ ਵੀ ਦੱਸਿਆ ਕਿ ਜਿਨ੍ਹਾਂ ਲਈ ਉਹ ਕੰਮ ਕਰਦੀਆਂ ਸਨ, ਉਨ੍ਹਾਂ ਵੱਲੋਂ ਅਕਸਰ ਕੁੱਟਮਾਰ ਵੀ ਕੀਤੀ ਜਾਂਦੀ ਸੀ। ਉਨ੍ਹਾਂ ਨੂੰ ਜਾਨਵਰਾਂ ਵਾਂਗ ਛੋਟੇ ਭੀੜੇ ਕਮਰਿਆਂ ਵਿਚ ਰੱਖਿਆ ਜਾਂਦਾ ਸੀ। ਇਸ ਦੌਰਾਨ ਮੌਕਾ ਮਿਲਣ ਉਤੇ ਉਨ੍ਹਾਂ ਆਪਣੇ ਮਾਪਿਆਂ ਨਾਲ ਸੰਪਰਕ ਕੀਤਾ ਜਿਨ੍ਹਾਂ ਕੁਝ ਲੋਕਾਂ ਦੀ ਮਦਦ ਨਾਲ ਉਨ੍ਹਾਂ ਨੂੰ ਬਹਿਰੀਨ ਤੋਂ ਪੰਜਾਬ ਲਿਆਂਦਾ ਹੈ। ਆਪਣੇ ਕੌੜੇ ਤਜਰਬਿਆਂ ਤੋਂ ਸਹਿਮੀਆਂ ਹੋਈਆਂ ਇਨ੍ਹਾਂ ਮੁਟਿਆਰਾਂ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਆਪਣੀ ਆਰਥਿਕ ਹਾਲਤ ਨੂੰ ਸੁਧਾਰਨ ਲਈ ਬੱਚਿਆਂ ਨੂੰ ਹੋਰਨਾਂ ਦੇਸ਼ਾਂ ਵਿਚ ਨਾ ਭੇਜਣ। ਕਿਸੇ ਦੇ ਕਹਿਣ ਉਤੇ ਅਜਿਹੇ ਮੁਲਕਾਂ ਵਿਚ ਆਪਣੀਆਂ ਧੀਆਂ ਨੂੰ ਨਾ ਭੇਜਿਆ ਜਾਵੇ ਜਿੱਥੇ ਜਾ ਕੇ ਉਨ੍ਹਾਂ ਦੀ ਜਾਨ ਨੂੰ ਖ਼ਤਰਾ ਬਣ ਜਾਂਦਾ ਹੈ।

ਉਨ੍ਹਾਂ ਕਿਹਾ ਕਿ ਬੇਰੁਜ਼ਗਾਰੀ ਇਕ ਵੱਡਾ ਸਿਆਸੀ ਮੁੱਦਾ ਹੈ ਜਿਸ ਦਾ ਸਹਾਰਾ ਲੈ ਕੇ ਪਾਰਟੀਆਂ ਆਪਣੀਆਂ ਸਿਆਸੀ ਰੋਟੀਆਂ ਸੇਕਦੀਆਂ ਰਹਿੰਦੀਆਂ ਹਨ। ਵੱਡੀ ਗਿਣਤੀ ਬੇਰੁਜ਼ਗਾਰ ਨੌਜਵਾਨ ਸਰਕਾਰੀ ਨੌਕਰੀਆਂ ਲਈ ਵਾਰ ਵਾਰ ਅਪਲਾਈ ਕਰ ਕੇ ਪਰੇਸ਼ਾਨ ਹੋ ਚੁੱਕੇ ਹਨ ਅਤੇ ਅੰਦਰ ਤੱਕ ਟੁੱਟ ਚੁੱਕੇ ਹਨ। ਨੌਜਵਾਨ ਬੇਰੁਜ਼ਗਾਰੀ ਤੋਂ ਛੁਟਕਾਰਾ ਪਾਉਣ ਲਈ ਮਾਂ-ਪਿਓ ਦੀ ਜ਼ਮੀਨ-ਜਾਇਦਾਦ ਗਹਿਣੇ ਧਰ ਕੇ ਵਿਦੇਸ਼ਾਂ ਵਿਚ ਜਾ ਕੇ ਮਜ਼ਦੂਰੀ ਕਰਨ ਲਈ ਮਜਬੂਰ ਹੋ ਜਾਂਦੇ ਹਨ।

## ਕੁਝ ਵੀ ਹੋ ਜਾਵੇ, ਭਾਜਪਾ ਵਿਚ ਨਹੀਂ ਜਾਵਾਂਗਾ: ਕੇਜਰੀਵਾਲ

**ਨਵੀਂ ਦਿੱਲੀ:** ਦਿੱਲੀ ਦੇ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਨੇ ਦੋਸ਼ ਲਗਾਇਆ ਕਿ ਭਾਜਪਾ ਵੱਲੋਂ ਆਮ ਆਦਮੀ ਪਾਰਟੀ ਉਤੇ ਦਬਾਅ ਬਣਾਉਣ ਦੀ ਨੀਤੀ ਅਪਣਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਚਾਹੇ ਕੁਝ ਵੀ ਹੋ ਜਾਵੇ, ਉਹ ਭਾਜਪਾ ਵਿਚ ਸ਼ਾਮਲ ਨਹੀਂ ਹੋਣਗੇ।

ਉਨ੍ਹਾਂ ਦਾਅਵਾ ਕੀਤਾ ਕਿ ਉਨ੍ਹਾਂ ਨੂੰ ਭਾਜਪਾ 'ਚ ਸ਼ਾਮਲ ਹੋਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜਦੋਂ ਵੀ ਉਹ ਕੋਈ ਸ਼ੁੱਭ ਕੰਮ ਕਰਨ ਜਾਂਦੇ ਹਨ ਤਾਂ ਵਿਰੋਧੀ ਧਿਰ ਵਿਰੋਧ ਕਰਨ ਲਈ ਉਥੇ ਆਉਂਦੀ ਹੈ।

ਪੰਜਾਬ ਟਾਈਮਜ਼

*ਸ਼ਨਿਚਰਵਾਰ, 10 ਫਰਵਰੀ, 2024*

# ਸਿਆਸੀ ਨਿਘਾਰ

ਪਿਛਲੇ ਦਸ ਸਾਲਾਂ ਦੌਰਾਨ ਭਾਰਤ ਅੰਦਰ ਜਮਹੂਰੀਅਤ ਬਾਰੇ ਅਨੇਕ ਸਵਾਲ ਉਠਦੇ ਰਹੇ ਹਨ। ਹੁਣ ਜਿਹੜੇ ਸਵਾਲ ਸੁਪਰੀਮ ਕੋਰਟ ਨੇ ਚੰਡੀਗੜ੍ਹ ਵਿਚ ਮੇਅਰਾਂ ਦੀ ਚੋਣ ਵਾਲੇ ਕੇਸ ਵਿਚ ਉਠਾਏ ਹਨ, ਉਸ ਤੋਂ ਜ਼ਾਹਿਰ ਹੋ ਰਿਹਾ ਹੈ ਕਿ ਸਿਆਸੀ ਜਮਾਤਾਂ, ਖਾਸ ਕਰ ਕੇ ਜਿਹੜੀਆਂ ਸੱਤਾ ਉਤੇ ਕਾਬਜ਼ ਹਨ, ਲਈ ਜਮਹੂਰੀਅਤ ਦਾ ਕੋਈ ਮਤਲਬ ਨਹੀਂ ਰਹਿ ਗਿਆ। ਸੁਪਰੀਮ ਕੋਰਟ ਨੇ ਕੇਸ ਦੀ ਸੁਣਵਾਈ ਦੌਰਾਨ ਬਹੁਤ ਸਖਤ ਟਿੱਪਣੀਆਂ ਕੀਤੀਆਂ ਹਨ ਅਤੇ ਪ੍ਰੀਜ਼ਾਈਡਿੰਗ ਅਫਸਰ ਦੇ ਵਤੀਰੇ ਨੂੰ ਜਮਹੂਰੀਅਤ ਦਾ ਕਤਲ ਤੱਕ ਆਖਿਆ ਹੈ। ਸੁਪਰੀਮ ਕੋਰਟ ਨੇ ਕਿਹਾ ਹੈ ਕਿ ਚੋਣ ਕਰਾਉਣ ਦੀ ਜ਼ਿੰਮੇਵਾਰੀ ਜਿਸ ਰਿਟਰਨਿੰਗ ਅਫਸਰ ਦੀ ਸੀ, ਉਸ ਨੇ ਹੀ ਮਤ-ਪੱਤਰਾਂ ਨਾਲ ਛੇੜ-ਛਾੜ ਕੀਤੀ, ਅਜਿਹੇ ਸ਼ਖਸ ਖਿਲਾਫ ਮੁਕੱਦਮਾ ਚਲਾਇਆ ਜਾਣਾ ਚਾਹੀਦਾ ਹੈ। ਚੇਤੇ ਰਹੇ ਕਿ ਆਮ ਆਦਮੀ ਪਾਰਟੀ (ਆਪ) ਅਤੇ ਕਾਂਗਰਸ ਕੋਲ 20 (13+7) ਵੋਟਾਂ ਸਨ ਅਤੇ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰਾਂ ਨੂੰ 16 ਵੋਟਾਂ ਪਈਆਂ। ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰਾਂ ਨੂੰ ਜਿਤਾਉਣ ਖਾਤਰ ਰਿਟਰਨਿੰਗ ਅਫਸਰ ਨੇ ਆਮ ਆਦਮੀ ਪਾਰਟੀ ਅਤੇ ਕਾਂਗਰਸ ਗੱਠਜੋੜ ਦੀਆਂ ਅੱਠ ਵੋਟਾਂ ਰੱਦ ਕਰ ਦਿੱਤੀਆਂ। ਇਉਂ ਆਮ ਆਦਮੀ ਪਾਰਟੀ ਅਤੇ ਕਾਂਗਰਸ ਗੱਠਜੋੜ ਦੇ ਖਾਤੇ ਵਿਚ ਸਿਰਫ 12 ਵੋਟਾਂ ਹੀ ਪਈਆਂ। ਸੁਪਰੀਮ ਕੋਰਟ ਦੇ ਚੀਫ ਜਸਟਿਸ ਡੀ.ਵਾਈ. ਚੰਦਰਚੂੜ ਦੀ ਅਗਵਾਈ ਹੇਠ ਤਿੰਨ ਜੱਜਾਂ ਦੇ ਬੈਂਚ ਨੇ ਚੋਣ ਪ੍ਰਕਿਰਿਆ ਦੀ ਕਾਰਵਾਈ ਦੀ ਰਿਕਾਰਡਿੰਗ ਦੇਖਣ ਤੋਂ ਬਾਅਦ ਪ੍ਰੀਜ਼ਾਈਡਿੰਗ ਅਫਸਰ ਦੀ ਨੁਮਾਇੰਦਗੀ ਕਰ ਰਹੇ ਸੋਲੀਸਿਟਰ ਜਨਰਲ ਤੁਸ਼ਾਰ ਮਹਿਤਾ ਨੂੰ ਕਿਹਾ ਕਿ ਸੁਪਰੀਮ ਕੋਰਟ ਸਾਰੇ ਅਮਲ 'ਤੇ ਨਜ਼ਰ ਰੱਖ ਰਹੀ ਹੈ, ਇਉਂ ਜਮਹੂਰੀਅਤ ਦੀ ਹੱਤਿਆ ਨਹੀਂ ਹੋਣ ਦਿੱਤੀ ਜਾਵੇਗੀ, ਜੇ ਅਦਾਲਤ ਚੋਣ ਪ੍ਰਕਿਰਿਆ ਤੋਂ ਸੰਤੁਸ਼ਟ ਨਾ ਹੋਈ ਤਾਂ ਨਵੇਂ ਸਿਰਿਓਂ ਚੋਣਾਂ ਕਰਾਉਣ ਦਾ ਹੁਕਮ ਦਿੱਤਾ ਜਾਵੇਗਾ। ਬੈਂਚ ਨੇ ਅਗਲੀ ਪੇਸ਼ੀ ਮੌਕੇ ਰਿਟਰਨਿੰਗ ਅਫਸਰ ਨੂੰ ਵੀ ਪੇਸ਼ ਹੋਣ ਦਾ ਹੁਕਮ ਦਿੱਤਾ ਹੈ।

ਮਤਦਾਨ ਦੀ ਰਿਕਾਰਡਿੰਗ ਤੋਂ ਜ਼ਾਹਿਰ ਹੋ ਰਿਹਾ ਹੈ ਕਿ ਰਿਟਰਨਿੰਗ ਅਫ਼ਸਰ ਨੇ ਪੱਖਪਾਤ ਕੀਤਾ। ਨਿਸਚੇ ਹੀ ਉਸ ਖਿਲਾਫ਼ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ। ਉਂਝ, ਚੋਣਾਂ ਦੇ ਪ੍ਰਸੰਗ ਵਿਚ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਵੋਟਾਂ ਦੀ ਗਿਣਤੀ ਵਾਲੇ ਕਮਰੇ ਅੰਦਰ ਕੈਮਰੇ ਲੱਗੇ ਹੋਣ ਦੇ ਬਾਵਜੂਦ ਕੋਈ ਸ਼ਖਸ ਅਜਿਹੀ ਜੁਰਅਤ ਕਰ ਸਕਦਾ ਹੈ? ਜੇ ਉਸ ਨੇ ਇਹ ਜੁਰਅਤ ਕੀਤੀ ਹੈ ਤਾਂ ਇਸ ਦੇ ਪਿੱਛੇ ਕਿਹੜੀਆਂ ਤਾਕਤਾਂ ਹਨ? ਇਨ੍ਹਾਂ ਤਾਕਤਾਂ ਦਾ ਪਤਾ ਲਾਉਣਾ ਇਸ ਕਰ ਕੇ ਜ਼ਰੂਰੀ ਹੈ ਕਿਉਂਕਿ ਪਹਿਲਾਂ ਇਹੀ ਚੋਣਾਂ ਗਲਤ ਢੰਗ ਨਾਲ ਮੁਲਤਵੀ ਕੀਤੀਆਂ ਗਈਆਂ ਸਨ ਅਤੇ ਹਾਈ ਕੋਰਟ ਦੇ ਦਖਲ ਤੋਂ ਬਾਅਦ ਹੀ ਵੋਟਾਂ ਪੁਆਈਆਂ ਗਈਆਂ ਸਨ। ਅਸਲ ਵਿਚ ਭਾਰਤੀ ਜਨਤਾ ਪਾਰਟੀ ਨੂੰ ਇਹ ਪਤਾ ਸੀ ਕਿ ਅੰਕੜਿਆਂ ਦੇ ਹਿਸਾਬ ਨਾਲ ਇਸ ਦੀ ਜਿੱਤ ਸੰਭਵ ਨਹੀਂ। ਉਦੋਂ 22 ਜਨਵਰੀ ਨੂੰ ਰਾਮ ਮੰਦਰ ਦਾ ਉਦਘਾਟਨ ਹੋਣਾ ਸੀ। ਭਾਰਤੀ ਜਨਤਾ ਪਾਰਟੀ ਨਹੀਂ ਸੀ ਚਾਹੁੰਦੀ ਕਿ ਰਾਮ ਮੰਦਰ ਦੇ ਉਦਘਾਟਨ ਤੋਂ ਪਹਿਲਾਂ ਆਮ ਆਦਮੀ ਪਾਰਟੀ ਅਤੇ ਕਾਂਗਰਸ ਦੇ ਗੱਠਜੋੜ ਵਾਲੀ ਇਹ ਚੋਣ ਸਿਰੇ ਚੜ੍ਹੇ। ਇਸੇ ਕਰ ਕੇ ਚੋਣ ਨਾਲ ਸਬੰਧਿਤ ਅਧਿਕਾਰੀਆਂ ਦੀ ਬਿਮਾਰੀ ਦਾ ਬਹਾਨਾ ਲਾ ਕੇ ਮਿਥੇ ਦਿਨ 'ਤੇ ਚੋਣ ਟਾਲ ਦਿੱਤੀ ਗਈ। ਇਸ ਤੋਂ ਬਾਅਦ ਆਮ ਆਦਮੀ ਪਾਰਟੀ ਅਤੇ ਕਾਂਗਰਸ ਗੱਠਜੋੜ ਵੱਲੋਂ ਪੰਜਾਬ ਤੇ ਹਰਿਆਣਾ ਹਾਈਕੋਰਟ ਦਾ ਦਰਵਾਜ਼ਾ ਖੜਕਾਉਣ ਮਗਰੋਂ ਹੀ ਵੋਟਿੰਗ ਸੰਭਵ ਹੋ ਸਕੀ ਸੀ ਪਰ ਉਸ ਦਿਨ ਵੀ ਭਾਰਤੀ ਜਨਤਾ ਪਾਰਟੀ ਦੀ ਸ਼ਹਿ 'ਤੇ ਸਬੰਧਿਤ ਅਧਿਕਾਰੀ ਨੇ ਚੰਮ ਦੀਆਂ ਚਲਾਈਆਂ।

ਕੁਝ ਮਹੀਨਿਆਂ ਬਾਅਦ ਦੇਸ਼ ਵਿਚ ਲੋਕ ਸਭਾ ਚੋਣਾਂ ਹੋਣੀਆਂ ਹਨ। ਹੁਣ ਹਰ ਕਿਸੇ ਦਾ ਇਹੀ ਸਵਾਲ ਹੈ ਕਿ ਜਿਹੜੀ ਭਾਰਤੀ ਜਨਤਾ ਪਾਰਟੀ ਮੇਅਰ ਵਰਗੀ ਛੋਟੀ ਜਿਹੀ ਚੋਣ ਖਾਤਰ ਸਭ ਨੇਮ ਤਾਕ 'ਤੇ ਟੰਗ ਸਕਦੀ ਹੈ, ਉਹ ਲੋਕ ਸਭਾ ਚੋਣਾਂ ਚੋਣਾਂ ਜਿੱਤਣ ਲਈ ਕੀ ਕੁਝ ਨਹੀਂ ਕਰੇਗੀ? ਇਹ ਗੱਲ ਵਾਰ-ਵਾਰ ਸਾਬਤ ਹੋ ਰਹੀ ਹੈ ਕਿ ਭਾਰਤੀ ਜਨਤਾ ਪਾਰਟੀ ਆਪਣੀ ਸੱਤਾ ਦੇ ਸਿਰ 'ਤੇ ਮਨਮਰਜ਼ੀ ਕਰ ਰਹੀ ਹੈ। ਨੌਬਤ ਇਥੋਂ ਤੱਕ ਪਹੁੰਚ ਗਈ ਹੈ ਕਿ ਕੋਈ ਸ਼ਖਸ ਜਾਂ ਸੰਸਥਾ ਕੇਂਦਰ ਸਰਕਾਰ ਦੀ ਆਲੋਚਨਾ ਵੀ ਨਹੀਂ ਕਰ ਸਕਦਾ। ਆਲੋਚਨਾ ਕਰਨ ਵਾਲੇ ਨੂੰ ਕਿਸੇ ਨਾ ਕਿਸੇ ਕੇਸ ਵਿਚ ਫਸਾ ਲਿਆ ਜਾਂਦਾ ਹੈ। ਵਿਰੋਧੀ ਧਿਰ ਦੇ ਆਗੂਆਂ ਖਿਲਾਫ ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.), ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਜਾਂ ਹੋਰ ਏਜੰਸੀਆਂ ਦੇ ਛਾਪੇ ਮਰਵਾਏ ਜਾ ਰਹੇ ਹਨ। ਭਾਰਤੀ ਜਨਤਾ ਪਾਰਟੀ ਦੀ ਇਸ ਤਾਨਾਸ਼ਾਹ ਪਹੁੰਚ ਨੂੰ ਟੱਕਰ ਦੇਣ ਦੀ ਲੋੜ ਵਿਚੋਂ ਵਿਰੋਧੀ ਧਿਰਾਂ ਨੇ 'ਇੰਡੀਆ' ਗੱਠਜੋੜ ਬਣਾਇਆ ਸੀ। ਪਹਿਲਾਂ-ਪਹਿਲ ਜਾਪਦਾ ਸੀ ਕਿ ਲੋਕ ਸਭਾ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਨੂੰ ਟੱਕਰ ਦੇਣ ਲਈ ਤਕੜਾ ਮੰਚ ਉਸਰ ਰਿਹਾ ਹੈ ਪਰ ਮੁੱਖ ਵਿਰੋਧੀ ਧਿਰ, ਕਾਂਗਰਸ ਦੀਆਂ ਗਿਣਤੀਆਂ-ਮਿਣਤੀਆਂ ਨੇ ਸਾਰੀ ਖੇਡ ਵਿਗਾੜ ਦਿੱਤੀ ਅਤੇ ਹੌਲੀ-ਹੌਲੀ ਇਹ ਗੱਠਜੋੜ ਅਗਲੀ ਪੁਲਾਂਘ ਭਰਨ ਤੋਂ ਪਹਿਲਾਂ ਹੀ ਖਿੰਡ ਗਿਆ। ਕਾਂਗਰਸ ਚਾਹੁੰਦੀ ਸੀ ਕਿ ਗੱਠਜੋੜ ਦੀ ਸਮੁੱਚੀ ਕਮਾਂਡ ਇਹਦੇ ਕੋਲ ਰਹੇ ਪਰ ਖੇਤਰੀ ਪਾਰਟੀ ਨੂੰ ਇਹ ਮਨਜ਼ੂਰ ਨਹੀਂ ਸੀ। ਇਸੇ ਕਰ ਕੇ ਤ੍ਰਿਣਮੂਲ ਕਾਂਗਰਸ, ਆਮ ਆਦਮੀ ਪਾਰਟੀ ਅਤੇ ਕੁਝ ਹੋਰ ਪਾਰਟੀਆਂ ਨੇ ਆਪਣੇ ਮੂੰਹ ਭੁਆ ਲਏ। ਹੁਣ ਹਾਲ ਇਹ ਹੈ ਕਿ ਗੱਠਜੋੜ ਦੇ ਮੁੱਖ ਸੂਤਰਧਾਰਾਂ ਵਿਚੋਂ ਇਕ, ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ 'ਇੰਡੀਆ' ਨੂੰ ਛੱਡ ਕੇ ਭਾਰਤੀ ਜਨਤਾ ਪਾਰਟੀ ਨਾਲ ਜਾ ਰਲੇ ਹਨ। ਇਹ ਭਾਵੇਂ ਨਿਤੀਸ਼ ਕੁਮਾਰ ਦੀ ਪਹਿਲਾਂ ਵਾਂਗ ਸਿਰੇ ਦੀ ਮੌਕਾਪ੍ਰਸਤੀ ਹੀ ਹੈ ਪਰ ਗੱਠਜੋੜ ਸਿਆਸਤ ਦੇ ਪ੍ਰਸੰਗ ਵਿਚ ਕਾਂਗਰਸ ਦਾ ਵਿਹਾਰ ਵੀ ਸਵਾਲਾਂ ਦੇ ਘੇਰੇ ਵਿਚ ਹੈ। ਜੇ ਕਾਂਗਰਸ ਹੁਣ ਵੀ ਇਸ ਸਵਾਲ ਦੇ ਰੂ-ਬ-ਰੂ ਨਹੀਂ ਹੁੰਦੀ ਤਾਂ ਵਿਰੋਧੀ ਧਿਰ ਦਾ ਹੋਰ ਨੁਕਸਾਨ ਹੋਣਾ ਤੈਅ ਹੈ। ਕਾਂਗਰਸ ਅਜੇ ਵੀ ਭਾਰਤੀ ਜਨਤਾ ਪਾਰਟੀ ਖਿਲਾਫ ਮਜ਼ਬੂਤ ਵਿਰੋਧੀ ਧਿਰ ਉਸਾਰ ਸਕਦੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਅਦਾਲਤਾਂ 'ਤੇ ਆਸ

ਰਾਜ-ਮਦ ਦੇ ਨਸ਼ੇ ਵਿਚ ਚੂਰ ਹੋ ਕੇ ਮੱਤ-ਦਾਨ ਦੀ 'ਮੱਤ' ਵੀ ਮਾਰ ਦਿੰਦੇ।
ਧੱਕੇਸ਼ਾਹੀ ਕਰਵਾਉਂਦੇ ਨੇ ਚਮਚਿਆਂ ਤੋਂ ਜਿੱਤੇ ਹੋਇਆਂ ਦੇ ਤਾਈਂ ਵੀ ਹਾਰ ਦਿੰਦੇ।
'ਪੁੱਠ ਚਾੜ੍ਹਦੇ' ਧਰਮ ਦੀ ਚਤਰ ਬਣ ਕੇ ਪਸ਼ੂਆਂ ਵਾਂਗ ਹੀ ਲੋਕਾਂ ਨੂੰ ਚਾਰ ਦਿੰਦੇ।
ਕਹਿੰਦੇ ਰਹਿੰਦੇ ਨੇ ਦਿਆਂ ਗੇ ਫੁੱਲ ਸਭਨੂੰ ਹੁਕਮਰਾਨ ਬਣ ਕੇ ਐਪਰ 'ਖਾਰ' ਦਿੰਦੇ।
ਠੱਲ੍ਹ ਪਵੇ ਗੀ ਕਿੱਦਾਂ ਇਹ ਫਿਕਰ ਭਾਰੀ ਜਾ ਰਹੇ ਵਿਗੜਦੇ ਦੇਖ ਕੇ ਹਾਲਤਾਂ ਨੂੰ।
ਲੋਕ-ਰਾਜ ਦਾ ਕਤਲ ਜਦ ਹੋਣ ਲੱਗੇ ਹੋਣਾ ਚਾਹੀਦਾ 'ਸਖਤ' ਅਦਾਲਤਾਂ ਨੂੰ!

# ਭਾਨਾ ਸਿੱਧੂ ਮਾਮਲਾ: ਸਰਕਾਰ ਦਾ ਕਿਰਦਾਰ ਅਤੇ ਏਜੰਟਾਂ ਦੀ ਠੱਗੀ

***ਪੰਜਾਬ ਵਿਚ ਅੱਜ ਕੱਲ੍ਹ ਭਾਨਾ ਸਿੱਧੂ ਦਾ ਮਾਮਲਾ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਇਸ ਮਾਮਲੇ 'ਤੇ ਭਗਵੰਤ ਮਾਨ ਸਰਕਾਰ ਦੀ ਪਹੁੰਚ ਦੀ ਤਿੱਖੀ ਨੁਕਤਾਚੀਨੀ ਹੋ ਰਹੀ ਹੈ। ਨੌਜਵਾਨ ਪੱਤਰਕਾਰ ਨਵਕਿਰਨ ਸਿੰਘ ਪੱਤੀ ਨੇ ਇਸ ਬਾਬਤ ਸਮੁੱਚੇ ਹਾਲਾਤ ਬਾਰੇ ਚਰਚਾ ਆਪਣੇ ਇਸ ਲੇਖ ਵਿਚ ਕੀਤੀ ਹੈ।***

ਪਿਛਲੇ ਕਈ ਦਿਨਾਂ ਤੋਂ ਪੰਜਾਬ ਵਿਚ ਭਾਨਾ ਸਿੱਧੂ ਦੀ ਰਿਹਾਈ ਦਾ ਮਾਮਲਾ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਭਾਨਾ ਸਿੱਧੂ ਖਿਲਾਫ ਭਾਵੇਂ ਪੁਲਿਸ ਕਾਰਵਾਈ ਤਾਂ ਟਰੈਵਲ ਏਜੰਟਾਂ ਵਾਲੀਆਂ ਸ਼ਿਕਾਇਤਾਂ ਤਹਿਤ ਕੀਤੀ ਗਈ ਸੀ ਪਰ ਉਸ ਦੀ ਰਿਹਾਈ ਲਈ ਸੰਘਰਸ਼ ਕਰ ਰਹੇ ਨੌਜਵਾਨਾਂ/ਜਥੇਬੰਦੀਆਂ ਪ੍ਰਤੀ ਸਰਕਾਰ ਵੱਲੋਂ ਦਿਖਾਈ ਸਖਤੀ ਨੇ ਇਸ ਮਾਮਲੇ ਨੂੰ ਹੋਰ ਤੂਲ ਦੇ ਦਿੱਤਾ ਹੈ। ਭਾਨਾ ਸਿੱਧੂ ਦੇ ਸਮਰਥਕਾਂ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਸੰਗਰੂਰ ਰਿਹਾਇਸ਼ ਘੇਰਨ ਦੇ ਐਲਾਨ ਤਹਿਤ ਕੁਝ ਕਿਸਾਨ ਜਥੇਬੰਦੀਆਂ ਅਤੇ ਨੌਜਵਾਨਾਂ ਨੇ ਮੁੱਖ ਮੰਤਰੀ ਦੀ ਰਿਹਾਇਸ਼ ਤੋਂ ਕਰੀਬ ਡੇਢ ਕਿਲੋਮੀਟਰ ਦੂਰ ਬਠਿੰਡਾ-ਜ਼ੀਰਕਪੁਰ ਹਾਈਵੇਅ 'ਤੇ ਧਰਨਾ ਸ਼ੁਰੂ ਕਰ ਦਿੱਤਾ ਸੀ। ਲੋਕਾਂ ਦੇ ਦਬਾਅ ਕਾਰਨ ਪੁਲਿਸ ਪ੍ਰਸ਼ਾਸਨ ਨੂੰ ਭਾਨੇ ਸਿੱਧੂ ਦੀ ਇੱਕ ਹਫਤੇ ਦੇ ਅੰਦਰ-ਅੰਦਰ ਰਿਹਾਈ ਯਕੀਨੀ ਬਣਾਉਣ ਦਾ ਐਲਾਨ ਕਰਨਾ ਪਿਆ; ਹਾਲਾਂਕਿ ਸੰਗਰੂਰ ਧਰਨੇ ਤੋਂ ਦੋ ਦਿਨ ਪਹਿਲਾਂ ਬਰਨਾਲਾ ਵਿਚ ਸਿੱਧੂ ਦੇ ਸਮਰਥਕਾਂ ਅਤੇ ਪੁਲਿਸ ਵਿਚਕਾਰ ਹੋਈ ਮੀਟਿੰਗ 'ਚ ਵੀ ਲੱਗਭੱਗ ਇਸੇ ਤਰ੍ਹਾਂ ਦੀ ਤਜਵੀਜ਼ ਪੁਲਿਸ ਨੇ ਰੱਖੀ ਸੀ।



ਨਵਕਿਰਨ ਸਿੰਘ ਪੱਤੀ
ਈਮੇਲ: n4navkiran@gmail.com

ਹੁਣ ਸਾਡੇ ਲਈ ਇਹ ਸਮਝਣ ਦਾ ਮਾਮਲਾ ਹੈ ਕਿ ਇਹ ਸੱਚਮੁੱਚ ਇੰਨਾ ਵੱਡਾ ਮਾਮਲਾ ਸੀ ਜਾਂ ਸਰਕਾਰ ਦੇ ਰੁਖ ਕਾਰਨ ਇਹ ਮਾਮਲਾ ਵੱਡਾ ਬਣਿਆ ਹੈ।

ਬਰਨਾਲਾ ਜ਼ਿਲ੍ਹੇ ਦੇ ਕੋਟਦੁੱਨਾ ਦਾ ਵਸਨੀਕ ਭਾਨਾ ਸਿੱਧੂ ਯੂਟਿਊਬਰ ਹੈ। ਉਸ ਦੀ ਮਸ਼ਹੂਰੀ ਇਤਰਾਜ਼ਯੋਗ ਸ਼ਬਦਾਵਲੀ ਵਿਚ ਫਿਲਮਾਂ ਬਣਾਉਣ ਕਾਰਨ ਹੋਈ ਸੀ ਪਰ ਪਿਛਲੇ ਚਾਰ-ਪੰਜ ਸਾਲਾਂ ਤੋਂ ਉਸ ਵੱਲੋਂ ਲੋਕ ਮੁੱਦਿਆਂ 'ਤੇ ਸਰਕਾਰ ਖਿਲਾਫ ਲਏ ਸਟੈਂਡ ਕਰ ਕੇ ਹੋਈ, ਖਾਸਕਰ ਦਿੱਲੀ ਦੇ ਬਾਰਡਰਾਂ 'ਤੇ ਚੱਲੇ ਕਿਸਾਨ ਅੰਦੋਲਨ ਵਿਚ ਉਹ ਸਰਗਰਮ ਰਿਹਾ ਸੀ। ਸ਼ੁਰੂਆਤੀ ਦੌਰ ਵਿਚ ਉਸ ਦਾ ਆਮ ਆਦਮੀ ਪਾਰਟੀ ਅਤੇ ਭਗਵੰਤ ਮਾਨ ਪ੍ਰਤੀ ਝੁਕਾਅ ਵੀ ਨਜ਼ਰ ਆਉਂਦਾ ਰਿਹਾ ਹੈ ਪਰ 'ਆਪ' ਦੇ ਸੱਤਾ ਵਿਚ ਆਉਣ ਤੋਂ ਬਾਅਦ ਵਿਚ ਉਸ ਨੇ ਲੋਕ ਮਸਲਿਆਂ 'ਤੇ ਸਰਕਾਰ ਦੀ ਆਲੋਚਨਾ ਸ਼ੁਰੂ ਕਰ ਦਿੱਤੀ ਸੀ।

ਸੂਬੇ ਵਿਚ ਰੁਜਗਾਰ ਦੀ ਅਣਹੋਂਦ ਅਤੇ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਕਾਰਨ ਪੰਜਾਬ ਵਿਚੋਂ ਵੱਡੀ ਪੱਧਰ 'ਤੇ ਪਰਵਾਸ ਹੋ ਰਿਹਾ ਹੈ। ਲੋਕਾਂ ਅੰਦਰ ਕਿਸੇ ਵੀ ਢੰਗ ਤਰੀਕੇ ਨਾਲ ਵਿਦੇਸ਼ ਦੀ ਹੋੜ ਦਾ ਕੁਝ ਠੱਗ ਕਿਸਮ ਦੇ ਟਰੈਵਲ ਏਜੰਟਾਂ ਨੇ ਨਜਾਇਜ ਫਾਇਦਾ ਚੁੱਕਦਿਆਂ ਪੈਸੇ ਹੜੱਪ ਲਏ ਹਨ। ਪੁਲਿਸ ਲੋਕਾਂ ਦਾ ਸਾਥ ਦੇਣ ਦੀ ਬਜਾਇ ਟਰੈਵਲ ਏਜੰਟਾਂ ਦਾ ਸਾਥ ਦੇ ਰਹੀ ਹੈ। ਭਾਨਾ ਸਿੱਧੂ ਨੇ ਟਰੈਵਲ ਏਜੰਟਾਂ 'ਚ ਫਸੇ ਲੋਕਾਂ ਦੇ ਪੈਸੇ ਮੁੜਵਾਉਣ ਲਈ ਜੱਦੋਜਹਿਦ ਸ਼ੁਰੂ ਕੀਤੀ ਤਾਂ ਉਸ ਨੂੰ ਬਹੁਤ ਜ਼ਿਆਦਾ ਹੁੰਗਾਰਾ ਮਿਲਿਆ। ਭਾਨਾ ਸਿੱਧੂ ਦੀਆਂ ਪਿਛਲੇ ਸਮੇਂ ਕਈ ਅਜਿਹੀਆਂ ਵੀਡੀਓ ਵਾਇਰਲ ਹੋਈਆਂ ਜਿਨ੍ਹਾਂ ਵਿਚ ਉਹ ਸਖਤੀ ਭਰੇ ਲਹਿਜ਼ੇ ਨਾਲ ਟਰੈਵਲ ਏਜੰਟਾਂ ਨੂੰ ਫੋਨ ਕਰ ਕੇ ਲੋਕਾਂ ਦੇ ਪੈਸੇ ਵਾਪਸ ਕਰਨ ਲਈ ਕਹਿ ਰਿਹਾ ਸੀ। ਹੁਣ ਇਹ ਸਰਕਾਰ ਦੀ ਅਸਫਲਤਾ ਹੈ ਕਿ ਟਰੈਵਲ ਏਜੰਟਾਂ ਦੀ ਠੱਗੀ ਦਾ ਸ਼ਿਕਾਰ ਸੈਂਕੜੇ ਲੋਕ ਹਰ ਹਫਤੇ ਪੁਲਿਸ ਪ੍ਰਸ਼ਾਸਨ ਕੋਲ ਜਾਣ ਦੀ ਬਜਾਇ ਭਾਨਾ ਸਿੱਧੂ ਕੋਲ ਜਾ ਰਹੇ ਹਨ।

ਸਰਕਾਰ ਦੀ ਜ਼ਿੰਮੇਵਾਰੀ ਬਣਦੀ ਸੀ ਕਿ ਉਹ ਪ੍ਰਸ਼ਾਸਨ ਵਿਚ ਫੈਲੇ ਭ੍ਰਿਸ਼ਟਾਚਾਰ ਨੂੰ ਨੱਥ ਪਾਉਣ ਵੱਲ ਤੁਰਦਿਆਂ ਠੱਗੀ ਦਾ ਸ਼ਿਕਾਰ ਲੋਕਾਂ ਦੇ ਪੈਸੇ ਵਾਪਸ ਕਰਵਾਉਣ ਲਈ ਕੋਈ ਨੀਤੀ ਲੈ ਕੇ ਆਉਂਦੀ ਪਰ ਸਰਕਾਰ ਨੇ ਉਲਟਾ ਭਾਨਾ ਸਿੰਘ ਸਿੱਧੂ ਵਿਰੁੱਧ ਥੋੜ੍ਹੇ ਦਿਨਾਂ ਦੇ ਵਕਫੇ ਅੰਦਰ ਹੀ ਚਾਰ ਵੱਖ-ਵੱਖ ਅਪਰਾਧਿਕ ਮਾਮਲੇ ਦਰਜ ਕਰ ਦਿੱਤੇ।

ਪੁਲਿਸ ਨੇ ਭਾਨਾ ਸਿੱਧੂ ਨੂੰ ਪਹਿਲਾਂ ਲੁਧਿਆਣਾ ਵਿਖੇ ਟਰੈਵਲ ਏਜੰਸੀ ਚਲਾਉਣ ਵਾਲੀ ਔਰਤ ਤੋਂ 10 ਹਜ਼ਾਰ ਰੁਪਏ ਦੀ ਮੰਗ ਕਰਨ ਦੇ ਕੇਸ ਵਿਚ ਗ੍ਰਿਫਤਾਰ ਕੀਤਾ ਸੀ। ਇਸ ਕੇਸ ਵਿਚੋਂ ਉਸ ਨੂੰ 25 ਜਨਵਰੀ ਨੂੰ ਜ਼ਮਾਨਤ ਮਿਲਣ ਤੋਂ ਬਾਅਦ ਪੁਲਿਸ ਨੇ 26 ਜਨਵਰੀ ਨੂੰ ਪਟਿਆਲਾ ਵਿਖੇ ਨਵੀਂ ਐਫ.ਆਈ.ਆਰ. ਦਰਜ ਕਰ ਦਿੱਤੀ। ਜੇਲ੍ਹ ਵਿਚੋਂ ਰਿਹਾਈ ਤੋਂ ਠੀਕ ਪਹਿਲਾਂ ਪਟਿਆਲਾ ਪੁਲਿਸ ਨੇ ਉਸ ਨੂੰ ਮਲੇਰਕੋਟਲਾ ਜੇਲ੍ਹ ਤੋਂ ਆਪਣੀ ਹਿਰਾਸਤ ਵਿਚ ਲੈ ਲਿਆ।

ਭਾਨਾ ਸਿੱਧੂ ਖਿਲਾਫ ਦਰਜ ਪਹਿਲੇ ਕੇਸ ਸਮੇਂ ਲੋਕ ਐਨੇ ਭੜਕੇ ਨਹੀਂ ਸਨ ਬਲਕਿ ਦੂਜੇ ਕੇਸ ਦਰਜ ਕਰਨ ਨਾਲ ਲੋਕਾਂ ਵਿਚ ਇਹ ਗੱਲ ਗਈ ਕਿ ਪੁਲਿਸ ਜਾਣ-ਬੁੱਝ ਕੇ ਉਸ ਨੂੰ ਇਸ ਕਰ ਕੇ ਝੂਠਾ ਕੇਸਾਂ ਵਿਚ ਫਸਾ ਰਹੀ ਹੈ ਕਿਉਂਕਿ ਉਹ ਸਰਕਾਰ ਦਾ ਸਖਤ ਆਲੋਚਕ ਹੈ। ਜਦ ਪੁਲਿਸ ਨੇ ਭਾਨਾ ਸਿੱਧੂ ਖਿਲਾਫ ਤੀਜਾ ਕੇਸ 26 ਜਨਵਰੀ ਨੂੰ ਫਾਜ਼ਿਲਕਾ ਵਿਖੇ ਇਮੀਗ੍ਰੇਸ਼ਨ ਸੈਂਟਰ ਚਲਾਉਣ ਵਾਲੇ ਵਿਅਕਤੀ ਦੀ ਸ਼ਿਕਾਇਤ 'ਤੇ ਦਰਜ ਕਰ ਦਿੱਤਾ ਤਾਂ ਲੋਕ ਭਾਨਾ ਸਿੱਧੂ ਦੇ ਹੱਕ ਵਿਚ ਲਾਮਬੰਦ ਹੋਣ ਲੱਗੇ।

ਅਸਲ ਵਿਚ ਭਾਨੇ ਸਿੱਧੂ ਦੇ ਪੱਖ ਵਿਚ 29 ਜਨਵਰੀ ਨੂੰ ਕੋਟਦੁੱਨੇ ਅਤੇ 3 ਫਰਵਰੀ ਨੂੰ ਸੰਗਰੂਰ ਵਿਖੇ ਹੋਇਆ ਇਕੱਠ ਲਈ ਭਾਨਾ ਜ਼ਰੀਆ ਜ਼ਰੂਰ ਬਣਿਆ ਪਰ ਹਕੀਕੀ ਰੂਪ ਵਿਚ ਇਹ 'ਆਪ' ਸਰਕਾਰ ਖਿਲਾਫ ਲੋਕ ਰੋਹ ਦਾ ਪ੍ਰਗਟਾਵਾ ਸੀ। ਲੋਕਾਂ ਦੇ ਮਨਾਂ ਵਿਚ ਇਹ ਲੜੀ ਜੁੜੀ ਕਿ ਭਗਵੰਤ ਮਾਨ ਸਰਕਾਰ ਲੋਕਾਂ ਦੇ ਮਸਲੇ ਹੱਲ ਕਰਨ ਦੀ ਬਜਾਇ ਆਪਣੇ ਆਲੋਚਕਾਂ ਖਿਲਾਫ ਝੂਠੇ ਕੇਸ ਦਰਜ ਕਰਦੀ ਹੈ। ਪੁਲਿਸ ਨੇ ਅਜਿਹਾ ਹੀ ਵਿਹਾਰ ਭਗਵੰਤ ਮਾਨ ਦੇ ਕੱਟੜ ਅਲੋਚਕ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨਾਲ ਕੀਤਾ ਸੀ ਕਿ ਹਾਈਕੋਰਟ ਨੇ ਜਦ 4 ਜਨਵਰੀ ਨੂੰ ਡਰੱਗ ਮਾਮਲੇ 'ਚ ਸੁਖਪਾਲ ਸਿੰਘ ਖਹਿਰਾ ਨੂੰ ਜ਼ਮਾਨਤ ਦਿੱਤੀ ਸੀ ਤਾਂ ਪੁਲਿਸ ਨੇ ਉਸੇ ਦਿਨ ਨਵਾਂ ਕੇਸ ਦਰਜ ਕਰ ਕੇ ਖਹਿਰਾ ਨੂੰ ਜੇਲ੍ਹ ਭੇਜ ਦਿੱਤਾ ਸੀ।

ਭਗਵੰਤ ਮਾਨ ਸਰਕਾਰ ਦਾ ਕਿਰਦਾਰ ਇਹ ਹੈ ਕਿ ਇਹਨਾਂ ਸੂਬੇ ਦੇ ਮਸਲੇ ਹੱਲ ਕਰਨ ਵੱਲ ਉੱਕਾ ਹੀ ਧਿਆਨ ਨਹੀਂ ਦਿੱਤਾ ਹੈ, ਉਲਟਾ ਮੋਦੀ ਸਰਕਾਰ ਵਾਂਗ ਇਹ ਸੋਸ਼ਲ ਮੀਡੀਆ ਸਮੇਤ ਹਰ ਤਰ੍ਹਾਂ ਦਾ ਮੀਡੀਆ ਮੁੱਠੀ ਵਿਚ ਕਰਨ ਦੀ ਨੀਤੀ ਅਖਤਿਆਰ ਕੀਤੀ ਹੋਈ ਹੈ। ਸਰਕਾਰ ਵੱਲੋਂ ਆਪਣੀ ਆਲੋਚਨਾ ਸਹਿਣ ਕਰਨ ਦੀ ਬਜਾਇ ਉਂਗਲੀ ਉਠਾਉਣ ਵਾਲਿਆਂ ਖਿਲਾਫ ਝੂਠੇ ਕੇਸ ਦਰਜ ਕੀਤੇ ਜਾ ਰਹੇ ਹਨ ਜਿਸ ਦੀ ਉਦਾਹਰਨ ਸਰਕਾਰ ਦਾ ਤਾਜ਼ਾ ਮਾਮਲੇ ਵਿਚ ਵਿਹਾਰ ਹੈ।

ਭਾਜਪਾ ਤੇ 'ਆਪ' ਸਰਕਾਰ ਦੀ ਕਾਰਜਨੀਤੀ ਜ਼ਿਆਦਾਤਰ ਮਾਮਲਿਆਂ ਵਿਚ ਮੇਲ ਖਾਂਦੀ ਹੈ, ਜਿਵੇਂ ਭਾਜਪਾ ਨਰਿੰਦਰ ਮੋਦੀ ਦੀ ਆਲੋਚਨਾ ਨਹੀਂ ਸੁਣਨਾ ਚਾਹੁੰਦੀ, ਉਸੇ ਤਰ੍ਹਾਂ 'ਆਪ' ਅਰਵਿੰਦ ਕੇਜਰੀਵਾਲ ਤੇ ਭਗਵੰਤ ਮਾਨ ਖਿਲਾਫ ਕੁੱਝ ਵੀ ਸੁਣਨਾ ਨਹੀਂ ਚਾਹੁੰਦੀ ਹੈ। ਜਿੱਥੇ ਪੰਜਾਬ ਵਿਚ ਭਗਵੰਤ ਮਾਨ ਦੇ ਅਲੋਚਕਾਂ ਦੀਆਂ ਗ੍ਰਿਫਤਾਰੀਆਂ ਕੀਤੀਆਂ ਜਾ ਰਹੀਆਂ ਹਨ, ਉੱਥੇ ਹੀ ਇਸੇ ਸਰਕਾਰ ਨੇ ਕੇਜਰੀਵਾਲ ਖਿਲਾਫ ਕਥਿਤ ਬਿਆਨ ਦੇਣ ਦੇ ਮਾਮਲੇ ਵਿਚ ਅਪਰੈਲ 2022 ਵਿਚ ਕੁਮਾਰ ਵਿਸ਼ਵਾਸ ਅਤੇ ਅਲਕਾ ਲਾਂਬਾ ਦੇ ਖਿਲਾਫ ਕੇਸ ਦਰਜ ਕਰ ਦਿੱਤਾ ਸੀ।

ਧਰਨਾ, ਰੈਲੀ, ਅੰਦੋਲਨ, ਰੋਸ ਪ੍ਰਦਰਸ਼ਨ ਕਰਨਾ ਹਰ ਨਾਗਰਿਕ ਦਾ ਅਧਿਕਾਰ ਹੈ। ਆਮ ਆਦਮੀ ਪਾਰਟੀ ਦਾ ਤਾਂ ਜਨਮ ਹੀ ਅੰਨਾ ਹਜ਼ਾਰੇ ਦੀ ਅਗਵਾਈ ਵਾਲੇ ਅੰਦੋਲਨ ਵਿਚੋਂ ਹੋਇਆ ਸੀ ਲੇਕਿਨ ਸਿਤਮਜ਼ਰੀਫੀ ਇਹ ਹੈ ਕਿ ਭਾਨਾ ਸਿੱਧੂ ਦੀ ਰਿਹਾਈ ਲਈ ਸੰਗਰੂਰ ਵਿਖੇ ਲੱਗਣ ਵਾਲਾ ਧਰਨਾ ਰੋਕਣ ਲਈ ਪੁਲਿਸ ਵੱਲੋਂ ਗ੍ਰਿਫਤਾਰੀਆਂ, ਘਰਾਂ ਵਿਚ ਨਜ਼ਰਬੰਦੀ, ਕਈ ਜ਼ਿਲ੍ਹਿਆਂ ਦੀ ਪੁਲਿਸ ਲਾ ਕੇ ਸਿਰਫ ਬੇਲੋੜੀ ਦਹਿਸ਼ਤ ਪੈਦਾ ਕਰਨ ਦੀ ਕੋਸ਼ਿਸ਼ ਹੀ ਨਹੀਂ ਕੀਤੀ ਗਈ ਬਲਕਿ ਆਮ ਮਾਮਲੇ ਨੂੰ ਬੇਲੋੜਾ ਤੂਲ ਦਿੱਤਾ ਹੈ।

ਵੈਸੇ ਭਾਨਾ ਸਿੱਧੂ ਦੀ ਇਹ ਕੋਈ ਪਹਿਲੀ ਗ੍ਰਿਫਤਾਰੀ ਨਹੀਂ ਹੈ ਬਲਕਿ ਉਸ ਨੂੰ ਬਰਨਾਲਾ ਪੁਲਿਸ ਨੇ ਮਈ 2023 ਵਿਚ ਵੀ ਗ੍ਰਿਫਤਾਰ ਕੀਤਾ ਸੀ ਜਦੋਂ ਉਸ ਨੇ ਇੱਕ ਪੁਲਿਸ ਮੁਲਾਜ਼ਮ ਖਿਲਾਫ ਮੰਦੀ ਸ਼ਬਦਾਵਲੀ ਵਾਲਾ ਕਥਿਤ ਵੀਡੀਓ ਪੋਸਟ ਕੀਤੀ ਸੀ।

ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਭਾਨਾ ਸਿੱਧੂ ਖਿਲਾਫ ਦਰਜ ਕੀਤੇ ਪੁਲਿਸ ਕੇਸ ਫਰਜ਼ੀ ਹਨ। ਪੁਲਿਸ ਦੇ ਏ.ਡੀ.ਜੀ.ਪੀ. ਪੱਧਰ ਦੇ ਅਫਸਰਾਂ ਵੱਲੋਂ ਭਾਨਾ ਸਿੱਧੂ ਸਮਰਥਕਾਂ ਨੂੰ ਭਾਨਾ ਸਿੱਧੂ ਦੀ ਹਫਤੇ ਵਿਚ ਰਿਹਾਈ ਦਾ ਭਰੋਸਾ ਦਿਵਾਉਣ ਦਾ ਮਤਲਬ ਸਾਫ ਹੈ ਕਿ ਇਹ ਸਾਰਾ ਕੁੱਝ ਪੁਲਿਸ ਦਾ ਕੀਤਾ ਕਰਾਇਆ ਹੈ। ਭਾਨੇ ਸਿੱਧੂ ਦੀ ਬੋਲਬਾਣੀ ਤੇ ਪੈਸੇ ਵਾਪਸ ਕਰਵਾਉਣ ਦੇ ਢੰਗ ਤਰੀਕੇ ਵਿਚ ਨੁਕਸ ਤਾਂ ਹਨ ਪਰ ਉਹ ਚੋਰੀ ਚੋਰੀ ਜਾਂ ਬਲੈਕਮੇਲਿੰਗ ਨਹੀਂ ਕਰ ਸਕਦਾ; ਭਾਵ, ਝੂਠੇ ਕੇਸ ਵਿਚ ਭਾਨਾ ਸਿੱਧੂ ਦੀ ਗ੍ਰਿਫਤਾਰੀ ਹੀ ਸਰਕਾਰ ਦੀ ਗਲਤ ਕਾਰਵਾਈ ਹੈ।

ਇਹ ਵੀ ਸੱਚ ਹੈ ਕਿ ਜਨਤਕ ਜਥੇਬੰਦਕ ਢਾਂਚੇ ਬਗੈਰ ਇਹਨਾਂ ਮਾਮਲਿਆਂ ਦੇ ਸਥਾਈ ਹੱਲ ਸੰਭਵ ਨਹੀਂ ਹਨ। ਠੱਗ ਟਰੈਵਲ ਏਜੰਟਾਂ ਦਾ ਗਰੋਹ ਕੌਮਾਂਤਰੀ ਪੱਧਰ ਦਾ ਹੈ, ਇੱਕਾ-ਦੁੱਕਾ ਟਰੈਵਲ ਏਜੰਟਾਂ ਨੂੰ ਧਮਕਾਉਣ ਨਾਲ ਜਾਂ ਦੋ-ਚਾਰ ਪੀੜਤਾਂ ਦੇ ਪੈਸੇ ਵਾਪਸ ਕਰਵਾਉਣ ਨਾਲ ਮਾਮਲੇ ਦਾ ਸਥਾਈ ਹੱਲ ਨਹੀਂ ਹੋ ਸਕਦਾ ਹੈ। ਮਾਮਲੇ ਦੇ ਸਥਾਈ ਹੱਲ ਲਈ ਪਹਿਲਾਂ ਤਾਂ 'ਹਰ ਨੌਜਵਾਨ ਨੂੰ ਸੂਬੇ ਵਿਚ ਸਥਾਈ ਰੁਜ਼ਗਾਰ ਮਿਲੇ' ਇਸ ਲਈ ਸਰਕਾਰ ਖਿਲਾਫ ਸੰਘਰਸ਼ ਕਰਨਾ ਹੋਵੇਗਾ, ਦੂਜਾ ਸਰਕਾਰ 'ਤੇ ਇਹ ਦਬਾਅ ਬਣਾਉਣਾ ਹੋਵੇਗਾ ਕਿ ਉਹ ਟਰੈਵਲ ਏਜੰਟਾਂ ਖਿਲਾਫ ਕੇਸ ਦਰਜ ਕਰ ਕੇ ਪੀੜਤਾਂ ਦੇ ਪੈਸੇ ਦਾ ਭੁਗਤਾਨ ਕਰਵਾਏ।

ਅਸਲ ਵਿਚ ਸਰਕਾਰ ਚਾਹੁੰਦੀ ਹੈ ਕਿ ਲੋਕ ਬੇਰੁਜ਼ਗਾਰੀ, ਨਸ਼ਿਆਂ, ਮਾੜੀਆਂ ਸਿਹਤ ਸਹੂਲਤਾਂ ਜਿਹੇ ਮੁੱਦਿਆਂ 'ਤੇ ਸੰਘਰਸ਼ ਦੀ ਬਜਾਇ ਘਚੋਲੇ ਵਿਚ ਪਏ ਰਹਿਣ। ਪਿਛਲੀਆਂ ਸਰਕਾਰਾਂ ਦੌਰਾਨ ਜਦ ਮੁਲਾਜ਼ਮ ਆਪਣੀਆਂ ਮੰਗਾਂ ਲਈ ਸੰਘਰਸ਼ ਵਿੱਢਦੇ ਤਾਂ ਸੰਘਰਸ਼ ਦੇ ਦਰਮਿਆਨ ਸਰਕਾਰ ਉਹਨਾਂ ਦੇ ਆਗੂਆਂ ਖਿਲਾਫ ਝੂਠੇ ਪੁਲਿਸ ਕੇਸ ਦਰਜ ਕਰਵਾ ਦਿੰਦੀ ਤਾਂ ਕਿ ਸੰਘਰਸ਼ ਦਾ ਮੁੱਖ ਨਿਸ਼ਾਨਾ ਮੰਗਾਂ ਮਨਵਾਉਣ ਦੀ ਬਜਾਇ ਪੁਲਿਸ ਕੇਸ ਰੱਦ ਕਰਵਾਉਣਾ ਬਣ ਜਾਵੇ ਪਰ ਮੌਜੂਦਾ ਸਰਕਾਰ ਉਹਨਾਂ ਤੋਂ ਵੀ ਇੱਕ ਕਦਮ ਅੱਗੇ ਜਾ ਕੇ ਲੋਕ ਮੁੱਦਿਆਂ 'ਤੇ ਸੰਘਰਸ਼ ਉੱਠਣ ਤੋਂ ਪਹਿਲਾਂ ਹੀ ਝੂਠੇ ਕੇਸ ਦਰਜ ਕਰ ਕੇ ਹਕੀਕੀ ਮਾਮਲਿਆਂ ਨੂੰ ਧਿਲਕਾ ਰਹੀ ਹੈ।

ਆਮ ਆਦਮੀ ਪਾਰਟੀ ਦਾ ਕੋਈ ਠੋਸ ਜਥੇਬੰਦਕ ਤਾਣਾ ਨਹੀਂ ਹੈ, ਇਸ ਦਾ ਉਭਾਰ ਸੋਸ਼ਲ ਮੀਡੀਆ ਰਾਹੀਂ ਹੋਇਆ ਹੈ। ਇਸੇ ਕਰ ਕੇ ਇਹ ਸੋਸ਼ਲ ਮੀਡੀਆ 'ਤੇ ਹੁੰਦੀ ਆਲੋਚਨਾ ਤੋਂ ਹੀ ਡਰ ਜਾਂਦੀ ਹੈ। ਲੋਕ 'ਆਪ' ਤੋਂ ਬੁਰੀ ਤਰ੍ਹਾਂ ਅੱਕ ਚੁੱਕੇ ਹਨ ਤੇ ਕੋਈ ਹਕੀਕੀ ਬਦਲ ਲੋਕਾਂ ਨੂੰ ਨਜ਼ਰ ਨਹੀਂ ਆ ਰਿਹਾ ਹੈ, ਇਸ ਕਰ ਕੇ ਸੋਸ਼ਲ ਮੀਡੀਆ 'ਤੇ ਸਰਗਰਮ ਕੁੱਝ ਚਿਹਰੇ ਲੋਕਾਂ ਵਿਚ 'ਆਪ' ਦਾ ਬਦਲ ਬਣਨ ਲਈ ਕਾਹਲੇ ਨਜ਼ਰ ਆ ਰਹੇ ਹਨ, ਅਜਿਹੇ ਵਿਚ ਲੋਕ ਪੱਖੀ ਧਿਰਾਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਠੋਸ ਮੁੱਦੇ ਉਭਾਰ ਕੇ ਜਨਤਕ ਲਾਮਬੰਦੀ ਕਰਨ।

# ਭੁੱਲੇ-ਵਿਸਰੇ ਨੇਲੀ ਕਤਲੇਆਮ ਦੇ 41 ਵਰ੍ਹੇ

*18 ਫਰਵਰੀ 1983 ਦੇ ਦਿਨ ਹਜੂਮ ਨੇ ਅਸਾਮ ਦੇ ਮੌਰੀਗਾਓਂ ਜ਼ਿਲ੍ਹੇ ਵਿਚ ਨੇਲੀ ਅਤੇ ਨਾਲ ਲੱਗਦੇ 14 ਪਿੰਡਾਂ ਦੇ 2000 ਤੋਂ ਵੱਧ ਮੁਸਲਮਾਨਾਂ ਨੂੰ ਕਤਲ ਕਰ ਕੇ ਛੇ-ਸੱਤ ਘੰਟਿਆਂ 'ਚ ਲਾਸ਼ਾਂ ਹੀ ਲਾਸ਼ਾਂ ਵਿਛਾ ਦਿੱਤੀਆਂ ਸਨ। ਸਰਕਾਰੀ ਅੰਕੜਿਆਂ ਅਨੁਸਾਰ ਮਰਨ ਵਾਲਿਆਂ ਦੀ ਗਿਣਤੀ 2091, ਗੈਰ-ਸਰਕਾਰੀ ਅੰਦਾਜ਼ਿਆਂ ਅਨੁਸਾਰ 7000 ਤੋਂ ਵੱਧ ਸੀ। ਮਾਰੇ ਜਾਣ ਵਾਲੇ ਬੰਗਾਲੀ ਮੂਲ ਦੇ ਮੁਸਲਮਾਨ ਸਨ ਅਤੇ ਕਤਲੇਆਮ ਨੂੰ ਅੰਜਾਮ ਦੇਣ ਵਾਲੇ ਸਥਾਨਕ ਅਸਾਮੀ ਤੇ ਹੋਰ ਸਥਾਨਕ ਭਾਈਚਾਰਿਆਂ ਦਾ ਹਜੂਮ ਸੀ ਜੋ ਤਲਵਾਰਾਂ, ਖੰਜਰਾਂ, ਚਾਕੂਆਂ, ਤ੍ਰਿਸ਼ੂਲਾਂ ਅਤੇ ਪੈਟਰੋਲ ਨਾਲ ਲੈਸ ਸੀ।*

ਭਾਰਤ ਵਿਚ ਧਾਰਮਿਕ ਘੱਟਗਿਣਤੀਆਂ ਦੇ ਕਤਲੇਆਮ ਦੀ ਗੱਲ ਕਰਦਿਆਂ ਆਮ ਤੌਰ 'ਤੇ ਸਿੱਖਾਂ ਦੇ ਕਤਲੇਆਮ (1984), ਬਾਬਰੀ ਮਸਜਿਦ ਢਾਹੇ ਜਾਣ ਤੋਂ ਬਾਅਦ ਮੁਸਲਮਾਨਾਂ ਦੇ ਕਤਲੇਆਮ (1992) ਅਤੇ ਫਿਰ ਗੁਜਰਾਤ ਵਿਚ ਮੁਸਲਮਾਨਾਂ ਦੇ ਕਤਲੇਆਮ (2002) ਦੀਆਂ ਮਿਸਾਲਾਂ ਦਿੱਤੀਆਂ ਜਾਂਦੀਆਂ ਹਨ ਪਰ ਚਾਰ ਦਹਾਕੇ ਪਹਿਲਾਂ ਹੋਏ ਨੇਲੀ ਕਤਲੇਆਮ ਨੂੰ ਇਸ ਤਰ੍ਹਾਂ ਭੁਲਾ ਦਿੱਤਾ ਗਿਆ ਹੈ ਜਿਵੇਂ ਇਹ ਹੋਇਆ ਹੀ ਨਾ ਹੋਵੇ। ਹਾਲਾਂਕਿ ਇਹ ਅਜਿਹਾ ਪਹਿਲਾਂ ਕਤਲੇਆਮ ਹੋਣ ਦੇ ਨਾਲ-ਨਾਲ ਆਪਣੀ ਹੌਲਨਾਕ ਵਿਆਪਕਤਾ ਪੱਖੋਂ ਦੇਖਿਆਂ ਬਹੁਤ ਵੱਡਾ ਕਤਲੇਆਮ ਵੀ ਸੀ। ਜੇ ਮੁਲਕ ਦੇ ਲੋਕ ਇਸ ਕਤਲੇਆਮ ਪ੍ਰਤੀ ਮਨੁੱਖੀ ਸੰਵੇਦਨਸ਼ੀਲ ਦਿਖਾ ਕੇ ਭਾਰਤੀ ਹੁਕਮਰਾਨਾਂ ਅਤੇ ਇਸ ਲਈ ਜ਼ਿੰਮੇਵਾਰ ਹੋਰ ਸਮਾਜ ਵਿਰੋਧੀ ਤਾਕਤਾਂ ਨੂੰ ਜਵਾਬਦੇਹ

ਬੂਟਾ ਸਿੰਘ ਮਹਿਮੂਦਪੁਰ
ਫੋਨ: +91-94634-74342

ਬਣਾਉਂਦੇ ਤਾਂ ਸ਼ਾਇਦ ਧਾਰਮਿਕ ਘੱਟਗਿਣਤੀਆਂ ਤੇ ਹੋਰ ਹਾਸ਼ੀਆਗ੍ਰਸਤ ਹਿੱਸਿਆਂ ਦੇ ਉਹ ਹੌਲਨਾਕ ਕਾਂਡ ਉਸ ਪੈਮਾਨੇ 'ਤੇ ਨਾ ਵਾਪਰਦੇ ਜਿਵੇਂ ਅਗਲੇ ਦਹਾਕਿਆਂ 'ਚ ਹਕੂਮਤਾਂ ਦੀ ਰਾਜਸੀ ਤੇ ਰਾਜਕੀ ਪੁਸ਼ਤ-ਪਨਾਹੀ ਨੇ ਬੇਖ਼ੌਫ਼ ਹੋ ਕੇ ਨੰਗਾ ਨਾਚ ਨੱਚਿਆ।

41 ਸਾਲ ਪਹਿਲਾਂ 18 ਫਰਵਰੀ 1983 ਦੇ ਦਿਨ ਇਕ ਵੱਡੇ ਹਜੂਮ ਨੇ ਅਸਾਮ ਦੇ ਕੇਂਦਰੀ ਜ਼ਿਲ੍ਹੇ, ਮੌਰੀਗਾਓਂ ਵਿਚ ਨੇਲੀ ਤੇ ਇਸ ਦੇ ਨਾਲ ਲੱਗਦੇ 14 ਪਿੰਡਾਂ ਦੇ 2000 ਤੋਂ ਵੱਧ ਮੁਸਲਮਾਨਾਂ ਨੂੰ ਬੇਹੱਦ ਕਰੂਰਤਾ ਨਾਲ ਕਤਲ ਕਰ ਕੇ ਛੇ-ਸੱਤ ਘੰਟਿਆਂ 'ਚ ਲਾਸ਼ਾਂ ਹੀ ਲਾਸ਼ਾਂ ਵਿਛਾ ਦਿੱਤੀਆਂ ਸਨ। ਸਰਕਾਰੀ ਅੰਕੜਿਆਂ ਅਨੁਸਾਰ ਮਰਨ ਵਾਲਿਆਂ ਦੀ ਗਿਣਤੀ 2091, ਜਦਕਿ ਗੈਰਸਰਕਾਰੀ ਅੰਦਾਜ਼ਿਆਂ ਅਨੁਸਾਰ 7000 ਤੋਂ ਵੱਧ ਸੀ। ਮਾਰੇ ਜਾਣ ਵਾਲੇ ਬੰਗਾਲੀ ਮੂਲ ਦੇ ਮੁਸਲਮਾਨ ਸਨ ਅਤੇ ਕਤਲੇਆਮ ਨੂੰ ਅੰਜਾਮ ਦੇਣ ਵਾਲੇ ਸਥਾਨਕ ਅਸਾਮੀ ਤੇ ਹੋਰ ਸਥਾਨਕ ਭਾਈਚਾਰਿਆਂ ਦੇ ਹਜੂਮ ਸਨ ਜੋ ਤਲਵਾਰਾਂ, ਖੰਜਰਾਂ, ਚਾਕੂਆਂ, ਤ੍ਰਿਸ਼ੂਲਾਂ ਅਤੇ ਪੈਟਰੋਲ ਨਾਲ ਲੈਸ ਸਨ। ਹਮਲਾਵਰ ਹਜੂਮ ਸਧਾਰਨ ਰੋਜ਼ਮੱਰਾ ਕੰਮਾਂ ਕਾਰਾਂ 'ਚ ਲੱਗੇ ਇਨ੍ਹਾਂ ਨਿਹੱਥੇ, ਬੇਖ਼ਬਰ ਮੁਸਲਮਾਨਾਂ ਉੱਪਰ ਉਸੇ ਤਰ੍ਹਾਂ ਟੁੱਟ ਪਏ ਜਿਵੇਂ ਇਸ ਤਰ੍ਹਾਂ ਦੇ ਕਤਲੇਆਮਾਂ ਨੂੰ ਅੰਜਾਮ ਦੇਣ ਸਮੇਂ ਆਮ ਹੀ ਵਾਪਰਦਾ ਹੈ। ਘੁੱਗ ਵਸਦੇ ਘਰ ਵੱਢੀਆਂ-ਟੁੱਕੀਆਂ ਲਾਸ਼ਾਂ ਅਤੇ ਰਾਖ ਦੇ ਢੇਰਾਂ 'ਚ ਬਦਲ ਦਿੱਤੇ ਗਏ।

ਚੋਣਾਂ ਕਰਾਉਣ ਲਈ ਸੀ.ਆਰ.ਪੀ.ਐੱਫ. ਦੀਆਂ ਚਾਰ ਸੌ ਕੰਪਨੀਆਂ ਅਤੇ ਭਾਰਤੀ ਫ਼ੌਜ ਦੇ 11 ਨੰਬਰ ਬ੍ਰਿਗੇਡ ਦੀ ਵਿਆਪਕ ਤਾਇਨਾਤੀ ਵੀ ਨਿਤਾਣੇ ਹਿੱਸਿਆਂ ਨੂੰ ਕੋਈ ਸੁਰੱਖਿਆ ਨਹੀਂ ਦੇ ਸਕੀ। ਪੱਤਰਕਾਰ ਅਰੁਣ ਸ਼ੋਰੀ, ਜੋ ਬਾਅਦ ਵਿਚ ਭਾਰਤ ਦੇ ਵੱਡੇ ਪੱਤਰਕਾਰ ਬਣੇ ਅਤੇ ਹਕੂਮਤ ਦਾ ਹਿੱਸਾ ਵੀ ਬਣੇ, ਦੀ ਖੋਜ ਭਰਪੂਰ ਰਿਪੋਰਟ (ਇੰਡੀਆ ਟੂਡੇ, ਅੰਕ 15 ਮਾਰਚ 1983) ਨੇ ਖ਼ੁਲਾਸਾ ਕੀਤਾ ਸੀ ਕਿ ਪੁਲਿਸ ਨੂੰ ਘਟਨਾ ਦੇ ਕਤਲੇਆਮ ਤੋਂ ਤਿੰਨ ਦਿਨ ਪਹਿਲਾਂ ਹੀ ਹੋਣ ਵਾਲੇ ਹਮਲੇ ਦੀ ਖ਼ਾਸ ਜਾਣਕਾਰੀ ਸੀ। ਹਮਲੇ ਨੂੰ ਰੋਕਣ ਲਈ ਕੋਈ ਪੇਸ਼ਬੰਦੀ ਨਹੀਂ ਕੀਤੀ ਗਈ। ਜਦੋਂ ਕਤਲੇਆਮ ਸ਼ੁਰੂ ਹੋ ਗਿਆ, ਓਦੋਂ ਵੀ ਰਾਜ ਮਸ਼ੀਨਰੀ ਨੇ ਇਸ ਨੂੰ ਨਿਰਵਿਘਨ ਹੋਣ ਦਿੱਤਾ। ਅਰੁਣ ਸ਼ੋਰੀ ਨੇ ਆਪਣੀ ਰਿਪੋਰਟ ਵਿਚ ਲਿਖਿਆ ਹੈ ਕਿ ਸਵੇਰ ਨੂੰ ਹਮਲੇ ਦੀਆਂ ਇਤਲਾਹਾਂ ਮਿਲ ਜਾਣ ਦੇ ਬਾਵਜੂਦ ਪੁਲਿਸ ਅਤੇ ਨੀਮ-ਫ਼ੌਜੀ ਦਸਤੇ ਤਿੰਨ ਵਜੇ ਦੁਪਹਿਰ ਤੋਂ ਪਹਿਲਾਂ ਉੱਥੇ ਨਹੀਂ ਪਹੁੰਚੇ ਜਿਸ ਇਲਾਕੇ ਵਿਚ ਵੱਢ-ਟੁੱਕ ਅਤੇ ਸਾੜ-ਫੂਕ ਕੀਤੀ ਜਾ ਰਹੀ ਸੀ।

ਮਾਕਿਕਾ ਕਿਮੂਰਾ ਨੇ ਆਪਣੇ ਅਧਿਐਨ 'ਦਿ ਨੇਲੀ ਮੈਸੇਕਰ ਆਫ 1983' ਵਿਚ ਜੋ ਮੁੱਖ ਤੌਰ 'ਤੇ ਜੁਰਮ ਨੂੰ ਅੰਜਾਮ ਦੇਣ ਵਾਲੇ ਭਾਈਚਾਰਿਆਂ ਦੇ ਮੈਂਬਰਾਂ ਨਾਲ ਇੰਟਰਵਿਊਆਂ 'ਤੇ ਆਧਾਰਿਤ ਹੈ, ਜ਼ਿਕਰ ਕੀਤਾ ਹੈ ਕਿ ਅਜਿਹੀਆਂ ਅਫ਼ਵਾਹਾਂ ਦੀ, ਜਿਨ੍ਹਾਂ ਨੂੰ ਆਲ ਅਸਾਮ ਸਟੂਡੈਂਟਸ ਯੂਨੀਅਨ ਦੇ ਕਾਰਕੁਨਾਂ ਨੇ ਵਾਜਬੀਅਤ ਮੁਹੱਈਆ ਕੀਤੀ, ਹਜੂਮਾਂ ਨੂੰ ਕਰੂਰ ਕਤਲੇਆਮ ਲਈ ਭੜਕਾਉਣ ਅਤੇ ਲਾਮਬੰਦ ਕਰਨ 'ਚ ਚੋਖੀ ਭੂਮਿਕਾ ਸੀ ਕਿ ਮੁਸਲਮਾਨ ਤਿਵਾ ਲੋਕਾਂ ਦੇ ਪਿੰਡਾਂ ਉੱਪਰ ਹਮਲੇ ਕਰਨ ਦੀ ਤਿਆਰੀ 'ਚ ਹਨ ਅਤੇ ਤਿਵਾ ਔਰਤਾਂ ਦੇ ਬਲਾਤਕਾਰ ਕੀਤੇ ਗਏ ਹਨ।



Feb. 23, 1983

# Toll Exceeds 3,000 In India Violence

NELLIE, India (UPI) — More than 2,000 Bengali immigrants, mostly women and children, were massacred in the weekend attack on villages in the northeastern state of Assam, survivors said today.

The survivors' accounts pushed the unofficial death toll from 23 straight days of violence in troubled Assam to more than 3,000 people.

The Lalung tribes object to Bengali immigrants occupying land in Assam state, about 1,000 miles east of New Delhi.

Thousands of troops patrolled the state yesterday in a bid to avert further bloodshed.

Many of the Assamese population of 9 million were protesting residence and voting rights granted an estimated 6 million Bengali immigrants.

Prime Minister Indira Ghandi, whose Congress-I Party was winning the weeklong staggered elections that triggered the violence on Feb. 1, appealed to Indians to strengthen unity and preserve the

ਉਪਰੋਕਤ ਕਤਲੇਆਮਾਂ ਤੋਂ ਇਲਾਵਾ, ਪਿਛਲੇ ਕਈ ਮਹੀਨਿਆਂ ਤੋਂ ਮਨੀਪੁਰ ਵਿਚ ਕੁਕੀ ਭਾਈਚਾਰੇ ਵਿਰੁੱਧ ਜਾਰੀ ਮੈਤੇਈ ਹਿੰਸਾ, ਖ਼ਾਸ ਕਰਕੇ ਔਰਤਾਂ ਵਿਰੁੱਧ ਦਿਲ-ਕੰਬਾਊ ਜਿਨਸੀ ਹਿੰਸਾ ਨੂੰ ਜਾਇਜ਼ ਠਹਿਰਾਉਣ ਲਈ ਅਜਿਹੀਆਂ ਅਫ਼ਵਾਹਾਂ ਗਿਣ-ਮਿੱਥ ਕੇ ਫੈਲਾਈਆਂ ਗਈਆਂ ਅਤੇ ਇਹ ਹਿੰਸਾ ਨੂੰ ਅੰਜਾਮ ਦੇਣ ਵਾਲੇ ਭਾਈਚਾਰੇ ਦੇ ਵੱਡੇ ਹਿੱਸੇ ਦੀ ਸੋਚ ਦਾ ਹਿੱਸਾ ਵੀ ਬਣੀਆਂ।

ਸਿੱਖ ਕਤਲੇਆਮ (1984) ਜਾਂ ਗੁਜਰਾਤ ਕਤਲੇਆਮ (2002) 'ਚ ਮਜ਼ਲੂਮ ਘੱਟਗਿਣਤੀਆਂ ਨੂੰ ਨਿਆਂ ਨਹੀਂ ਮਿਲਿਆ ਅਤੇ ਇਨ੍ਹਾਂ ਯੋਜਨਾਬੱਧ ਕਤਲੇਆਮ ਦੇ ਅਸਲ ਯੋਜਨਾਘਾੜਿਆਂ ਨੂੰ ਕਾਨੂੰਨੀ ਕਾਰਵਾਈ ਦਾ ਸਾਹਮਣਾ ਨਹੀਂ ਕਰਨਾ ਪਿਆ। ਇਸ ਦੇ ਬਾਵਜੂਦ ਬਹੁਤ ਸਾਰੇ ਕੇਸ ਦਰਜ ਹੋਏ ਅਤੇ ਬਹੁਤ ਸਾਰੇ ਕਾਤਲਾਂ ਨੂੰ ਮੁਕੱਦਮਿਆਂ ਦਾ ਸਾਹਮਣਾ ਕਰਨਾ ਪਿਆ। ਕੁਝ ਕੁ ਨੂੰ ਸਜ਼ਾਵਾਂ ਵੀ ਹੋਈਆਂ। ਪਰ ਨੇਲੀ ਕਤਲੇਆਮ ਦੀ ਖ਼ਾਸੀਅਤ ਇਹ ਹੈ ਕਿ ਇਸ ਕਤਲੇਆਮ ਦੇ ਇਕ ਵੀ ਵਿਅਕਤੀ ਨੂੰ ਮੁਕੱਦਮੇ ਦਾ ਸਾਹਮਣਾ ਨਹੀਂ ਕਰਨਾ ਪਿਆ ਕਿਉਂਕਿ ਇਹ 'ਗੈਰਕਾਨੂੰਨੀ ਬਦੇਸ਼ੀਆਂ' ਦਾ ਕਤਲੇਆਮ ਸੀ। ਮੁਸਲਮਾਨ ਹੋਣਾ ਤਾਂ ਐਸਾ ਗੁਨਾਹ ਮੰਨਿਆ ਜਾਂਦਾ ਹੈ ਜਿਸ ਨੂੰ ਵਾਜਬ ਠਹਿਰਾਉਣ ਲਈ ਫਿਰਕੂ ਜ਼ਹਿਨੀਅਤ ਦੇ ਡੰਗੇ ਸਾਡੇ ਸਮਾਜ ਨੇ ਅਣਗਿਣਤ ਦਲੀਲਾਂ ਘੜ ਰੱਖੀਆਂ ਹਨ। ਨਾਗਰਿਕ ਸਮਾਜ ਨੇ ਵੀ ਇਸ ਕਤਲੇਆਮ ਦਾ ਗੰਭੀਰਤਾ ਨਾਲ ਨੋਟਿਸ ਨਹੀਂ ਲਿਆ।

ਇਸ ਕਤਲੇਆਮ ਦੀ ਜਾਂਚ ਲਈ ਨਿਯੁਕਤ ਕੀਤੇ ਤਿਵਾੜੀ ਕਮਿਸ਼ਨ ਦੀ 600 ਪੰਨਿਆਂ ਦੀ ਰਿਪੋਰਟ ਅੱਜ ਵੀ ਗੁਪਤ ਹੈ। ਇਹ ਰਿਪੋਰਟ 1984 'ਚ ਅਸਾਮ ਸਰਕਾਰ ਨੂੰ ਸੌਂਪੀ ਗਈ ਸੀ। ਇਸ ਕਰਕੇ, ਇਹ ਵੀ ਸਾਹਮਣੇ ਨਹੀਂ ਆਇਆ ਕਿ ਜਾਂਚ ਕਮਿਸ਼ਨ ਨੇ ਐਨੇ ਵੱਡੇ ਕਤਲੇਆਮ ਲਈ ਕਿਸ ਨੂੰ ਦੋਸ਼ੀ ਠਹਿਰਾਇਆ, ਇਸ ਦੀ ਯੋਜਨਾਬੰਦੀ ਕਰਨ ਅਤੇ ਇਸ ਨੂੰ ਅੰਜਾਮ ਦੇਣ ਵਾਲੀਆਂ ਤਾਕਤਾਂ ਕੌਣ ਸਨ।

ਇਹ ਕਤਲੇਆਮ ਕੋਈ ਚਾਣਚੱਕ ਵਾਪਰਿਆ, ਸਧਾਰਨ ਕਤਲ ਕਾਂਡ ਨਹੀਂ ਸੀ। ਇਹ ਆਲ ਅਸਾਮ ਸਟੂਡੈਂਟਸ ਯੂਨੀਅਨ-ਆਲ ਅਸਾਮ ਗਣ ਸੰਗਰਾਮ ਪ੍ਰੀਸ਼ਦ ਵੱਲੋਂ ਉੱਥੇ 'ਬਦੇਸ਼ੀ ਨਾਗਰਿਕਾਂ' ਵਿਰੁੱਧ ਵਿੱਢੇ ਅੰਦੋਲਨ ਦੌਰਾਨ ਸਿਰਜੇ ਮਾਹੌਲ ਵਿਚ ਵਾਪਰਿਆ ਸੀ। ਅੰਦੋਲਨ ਦੀ ਮੰਗ ਸੀ ਕਿ 'ਗੈਰਕਾਨੂੰਨੀ ਬਦੇਸ਼ੀਆਂ' ਦੀ ਸ਼ਨਾਖ਼ਤ ਕਰ ਕੇ ਉਨ੍ਹਾਂ ਨੂੰ ਬਾਹਰ ਕੱਢਿਆ ਜਾਵੇ। ਇਹ ਵੀ ਕਿ ਜਦੋਂ ਤੱਕ 'ਬਦੇਸ਼ੀ ਨਾਗਰਿਕਾਂ' ਦੇ ਨਾਮ ਵੋਟਰ ਸੂਚੀਆਂ ਵਿੱਚੋਂ ਕੱਢ ਨਹੀਂ ਦਿੱਤੇ ਜਾਂਦੇ ਉਦੋਂ ਤੱਕ ਚੋਣਾਂ ਨਾ ਕਰਾਈਆਂ ਜਾਣ। ਕੇਂਦਰ ਸਰਕਾਰ ਨੇ 'ਹੱਲ' ਪੇਸ਼ ਕੀਤਾ ਕਿ ਮਾਰਚ 1971 ਤੋਂ ਬਾਅਦ ਰਾਜ ਵਿਚ ਦਾਖ਼ਲ ਹੋਣ ਵਾਲੇ ਆਵਾਸੀਆਂ ਨੂੰ ਵੋਟ ਦਾ ਹੱਕ ਨਹੀਂ ਦਿੱਤਾ ਜਾਵੇਗਾ ਪਰ ਅਸਾਮ ਦੇ ਰਾਜਨੀਤਕ ਗਰੁੱਪਾਂ ਨੂੰ ਇਹ 'ਹੱਲ' ਮਨਜ਼ੂਰ ਨਹੀਂ ਸੀ, ਉਹ ਇਸ ਤੋਂ ਪਹਿਲਾਂ ਦੀ ਸਮਾਂ ਹੱਦ ਤੈਅ ਕਰਨ ਦੀ ਮੰਗ ਕਰ ਰਹੇ ਸਨ। ਇਸ ਤੋਂ ਇਲਾਵਾ, ਅਸਾਮ ਦੇ ਬਹੁਨਸਲੀ-ਸੱਭਿਆਚਾਰਕ ਸਮਾਜ ਵਿਚ ਹੋਰ ਵਿਰੋਧ ਅਤੇ ਟਕਰਾਵੇਂ ਹਿਤ ਵੀ ਸਨ ਜਿਵੇਂ ਲਾਲੁੰਗ ਆਦਿਵਾਸੀਆਂ 'ਚ ਫੈਲੀ ਇਹ ਬੇਚੈਨੀ ਕਿ ਉਨ੍ਹਾਂ ਦੀ ਜ਼ਮੀਨ ਉੱਪਰ ਬੰਗਾਲੀ ਮੂਲ ਦੇ ਆਵਾਸੀਆਂ ਦਾ ਕਬਜ਼ਾ ਹੁੰਦਾ ਜਾ ਰਿਹਾ ਹੈ। ਕੇਂਦਰ ਸਰਕਾਰ ਨੇ ਕੁਝ ਗਰੁੱਪਾਂ ਦੇ ਤਿੱਖੇ ਵਿਰੋਧ ਦੇ ਬਾਵਜੂਦ ਆਪਣੀਆਂ ਚੋਣ ਗਿਣਤੀਆਂ-ਮਿਣਤੀਆਂ ਅਨੁਸਾਰ ਅਤੇ ਫ਼ੌਜੀ ਤੇ ਨੀਮ-ਫ਼ੌਜੀ ਤਾਕਤ ਦੇ ਜ਼ੋਰ, 1983 'ਚ ਵਿਧਾਨ ਸਭਾ ਚੋਣਾਂ ਕਰਾਉਣ ਦਾ ਐਲਾਨ ਕਰ ਦਿੱਤਾ। ਆਲ ਅਸਾਮ ਸਟੂਡੈਂਟਸ ਯੂਨੀਅਨ ਨੇ ਚੋਣਾਂ ਦਾ ਬਾਈਕਾਟ ਕੀਤਾ। ਬੰਗਾਲੀ ਹਿੰਦੂ ਤੇ ਮੁਸਲਮਾਨ ਅਤੇ ਬੋਰੋ ਆਦਿਵਾਸੀਆਂ ਦੀ ਜਥੇਬੰਦੀ (ਪਲੇਨ ਟਰਾਈਬਲ ਕਾਊਂਸਲ ਆਫ ਅਸਾਮ), ਜੋ ਅਸਾਮੀ ਬੋਲਬਾਲੇ ਦੇ ਵਿਰੁੱਧ ਸੀ, ਨੇ ਚੋਣਾਂ ਦੀ ਹਮਾਇਤ ਕੀਤੀ। ਇੰਝ, ਫਿਰਕੂ ਟਕਰਾਅ ਦੀ ਮੁੱਖ ਜ਼ਿੰਮੇਵਾਰ ਕਾਂਗਰਸ ਦੀ 'ਪਾੜੋ ਤੇ ਰਾਜ ਕਰੋ' ਦੀ ਨੀਤੀ ਸੀ, ਜੋ ਓਦੋਂ ਕੇਂਦਰ ਅਤੇ ਅਸਾਮ ਦੋਹਾਂ 'ਚ ਸੱਤਾਧਾਰੀ ਸੀ ਅਤੇ ਜਿਸ ਦਾ ਇੱਕੋਇਕ ਨਿਸ਼ਾਨਾ ਮਸਲੇ ਦਾ ਤਰਕਪੂਰਨ ਹੱਲ ਕੱਢਣ ਤੇ ਕਮਜ਼ੋਰ ਹਿੱਸਿਆਂ ਲਈ ਸੁਰੱਖਿਅਤ ਮਾਹੌਲ ਮੁਹੱਈਆ ਕਰਨ ਦੀ ਬਜਾਏ ਸੱਤਾ ਉੱਪਰ ਕਾਬਜ਼ ਰਹਿਣਾ ਸੀ।

1980ਵਿਆਂ ਦੇ ਸ਼ੁਰੂ 'ਚ 'ਗੈਰਕਾਨੂੰਨੀ ਬਦੇਸ਼ੀ' ਅਸਾਮ ਦੀ ਸਿਆਸਤ ਦਾ ਵੱਡਾ ਮੁੱਦਾ ਬਣ ਚੁੱਕਾ ਸੀ। ਬੰਗਲਾਦੇਸ਼ ਤੋਂ ਆਏ ਮੁਸਲਮਾਨਾਂ ਵਿਰੁੱਧ 'ਮੀਏਂ' ਅਤੇ 'ਮੈਮਨਸਿੰਘੀਏ' (ਬੰਗਲਾਦੇਸ਼ ਦੇ ਮੈਮਨਸਿੰਘ ਜ਼ਿਲ੍ਹੇ ਤੋਂ) ਦਾ ਨਫ਼ਰਤੀ ਬਿਰਤਾਂਤ ਸਿਰਜਿਆ ਗਿਆ, ਜਿਵੇਂ ਪੰਜਾਬ ਵਿਚ ਯੂ.ਪੀ.-ਬਿਹਾਰ ਵਗੈਰਾ ਤੋਂ ਆਏ ਕਿਰਤੀਆਂ ਨੂੰ 'ਭਈਏ' ਕਹਿ ਕੇ ਨਫ਼ਰਤ ਕੀਤੀ ਜਾਂਦੀ ਹੈ। ਇਹ ਮਾਹੌਲ ਸਿਰਜਣ ਵਿਚ ਜਨ ਸੰਘ (ਭਾਜਪਾ ਦਾ ਪਹਿਲਾ ਰੂਪ) ਅਤੇ ਇਸ ਦਾ ਵਿਚਾਰਧਾਰਕ ਸਰੋਤ, ਆਰ.ਐੱਸ.ਐੱਸ., ਆਦਿ ਤਾਕਤਾਂ ਨੇ ਭੂਮਿਕਾ ਵੀ ਨਿਭਾਈ ਅਤੇ ਇਸ ਦਾ ਪੂਰਾ ਲਾਹਾ ਵੀ ਲਿਆ।

ਇਕ ਸਰਕਾਰੀ ਜਾਇਜ਼ਾ ਰਿਪੋਰਟ ਨੇ ਹਿੰਸਾ ਤੋਂ ਪਹਿਲਾਂ ਹੀ ਚੌਕਸ ਕੀਤਾ ਸੀ ਕਿ "ਬਹੁਤ ਸਾਰੇ ਥਾਵਾਂ ਉੱਪਰ ਆਰ.ਐੱਸ.ਐੱਸ. ਦੇ ਅਨਸਰਾਂ ਅਤੇ ਅੰਦੋਲਨ ਦੀ ਸਾਂਝ ਚੋਣਾਂ ਤੋਂ ਪਹਿਲਾਂ ਜਾਂ ਚੋਣਾਂ ਤੋਂ ਤੁਰੰਤ ਬਾਅਦ ਸੰਵੇਦਨਸ਼ੀਲ ਇਲਾਕਿਆਂ ਵਿਚ ਵੱਡੀਆਂ ਫਿਰਕੂ ਗੜਬੜਾਂ ਦੀ ਮਜ਼ਬੂਤ ਸੰਭਾਵਨਾ ਵੱਲ ਇਸ਼ਾਰਾ ਕਰਦੀ ਹੈ।" ਪਰ ਸਰਕਾਰ ਅਤੇ ਪ੍ਰਸ਼ਾਸਨ ਨੇ ਇਨ੍ਹਾਂ ਚਿਤਾਵਨੀਆਂ ਦੀ ਕੋਈ ਪ੍ਰਵਾਹ ਨਹੀਂ ਕੀਤੀ ਅਤੇ ਨਿਤਾਣੇ ਹਿੱਸਿਆਂ ਨੂੰ ਭੜਕ ਚੁੱਕੇ ਮਾਹੌਲ ਦੇ ਰਹਿਮ 'ਤੇ ਛੱਡ ਦਿੱਤਾ।

ਚਾਰ ਦਹਾਕੇ ਬਾਅਦ 'ਗੈਰਕਾਨੂੰਨੀ ਘੁਸਪੈਠੀਆਂ' ਦਾ ਮੁੱਦਾ ਨਾ ਸਿਰਫ਼ ਜਿਉਂ ਦਾ ਤਿਉਂ ਮੌਜੂਦ ਹੈ, ਸਗੋਂ 2014 'ਚ ਆਰ.ਐੱਸ.ਐੱਸ.-ਭਾਜਪਾ ਨੇ ਮੁਲਕ ਦੀ ਕੇਂਦਰੀ ਸੱਤਾ ਉੱਪਰ ਕਾਬਜ਼ ਹੋ ਕੇ ਇਸ ਨੂੰ ਸਮੁੱਚੇ ਮੁਸਲਮਾਨ ਫਿਰਕੇ ਵਿਰੁੱਧ ਫਿਰਕੂ ਪਾਲਾਬੰਦੀ ਦਾ ਇਕ ਵੱਡਾ ਹਥਿਆਰ ਬਣਾ ਲਿਆ ਹੈ। ਦਸੰਬਰ 2019 'ਚ ਨਾਗਰਿਕਤਾ ਸੋਧ ਕਾਨੂੰਨ ਪਾਸ ਕਰ ਕੇ ਭਗਵਾ ਹਕੂਮਤ ਨੇ ਆਪਣੇ ਫਿਰਕੂ ਇਰਾਦੇ ਸਪਸ਼ਟ ਕਰ ਦਿੱਤੇ। ਇਸ ਤੋਂ ਪਹਿਲਾਂ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਗੈਰਕਾਨੂੰਨੀ ਘੁਸਪੈਠੀਆਂ ਨੂੰ ਮੁਲਕ ਦੇ ਵਸੀਲਿਆਂ ਨੂੰ ਚਿੰਬੜੀ 'ਸਿਉਂਕ' ਕਰਾਰ ਦਿੱਤਾ, ਜਿਨ੍ਹਾਂ ਨੂੰ ਉਨ੍ਹਾਂ ਦੀ ਸਰਕਾਰ ਨਿਸ਼ਾਨਦੇਹੀ ਕਰਨ ਤੋਂ ਬਾਅਦ ਇਕ-ਇਕ ਕਰ ਕੇ ਬੰਗਾਲ ਦੀ ਖਾੜੀ ਦੇ ਹਵਾਲੇ ਕਰ ਦੇਵੇਗੀ। ਇਹ ਉਸ ਸ਼ਖ਼ਸ ਦਾ ਬਿਆਨ ਹੈ ਜਿਸ ਨੂੰ ਬਤੌਰ ਗ੍ਰਹਿ ਮੰਤਰੀ ਸਮੂਹ ਨਾਗਰਿਕਾਂ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। 29 ਨਵੰਬਰ 2023 ਨੂੰ ਅਮਿਤ ਸ਼ਾਹ ਨੇ ਮੁੜ ਬਿਆਨ ਦਿੱਤਾ ਕਿ ਭਾਜਪਾ ਸਰਕਾਰ ਇਸ ਕਾਨੂੰਨ ਨੂੰ ਲਾਗੂ ਕਰੇਗੀ ਅਤੇ "ਕੋਈ ਵੀ ਇਸ ਨੂੰ ਰੋਕ ਨਹੀਂ ਸਕਦਾ"। 3 ਜਨਵਰੀ 2023 ਦੀ ਇਕ ਮੀਡੀਆ ਰਿਪੋਰਟ ਨੇ ਦੱਸਿਆ ਕਿ ਸੀ.ਏ.ਏ.-2019 ਤਹਿਤ ਨਾਗਰਿਕਤਾ ਦੇਣ ਦੇ ਨਿਯਮ ਕੇਂਦਰ ਸਰਕਾਰ ਨੇ ਤਿਆਰ ਕਰ ਲਏ ਹਨ ਅਤੇ 2024 ਦੀਆਂ ਆਮ ਚੋਣਾਂ ਦੇ ਐਲਾਨ ਤੋਂ "ਬਹੁਤ ਪਹਿਲਾਂ" ਇਨ੍ਹਾਂ ਦਾ ਨੋਟੀਫੀਕੇਸ਼ਨ ਕਰ ਦਿੱਤਾ ਜਾਵੇਗਾ। ਕੇਂਦਰੀ ਮੰਤਰੀ ਸ਼ਾਂਤਨੂ ਠਾਕੁਰ ਨੇ ਤਾਂ ਪਿਛਲੇ ਦਿਨੀਂ ਹਿੱਕ ਠੋਕ ਕੇ ਕਹਿ ਦਿੱਤਾ ਕਿ ਪੂਰੇ ਮੁਲਕ ਵਿਚ ਸੀ.ਏ.ਏ. 'ਇਕ ਹਫ਼ਤੇ ਵਿਚ' ਲਾਗੂ ਹੋ ਜਾਵੇਗਾ। ਇਹ ਕਦੋਂ ਅਤੇ ਕਿਸ ਰੂਪ 'ਚ ਲਾਗੂ ਕੀਤਾ ਜਾਵੇਗਾ, ਇਹ ਗੱਲ ਵੱਖਰੀ ਹੈ। ਪਰ ਭਾਜਪਾ ਨੇ ਚੋਣਾਂ ਤੋਂ ਪਹਿਲਾਂ ਇਸ ਨੂੰ ਮੁੱਦਾ ਬਣਾਉਣਾ ਤਾਂ ਸ਼ੁਰੂ ਕਰ ਹੀ ਦਿੱਤਾ ਹੈ।

ਬੇਸ਼ੱਕ ਇਸ ਵਕਤ ਸੀ.ਏ.ਏ. ਦੀ ਮੁੱਖ ਪ੍ਰਯੋਗਸ਼ਾਲਾ ਅਸਾਮ ਹੈ, ਕੇਂਦਰੀ ਗ੍ਰਹਿ ਮੰਤਰਾਲੇ ਨੇ 2021-22 ਦੀ ਆਪਣੀ ਸਾਲਾਨਾ ਰਿਪੋਰਟ ਵਿਚ ਖ਼ੁਲਾਸਾ ਕੀਤਾ ਸੀ ਕਿ ਇਸ ਵੱਲੋਂ 2019 'ਚ ਸੋਧ ਕੀਤੇ ਵਿਵਾਦਪੂਰਨ ਨਾਗਰਿਕਤਾ ਐਕਟ ਨੂੰ ਲਾਗੂ ਕਰਨ ਦੀਆਂ ਤਾਕਤਾਂ 29 ਜ਼ਿਲ੍ਹਿਆਂ ਦੇ ਕੁਲੈਕਟਰਾਂ ਅਤੇ 9 ਰਾਜਾਂ ਦੇ ਗ੍ਰਹਿ ਸਕੱਤਰਾਂ ਨੂੰ ਦਿੱਤੀਆਂ ਗਈਆਂ ਹਨ। (ਮਈ 2021 ਦੇ ਨੋਟੀਫੀਕੇਸ਼ਨ ਅਨੁਸਾਰ, ਅਸਾਮ ਤੋਂ ਇਲਾਵਾ, ਗੁਜਰਾਤ ਦੇ ਚਾਰ ਜ਼ਿਲ੍ਹਿਆਂ, ਹਰਿਆਣਾ ਦੇ ਫਰੀਦਾਬਾਦ ਅਤੇ ਪੰਜਾਬ ਦੇ ਜਲੰਧਰ ਜ਼ਿਲ੍ਹੇ ਦੇ ਸੰਬੰਧ 'ਚ ਵੀ ਇਹ ਤਾਕਤਾਂ ਪ੍ਰਸ਼ਾਸਨਿਕ ਅਥਾਰਟੀਜ਼ ਨੂੰ ਦਿੱਤੀਆਂ ਗਈਆਂ ਹਨ।

ਲਿਹਾਜ਼ਾ, 'ਬਦੇਸ਼ੀ ਘੁਸਪੈਠੀਆਂ' ਦੇ ਸਵਾਲ ਨੇ ਨੇਲੀ ਕਤਲੇਆਮ ਤੋਂ ਲੈ ਕੇ ਨਾਗਰਿਕਤਾ ਸੋਧ ਕਾਨੂੰਨ-2019 ਤੱਕ ਦਾ ਲੰਮਾ ਪੈਂਡਾ ਤੈਅ ਕਰ ਲਿਆ ਹੈ। ਇਕ ਤਰ੍ਹਾਂ ਨਾਲ, ਨੇਲੀ ਕਤਲੇਆਮ ਦੀ ਹਿੰਸਾ ਕਦੇ ਵੀ ਬੰਦ ਨਹੀਂ ਹੋਈ। ਇਸ ਦੇ ਰੂਪ ਬਦਲਦੇ ਰਹੇ ਹਨ। ਹੁਣ ਤਾਂ ਇਕ ਤਰ੍ਹਾਂ ਨਾਲ ਪੂਰਾ ਮੁਲਕ ਹੀ ਇਸ ਦੀ ਲਪੇਟ ਵਿਚ ਆ ਚੁੱਕਾ ਹੈ। ਗ੍ਰਹਿ ਮੰਤਰੀ ਦੀ ਬੋਲ ਬਾਣੀ ਇਸ ਦਾ ਸੰਕੇਤ ਹੈ ਕਿ 1983 ਦੇ ਮੁਕਾਬਲੇ ਹੁਣ ਚਾਰ ਦਹਾਕੇ ਬਾਅਦ ਦੇ ਹਾਲਾਤ ਨਿਤਾਣੀ ਮੁਸਲਮਾਨ ਘੱਟਗਿਣਤੀ ਲਈ ਕਿੰਨੇ ਖ਼ਤਰਨਾਕ ਬਣ ਚੁੱਕੇ ਹਨ। ਜਿੱਥੋਂ ਤੱਕ ਅਸਾਮ ਦਾ ਸੰਬੰਧ ਹੈ, ਹੁਕਮਰਾਨ ਜਮਾਤ ਦੀ ਤਾਂ ਗੱਲ ਛੱਡੋ, ਉੱਥੋਂ ਦੇ ਨਾਗਰਿਕ ਸਮਾਜ ਨੇ ਵੀ ਨੇਲੀ ਕਤਲੇਆਮ ਬਾਰੇ ਕਦੇ ਚਰਚਾ ਨਹੀਂ ਕੀਤੀ। ਜਾਣਦੇ-ਬੁੱਝਦੇ ਹੋਏ ਵੀ ਜਦੋਂ ਇਕ ਸਮਾਜ ਹਕੀਕਤ ਤੋਂ ਅੱਖਾਂ ਮੀਟ ਕੇ ਅਣਜਾਣ ਹੋਣ ਦਾ ਦੰਭ ਕਰਦਾ ਹੈ ਤਾਂ ਮਸਲਿਆਂ ਦੇ ਉਸੇ ਬਾਰੂਦ ਉੱਪਰ ਬੈਠਾ ਹੁੰਦਾ ਹੈ ਜਿਨ੍ਹਾਂ ਦਾ ਅਤੀਤ ਵਿਚ ਨਤੀਜਾ 18 ਫਰਵਰੀ ਦੀਆਂ ਘਟਨਾਵਾਂ ਸਨ।

ਕੀ ਅਜੋਕੇ ਹਾਲਾਤ ਵਿਚ, ਬੀਤੇ ਦੇ ਸਬਕਾਂ ਨੂੰ ਸਗੋਂ ਜ਼ਿਆਦਾ ਗੰਭੀਰਤਾ ਨਾਲ ਨਹੀਂ ਲਿਆ ਜਾਣਾ ਚਾਹੀਦਾ?

*'ਬਦੇਸ਼ੀ ਘੁਸਪੈਠੀਆਂ' ਦੇ ਸਵਾਲ ਨੇ ਨੇਲੀ ਕਤਲੇਆਮ ਤੋਂ ਲੈ ਕੇ ਨਾਗਰਿਕਤਾ ਸੋਧ ਕਾਨੂੰਨ-2019 ਤੱਕ ਦਾ ਲੰਮਾ ਪੈਂਡਾ ਤੈਅ ਕਰ ਲਿਆ ਹੈ। ਇਕ ਤਰ੍ਹਾਂ ਨਾਲ, ਨੇਲੀ ਕਤਲੇਆਮ ਦੀ ਹਿੰਸਾ ਕਦੇ ਵੀ ਬੰਦ ਨਹੀਂ ਹੋਈ। ਇਸ ਦੇ ਰੂਪ ਬਦਲਦੇ ਰਹੇ ਹਨ। ਹੁਣ ਤਾਂ ਇਕ ਤਰ੍ਹਾਂ ਨਾਲ ਪੂਰਾ ਮੁਲਕ ਹੀ ਇਸ ਦੀ ਲਪੇਟ ਵਿਚ ਆ ਚੁੱਕਾ ਹੈ। ਗ੍ਰਹਿ ਮੰਤਰੀ ਦੀ ਬੋਲ ਬਾਣੀ ਇਸ ਦਾ ਸੰਕੇਤ ਹੈ ਕਿ 1983 ਦੇ ਮੁਕਾਬਲੇ ਹੁਣ ਚਾਰ ਦਹਾਕੇ ਬਾਅਦ ਦੇ ਹਾਲਾਤ ਨਿਤਾਣੀ ਮੁਸਲਮਾਨ ਘੱਟਗਿਣਤੀ ਲਈ ਕਿੰਨੇ ਖ਼ਤਰਨਾਕ ਬਣ ਚੁੱਕੇ ਹਨ। ਜਿੱਥੋਂ ਤੱਕ ਅਸਾਮ ਦਾ ਸੰਬੰਧ ਹੈ, ਹੁਕਮਰਾਨ ਜਮਾਤ ਦੀ ਤਾਂ ਗੱਲ ਛੱਡੋ, ਉੱਥੋਂ ਦੇ ਨਾਗਰਿਕ ਸਮਾਜ ਨੇ ਵੀ ਨੇਲੀ ਕਤਲੇਆਮ ਬਾਰੇ ਕਦੇ ਚਰਚਾ ਨਹੀਂ ਕੀਤੀ।*

# ਨਸ਼ਿਆਂ ਨੇ ਰੋਲ ਸੁੱਟੇ ਘਰ-ਪਰਿਵਾਰ

ਮੋਹਨ ਸ਼ਰਮਾ
ਫੋਨ: +91-94171-48866

ਪੰਜਾਬ ਦਾ ਦੁਖਾਂਤਮਈ ਪੱਖ ਹੈ ਕਿ ਨਸ਼ਿਆਂ ਕਾਰਨ ਬਹੁਤ ਸਾਰੇ ਜ਼ਿਮੀਂਦਾਰ, ਸਨਅਤਕਾਰ, ਵਪਾਰੀ, ਨੌਕਰੀਪੇਸ਼ਾ ਅਤੇ ਮਜ਼ਦੂਰ ਵਰਗ ਨਾਲ ਸਬੰਧਿਤ ਘਰਾਂ ਦੇ ਚੁੱਲ੍ਹੇ ਠੰਢੇ ਹੋ ਗਏ ਹਨ। ਸੈਂਕੜੇ ਵਿੱਘੇ ਜ਼ਮੀਨ ਦੇ ਮਾਲਕਾਂ ਦੀ ਹਾਲਤ ਕੱਖੋਂ ਹੌਲੀ ਅਤੇ ਪਾਣੀਉਂ ਪਤਲੀ ਹੋ ਗਈ ਹੈ। ਲੜਕੀਆਂ ਜਵਾਨੀ ਦੀ ਦਹਿਲੀਜ਼ ਪਾਰ ਕਰ ਚੁੱਕੀਆਂ ਹਨ ਪਰ ਨਸ਼ੱਈਆਂ ਨੂੰ ਸਿਰਫ਼ ਅਤੇ ਸਿਰਫ਼ ਆਪਣੇ ਨਸ਼ੇ ਦੇ ਫਿਕਰ ਤੋਂ ਬਿਨਾਂ ਪਰਿਵਾਰਕ ਜ਼ਿੰਮੇਵਾਰੀਆਂ ਦੀ ਕੋਈ ਪਰਵਾਹ ਨਹੀਂ ਅਤੇ ਇਸੇ ਕਾਰਨ ਧੀਆਂ ਡੋਲੀ ਵਿਚ ਬੈਠਣ ਲਈ ਤਰਸ ਰਹੀਆਂ ਹਨ। ਜੇ ਚਾਚੇ-ਤਾਏ ਜਾਂ ਨਾਨਕਾ ਪਰਿਵਾਰ ਲੜਕੀ ਲਈ ਯੋਗ ਵਰ ਦੀ ਤਲਾਸ਼ ਕਰਦੇ ਹਨ ਤਾਂ ਅਗਾਂਹ ਨਸ਼ਈ ਬਾਪ ਦਾ ਪਤਾ ਲੱਗ ਜਾਣ ਕਾਰਨ ਲੜਕੇ ਵਾਲੇ ਹੱਥ ਖਿੱਚ ਲੈਂਦੇ ਹਨ। ਅਜਿਹੀ ਸਥਿਤੀ ਪੰਜਾਬ ਦੇ ਗੱਭਰੂਆਂ ਦੀ ਵੀ ਹੈ। ਨਸ਼ਿਆਂ ਕਾਰਨ ਕੰਗਾਲ ਹੋਏ ਪਰਿਵਾਰ ਦੀ ਨਾ ਕੋਈ ਧੀ ਲੈਣ ਲਈ ਤਿਆਰ ਹੁੰਦਾ ਹੈ ਅਤੇ ਨਾ ਹੀ ਮੁੰਡੇ ਨੂੰ ਰਿਸ਼ਤਾ ਕਰਨ ਲਈ ਕੋਈ ਬਹੁੜਦਾ ਹੈ। ਮਾਂ ਦੀਆਂ ਸਿਸਕੀਆਂ, ਰਿਸ਼ਤੇਦਾਰਾਂ ਅਤੇ ਮੇਲ-ਗੇਲ ਵਾਲਿਆਂ ਦੇ ਕੀਤੇ ਤਰਲੇ ਵੀ ਕੋਈ ਅਸਰ ਨਹੀਂ ਕਰਦੇ। ਨਸ਼ਾ ਛੁਡਾਊ ਕੇਂਦਰ ਦਾ ਨਿਰਦੇਸ਼ਕ ਹੁੰਦਿਆਂ ਅਨੇਕਾਂ ਹਿਰਦੇਵੇਧਕ ਕਹਾਣੀਆਂ ਸਾਹਮਣੇ ਆਈਆਂ ਹਨ।

ਜ਼ਿਲ੍ਹਾ ਸੰਗਰੂਰ ਦੇ ਇੱਕ ਪਿੰਡ ਦਾ 45 ਕੁ ਸਾਲ ਦਾ ਨਸ਼ਈ ਆਪਣੇ ਇਲਾਜ ਲਈ ਆਇਆ। ਕੌਂਸਲਿੰਗ ਉਪਰੰਤ ਪਤਾ ਲੱਗਿਆ ਕਿ ਉਹ ਮੈਡੀਕਲ ਨਸ਼ੇ ਦੇ ਨਾਲ ਨਾਲ ਚਿੱਟੇ ਦੀ ਵਰਤੋਂ ਵੀ ਕਰਦਾ ਸੀ। ਨਸ਼ਿਆਂ ਕਾਰਨ ਉਹ ਆਪਣੇ ਛੇ ਕਿੱਲੇ ਜ਼ਮੀਨ ਗਹਿਣੇ ਕਰ ਚੁੱਕਿਆ ਸੀ। ਬਾਕੀ ਬਚਦੇ ਦੋ ਕਿੱਲੇ ਪਤਨੀ ਨੇ ਰੌਲਾ ਪਾ ਕੇ ਆਪਣੇ ਨਾਂ ਕਰਵਾ ਲਏ। ਹੁਣ ਵਿਚਾਰੀ ਪਤਨੀ ਘਰ ਦੋ ਮੱਝਾਂ ਰੱਖ ਕੇ ਦੋਧੀ ਨੂੰ ਦੁੱਧ ਵੇਚ ਕੇ ਘਰ ਦਾ ਗੁਜ਼ਾਰਾ ਚਲਾ ਰਹੀ ਸੀ। ਇੱਕ ਦਿਨ ਕਿਸੇ ਜ਼ਰੂਰੀ ਕੰਮ ਉਸ ਔਰਤ ਨੂੰ ਪੇਕੀਂ ਜਾਣਾ ਪੈ ਗਿਆ। ਇਸ ਨੂੰ ਸੁਨਹਿਰੀ ਮੌਕਾ ਸਮਝ ਕੇ ਨਸ਼ਈ ਨੇ ਦੋਵੇਂ ਮੱਝਾਂ ਵੇਚ ਦਿੱਤੀਆਂ ਅਤੇ ਨਸ਼ਿਆਂ ਕਾਰਨ ਚੜ੍ਹਿਆ ਕਰਜ਼ਾ ਉਤਾਰ ਕੇ ਬਾਕੀ ਬਚੇ ਪੈਸਿਆਂ ਨਾਲ ਕੁਝ ਦਿਨਾਂ ਦਾ 'ਸਟਾਕ' ਇੱਕਠਾ ਕਰ ਲਿਆ। ਪਤਨੀ ਦੇ ਵਾਪਸ ਆਉਣ 'ਤੇ ਖਾਲੀ ਕਿੱਲੇ ਵੇਖ ਕੇ ਉਸ ਦਾ ਤ੍ਰਾਹ ਨਿਕਲ ਗਿਆ ਅਤੇ ਉਹ ਦੁਹੱਥੜ ਮਾਰ ਕੇ ਕਹਿ ਰਹੀ ਸੀ, "ਕਿਹੜੇ ਜਨਮ ਦਾ ਵੈਰ ਕੱਢ ਰਿਹੈਂ ਤੂੰ ਸਾਡੇ ਨਾਲ? ਜਵਾਕਾਂ ਨੂੰ ਜਿਹੜੇ ਚਾਰ ਛਿੱਲੜ ਜੋੜ ਕੇ ਮੈਂ ਰੋਟੀ ਖਵਾਉਂਦੀ ਸੀ, ਤੈਂ ਤਾਂ ਉਹਤੇ ਵੀ ਡਾਕਾ ਮਾਰਤਾ। ਦਿਨ ਰਾਤ ਮੈਂ ਤੇ ਜਵਾਕ ਡੰਗਰਾਂ ਦਾ ਗੋਹਾ ਕੂੜਾ ਕਰਦੇ ਸੀ। ਖੇਤੋਂ ਪੱਠੇ ਮੈਂ ਲਿਆਉਂਦੀ, ਫਿਰ ਕਿਤੇ...। ਤੂੰ ਕੁਝ ਕਰਨ ਦੀ ਥਾਂ ਸਾਡੇ ਢਿੱਡ 'ਚ ਲੱਤ ਕਿਉਂ ਮਾਰੀ?"

ਉਹੀ ਔਰਤ ਆਪਣੇ ਪਤੀ ਦਾ ਇਲਾਜ ਕਰਵਾਉਣ ਵੇਲੇ ਤਰਲੇ ਨਾਲ ਕਹਿ ਰਹੀ ਸੀ, "ਹਾੜਾ ਜੀ! ਮੈਂ ਥੋਡੇ ਮੂਹਰੇ ਹੱਥ ਬੰਨ੍ਹਦੀ ਹਾਂ, ਇਸ ਨੂੰ ਠੀਕ ਕਰ ਦਿਓ। ਇਲਾਜ ਸਮੇਂ ਜੇ ਇਹ ਮਰ ਵੀ ਜਾਵੇ ਤਾਂ ਸਾਨੂੰ ਦੱਸਣ ਦੀ ਲੋੜ ਨਹੀਂ। ਇਹਨੂੰ ਇੱਥੇ ਹੀ ਸਿਵਿਆਂ 'ਚ ਫੂਕ ਦਿਓ। ਲੱਕੜਾਂ ਦੇ ਪੈਸੇ ਮੈਂ ਦੇ ਦੂੰ।" ਉਸ ਔਰਤ ਦੇ ਖ਼ੂਨ ਦੇ ਅੱਥਰੂ ਥੰਮਣ ਵਿਚ ਨਹੀਂ ਸਨ ਆ ਰਹੇ।

ਨਾਭੇ ਤੋਂ ਬਜ਼ੁਰਗ ਪਤੀ ਪਤਨੀ ਆਪਣੇ ਵੀਹ ਸਾਲ ਦੇ ਪੁੱਤ ਨੂੰ ਲੈ ਕੇ ਆ ਗਏ। ਪੁੱਤ ਨੇ ਜਿੱਥੇ ਨਸ਼ਿਆਂ ਕਾਰਨ ਆਪਣਾ ਸਰੀਰ ਬਰਬਾਦ ਕਰ ਲਿਆ ਸੀ, ਉੱਥੇ ਹੀ ਮਾਂ-ਬਾਪ ਦੀਆਂ ਚਿੰਤਾਵਾਂ ਵਿਚ ਵਾਧਾ ਕਰ ਕੇ ਉਨ੍ਹਾਂ ਨੂੰ ਸਮੇਂ ਤੋਂ ਪਹਿਲਾਂ ਹੀ ਬੁੱਢਾ ਕਰ ਦਿੱਤਾ ਸੀ। ਔਰਤ ਨੇ ਆਪਣੇ ਪਤੀ ਦੀ ਹਾਜ਼ਰੀ ਵਿਚ ਆਪਣੀ ਦੁੱਖ ਭਰੀ ਕਹਾਣੀ ਦੱਸਦਿਆਂ ਕਿਹਾ, "ਇਸ ਮੁੰਡੇ ਨੇ ਤਿਣਕਾ-ਤਿਣਕਾ ਕਰ ਕੇ ਜੋੜਿਆ ਘਰ ਬਰਬਾਦ ਕਰ ਦਿੱਤੈ। ਸਾਨੂੰ ਕਾਸੇ ਜੋਗਾ ਨਹੀਂ ਛੱਡਿਆ। ਇਹਦੇ ਕਾਰਨ ਕੋਈ ਰਿਸ਼ਤੇਦਾਰ ਵੀ ਘਰ ਨਹੀਂ ਆਉਂਦਾ।" ਕੁਝ ਰੁਕ ਕੇ ਉਸਨੇ ਆਪਣੀ ਹਟਕੋਰਿਆਂ ਭਰੀ ਆਵਾਜ਼ ਵਿਚ ਫਿਰ ਦੱਸਣਾ ਸ਼ੁਰੂ ਕੀਤਾ, "ਇਹਦੀ ਸੋਨੇ ਵਰਗੀ ਪਤਨੀ ਇਹਦੇ ਗ਼ਮ ਵਿਚ ਹੀ ਮਰ ਗਈ। ਬੜੀ ਸਿਆਣੀ ਅਤੇ ਸੁਚਾਰੂ ਨੂੰਹ ਸੀ। ਉਹਦੇ ਮਰਨ ਵੇਲੇ ਮੈਂ ਰੱਬ ਨੂੰ ਉਲਾਂਭਾ ਦੇ ਰਹੀ ਸੀ ਕਿ ਤੂੰ ਮੇਰੀ ਨੂੰਹ ਨੂੰ ਚੁੱਕਣ ਦੀ ਥਾਂ ਇਸ ... ਨੂੰ ਚੁੱਕ ਲੈਂਦਾ। ਮੈਨੂੰ ਭੋਰਾ ਗ਼ਮ ਨਾ ਹੁੰਦਾ। ਫਿਰ ਜੀ, ਇੱਕ ਦਿਨ ਇਹਦੇ ਦੁੱਖ ਕਾਰਨ ਮੈਨੂੰ ਹਾਰਟ ਅਟੈਕ ਹੋ ਗਿਆ। ਦੂਜੇ ਪੁੱਤ ਅਤੇ ਪਤੀ ਨੇ ਭੱਜ ਕੇ ਗੱਡੀ ਲਿਆਂਦੀ ਅਤੇ ਮੈਨੂੰ ਹਸਪਤਾਲ ਲੈ ਕੇ ਜਾਣ ਸਮੇਂ ਇਹ ਮੇਰੇ ਕੋਲ ਗੱਡੀ ਵਿਚ ਆ ਕੇ ਬੈਠ ਗਿਆ। ਹਸਪਤਾਲ ਦਾਖਲ ਹੋਣ ਸਮੇਂ ਪਤਾ ਚੱਲਿਆ ਕਿ ਇਹ ਜਦੋਂ ਮੈਨੂੰ ਹਾਰਟ ਅਟੈਕ ਵੇਲੇ ਮੇਰੇ ਕੋਲ ਗੱਡੀ ਵਿਚ ਥੋੜ੍ਹੀ ਦੇਰ ਲਈ ਬੈਠਾ ਸੀ, ਉਦੋਂ ਇਹ ਮੇਰਾ ਪਰਸ ਖਿਸਕਾ ਕੇ ਲੈ ਗਿਆ। ਮੇਰੇ ਇਲਾਜ ਲਈ ਵੀਹ ਹਜ਼ਾਰ ਰੁਪਿਆ ਮੇਰੇ ਪਤੀ ਨੇ ਇਸੇ ਪਰਸ ਵਿਚ ਪਾ ਦਿੱਤਾ ਸੀ।" ਬਜ਼ੁਰਗ ਔਰਤ ਅਤੇ ਉਸ ਦੇ ਪਤੀ ਦੀਆਂ ਅੱਖਾਂ ਵਿਚ ਅੱਥਰੂ ਸਨ।

ਇੱਕ ਵਿਅਕਤੀ ਗੱਡੀ ਵਿਚ ਆਪਣੇ ਨਸ਼ਈ ਪੁੱਤ ਨੂੰ ਲੈ ਕੇ ਆਇਆ। ਉਸ ਦੇ ਨਾਲ ਉਸਦੇ ਤਿੰਨ ਚਾਰ ਨਜ਼ਦੀਕੀ ਰਿਸ਼ਤੇਦਾਰ ਵੀ ਸਨ। ਵਿਅਕਤੀ ਨੇ ਇਕੱਲਿਆਂ ਮੇਰੇ ਨਾਲ ਗੱਲ ਕਰਨੀ ਚਾਹੀ। ਉਸ ਨੇ ਦੱਸਿਆ, "ਮੈਂ ਪਿੰਡ ਦਾ ਸਰਪੰਚ ਹਾਂ। ਆਲੇ-ਦੁਆਲੇ ਚੰਗੀ ਪੁੱਛ ਪ੍ਰਤੀਤ ਹੈ। ਪਿੰਡ ਦੇ ਲੋਕ ਇੱਜ਼ਤ ਵੀ ਕਰਦੇ ਨੇ। ਚਾਰ ਅਫ਼ਸਰਾਂ ਨਾਲ ਵੀ ਬੈਠਣ-ਉੱਠਣ ਐ ਪਰ ਮੇਰੇ ਨਸ਼ਈ ਮੁੰਡੇ ਨੇ ਮੈਨੂੰ ਕਾਸੇ ਜੋਗਾ ਨਹੀਂ ਛੱਡਿਆ। ਮੇਰੀ ਇੱਜ਼ਤ ਇਹਨੇ ਮਿੱਟੀ ਵਿਚ ਰੋਲ ਦਿੱਤੀ ਐ। ਕੰਮ ਦਾ ਡੱਕਾ ਨਹੀਂ ਤੋੜਦਾ। ਸ਼ਰਾਬ ਲਈ ਹਰ ਰੋਜ਼ ਪੈਸੇ ਮੰਗਦੈ। ਜੇ ਪੈਸੇ ਨਹੀਂ ਦਿੰਦਾ ਫਿਰ ਕੰਜਰਖਾਨਾ ਕਰਦੈ। ਜੇ ਪੈਸੇ ਦੇ ਦੇਵਾਂ ਤਾਂ ਫਿਰ ਦਾਰੂ ਪੀ ਕੇ ਬੇਇੱਜ਼ਤੀ ਕਰਨ 'ਚ ਕੋਈ ਕਸਰ ਨਹੀਂ ਛੱਡਦਾ।" ਫਿਰ ਉਸ ਨੇ ਬੇਵਸੀ ਦਾ ਬੁੱਤ ਬਣ ਕੇ ਰੋਣਹਾਕੀ ਅਵਾਜ਼ ਵਿਚ ਦੱਸਿਆ, "ਹੁਣ, ਥੋਡੇ ਕੋਲ ਕਾਹਦਾ ਲੁਕੋ ਐ। ਇਹਨੇ ਕਈ ਵਾਰ ਸ਼ਰਾਬ ਪੀ ਕੇ ਮੇਰੇ ਅਤੇ ਆਪਣੀ ਮਾਂ 'ਤੇ ਹੱਥ ਵੀ ਚੁੱਕਿਐ। ਪਿੰਡ ਦੇ ਲੋਕਾਂ ਅਤੇ ਰਿਸ਼ਤੇਦਾਰਾਂ ਨੂੰ ਇਹਦੀ ਕਰਤੂਤ ਦਾ ਪਤੈ। ਬਾਹਰ ਦੀਆਂ ਸਲਾਮਾਂ ਨੂੰ ਮੈਂ ਕੀ ਚੱਟਾਂ? ਘਰੇ ਤਾਂ ਆਪਣੇ ਨਸ਼ਈ ਪੁੱਤ ਤੋਂ ਛਿੱਤਰ ਖਾਨਾਂ...।" ਇਸ ਤੋਂ ਪਹਿਲਾਂ ਕਿ ਮੈਂ ਉਸਨੂੰ ਦਿਲਾਸਾ ਦਿੰਦਾ, ਉਹ ਨਿਰਾਸ਼ਾ ਦਾ ਬੁੱਤ ਬਣਿਆ ਆਪਣੀ ਪੱਗ ਨਾਲ ਅੱਥਰੂ ਪੂੰਝਦਾ ਹੋਇਆ, "ਮੈਂ ਠਹਿਰ ਕੇ ਆਉਣਾ" ਕਹਿ ਕੇ ਦਫ਼ਤਰ ਤੋਂ ਬਾਹਰ ਚਲਾ ਗਿਆ।



ਜ਼ਿਲ੍ਹਾ ਬਰਨਾਲਾ ਦੇ ਇੱਕ ਪਿੰਡ ਦਾ ਨਸ਼ਈ ਹਸਪਤਾਲ ਵਿਚ ਨਸ਼ਾ ਛੱਡਣ ਲਈ ਦਾਖ਼ਲ ਹੋਇਆ। ਕੌਂਸਲਿੰਗ ਦਰਮਿਆਨ ਇਹ ਗੱਲ ਸਪੱਸ਼ਟ ਹੋ ਗਈ ਕਿ ਉਹ ਰੋਡਵੇਜ਼ ਵਿਚ ਡਰਾਈਵਰ ਸੀ। ਜ਼ਿਆਦਾ ਨਸ਼ੇ ਦਾ ਆਦੀ ਹੋਣ ਕਾਰਨ ਡਿਊਟੀ ਸਮੇਂ ਕੁਤਾਹੀ ਕਰਦਾ ਰਿਹਾ ਜਿਸ ਕਾਰਨ ਵਿਭਾਗ ਨੇ ਉਸ ਨੂੰ ਨੌਕਰੀ ਤੋਂ ਬਰਖ਼ਾਸਤ ਕਰ ਦਿੱਤਾ। ਨਸ਼ਿਆਂ ਦੀ ਆਦਤ ਪਹਿਲਾਂ ਨਾਲੋਂ ਵੀ ਜ਼ਿਆਦਾ ਵਧ ਗਈ। ਘਰ ਵਿਚ ਪਤਨੀ, ਦੋ ਧੀਆਂ ਅਤੇ ਇੱਕ ਪੁੱਤਰ! ਪਰ ਉਸ ਨੂੰ ਆਪਣੀ ਕਬੀਲਦਾਰੀ ਦੇ ਫਿਕਰ ਦੀ ਥਾਂ ਸਿਰਫ਼ ਆਪਣੇ ਨਸ਼ਿਆਂ ਦਾ ਜੁਗਾੜ ਪੂਰਾ ਕਰਨ ਦੀ ਚਿੰਤਾ ਰਹਿੰਦੀ ਸੀ। ਘਰ ਵਿਚ ਰੋਜ਼ ਕਲੇਸ਼ ਰਹਿਣ ਲੱਗ ਪਿਆ। ਨਸ਼ਾ ਕਰ ਕੇ ਉਹ ਰੋਜ਼ ਪਤਨੀ ਦੀ ਕੁੱਟਮਾਰ ਕਰਦਾ। ਰਿਸ਼ਤੇਦਾਰਾਂ ਨੇ ਉਸ ਨੂੰ ਬਹੁਤ ਵਾਰ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਕੋਈ ਅਸਰ ਨਾ ਹੋਇਆ। ਪਤਨੀ ਆਪਣੇ ਬੱਚਿਆਂ ਨੂੰ ਨਾਲ ਲੈ ਕੇ ਭਰੇ ਮਨ ਨਾਲ ਪੇਕੀਂ ਆ ਬੈਠੀ। ਉਸ ਨੂੰ ਦਾਖਲ ਕਰਨ ਉਪਰੰਤ ਕਿਸੇ ਹੋਰ ਮਰੀਜ਼ ਰਾਹੀਂ ਸਾਨੂੰ ਪਤਾ ਲੱਗਿਆ ਕਿ ਉਹ ਆਪਣੀ ਪਤਨੀ ਨਾਲ ਇਸ ਗੱਲ ਤੋਂ ਸਖ਼ਤ ਨਰਾਜ਼ ਹੈ ਕਿ ਉਹ ਉਸ ਨੂੰ ਛੱਡ ਕੇ ਬੱਚਿਆਂ ਸਮੇਤ ਪੇਕੀਂ ਕਿਉਂ ਬੈਠੀ ਹੈ ਅਤੇ ਇਸ ਰੰਜਿਸ਼ ਦਾ ਬਦਲਾ ਉਹ ਆਪਣੀ ਪਤਨੀ ਨੂੰ ਕਤਲ ਕਰ ਕੇ ਲੈਣਾ ਚਾਹੁੰਦਾ ਹੈ। ਪਰ ਨਾਲ ਹੀ ਉਸ ਨੂੰ ਇਹ ਵੀ ਡਰ ਸੀ ਕਿ ਕਤਲ ਤੋਂ ਬਾਅਦ ਜੇਲ੍ਹ ਜਾਣ ਸਮੇਂ ਉਹ ਨਸ਼ਿਆਂ ਕਰਕੇ ਔਖਾ ਹੋਵੇਗਾ। ਇਸ ਕਰਕੇ ਹੀ ਉਹ ਆਪਣੀ ਸਕੀਮ ਨੂੰ ਯੋਜਨਾਬੱਧ ਤਰੀਕੇ ਨਾਲ ਪੂਰਾ ਕਰਨ ਲਈ ਹੀ ਪਹਿਲਾਂ ਨਸ਼ਾ ਛੱਡਣ ਲਈ ਦਾਖ਼ਲ ਹੋਇਆ ਤਾਂ ਜੋ ਜੇਲ੍ਹ ਵਿਚ ਕੋਈ ਔਕੜ ਨਾ ਆਵੇ। ਉਸ ਦੀ ਇਸ ਖ਼ਤਰਨਾਕ ਯੋਜਨਾ ਦਾ ਪਤਾ ਲੱਗਣ 'ਤੇ ਸਮੁੱਚੇ ਸਟਾਫ ਨਾਲ ਮੀਟਿੰਗ ਕਰਕੇ ਇਹ ਫੈਸਲਾ ਕੀਤਾ ਗਿਆ ਕਿ ਉਸ ਦਾ ਨਸ਼ਾ ਵੀ ਛੁਡਵਾਉਣਾ ਹੈ ਅਤੇ ਉਸ ਦੀ ਇਹ ਘਾਤਕ ਸੋਚ ਵੀ ਬਦਲਣੀ ਹੈ। ਰੋਜ਼ਾਨਾ ਉਹਦੇ ਨਾਲ ਦੋਸਤਾਂ ਵਾਂਗ ਗੱਲਾਂ ਕਰਦਿਆਂ ਉਹਨੂੰ ਜ਼ਿੰਦਗੀ, ਪਰਿਵਾਰਕ ਸੁੱਖ, ਬੱਚਿਆਂ ਦੀ ਸੰਭਾਲ, ਪਤਨੀ ਦੀ ਅਹਿਮੀਅਤ ਆਦਿ ਸਬੰਧੀ ਦੱਸਦੇ ਰਹਿੰਦੇ। ਫਿਰ ਇੱਕ ਦਿਨ ਉਹ ਦਫ਼ਤਰ ਵਿਚ ਆ ਕੇ ਫੁੱਟ ਫੁੱਟ ਕੇ ਰੋਣ ਲੱਗ ਪਿਆ। ਪੁੱਛਣ 'ਤੇ ਉਸਨੇ ਦੱਸਿਆ ਕਿ ਮੈਂ ਇੱਥੋਂ ਨਸ਼ਾ ਮੁਕਤ ਹੋ ਕੇ ਭਾਰੀ ਗੁਨਾਹ ਕਰਨਾ ਸੀ ਪਰ ਤੁਸੀਂ ਮੇਰਾ ਇਰਾਦਾ ਬਦਲ ਦਿੱਤਾ। ਉਸ ਨੂੰ ਡੇਢ ਕੁ ਮਹੀਨਾ ਅਸੀਂ ਆਪਣੇ ਕੋਲ ਰੱਖਿਆ। ਤਸੱਲੀ ਹੋਣ 'ਤੇ ਉਸ ਦੀ ਪਤਨੀ ਨੂੰ ਵੀ ਨਸ਼ਾ ਛੁਡਾਊ ਕੇਂਦਰ ਵਿਚ ਬੁਲਾਇਆ। ਦੋਵਾਂ ਦੇ ਗਿਲੇ ਸ਼ਿਕਵੇ ਦੂਰ ਕਰ ਕੇ ਉਨ੍ਹਾਂ ਨੂੰ ਖ਼ੁਸ਼ੀ ਖ਼ੁਸ਼ੀ ਕੇਂਦਰ ਤੋਂ ਵਿਦਾ ਕੀਤਾ।

ਮਾਲੇਰਕੋਟਲਾ ਇਲਾਕੇ ਨਾਲ ਸਬੰਧਤ ਇੱਕ ਅੱਧਖੜ੍ਹ ਉਮਰ ਦਾ ਨਸ਼ਈ ਨਸ਼ਾ ਛੱਡਣ ਲਈ ਦਾਖ਼ਲ ਹੋਇਆ। ਆਪਣੀ ਜ਼ਿੰਦਗੀ ਵਿਚ ਨਸ਼ਿਆਂ ਕਾਰਨ ਉਸ ਨੇ ਚੋਰੀਆਂ, ਠੱਗੀਆਂ, ਲੜਾਈਆਂ, ਝਗੜੇ ਸਭ ਕੁਝ ਹੀ ਕੀਤਾ ਸੀ। ਇਸੇ ਕਾਰਨ ਉਹ ਕਈ ਵਾਰ ਜੇਲ੍ਹ ਵੀ ਗਿਆ। ਉਸ ਦੀ ਵਿਆਹੁਤਾ ਜ਼ਿੰਦਗੀ ਵੀ ਸਫਲ ਨਾ ਰਹੀ ਅਤੇ ਉਸ ਦੀ ਪਤਨੀ ਉਸ ਦੀਆਂ ਆਦਤਾਂ ਤੋਂ ਤੰਗ ਆ ਕੇ ਉਸ ਨੂੰ ਛੱਡ ਕੇ ਚਲੀ ਗਈ। ਉਹ ਸੈਂਟਰ ਵਿਚ ਇੱਕ ਮਹੀਨੇ ਤੋਂ ਜ਼ਿਆਦਾ ਸਮਾਂ ਦਾਖਲ ਰਿਹਾ ਅਤੇ ਨਸ਼ਾ ਛੱਡਣ ਉਪਰੰਤ ਉਸ ਨੇ ਦੱਸਿਆ, "ਇਹ ਜਿਹੜੇ ਮੈਂ ਐਨੇ ਪਾਪ ਕੀਤੇ, ਨਸ਼ਿਆਂ ਦਾ ਐਬੀ ਬਣ ਕੇ ਦੇਹ ਗਾਲੀ, ਇਹਦੇ ਪਿੱਛੇ ਇੱਕ ਕਾਰਨ ਇਹ ਵੀ ਸੀ ਕਿ ਮੇਰੇ ਕੋਈ ਭੈਣ ਨਹੀਂ ਹੈ।" ਉਤਸੁਕਤਾ ਨਾਲ ਇਹ ਪੁੱਛਣ 'ਤੇ ਕਿ ਗੁਨਾਹਾਂ ਨਾਲ ਭੈਣ ਨਾ ਹੋਣ ਦਾ ਕੀ ਸਬੰਧ? ਉਸ ਦਾ ਜਵਾਬ ਸੀ, "ਦੇਖੋ ਜੀ, ਜੇ ਘਰ ਵਿਚ ਭੈਣ ਹੋਵੇ ਫਿਰ ਕਿਸੇ ਐਰ-ਗੈਰ ਨੂੰ ਘਰ ਥੋੜ੍ਹਾ ਵਾੜਿਆ ਜਾਂਦੈ। ਗ਼ਲਤ ਕੰਮ ਕਰਨ ਵੇਲੇ ਭੈਣ ਦੀ ਟੋਕਾ ਟਾਕੀ ਅਤੇ ਤਾੜਨਾ ਨਾਲ ਵੀ ਬੰਦਾ ਸੂਤ ਰਹਿੰਦੈ। ਬੱਸ, ਇਸੇ ਕਰਕੇ ਘਰ 'ਚ ਅਵਾਰਾ ਮੁੰਡਿਆਂ ਦਾ ਆਉਣਾ-ਜਾਣਾ ਸ਼ੁਰੂ ਹੋ ਗਿਆ। ਬੱਸ, ਫਿਰ ਚੱਲ ਸੋ ਚੱਲ...। ਨਾਲੇ ਜੀ, ਜਿਹੜੇ ਕੁੱਖ 'ਚ ਧੀਆਂ ਦਾ ਕਤਲ ਕਰਵਾਉਂਦੇ ਨੇ, ਉਹ ਆਪ ਤਾਂ ਗੁਨਾਹ ਕਰਦੇ ਹੀ ਨੇ, ਅੱਗੇ ਆਪਣੀ ਔਲਾਦ ਵਾਸਤੇ ਵੀ ਕੰਡੇ ਬੀਜ ਕੇ ਮੇਰੇ ਵਾਂਗ ਗ਼ਲਤ ਰਾਹ 'ਤੇ ਤੋਰਨ ਲਈ ਵੀ ਜ਼ਿੰਮੇਵਾਰ ਹੁੰਦੇ ਨੇ। ਭਲਾ ਧੀ-ਧਿਆਣੀ ਬਿਨਾਂ ਘਰ ਦਾ ਕੀ ਵੱਟੀਦੈ?"

ਇੱਕ ਹੋਰ ਨਸ਼ਈ ਨੇ ਪਛਤਾਵੇ ਭਰੇ ਲਹਿਜੇ ਵਿਚ ਦੱਸਿਆ, "ਮੈਂ ਆਪਣੇ ਖੇਤ ਵਿਚ ਪੋਸਤ ਬੀਜ ਕੇ ਉਹਦੇ ਆਲੇ-ਦੁਆਲੇ ਦੋ ਕਿੱਲੇ ਕਣਕ ਬੀਜ ਦਿੱਤੀ ਤਾਂ ਜੋ ਕਿਸੇ ਨੂੰ ਪਤਾ ਨਾ ਲੱਗੇ। ਜਦੋਂ ਪੋਸਤ ਦੇ ਡੋਡੇ ਪੱਕਣੇ ਸ਼ੁਰੂ ਹੋ ਗਏ ਤਾਂ ਕਿਸੇ ਨੇ ਥਾਣੇ ਮੁਖ਼ਬਰੀ ਕਰ ਦਿੱਤੀ। ਪੁਲੀਸ ਆ ਗਈ ਚੜ੍ਹਕੇ। ਮੈਨੂੰ ਸੱਥ ਵਿਚ ਬੁਲਾਇਆ। ਕਹਿੰਦੇ, 'ਦੱਸ ਤੂੰ ਪੋਸਤ ਬੀਜਿਐ?' ਮੈਂ ਉਸ ਥਾਣੇਦਾਰ ਨੂੰ ਸੱਚੋ ਸੱਚ ਸਾਰੀ ਕਹਾਣੀ ਦੱਸ ਦਿੱਤੀ। ਥਾਣੇਦਾਰ ਭਲਾਮਾਣਸ ਸੀ। ਉਹ ਮੈਨੂੰ ਕਹਿੰਦਾ, 'ਜਾ, ਸਾਰੀ ਪੋਸਤ ਵੱਢ ਕੇ ਇੱਥੇ ਲੈ ਆ।' ਨਾਲ ਮੇਰੇ ਦੋ ਸਿਪਾਹੀ ਭੇਜ ਦਿੱਤੇ। ਮੈਂ ਆ ਕੇ ਸਾਰੀ ਪੋਸਤ ਵੱਢੀ। ਫਿਰ ਨਰੋਈ ਪੰਡ ਬੰਨ੍ਹ ਕੇ ਥਾਣੇਦਾਰ ਕੋਲ ਸੱਥ ਵਿਚ ਲੈ ਆਇਆ। ਥਾਣੇਦਾਰ ਮੈਨੂੰ ਕਹਿੰਦਾ ਬਈ ਪਹਿਲਾਂ ਪੰਚਾਇਤ ਵਿਚ ਵਾਅਦਾ ਕਰ ਕਿ ਨਾ ਭੁੱਕੀ ਖਾਵੇਂਗਾ ਅਤੇ ਨਾ ਹੀ ਬੀਜੇਂਗਾ। ਮੈਂ ਥਾਣੇਦਾਰ ਦੇ ਪੈਰੀਂ ਡਿੱਗ ਕੇ ਇਹ ਵਾਅਦਾ ਕਰ ਲਿਆ। ਫਿਰ ਉਸ ਨੇ ਮੈਨੂੰ ਹੁਕਮ ਦਿੱਤਾ ਕਿ ਜਿੱਥੇ ਪਿੰਡ ਦੀਆਂ ਜਨਾਨੀਆਂ ਜੰਗਲ ਪਾਣੀ ਜਾਂਦੀਆਂ ਨੇ, ਉੱਥੇ ਖਿੰਡਾ ਕੇ ਆ। ਮੈਂ ਹੁਕਮ ਅਨੁਸਾਰ ਉਸ ਤਰ੍ਹਾਂ ਹੀ ਕੀਤਾ। ਜਦੋਂ ਥਾਣੇਦਾਰ ਚਲਾ ਗਿਆ ਤਾਂ ਮੈਂ ਘੰਟੇ ਕੁ ਬਾਅਦ ਬੁੜੀਆਂ ਦੇ ਜੰਗਲ ਪਾਣੀ ਵਾਲੀ ਥਾਂ 'ਤੇ ਜਾ ਕੇ ਸਾਰਾ ਪੋਸਤ ਇਕੱਠਾ ਕੀਤਾ। ਘਰ ਵੱਡੇ ਪਾਣੀ ਦੇ ਟੱਬ ਵਿਚ ਉਸ ਨੂੰ ਧੋਤਾ। ਫਿਰ ਮੈਂ ਦੋ ਮਹੀਨੇ ਉਹ ਵਰਤਦਾ ਰਿਹਾ।" ਫਿਰ ਉਸ ਨੇ ਨਮੋਸ਼ੀ ਭਰੀ ਆਵਾਜ਼ ਵਿਚ ਕਿਹਾ, "ਹੁਣ ਤਾਂ ਜੀ ਮੈਨੂੰ ਇਹੋ ਜਿਹਾ ਕੁਝ ਸੋਚ ਕੇ ਹੀ ਸ਼ਰਮ ਆ ਰਹੀ ਹੈ।"

ਚਿੱਟੇ ਦੀ ਵਰਤੋਂ ਕਰ ਰਹੇ ਇਕ ਨਸ਼ਈ ਦੀ ਪਤਨੀ ਖ਼ੂਨ ਦੇ ਅੱਥਰੂ ਵਹਾਉਂਦਿਆਂ ਦੱਸ ਰਹੀ ਸੀ, "ਜੀ, ਇਹ ਮੇਰਾ ਪਤੀ ਨਹੀਂ, ਮੇਰਾ ਦੁਸ਼ਮਣ ਹੈ। ਆਪਣੇ ਨਸ਼ਿਆਂ ਦੀ ਪੂਰਤੀ ਲਈ ਮੈਨੂੰ ਮਜਬੂਰ ਕਰਦੈ ਕਿ ਤੂੰ ਚਿੱਟੇ ਦਾ ਧੰਦਾ ਕਰਨ ਵਾਲੇ ਨੂੰ 'ਖ਼ੁਸ਼ ਕਰ ਕੇ' ਮੇਰੇ ਲਈ ਚਿੱਟਾ ਲੈ ਕੇ ਆ। ਹਾੜਾ ਜੀ, ਮੈਥੋਂ ਉਨ੍ਹਾਂ ਪਾਪੀਆਂ ਕੋਲੋਂ ਆਪਣਾ ਮਾਸ ਨਹੀਂ ਨੁਚਵਾਇਆ ਜਾਂਦਾ। ਥੋਨੂੰ ਹੱਥ ਬੰਨ੍ਹ ਕੇ ਬੇਨਤੀ ਐ, ਮੇਰੀ ਰਾਖੀ ਕਰੋ, ਨਾਲੇ ਇਹਦਾ ਕੋਹੜ ਵੱਢੋ।"

ਪਤਾ ਨਹੀਂ ਇਹੋ ਜਿਹੀਆਂ ਕਿੰਨੀਆਂ ਹੋਰ ਔਰਤਾਂ ਇਹੋ ਜਿਹਾ ਸੰਤਾਪ ਭੋਗ ਰਹੀਆਂ ਨੇ। ਉਫ਼! ਨਸ਼ਈ ਨਸ਼ਿਆਂ ਲਈ ਆਪਣੀ ਇੱਜ਼ਤ, ਸਵੈਮਾਣ, ਅਣਖ ਸਭ ਕੁਝ ਦਾਅ 'ਤੇ ਲਾਉਣ ਦੇ ਨਾਲ ਨਾਲ ਵਿਆਹ ਕਰਵਾ ਕੇ ਜੀਵਨ ਭਰ ਇੱਕ ਦੂਜੇ ਪ੍ਰਤੀ ਵਫ਼ਾ ਦਾ ਵਾਅਦਾ ਕਰ ਕੇ, ਸਿਰਫ਼ ਤੇ ਸਿਰਫ਼ ਨਸ਼ਿਆਂ ਕਾਰਨ ਆਪਣੀ ਜੀਵਨ ਸਾਥਣ ਨੂੰ ਡੰਗਰਾਂ ਵਾਂਗ ਕਿਸੇ ਹੋਰ ਨੂੰ ਸੌਂਪਣ ਦੀ ਜ਼ਿਦ ਕਰਦੇ ਹਨ। ਜਦ ਵਾੜ ਹੀ ਖੇਤ ਨੂੰ ਖਾ ਰਹੀ ਹੈ ਤਾਂ ਖੇਤ ਦੀ ਦੁਰਦਸ਼ਾ ਦਾ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ।

ਅਜਿਹੇ ਬਹੁਤ ਸਾਰੇ ਕੇਸ ਸਾਹਮਣੇ ਆਏ ਨੇ ਜਿੱਥੇ ਰਿਸ਼ਤਿਆਂ ਵਿਚ ਬੁਰੀ ਤਰ੍ਹਾਂ ਤਰੇੜ ਪਈ ਹੈ। ਨਸ਼ਈਆਂ ਨੇ ਪਰਿਵਾਰ ਅਤੇ ਆਪਣੇ ਆਪ ਨੂੰ ਮਾਰਨ ਦੀ ਕੋਸ਼ਿਸ਼ ਕੀਤੀ ਹੈ। ਜਾਇਦਾਦਾਂ ਕੁਰਕ ਹੋਈਆਂ ਹਨ ਅਤੇ ਘਰ ਵਿਚੋਂ ਹਮੇਸ਼ਾਂ ਹੀ ਵੈਣਾਂ ਦੀ ਆਵਾਜ਼ ਆਉਂਦੀ ਹੈ।

# ਬਰਾਤ ਦੀ ਸੇਵਾ

ਅਮਰੀਕ ਸਿੰਘ ਦਿਆਲ
ਫੋਨ: +91-94638-51568

ਤਬਦੀਲੀ ਕੁਦਰਤ ਦਾ ਨੇਮ ਹੈ। ਦੇਖਦਿਆਂ-ਦੇਖਦਿਆਂ ਸਭ ਕੁਝ ਤੇਜ਼ੀ ਨਾਲ ਬਦਲ ਰਿਹਾ ਹੈ। ਇਸ ਤਬਦੀਲੀ ਨੇ ਸਮੇਂ ਦੇ ਨਾਲ ਨਾਲ ਰੀਤੀ-ਰਿਵਾਜ਼ਾਂ ਸਮੇਤ ਮਨੁੱਖ ਨੂੰ ਵੀ ਆਪਣੀ ਜਕੜ ਵਿਚ ਲੈ ਲਿਆ ਹੈ। ਅਜੋਕੇ ਸਮੇਂ ਵਿਚ ਬਹੁਤ ਖੇਤਰਾਂ ਵਿਚ ਵਾਧਾ ਵੀ ਹੋਇਆ ਹੈ ਪਰ ਜੇ ਕੁਝ ਘਟਿਆ ਹੈ ਤਾਂ ਬੰਦੇ ਵਿਚਲੀ ਬੰਦਿਆਈ ਜ਼ਰੂਰ ਘਟ ਗਈ ਹੈ।

ਪੁਰਾਣੇ ਵੇਲਿਆਂ ਵਿਚ ਵਿਆਹ ਸਭ ਦੇ ਸਾਂਝੇ ਮੰਨੇ ਜਾਂਦੇ ਸਨ। ਕਈ ਦਿਨ ਪਹਿਲਾਂ ਵਿਰੜੇ-ਮੁਹੱਲੇ ਵਾਲਿਆਂ ਦੀ ਭਾਗੀਦਾਰੀ ਸ਼ੁਰੂ ਹੋ ਜਾਂਦੀ ਸੀ। ਇਹ ਭਾਗੀਦਾਰੀ ਸੱਚਮੁੱਚ ਰੂਹ ਨੂੰ ਸਕੂਨ ਦੇਣ ਵਾਲੀ ਹੁੰਦੀ ਸੀ। ਫਿਰ ਹੌਲੀ-ਹੌਲੀ ਇਹ ਰਸਮ ਜਿਹੀ ਬਣ ਗਈ। ਸੋਗ ਦੇ ਮੌਕਿਆਂ ਵੇਲੇ ਵੀ ਦੁੱਖ ਵੰਡਾਉਣ ਦਾ ਰਿਵਾਜ ਵੀ ਹੁਣ ਵਾਂਗ ਰਸਮੀ ਨਾ ਹੋ ਕੇ ਢਿੱਡੋਂ ਹੁੰਦਾ ਸੀ। ਸਿਆਣਿਆਂ ਤੋਂ ਸੁਣਿਆ ਕਰਦੇ ਸੀ ਕਿ ਐਸਾ ਸਮਾਂ ਆਏਗਾ, ਜਿਸ ਦੇ ਘਰ ਵਿਆਹ ਹੋਵੇ, ਉਹ ਗਾ ਲਵੇ; ਜਿਸ ਦੇ ਘਰ ਸੋਗ ਹੋਵੇ, ਉਹ ਰੋ ਲਵੇ। ਸਿਆਣਿਆਂ ਦੀ ਭਵਿੱਖਵਾਣੀ ਸਭ ਦੇ ਸਾਹਮਣੇ ਹੈ। ਹੁਣ ਅਸੀਂ ਅਜਿਹੇ ਦੌਰ ਵਿਚ ਪਹੁੰਚ ਚੁੱਕੇ ਹਾਂ। ਦਾਜ ਦੀ ਪਰੰਪਰਾ ਮੁੱਢ-ਕਦੀਮ ਤੋਂ ਆਪਣਾ ਰੂਪ ਬਦਲਦੀ ਰਹੀ ਹੈ। ਧੀ ਦੇ ਮਾਪੇ ਉਸ ਦੇ ਹੱਥ ਪੀਲੇ ਕਰਨ ਵੇਲੇ ਆਪਣੀ ਸਮਰੱਥਾ ਮੁਤਾਬਿਕ ਉਸ ਨੂੰ ਕੁਝ ਨਾ ਕੁਝ ਦਿੰਦੇ ਆਏ ਹਨ। ਇਹ ਪਰੰਪਰਾ ਹੌਲੀ-ਹੌਲੀ ਲਾਹਨਤ ਦਾ ਰੂਪ ਧਾਰਨ ਕਰ ਗਈ। ਜੇਕਰ ਅੱਜ ਤੋਂ ਚਾਲੀ ਕੁ ਸਾਲ ਪਿਛਾਂਹ ਝਾਤ ਮਾਰੀਏ ਤਾਂ ਪਿੰਡਾਂ ਵਿਚ ਦਾਜ ਵਿਚ ਸਾਈਕਲ ਦੇਣ ਦਾ ਰਿਵਾਜ਼ ਪ੍ਰਚੱਲਿਤ ਰਿਹਾ ਹੈ। ਉਸ ਤੋਂ ਬਾਅਦ ਇਸ ਦੀ ਥਾਂ ਸਕੂਟਰ, ਮੋਟਰਸਾਈਕਲ ਅਤੇ ਫਿਰ ਕਾਰਾਂ ਨੇ ਲੈ ਲਈ। ਮੁੰਡੇ ਦੇ ਮਾਪੇ ਇਸ ਉੱਤੇ ਆਪਣਾ ਹੱਕ ਜਤਲਾਉਂਦੇ ਹੋਏ ਇਸ ਨੂੰ ਸਮਾਜਿਕ ਰੁਤਬਾ ਸਮਝਣ ਲੱਗ ਪਏ।

ਇੱਕ ਪਰਵਾਸੀ ਪੰਜਾਬੀ ਦੀ ਵੀਡੀਓ ਕੰਨ ਤੇ ਅੱਖਾਂ ਖੋਲ੍ਹਣ ਵਾਲੀ ਹੈ ਜਿਸ ਰਾਹੀਂ ਉਹ ਆਪਣੇ ਪਰਿਵਾਰ ਵਲੋਂ 5 ਬਰਾਤੀ ਲੈ ਕੇ ਜਾਣ ਬਾਬਤ ਦੱਸਦੇ ਹੋਏ ਦਿਨੋ-ਦਿਨ ਖਰਚੀਲੇ ਹੋ ਰਹੇ ਵਿਆਹਾਂ ਦੀ ਗੱਲ ਕਰਦੇ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਦਿਖਾਵੇ ਦੇ ਦੌਰ ਅਤੇ ਇੱਕ-ਦੂਜੇ ਤੋਂ ਅਗਾਂਹ ਲੰਘ ਜਾਣ ਦੀ ਦੌੜ ਨੇ ਸਮਾਜਿਕ ਤਾਣੇ-ਬਾਣੇ ਨੂੰ ਇੰਨਾ ਉਲਝਾ ਦਿੱਤਾ ਹੈ ਕਿ ਇਸ ਵਿਚ ਉਲਝਿਆ ਬੰਦਾ ਇਸ ਵਿਚੋਂ ਬਾਹਰ ਨਿਕਲਣ ਦੀ ਪਹਿਲ ਕਰਨ ਦੀ ਹਿੰਮਤ ਨਹੀਂ ਜੁਟਾ ਰਿਹਾ। ਮੇਰੇ ਇੱਕ ਵਾਕਫ਼ ਅਧਿਆਪਕ ਦੇ ਪੁੱਤ ਨੂੰ ਰਿਸ਼ਤੇ ਦੀ ਗੱਲ ਚਲਦੀ ਚਲਦੀ ਕੁੜਮਾਈ ਵਾਲੀ ਰਸਮ ਤੱਕ ਪੁੱਜ ਗਈ। ਮੁੰਡੇ-ਕੁੜੀ ਦੀ ਦੇਖ-ਦਖਾਈ ਛੋਟੀ ਜਿਹੀ ਦੁਕਾਨ 'ਤੇ ਰੱਖੀ ਗਈ। ਦੋਹਾਂ ਧਿਰਾਂ ਨੂੰ ਰਿਸ਼ਤਾ ਮਨਜ਼ੂਰ ਸੀ। ਕੁੜੀ ਵਾਲੇ ਮੁੰਦਰੀ ਦੀ ਰਸਮ ਕਰਨੀ ਚਾਹੁੰਦੇ ਸਨ। ਉਨ੍ਹਾਂ ਨੂੰ ਆਪਣੀ ਵੱਡੀ ਧੀ ਦੀ ਮੰਗਣੀ ਦੀ ਰਸਮ ਸਮੇਂ ਦੇ ਕੰਨ ਲੱਗੇ ਹੋਏ ਸਨ। ਅਧਿਆਪਕ ਦੋਸਤ ਅਗਾਂਹਵਧੂ ਵਿਚਾਰਾਂ ਵਾਲਾ ਸੀ, ਉਹਨੇ ਵਿਆਹ ਦੀ ਤਰੀਕ ਮੁਕੱਰਰ ਕਰਨ ਲਈ ਕਿਹਾ। ਨਾਲ ਇਹ ਵੀ ਕਹਿ ਦਿੱਤਾ ਕਿ ਵਿਆਹ ਸਾਦੀਆਂ ਰਸਮਾਂ ਨਾਲ ਹੋਵੇਗਾ। ਇਹ ਗੱਲ ਸੁਣਦਿਆਂ ਕੁੜੀ ਦੇ ਬਾਪ ਦੀਆਂ ਅੱਖਾਂ ਵਿਚ ਹੰਝੂ ਵਹਿ ਤੁਰੇ। ਉਹ ਪਿਛਲੇ ਸਾਲ ਆਪਣੇ ਨਾਲ ਬੀਤੀ ਦੱਸਣ ਤੋਂ ਨਾ ਰਹਿ ਸਕਿਆ।

ਸਾਲ ਕੁ ਪਹਿਲਾਂ ਉਸ ਦੀ ਵੱਡੀ ਧੀ ਦਾ ਵਿਆਹ ਹੋਇਆ ਸੀ। ਉਨ੍ਹਾਂ ਨੂੰ ਰਿਸ਼ਤੇਦਾਰ ਕਹਿਣਾ ਸ਼ਾਇਦ 'ਰਿਸ਼ਤੇ' ਸ਼ਬਦ ਦੀ ਤੌਹੀਨ ਹੋਵੇਗੀ। ਰਿਸ਼ਤੇਦਾਰੀ ਜ਼ੋਰ ਪਰਖਣ ਲਈ ਥੋੜ੍ਹਾ ਹੁੰਦੀ! ਸਿਆਣੇ ਕਹਿੰਦੇ ਨੇ- ਇਹ ਤਾਂ ਤਿੰਨ ਪੀੜ੍ਹੀਆਂ ਦੀ ਸਾਂਝ ਹੁੰਦੀ ਹੈ। ਕਿਹੜੀ ਸ਼ਰਤ ਸੀ ਜੋ ਉਨ੍ਹਾਂ ਨੇ ਨਹੀਂ ਸੀ ਮਨਾਈ। ਸੱਸ-ਨਣਾਨ ਦੇ ਸੂਟ ਗਹਿਣਿਆਂ ਤੋਂ ਲੈ ਕੇ ਪੂਰੇ ਪਰਿਵਾਰ ਲਈ ਸੁਗਾਤਾਂ ਮੂੰਹ ਪਾੜ ਕੇ ਮੰਗ ਲਈਆਂ ਸਨ। ਸਿਰਫ਼ ਬੈਂਡ-ਸੋਫ਼ਿਆਂ ਤੋਂ ਨਾਂਹ ਕਰਦਿਆਂ ਅਜੋਕੇ ਸਮੇਂ ਦਾ ਰਟਿਆ-ਰਟਾਇਆ ਤੋੜਾ ਝਾੜ ਦਿੱਤਾ ਸੀ, "ਅਸੀਂ ਦਾਜ ਨੀਂ ਲੈਣਾ, ਬਸ ਬਰਾਤ ਦੀ ਸੇਵਾ ਕਰ ਦਿਓ।" ਅੱਜ ਕੱਲ੍ਹ ਮੁੰਡੇ ਵਾਲਿਆਂ ਦੇ ਇਹ ਸ਼ਬਦ ਆਮ ਹੀ ਸੁਣਨ ਨੂੰ ਮਿਲ ਜਾਂਦੇ ਹਨ ਪਰ ਇਹ ਸੇਵਾ ਨਿਭਾਉਂਦਿਆਂ ਕੁੜੀਆਂ ਵਾਲਿਆਂ ਦਾ ਕਚੂੰਮਰ ਜ਼ਰੂਰ ਨਿਕਲ ਜਾਂਦਾ ਹੈ। ਵੱਡੇ ਪੈਲਸਾਂ ਵਿਚ ਸ਼ਰਾਬ-ਕਬਾਬ ਦਾ ਖਰਚਾ ਭਾਵੇਂ ਕੁੜੀ ਵਾਲਾ ਝੱਲਣ ਦੀ ਸਮਰੱਥਾ ਨਾ ਰੱਖਦਾ ਹੋਵੇ ਪਰ ਮਰਦੀ ਨੂੰ ਅੱਕ ਚੱਬਣ ਵਾਲੀ ਮਜਬੂਰੀ ਹੁੰਦੀ ਹੈ।

ਸਾਡੇ ਇੱਕ ਸੱਜਣ-ਬੇਲੀ ਦੀ ਧੀ ਦਾ ਵਿਆਹ ਪਿੱਛੇ ਜਿਹੇ ਹੀ ਹੋਇਆ ਹੈ। ਇਸ ਵਿਆਹ ਵਿਚ ਵੀ ਮੁੰਡੇ ਵਾਲਿਆਂ ਦੀ ਸ਼ਰਤ ਸੀ ਕਿ ਬਸ ਵਿਆਹ ਪੈਲੇਸ ਵਿਚ ਕਰ ਦਿਓ, ਬਰਾਤ ਦੀ ਸੇਵਾ ਹੋ ਜਾਵੇ; ਅਖੇ, ਸਾਡੇ ਰਿਸ਼ਤੇਦਾਰ ਵੀ ਸੁੱਖ ਨਾਲ ਖਾਂਦੇ ਪੀਂਦੇ ਹਨ, ਵਿਦੇਸ਼ ਤੋਂ ਵੀ ਆ ਰਹੇ ਨੇ, ਬੱਸ ਜ਼ਰਾ ਸੇਵਾ ਉਸ ਹਿਸਾਬ ਨਾਲ ਕਰ ਦਿਓ...। ਪਤਾ ਲੱਗਾ ਕਿ ਇਸ ਸੇਵਾ ਦਾ ਸੇਵਾਫਲ ਕੁੜੀ ਵਾਲਿਆਂ ਨੇ ਅੱਠ ਲੱਖ ਦੇ ਕੇ ਲਾਹਿਆ।

ਪੁਰਾਣੇ ਵੇਲਿਆਂ ਵਿਚ ਕਈ ਕਈ ਦਿਨ ਠਹਿਰਨ ਵਾਲੀ ਬਰਾਤ ਦੀ ਸੇਵਾ ਦਾ ਇੰਨਾ ਬੋਝ ਨਹੀਂ ਸੀ ਹੁੰਦਾ ਜਿੰਨਾ ਹੁਣ ਕੁਝ ਘੰਟਿਆਂ ਦੀ ਬਰਾਤ ਦਾ ਪੈ ਜਾਂਦਾ ਹੈ!

# ਭਾਰਤ ਦੀ ਆਰਥਿਕਤਾ ਅਤੇ ਪੂੰਜੀਵਾਦ ਦਾ ਪ੍ਰਤਾਪ

ਭਾਰਤ ਆਲਮੀ ਸ਼ਕਤੀ ਬਣਨ ਲਈ ਤਿਆਰ ਹੈ ਪਰ ਇਸ ਦਾ ਕਾਰਨ ਉਹ ਨਹੀਂ ਹੈ ਜੋ ਕੁਝ ਤੁਹਾਨੂੰ ਦੱਸਿਆ ਜਾ ਰਿਹਾ ਹੈ। ਅਸੀਂ ਵੱਡੀ ਸ਼ਕਤੀ ਵਜੋਂ ਇਸ ਲਈ ਉਭਰਾਂਗੇ ਕਿਉਂਕਿ ਸਾਡੀ ਪੂੰਜੀਪਤੀ ਜਮਾਤ ਨੂੰ ਦੁਨੀਆ ਦੇ ਹੋਰਨਾਂ ਖੇਤਰਾਂ ਦੇ ਪੂੰਜੀਪਤੀ ਵਰਗਾਂ ਦੇ ਮੁਕਾਬਲੇ ਇਕ ਖ਼ਾਸ ਲਾਭ ਮਿਲ ਰਿਹਾ ਹੈ। ਕੋਈ ਬਿਹਤਰ ਸ਼ਬਦ ਨਾ ਮਿਲਣ ਕਰ ਕੇ ਮੈਂ ਇਸ ਨੂੰ ਦਲਾਲ ਪੂੰਜੀਵਾਦ ਕਹਾਂਗਾ ਜੋ ਤਜਾਰਤੀ ਪੂੰਜੀ ਦਾ ਇੱਕੀਵੀਂ ਸਦੀ ਦਾ ਰੂਪ ਹੈ।

ਉਂਝ, ਪੂੰਜੀਵਾਦ ਹੁੰਦਾ ਕੀ ਹੈ? ਇਹ ਅਜਿਹਾ ਸਿਸਟਮ ਹੁੰਦਾ ਹੈ ਜਿਸ ਵਿਚ ਆਰਥਿਕ ਖਿਡਾਰੀ ਪੂੰਜੀ ਦੇ ਮਾਲਕਾਂ ਅਤੇ ਕਿਰਤ ਸ਼ਕਤੀ ਦੇ ਮਾਲਕਾਂ ਵਿਚਕਾਰ ਵੰਡੇ ਹੁੰਦੇ ਹਨ। ਪੂੰਜੀ ਦੇ ਮਾਲਕ ਹੋਰਨਾਂ

**ਔਨੰਦਿਓ ਚੱਕਰਵਰਤੀ**

ਪੂੰਜੀਪਤੀਆਂ ਕੋਲੋਂ ਕੱਚਾ ਮਾਲ ਅਤੇ ਕਾਮਿਆਂ ਤੋਂ ਕਿਰਤ ਸ਼ਕਤੀ ਖਰੀਦਦੇ ਹਨ ਤੇ ਇਨ੍ਹਾਂ ਨੂੰ ਵਸਤਾਂ ਦੇ ਉਤਪਾਦਨ 'ਤੇ ਲਾ ਦਿੰਦੇ ਹਨ। ਇਨ੍ਹਾਂ ਵਸਤਾਂ ਦੀ ਕੀਮਤ ਇਨ੍ਹਾਂ ਦੀ ਵਰਤੋਂ ਸਮੱਗਰੀ ਦੀ ਕੀਮਤ ਨਾਲੋਂ ਉੱਚੀ ਹੁੰਦੀ ਹੈ ਜਿਸ ਸਦਕਾ ਪੂੰਜੀਪਤੀ ਇਨ੍ਹਾਂ ਤੋਂ ਮੁਨਾਫ਼ਾ ਕਮਾਉਂਦੇ ਹਨ। ਇਸ ਲਈ ਮੁਨਾਫ਼ੇ ਦੇ ਮੰਤਵ ਕਰ ਕੇ ਉਤਪਾਦਨ ਵਿਚ ਲਗਾਤਾਰ ਵਾਧਾ ਹੁੰਦਾ ਰਹਿੰਦਾ ਹੈ। ਇਸੇ ਨੂੰ ਅਸੀਂ ਆਰਥਿਕ ਵਿਕਾਸ ਕਹਿੰਦੇ ਹਾਂ।

ਇਹ ਆਰਥਿਕ ਪ੍ਰਣਾਲੀ ਰਾਤੋ-ਰਾਤ ਨਹੀਂ ਬਣਦੀ। ਪੁਰਾਣੀ ਆਰਥਿਕ ਪ੍ਰਣਾਲੀ ਤਹਿਤ ਕਾਮੇ ਜ਼ਮੀਨ ਜਾਂ ਇਸ ਦੇ ਮਾਲਕ ਨਾਲ ਜੁੜੇ ਹੁੰਦੇ ਹਨ ਤੇ ਉਹ ਆਪਣੀ ਇੱਛਾ ਨਾਲ ਪੂੰਜੀਪਤੀਆਂ ਨੂੰ ਆਪਣੀ ਕਿਰਤ ਸ਼ਕਤੀ ਨਹੀਂ ਵੇਚ ਸਕਦੇ। ਇਸ ਨੂੰ ਤਬਦੀਲ ਕਰਨ ਲਈ ਆਰਥਿਕ ਅਤੇ ਸਿਆਸੀ ਸੰਘਰਸ਼ ਲੜਨੇ ਪੈਂਦੇ ਹਨ। ਪੂੰਜੀਵਾਦ ਦਾ ਪਹਿਲਾ ਰੂਪ ਵਿਚੋਲੇ ਜਾਂ ਦਲਾਲ ਵਾਲਾ ਹੁੰਦਾ ਹੈ ਜਾਂ ਸਸਤੀ ਮੰਡੀ ਤੋਂ ਮਾਲ ਕਿਸੇ ਅਜਿਹੀ ਮੰਡੀ ਪਹੁੰਚਾ ਕੇ ਕਮਾਈ ਕਰਨਾ ਜਿੱਥੇ ਜ਼ਿਆਦਾ ਕੀਮਤ ਮਿਲਦੀ ਹੈ। ਇਸ ਨਾਲ ਯੂਰਪ ਵਿਚ ਵੱਡੇ ਵਪਾਰਕ ਘਰਾਣਿਆਂ ਦਾ ਜਨਮ ਹੋਇਆ ਸੀ ਜਿਨ੍ਹਾਂ ਦਾ ਅਸਰ ਰਸੂਖ਼ ਸ਼ਾਹੀ ਦਰਬਾਰਾਂ ਤੱਕ ਫੈਲ ਗਿਆ। ਇਸ ਦੇ ਨਾਲ ਹੀ ਈਸਟ ਇੰਡੀਆ ਕੰਪਨੀ ਦੇ ਕਈ ਸੰਸਕਰਨ ਪੈਦਾ ਹੋ ਗਏ ਜਿਨ੍ਹਾਂ ਨੇ ਦੁਨੀਆ ਦੇ ਬਹੁਤ ਸਾਰੇ ਗੈਰ-ਤਜਾਰਤੀ ਖ਼ਿੱਤਿਆਂ ਨੂੰ ਆਪੋ-ਆਪਣੀਆਂ ਬਸਤੀਆਂ ਬਣਾ ਲਿਆ।

ਇਤਿਹਾਸ ਸਾਨੂੰ ਦੱਸਦਾ ਹੈ ਕਿ ਪੱਛਮ ਦਾ ਸਨਅਤੀ ਪੂੰਜੀਵਾਦ ਵਪਾਰ ਜਿੱਥੇ ਕੁਝ ਸਨਅਤਾਂ ਨੂੰ ਮਹਿਸੂਲ ਰੋਕਾਂ ਦੇ ਰੂਪ ਵਿਚ ਸਰਕਾਰੀ ਥਾਪੜਾ ਹਾਸਿਲ ਹੁੰਦਾ ਹੈ, ਦੇ ਇਸ ਪੜਾਅ 'ਚੋਂ ਗੁਜ਼ਰੇ ਬਗ਼ੈਰ ਵਿਕਸਤ ਨਹੀਂ ਹੋ ਸਕਣਾ ਸੀ। ਇਸ ਦੀ ਇਕ ਕਥਾ ਬਰਤਾਨਵੀ ਕੱਪੜਾ ਸਨਅਤ ਨਾਲ ਜੁੜੀ ਹੈ ਜਿਸ ਨੂੰ ਅਕਸਰ ਸਨਅਤੀ ਕ੍ਰਾਂਤੀ ਦੀ ਪਹਿਲੀ ਮਿਸਾਲ ਵਜੋਂ ਵਡਿਆਇਆ ਜਾਂਦਾ ਹੈ। ਪੂਰੀ ਅਠਾਰਵੀਂ ਸਦੀ ਵਿਚ ਅੰਗਰੇਜ਼ ਕਪਾਹ ਉਤਪਾਦਕਾਂ ਨੂੰ ਬਚਾਉਣ ਲਈ ਹਿੰਦੋਸਤਾਨੀ ਨਰਮਾ ਉਤਪਾਦਨਾਂ 'ਤੇ ਮਹਿਸੂਲ ਲਾਇਆ ਜਾਂਦਾ ਸੀ। 1815 ਤੋਂ ਲੈ ਕੇ 1832 ਤੱਕ ਹਿੰਦੋਸਤਾਨੀ ਕਪਾਹ ਉਤਪਾਦਾਂ ਉਪਰ ਮਹਿਸੂਲ ਦੀਆਂ ਦਰਾਂ 1000 ਫ਼ੀਸਦ ਤੱਕ ਪਹੁੰਚ ਗਈਆਂ ਸਨ ਤਾਂ ਕਿ ਅੰਗਰੇਜ਼ੀ ਕੱਪੜਾ ਨਿਰਮਾਣਕਾਰਾਂ ਦਾ ਬਚਾਓ ਕੀਤਾ ਜਾ ਸਕੇ। ਬਰਤਾਨੀਆ ਵਿਚ ਸੰਸਦੀ ਜਾਂਚ ਵਿਚ ਕਬੂਲ ਕੀਤਾ ਗਿਆ ਸੀ ਕਿ ਹਿੰਦੋਸਤਾਨੀ ਵਸਤਾਂ ਉਪਰ ਇਸ ਤਰ੍ਹਾਂ ਦੀਆਂ ਸਖ਼ਤ ਬੰਦਸ਼ਾਂ ਲਾਏ ਬਿਨਾਂ "ਪੇਸਲੀ ਅਤੇ ਮਾਨਚੈਸਟਰ ਦੀਆਂ ਮਿੱਲਾਂ ਸ਼ੁਰੂ ਵਿਚ ਹੀ ਬੰਦ ਹੋ ਜਾਣੀਆਂ ਸਨ ਅਤੇ ਇਨ੍ਹਾਂ ਨੂੰ ਭਾਫ਼ ਦੀ ਸ਼ਕਤੀ ਨਾਲ ਵੀ ਦੁਬਾਰਾ ਚਲਾਉਣਾ ਵੀ ਬਹੁਤ ਔਖਾ ਹੋਣਾ ਸੀ। ਇਨ੍ਹਾਂ ਦੀ ਸਿਰਜਣਾ ਭਾਰਤੀ ਨਿਰਮਾਣਕਾਰਾਂ ਦੀ ਬਲੀ ਦੇ ਕੇ ਕੀਤੀ ਗਈ ਸੀ।"

ਹਿੰਦੋਸਤਾਨ ਵਿਚ ਪਹਿਲਾਂ ਤੋਂ ਹੀ ਬਹੁਤ ਸ਼ਕਤੀਸ਼ਾਲੀ ਵਪਾਰਕ ਅਤੇ ਬੈਂਕਿੰਗ ਭਾਈਚਾਰੇ ਮੌਜੂਦ ਸਨ। ਇਨ੍ਹਾਂ ਵਿਚੋਂ ਸਭ ਤੋਂ ਵੱਧ ਗੁਜਰਾਤ ਅਤੇ ਮਾਰਵਾੜ ਖ਼ਿੱਤੇ ਤੋਂ ਆਉਂਦੇ ਸਨ। ਇਨ੍ਹਾਂ ਤੋਂ ਇਲਾਵਾ ਕਈ ਹੋਰ ਸਮੂਹ ਸਨ ਜਿਨ੍ਹਾਂ ਵਿਚ ਪੰਜਾਬ ਦੇ ਖੱਤਰੀ ਅਤੇ ਦੱਖਣ ਦੇ ਚੇਟੀਆਰ ਸ਼ਾਮਲ ਸਨ। ਜੇ ਹਿੰਦੋਸਤਾਨ ਆਜ਼ਾਦ ਹੁੰਦਾ ਤਾਂ ਹੋ ਸਕਦਾ ਸੀ ਕਿ ਇਨ੍ਹਾਂ ਸਮੂਹਾਂ ਅੰਦਰੋਂ ਵੱਡੇ ਸਨਅਤੀ ਘਰਾਣੇ ਵਿਕਸਤ ਹੁੰਦੇ। ਇਸ ਦੀ ਬਜਾਇ ਉਨ੍ਹਾਂ ਦਾ ਸਾਰਾ ਧਿਆਨ ਬਸਤੀਵਾਦੀ ਤਜਾਰਤ ਦਾ ਰਾਹ ਸਾਫ਼ ਕਰਨ ਵਾਲੇ ਵਪਾਰੀ ਬਣਨ 'ਤੇ ਲੱਗ ਗਿਆ। ਬਿਨਾਂ ਸ਼ੱਕ, ਇਨ੍ਹਾਂ ਵਿਚੋਂ ਕੁਝ ਲੋਕਾਂ ਨੇ ਸਨਅਤਾਂ ਵੀ ਸਥਾਪਤ ਕੀਤੀਆਂ ਪਰ ਇਹ ਉਸ ਪੈਮਾਨੇ 'ਤੇ ਨਹੀਂ ਹੋਇਆ ਜਿਵੇਂ ਪੱਛਮ ਅਤੇ ਜਪਾਨ ਵਿਚ ਹੋਇਆ ਸੀ।



ਬਸਤੀਵਾਦ ਦੀਆਂ ਰੋਕਾਂ ਕਰ ਕੇ ਹਿੰਦੋਸਤਾਨੀ ਵਪਾਰਕ ਭਾਈਚਾਰਿਆਂ ਨੂੰ ਆਪਣੀਆਂ ਵਪਾਰਕ ਰਵਾਇਤਾਂ ਨੂੰ ਹੋਰ ਨਿਖਾਰਨ ਦਾ ਮੌਕਾ ਮਿਲਿਆ। ਉਨ੍ਹਾਂ ਨੇ ਮਾਲ ਅਤੇ ਵਿੱਤ ਦੇ ਲਿਹਾਜ਼ ਤੋਂ ਵੱਖ ਵੱਖ ਮੰਡੀਆਂ ਦਰਮਿਆਨ ਆਪਣੀ ਸਾਲਸੀ ਦੇ ਹੁਨਰ ਨੂੰ ਸੁਧਾਰਿਆ। ਸ਼ਾਇਦ ਇਕ ਕਾਰਨ ਇਹ ਵੀ ਹੈ ਕਿ ਸਾਡਾ ਸੱਟਾ ਬਾਜ਼ਾਰ ਐਨਾ ਭਰਵਾਂ ਕਿਉਂ ਹੈ ਜੋ ਦਲਾਲੀ ਰਾਹੀਂ ਪੈਸਾ ਕਮਾਉਣ 'ਤੇ ਹੀ ਟਿਕਿਆ ਹੁੰਦਾ ਹੈ। ਅਸੀਂ ਦਲਾਲ ਪੂੰਜੀਵਾਦ ਦੇ ਦਬਦਬੇ ਤੋਂ ਇਹ ਦੇਖ ਸਕਦੇ ਹਾਂ, ਸਾਡੇ ਇਕੁਇਟੀ ਬਾਜ਼ਾਰ ਵਿਚ ਵੀ ਇਸ ਦੀ ਧਾਂਕ ਬਣੀ ਹੋਈ ਹੈ ਜਿੱਥੇ ਰੋਜ਼ਾਨਾ ਕਾਰੋਬਾਰ ਦਾ ਵੱਡਾ ਹਿੱਸਾ ਸ਼ੇਅਰਾਂ ਦੀ ਖਰੀਦ ਵੇਚ ਜਾਂ ਅੰਤਿਮ ਡਲਿਵਰੀ ਤੋਂ ਬਗ਼ੈਰ ਹੀ ਕੀਤਾ ਜਾਂਦਾ ਹੈ। ਇਹ ਸਾਰੀ ਇਕ ਦਿਨ ਦੀ ਖੇਡ ਹੁੰਦੀ ਹੈ ਜਿਸ ਕੋਈ ਇਕੁਇਟੀ ਨਿਵੇਸ਼ਕ ਉਸੇ ਦਿਨ ਹੀ ਸ਼ੇਅਰਾਂ ਦੀ ਖਰੀਦ ਵੇਚ ਕਰ ਕੇ ਪੈਸੇ ਗੁਆਉਂਦਾ ਜਾਂ ਕਮਾਉਂਦਾ ਹੈ।

ਮੇਰਾ ਤਰਕ ਹੈ ਕਿ ਪੂੰਜੀਵਾਦ ਦੇ ਜਿਸ ਨਵੇਂ ਪੜਾਅ ਵਿਚ ਅਸੀਂ ਦਾਖ਼ਲ ਹੋ ਗਏ ਹਾਂ, ਉਸ ਵਿਚ ਇਸ ਹੁਨਰ ਦਾ ਕਾਫ਼ੀ ਮੁੱਲ ਪਵੇਗਾ। ਇਸ ਰਾਹੀਂ ਜ਼ਿਆਦਾ ਮੁੱਲ ਪੈਦਾ ਕਰ ਕੇ ਪੈਸਾ ਨਹੀਂ ਕਮਾਇਆ ਜਾਂਦਾ ਸਗੋਂ ਕਿਸੇ ਹੋਰ ਜਗ੍ਹਾ ਪੈਦਾ ਹੋਣ ਵਾਲੀਆਂ ਵਸਤਾਂ ਤੋਂ ਭਾੜਾ ਜਾਂ ਵਪਾਰਕ ਮਾਰਜਿਨ ਲੈ ਕੇ ਪੈਸਾ ਕਮਾਇਆ ਜਾਂਦਾ ਹੈ। ਮਿਸਾਲ ਦੇ ਤੌਰ 'ਤੇ ਐਮੇਜ਼ਨ ਅਜਿਹੀ ਕੰਪਨੀ ਹੈ ਜੋ ਮੰਡੀ ਮੁਹੱਈਆ ਕਰਾਉਣ ਦਾ ਭਾੜਾ ਵਸੂਲਦੀ ਹੈ ਜਿਵੇਂ ਮੱਧਕਾਲੀ ਯੂਰਪ ਵਿਚ ਕੋਈ ਜਾਗੀਰਦਾਰ ਵਪਾਰੀਆਂ ਅਤੇ ਗਿਲਡਾਂ ਤੋਂ ਵਸੂਲਦਾ ਸੀ। ਗੂਗਲ, ਫੇਸਬੁੱਕ ਅਤੇ ਐਕਸ ਦੀ ਕਮਾਈ ਦਾ ਵੀ ਇਹੋ ਮਾਡਲ ਹੈ ਜਿੱਥੇ ਉਹ ਆਪਣੇ ਡਿਜੀਟਲ ਰੀਅਲ ਅਸਟੇਟ ਦੀ ਵਰਤੋਂ ਕਰ ਕੇ ਉਤਪਾਦਕਾਂ ਤੋਂ ਖਪਤਕਾਰਾਂ ਤੱਕ ਪਹੁੰਚ ਬਣਾ ਕੇ ਸਿੱਧੇ ਤੌਰ 'ਤੇ ਵਿਕਰੀ ਕਰਨ ਬਦਲੇ ਮਹਿਸੂਲ ਲੈਂਦੀਆਂ ਹਨ।

ਸਨਾਤਨੀ ਸਨਅਤੀ ਪੂੰਜੀਵਾਦ ਵਿਚ ਮਾਰਕਿਟ ਪਲੇਸ ਜਾਂ ਮੰਡੀ ਸੁਤੰਤਰ ਮੰਨੀ ਜਾਂਦੀ ਹੈ। ਉਤਪਾਦਕਾਂ ਦੀ ਇਕਮਾਤਰ ਲਾਗਤ ਉਹ ਹੁੰਦੀ ਹੈ ਜੋ ਉਹ ਥੋਕ ਜਾਂ ਪ੍ਰਚੂਨ ਵਿਕਰੇਤਾ ਵਪਾਰ ਨੂੰ ਅਦਾ ਕਰਦੇ ਹਨ। ਅਜੋਕੇ ਪੂੰਜੀਵਾਦ ਵਿਚ ਮੰਡੀਆਂ ਸਾਈਬਰ ਸਪੇਸ 'ਤੇ ਤਬਦੀਲ ਹੋ ਰਹੀਆਂ ਹਨ ਜਿੱਥੇ ਉਨ੍ਹਾਂ ਉਪਰ ਮੈਗਾ ਇਜਾਰੇਦਾਰਾਂ ਦਾ ਕਬਜ਼ਾ ਹੈ। ਇਸ ਕਾਰਨ ਪੁਰਾਤਨ ਪੂੰਜੀਵਾਦੀਆਂ ਦੇ ਮੁਨਾਫ਼ੇ ਘਟ ਰਹੇ ਹਨ; ਜਿਨ੍ਹਾਂ ਦਾ ਸਾਈਬਰ ਸਪੇਸ 'ਤੇ ਗ਼ਲਬਾ ਹੈ, ਉਨ੍ਹਾਂ ਦੇ ਮੁਨਾਫ਼ੇ ਵਧ ਰਹੇ ਹਨ। ਉਤਪਾਦਕਾਂ ਕੋਲ ਲਾਗਤਾਂ ਘਟਾਉਣ ਤੋਂ ਬਿਨਾਂ ਕੋਈ ਚਾਰਾ ਨਹੀਂ ਜਿਸ ਕਰ ਕੇ ਉਹ ਕਿਰਤ ਸ਼ਕਤੀ ਦੀ ਛਾਂਗਾਈ ਕਰ ਰਹੇ ਹਨ। ਇਸ ਕਰ ਕੇ ਮਸਨੂਈ ਬੌਧਿਕਤਾ (ਆਰਟੀਫੀਸ਼ੀਅਲ ਇੰਟੈਲੀਜੈਂਸ) ਦੀ ਲੋਕਪ੍ਰਿਯਤਾ ਵਧ ਰਹੀ ਹੈ ਕਿਉਂਕਿ ਕਾਰੋਬਾਰ ਆਪਣੇ ਮੁਨਾਫ਼ੇ ਬਰਕਰਾਰ ਰੱਖਣ ਲਈ ਆਪਣੀਆਂ ਲਾਗਤਾਂ ਘਟਾਉਣ ਲਈ ਹੱਥ ਪੈਰ ਮਾਰ ਰਹੇ ਹਨ।

ਇਹ ਕੋਈ ਸਬੱਬ ਦੀ ਗੱਲ ਨਹੀਂ ਹੈ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਦੇ ਸਭ ਤੋਂ ਵੱਡੇ ਨਿਵੇਸ਼ਕ ਡਿਜੀਟਲ ਮਾਰਕਿਟ ਪਲੇਸ ਦੇ ਮਾਲਕ ਹਨ ਜਿਨ੍ਹਾਂ ਕੋਲ ਧਨ ਦੇ ਵੱਡੇ ਖ਼ਜ਼ਾਨੇ ਹਨ। ਇਸੇ ਤਰ੍ਹਾਂ ਪਹਿਲ ਪਲੇਠੇ ਵੱਡੇ ਸਨਅਤੀ ਘਰਾਣਿਆਂ ਨੇ ਸਾਰੇ ਹੋਰਨਾਂ ਵਿਚ ਵਿਸਤਾਰ ਕੀਤਾ ਸੀ ਅਤੇ ਇਵੇਂ ਉਹ ਵੱਡੇ ਸਮੂਹਾਂ ਦਾ ਰੂਪ ਧਾਰ ਗਏ ਸਨ। ਸਾਰਾ ਧਨ ਇਨ੍ਹਾਂ ਕੰਪਨੀਆਂ ਵੱਲ ਵਹਿ ਰਿਹਾ ਹੈ ਜੋ ਕੁੱਲ ਮਿਲਾ ਕੇ ਮਾਰਕਿਟ ਪਲੇਸ ਦੇ ਨਾਲ ਨਾਲ ਏਆਈ ਅਤੇ ਰੋਬੋਟਿਕਸ ਵਿਚ ਨਿਵੇਸ਼ ਦੀਆਂ ਮਾਲਕ ਹਨ। ਅੱਜ ਕੱਲ੍ਹ ਵਿੱਤੀ ਪੂੰਜੀ ਇਨ੍ਹਾਂ ਕੰਪਨੀਆਂ ਵਿਚ ਨਿਵੇਸ਼ ਕਰ ਕੇ ਹੀ ਪੈਸਾ ਕਮਾਉਂਦੀਆਂ ਹਨ ਭਾਵੇਂ ਉਨ੍ਹਾਂ ਤੋਂ ਹੋਣ ਵਾਲੀ ਕਮਾਈ ਬਹੁਤੀ ਨਹੀਂ ਹੈ। ਭਾਰਤ ਦੀ ਪੂੰਜੀਵਾਦੀ ਜਮਾਤ ਮਾਰਕਿਟ ਪਲੇਸ ਨੂੰ ਕੰਟਰੋਲ ਤੇ ਪ੍ਰਬੰਧ ਕਰਨ ਅਤੇ ਵਿੱਤੀ ਨਿਵੇਸ਼ ਤੋਂ ਕਮਾਈ ਕਰਨ ਦੀ ਇਹੋ ਜਿਹੀ ਖੇਡ ਖੇਡਣ ਵਿਚ ਬਹੁਤ ਹੁਨਰ ਰੱਖਦੀ ਹੈ। ਸਾਡੇ ਦਲਾਲ ਪੂੰਜੀਪਤੀ ਨੂੰ ਅਜਿਹੀ ਨਵ-ਵਪਾਰਵਾਦੀ ਸਰਕਾਰ ਦੀ ਲੋੜ ਹੈ ਜੋ ਉਸ ਦੀਆਂ ਚਾਲਾਂ ਦੀ ਢਾਲ ਅਤੇ ਸਹਾਇਕ ਬਣ ਕੇ ਚੱਲੇ। ਜੇ ਭਾਰਤ ਸਰਕਾਰ ਨੇ ਬੰਧੇਜ ਦੀ ਕੋਈ ਨੀਤੀ ਅਖਤਿਆਰ ਕੀਤੀ ਤਾਂ ਬਿਨਾਂ ਸ਼ੱਕ ਪੱਛਮੀ ਦੇਸ਼ਾਂ, ਖ਼ਾਸਕਰ ਆਲਮੀ ਤਕਨੀਕੀ ਕੰਪਨੀਆਂ ਦਾ ਸਖ਼ਤ ਰੱਦੇਅਮਲ ਹੋਵੇਗਾ। ਉਂਝ, ਭਾਰਤ ਅਜਿਹੀ ਸੁਖਾਵੀਂ ਸਥਿਤੀ ਵਿਚ ਹੈ ਕਿ ਉਹ ਚੀਨ ਖ਼ਿਲਾਫ਼ ਪੱਛਮ ਦਾ ਸੰਭਾਵੀ ਸਹਿਯੋਗੀ ਬਣ ਕੇ ਚੱਲ ਸਕਦਾ ਹੈ। ਮੌਜੂਦਾ ਕੇਂਦਰ ਸਰਕਾਰ ਪਹਿਲਾਂ ਤੋਂ ਹੀ ਇਸ ਮੌਕੇ ਦਾ ਲਾਹਾ ਲੈ ਰਹੀ ਹੈ ਅਤੇ ਆਉਣ ਵਾਲੇ ਸਾਲਾਂ ਵਿਚ ਅਸੀਂ ਅਜਿਹੇ ਹੋਰ ਕਦਮ ਵੀ ਦੇਖ ਸਕਦੇ ਹਾਂ; ਤੇ ਜਿਵੇਂ ਜਿਵੇਂ ਭਾਰਤ ਆਪਣੀ ਆਲਮੀ ਤਾਕਤ ਦਾ ਮੁਜ਼ਾਹਰਾ ਕਰਦਾ ਰਹੇਗਾ, ਇਸ ਨਾਲ ਇਸ ਦੇ ਦਲਾਲ ਪੂੰਜੀਪਤੀਆਂ ਦੀ ਤਾਕਤ ਵੀ ਵਧਦੀ ਰਹੇਗੀ।

# ਇਰਾਨ-ਪਾਕਿਸਤਾਨ ਟਕਰਾਅ

ਪਾਕਿਸਤਾਨ ਆਧਾਰਿਤ ਇਰਾਨੀ ਬਲੋਚ ਦਹਿਸ਼ਤੀ ਗਰੁੱਪ ਜੈਸ਼ ਅਲ-ਅਦਲ ਨੇ ਬੀਤੀ 15 ਦਸੰਬਰ ਨੂੰ ਇਰਾਨ ਦੇ ਸਿਸਤਾਨ-ਬਲੋਚਿਸਤਾਨ ਸੂਬੇ ਵਿਚ ਰਾਸਕ ਵਿਖੇ ਥਾਣੇ ਉਤੇ ਹਮਲਾ ਕੀਤਾ। ਇਹ ਥਾਂ ਇਰਾਨ-ਪਾਕਿਸਤਾਨ ਸਰਹੱਦ ਤੋਂ ਕਰੀਬ 60 ਕਿਲੋਮੀਟਰ ਦੂਰ ਹੈ। ਹਮਲੇ ਵਿਚ 11 ਪੁਲੀਸ ਜਵਾਨ ਮਾਰੇ ਗਏ। ਇਰਾਨੀ ਫ਼ੌਜ (ਇਰਾਨੀ ਰੈਵੋਲਿਊਸ਼ਨਰੀ ਗਾਰਡਜ਼) ਨੇ ਜਵਾਬੀ ਕਾਰਵਾਈ ਕਰਦਿਆਂ 16 ਜਨਵਰੀ ਨੂੰ ਪਾਕਿਸਤਾਨ ਸਰਹੱਦ ਦੇ ਕਰੀਬ 45 ਕਿਲੋਮੀਟਰ ਅੰਦਰ ਸਬਜ਼ ਕੋਹ ਵਿਖੇ ਜੈਸ਼ ਅਲ-ਅਦਲ ਦੇ ਦੱਸੇ ਜਾਂਦੇ ਟਿਕਾਣੇ ਉਤੇ

**ਵਿਵੇਕ ਕਾਟਜੂ**

ਡਰੋਨਾਂ ਅਤੇ ਮਿਜ਼ਾਇਲਾਂ ਨਾਲ ਹਮਲਾ ਕੀਤਾ। ਪਾਕਿਸਤਾਨ ਨੇ ਦਾਅਵਾ ਕੀਤਾ ਕਿ ਇਸ ਹਮਲੇ ਵਿਚ ਦੋ ਬੱਚੇ ਮਾਰੇ ਗਏ ਅਤੇ ਤਿੰਨ ਜ਼ਖ਼ਮੀ ਹੋ ਗਏ। ਪਾਕਿਸਤਾਨ ਨੇ ਆਪਣੀ ਪ੍ਰਭੂਸੱਤਾ ਦੀ ਉਲੰਘਣਾ ਕਰਨ ਬਦਲੇ ਇਰਾਨ ਦੀ ਨਿਖੇਧੀ ਕਰਦਿਆਂ ਤਹਿਰਾਨ ਤੋਂ ਆਪਣਾ ਰਾਜਦੂਤ ਵਾਪਸ ਸੱਦ ਲਿਆ; ਨਾਲ ਹੀ ਚਿਤਾਵਨੀ ਦਿੱਤੀ ਕਿ ਇਰਾਨ ਦੀ ਇਸ 'ਗ਼ੈਰ-ਕਾਨੂੰਨੀ' ਕਾਰਵਾਈ ਦੇ 'ਗੰਭੀਰ ਸਿੱਟੇ ਨਿਕਲਣਗੇ'।

ਇਰਾਨ ਦੇ ਹਮਲੇ ਨੇ ਇਸ ਦੇ ਗੁੰਝਲਦਾਰ ਸਿਆਸੀ ਢਾਂਚੇ ਅਤੇ ਸਫ਼ਾਰਤਕਾਰੀ ਦੇ ਵੱਖ-ਵੱਖ ਪਹਿਲੂ ਜ਼ਾਹਿਰ ਕੀਤੇ ਹਨ। ਜਦੋਂ ਇਰਾਨ ਨੇ ਇਹ ਕਾਰਵਾਈ ਕੀਤੀ ਉਦੋਂ ਦੋਵਾਂ ਮੁਲਕਾਂ ਦੀਆਂ ਸਮੁੰਦਰੀ ਫ਼ੌਜਾਂ ਸਾਂਝੀਆਂ ਜੰਗੀ ਮਸ਼ਕਾਂ ਕਰ ਰਹੀਆਂ ਸਨ; ਨਾਲ ਹੀ ਪਾਕਿਸਤਾਨ ਦੇ ਉਚੇਰੀ ਸਿੱਖਿਆ ਬਾਰੇ ਕਮਿਸ਼ਨ ਦਾ ਵਫ਼ਦ ਚਾਬਹਾਰ ਵਿਚ ਸਾਂਝੇ ਤੌਰ 'ਤੇ ਸਾਇੰਸ ਤੇ ਤਕਨਾਲੋਜੀ ਪਾਰਕ ਕਾਇਮ ਕਰਨ ਦੀਆਂ ਸੰਭਾਵਨਾਵਾਂ ਬਾਰੇ ਵਿਚਾਰ ਕਰਨ ਲਈ ਇਰਾਨ ਦੇ ਇਸ ਬੰਦਰਗਾਹ ਸ਼ਹਿਰ ਦੇ ਦੌਰੇ ਉਤੇ ਸੀ। ਇਹੀ ਨਹੀਂ, ਇਰਾਨ ਦੇ ਵਿਦੇਸ਼ ਮੰਤਰੀ ਹੁਸੈਨ ਆਮਿਰ-ਅਬਦੁੱਲਾਹਿਅਨ ਨੇ ਹਮਲੇ ਤੋਂ ਮਹਿਜ਼ ਦੋ ਘੰਟੇ ਪਹਿਲਾਂ ਪਾਕਿਸਤਾਨ ਦੇ ਕਾਇਮ ਮੁਕਾਮ ਪ੍ਰਧਾਨ ਮੰਤਰੀ ਅਨਵਾਰੁੱਲ ਹੱਕ ਕਾਕੜ ਨਾਲ ਦਾਵੋਸ ਵਿਚ ਮੁਲਾਕਾਤ ਕੀਤੀ ਸੀ। ਜੈਸ਼ ਅਲ-ਅਦਲ ਨੇ ਸਿਸਤਾਨ-ਬਲੋਚਿਸਤਾਨ ਵਿਚ ਪਹਿਲਾਂ ਵੀ ਕਈ ਵਾਰ ਹਮਲੇ ਕੀਤੇ ਹਨ। ਇਸ ਦੇ ਬਾਵਜੂਦ ਇਰਾਨ ਨੇ ਪਹਿਲੇ ਮੌਕਿਆਂ ਉਤੇ ਇਸ ਵਾਰ ਵਰਗਾ ਪ੍ਰਤੀਕਰਮ ਨਹੀਂ ਦਿੱਤਾ ਸੀ। ਰੈਵੋਲਿਊਸ਼ਨਰੀ ਗਾਰਡਜ਼ ਸਿੱਧੇ ਤੌਰ 'ਤੇ ਇਰਾਨ ਦੇ ਸਿਖਰਲੇ ਆਗੂ ਆਇਤੁੱਲਾ ਖਮੈਨੀ ਦੇ ਹੁਕਮਾਂ ਤਹਿਤ ਕੰਮ ਕਰਦੇ ਹਨ, ਇਸ ਲਈ ਇਹ ਵਿਸ਼ਵਾਸ ਕਰਨਾ ਨਾਮੁਮਕਿਨ ਹੈ ਕਿ 16 ਜਨਵਰੀ ਦੇ ਹਮਲੇ ਉਨ੍ਹਾਂ ਦੀ ਮਨਜ਼ੂਰੀ ਤੋਂ ਬਿਨਾਂ ਕੀਤੇ ਗਏ ਹੋਣਗੇ।

ਇਰਾਨ ਨੇ ਜਦੋਂ ਸਬਜ਼ ਕੋਹ ਵਿਖੇ ਹਮਲਾ ਕੀਤਾ, ਲਗਪਗ ਉਸੇ ਹੀ ਸਮੇਂ ਉਸ ਨੇ ਸੀਰੀਆ ਅਤੇ ਇਰਾਕ ਵਿਚ ਵੀ ਵੱਖ ਵੱਖ ਟਿਕਾਣਿਆਂ ਉਤੇ ਹਮਲੇ ਕੀਤੇ। ਇਸ ਨੇ ਦਾਅਵਾ ਕੀਤਾ ਕਿ ਉਸ ਨੇ ਇਜ਼ਰਾਇਲੀ ਜਾਸੂਸੀ ਟਿਕਾਣਿਆਂ ਖ਼ਿਲਾਫ਼ ਕਾਰਵਾਈ ਕੀਤੀ ਹੈ ਪਰ ਉਸ ਵੱਲੋਂ ਪਾਕਿਸਤਾਨ ਵਿਚ ਕੀਤਾ ਹਮਲਾ ਸਿਫ਼ਤੀ ਰੂਪ ਵਿਚ ਵੱਖਰਾ ਸੀ ਕਿਉਂਕਿ ਜਿਥੇ ਸੀਰੀਆ ਤੇ ਇਰਾਕ ਹਮਲਿਆਂ ਦਾ ਜਵਾਬ ਨਹੀਂ ਦੇ ਸਕਦੇ ਸਨ, ਉਥੇ ਪਾਕਿਸਤਾਨ ਅਜਿਹਾ ਕਰ ਸਕਦਾ ਸੀ ਅਤੇ ਉਸ ਨੇ ਠੀਕ ਇਹੋ ਕੁਝ ਕੀਤਾ ਵੀ। ਪਾਕਿਸਤਾਨ ਨੇ 18 ਜਨਵਰੀ ਨੂੰ ਐਲਾਨ ਕੀਤਾ ਕਿ ਉਸ ਦੀਆਂ ਫ਼ੌਜਾਂ ਨੇ ਇਰਾਨ ਵਿਚ ਦਹਿਸ਼ਤੀ ਟਿਕਾਣਿਆਂ ਖ਼ਿਲਾਫ਼ ਖ਼ੁਫ਼ੀਆ ਸੂਚਨਾਵਾਂ ਉਤੇ ਆਧਾਰਿਤ ਵਿਸ਼ੇਸ਼ ਨਿਸ਼ਾਨਿਆਂ ਉਤੇ ਹਮਲੇ ਕੀਤੇ ਹਨ। ਪਾਕਿਸਤਾਨ ਨੇ ਦਾਅਵਾ ਕੀਤਾ ਕਿ ਇਹ ਹਮਲੇ ਬਲੋਚਿਸਤਾਨ ਲਿਬਰੇਸ਼ਨ ਆਰਮੀ (ਬੀ.ਐਲ.ਏ.) ਅਤੇ ਬਲੋਚਿਸਤਾਨ ਲਿਬਰੇਸ਼ਨ ਫਰੰਟ (ਬੀ.ਐਲ.ਐਫ.) ਦੇ ਟਿਕਾਣਿਆਂ ਉਤੇ ਕੀਤੇ ਗਏ। ਇਰਾਨ ਵਾਂਗ ਪਾਕਿਸਤਾਨ ਨੇ ਵੀ ਇਹੋ ਦਾਅਵਾ ਕੀਤਾ ਕਿ ਉਸ ਦਾ ਕਿਸੇ ਹੋਰ ਮੁਲਕ ਦੀ ਪ੍ਰਭੂਸੱਤਾ ਦੀ ਉਲੰਘਣਾ ਕਰਨ ਦਾ ਕੋਈ ਇਰਾਦਾ ਨਹੀਂ ਸੀ ਪਰ ਉਸ ਨੂੰ ਆਪਣੇ ਸੁਰੱਖਿਆ ਹਿੱਤਾਂ ਦੇ ਮੱਦੇਨਜ਼ਰ ਇਹ ਕਾਰਵਾਈ ਕਰਨੀ ਪਈ। ਇਰਾਨ ਨੇ ਆਪਣੇ ਗੁਆਂਢੀ ਦੇ ਹਮਲੇ ਉਤੇ ਵਿਰੋਧ ਜ਼ਾਹਿਰ ਕੀਤਾ ਅਤੇ ਕਿਹਾ ਕਿ ਇਸ ਕਾਰਨ ਨੌਂ ਬੰਦੇ ਮਾਰੇ ਗਏ।

ਇਰਾਨ ਦੇ ਵਿਦੇਸ਼ ਮੰਤਰਾਲੇ ਨੇ ਦੋਵਾਂ ਮੁਲਕਾਂ ਦਰਮਿਆਨ ਭਾਈਚਾਰਕ ਰਿਸ਼ਤਿਆਂ ਉਤੇ ਜ਼ੋਰ ਦਿੱਤਾ ਅਤੇ ਨਾਲ ਹੀ ਖ਼ਬਰਦਾਰ ਕੀਤਾ ਕਿ 'ਦੁਸ਼ਮਣ' ਉਨ੍ਹਾਂ ਦੇ ਆਪਸੀ ਸਬੰਧਾਂ ਵਿਚ ਵਿਘਨ ਨਹੀਂ ਪਾ ਸਕਦੇ। ਜ਼ਾਹਿਰ ਹੀ ਸੀ ਕਿ ਹਮਲੇ ਅਤੇ ਮੋੜਵੇਂ ਹਮਲੇ ਹੋ ਚੁੱਕੇ ਸਨ ਅਤੇ ਦੋਵੇਂ ਮੁਲਕ ਤਣਾਅ ਘਟਾਉਣਾ ਚਾਹੁੰਦੇ ਸਨ। ਦੋਵਾਂ ਮੁਲਕਾਂ ਦੇ ਵਿਦੇਸ਼ ਮੰਤਰੀਆਂ ਨੇ ਹਾਲਾਤ ਸ਼ਾਂਤ ਕਰਨ ਲਈ ਟੈਲੀਫੋਨ ਉਤੇ ਗੱਲਬਾਤ ਕੀਤੀ। ਸੱਚਮੁੱਚ, ਦੋਵੇਂ ਮੁਲਕਾਂ ਦੇ ਘਰੇਲੂ ਅਤੇ ਨਾਲ ਹੀ ਖ਼ਿੱਤੇ ਦੇ ਹਾਲਾਤ ਜਿਨ੍ਹਾਂ ਵਿਚ ਗਾਜ਼ਾ 'ਚ ਇਜ਼ਰਾਈਲ ਦੀ ਕਾਰਵਾਈ ਵੀ ਸ਼ਾਮਲ ਹੈ, ਉਨ੍ਹਾਂ ਨੂੰ ਤਣਾਅ ਵਧਾਉਣ ਦੀ ਇਜਾਜ਼ਤ ਨਹੀਂ ਸਨ ਦਿੰਦੇ। ਉਂਝ ਵੀ ਦੋਵਾਂ ਦੇ ਚੀਨ ਨਾਲ ਵੀ ਗੂੜ੍ਹੇ ਰਿਸ਼ਤੇ ਹਨ ਅਤੇ ਉਸ ਨੇ ਵੀ ਦੋਵਾਂ ਨੂੰ ਤਣਾਅ ਘਟਾਉਣ ਲਈ ਆਖਿਆ।

ਇਸ ਤੋਂ ਇਹੋ ਗੱਲ ਉੱਭਰ ਕੇ ਆਉਂਦੀ ਹੈ ਕਿ ਇਰਾਨ ਦੀ ਇਸ ਕਾਰਵਾਈ ਦੀ ਘੋਖ ਕਰਨ ਦੀ ਲੋੜ ਹੈ। ਅਜਿਹਾ ਖ਼ਾਸ ਕਰ ਕੇ ਇਸ ਕਾਰਨ ਵੀ ਹੈ ਕਿ ਇਸ ਕੋਲ ਜੈਸ਼ ਅਲ-ਅਦਲ ਦੇ 15 ਦਸੰਬਰ ਵਾਲੇ ਹਮਲੇ ਖ਼ਿਲਾਫ਼ ਆਪਣਾ ਗੁੱਸਾ ਜ਼ਾਹਿਰ ਕਰਨ ਲਈ ਹੋਰ ਅਤੇ ਵਧੇਰੇ ਰਵਾਇਤੀ ਇਰਾਨੀ ਢੰਗ-ਤਰੀਕੇ ਵੀ ਸਨ। ਇਸ ਤੋਂ ਪਹਿਲਾਂ ਕਿ ਇਰਾਨੀ ਕਾਰਵਾਈ ਦੇ ਕਾਰਨਾਂ ਉਤੇ ਗ਼ੌਰ ਕੀਤੀ ਜਾਵੇ, ਸਾਡੇ ਲਈ ਇਰਾਨ ਤੇ ਪਾਕਿਸਤਾਨ ਵਿਚ ਬਲੋਚਾਂ ਦੀ ਹਾਲਤ ਦੇ ਕੁਝ ਪੱਖਾਂ ਉਤੇ ਝਾਤ ਮਾਰ ਲੈਣੀ ਬਿਹਤਰ ਹੋਵੇਗੀ, ਕਿਉਂਕਿ ਉਸ ਦਾ ਇਸ ਹਮਲੇ ਅਤੇ ਮੋੜਵੇਂ ਹਮਲੇ ਉਤੇ ਵਡੇਰੇ ਮੁੱਦੇ ਦੇ ਉਪ-ਮੁੱਦੇ ਵਜੋਂ ਪ੍ਰਭਾਵ ਹੋਵੇਗਾ।

ਜੈਸ਼ ਅਲ-ਅਦਲ ਸੁੰਨੀ ਗਰੁੱਪ ਹੈ ਜਿਹੜਾ ਇਰਾਨ ਦੀ ਸ਼ੀਆ ਹਕੂਮਤ ਵੱਲੋਂ ਗ਼ੈਰ-ਸ਼ੀਆ ਲੋਕਾਂ ਪ੍ਰਤੀ ਅਪਣਾਈ ਜਾਣ ਵਾਲੀ ਪੱਖਪਾਤੀ ਪਹੁੰਚ ਕਾਰਨ ਤਹਿਰਾਨ ਖ਼ਿਲਾਫ਼ ਮੁਹਿੰਮ ਚਲਾ ਰਿਹਾ ਹੈ। ਆਮ ਕਰ ਕੇ ਜਿਥੇ ਕੇਂਦਰੀ ਇਰਾਨ ਸ਼ੀਆ ਖ਼ਿੱਤਾ ਦੀ ਆਬਾਦੀ ਵਾਲਾ ਖ਼ਿੱਤਾ ਹੈ, ਉਥੇ ਇਸ ਦੇ ਬਾਹਰਲੇ ਘੇਰੇ (ਸਰਹੱਦੀ ਖੇਤਰਾਂ) ਵਿਚ ਸੁੰਨੀ ਲੋਕਾਂ ਦਾ ਵਸੇਬਾ ਹੈ, ਤੇ ਇਨ੍ਹਾਂ ਵਿਚ ਬਲੋਚ ਵੀ ਸ਼ਾਮਲ ਹਨ ਜੋ ਸਿਸਤਾਨ-ਬਲੋਚਿਸਤਾਨ ਸੂਬੇ ਵਿਚ ਰਹਿੰਦੇ ਹਨ। ਆਮ ਸ਼ੀਆ ਇਰਾਨੀਆਂ ਅਤੇ ਬਲੋਚਾਂ ਦਰਮਿਆਨ ਜ਼ਾਹਿਰਾ ਤੌਰ 'ਤੇ ਕੁਝ ਵੀ ਸਾਂਝਾ ਨਹੀਂ ਹੈ। ਸੱਭਿਅਕ/ਸ਼ਹਿਰੀ ਸ਼ੀਆ ਇਰਾਨੀ ਲੋਕ ਬਲੋਚਾਂ ਅਤੇ ਇਸੇ ਤਰ੍ਹਾਂ ਹੋਰ ਸੁੰਨੀ ਲੋਕਾਂ ਨੂੰ ਵੀ ਇਰਾਨ ਦੇ ਸੱਤਾ ਢਾਂਚੇ ਵਿਚ ਰਤਾ ਜਿੰਨਾ ਪੈਰ ਧਰਨ ਦੀ ਵੀ ਇਜਾਜ਼ਤ ਨਹੀਂ ਦਿੰਦੇ।

ਬਲੋਚ ਰਕਬੇ ਪੱਖੋਂ ਪਾਕਿਸਤਾਨ ਦੇ ਸਭ ਤੋਂ ਵੱਡੇ ਸੂਬੇ ਬਲੋਚਿਸਤਾਨ ਵਿਚ ਵੀ ਰਹਿੰਦੇ ਹਨ। ਦਹਾਕਿਆਂ ਦੌਰਾਨ ਪਾਕਿਸਤਾਨੀ ਸਟੇਟ/ਰਿਆਸਤ ਬਲੋਚਾਂ ਨੂੰ ਉਨ੍ਹਾਂ ਦੇ ਆਪਣੇ ਹੀ ਸੂਬੇ ਵਿਚ ਘੱਟਗਿਣਤੀ ਬਣਾਉਣ ਵਿਚ ਕਾਮਯਾਬ ਰਹੀ ਹੈ। ਬਲੋਚਾਂ ਦਾ ਇਕ ਹਿੱਸਾ ਮੰਨਦਾ ਹੈ ਕਿ 1947 ਵਿਚ ਬਲੋਚ ਕਲਾਤ ਰਿਆਸਤ ਦਾ ਪਾਕਿਸਤਾਨ ਵਿਚ ਕੀਤਾ ਗਿਆ ਰਲੇਵਾਂ ਗ਼ੈਰ-ਕਾਨੂੰਨੀ ਸੀ ਅਤੇ ਉਹ ਇਸ ਨਾਲ ਇਤਫ਼ਾਕ ਨਹੀਂ ਰੱਖਦੇ। ਉਹ ਪਾਕਿਸਤਾਨੀ ਰਿਆਸਤ/ਸਟੇਟ ਖ਼ਿਲਾਫ਼ ਆਜ਼ਾਦੀ ਲਈ ਸੰਘਰਸ਼ ਕਰ ਰਹੇ ਹਨ ਅਤੇ ਬੀ.ਐਲ.ਏ. ਤੇ ਬੀ.ਐਲ.ਐਫ. ਵਰਗੀਆਂ ਜਥੇਬੰਦੀਆਂ ਅਜਿਹੀ ਜੱਦੋਜਹਿਦ ਦਾ ਹਿੱਸਾ ਹਨ। ਪਾਕਿਸਤਾਨੀ ਫ਼ੌਜ ਨੇ ਬਲੋਚ ਕੌਮਪ੍ਰਸਤੀ ਦੀ ਭਾਵਨਾ, ਖ਼ਾਸਕਰ ਬੀ.ਐਲ.ਏ. ਤੇ ਬੀ.ਐਲ.ਐਫ. ਰਾਹੀਂ ਚੱਲਦੇ ਸੰਘਰਸ਼ ਨੂੰ ਦਰੜਨ ਲਈ ਸਿਰੇ ਦੇ ਜ਼ਾਲਮਾਨਾ ਢੰਗ-ਤਰੀਕੇ ਅਪਣਾਏ ਹਨ। ਲਾਪਤਾ ਬਲੋਚ ਮਰਦਾਂ ਦਾ ਮਾਮਲਾ ਪਾਕਿਸਤਾਨੀ ਸੁਪਰੀਮ ਕੋਰਟ ਤੱਕ ਪੁੱਜ ਗਿਆ ਹੈ ਪਰ ਇਸ ਦਾ ਬਲੋਚ ਨੌਜਵਾਨਾਂ ਉਤੇ ਪਾਕਿਸਤਾਨੀ ਫ਼ੌਜ ਵੱਲੋਂ ਢਾਹੇ ਜਾਣ ਵਾਲੇ ਜਬਰ 'ਤੇ ਕੋਈ ਅਸਰ ਨਹੀਂ ਪਿਆ।

ਪਾਕਿਸਤਾਨ ਵਿਚ ਬਲੋਚ ਕਦੇ ਵੀ ਪਾਕਿਸਤਾਨੀ ਸਟੇਟ ਨਾਲ ਟੱਕਰ ਲੈਣ ਲਈ ਆਪਣੀ ਏਕਤਾ ਕਾਇਮ ਕਰਨ ਦੇ ਸਮਰੱਥ ਨਹੀਂ ਹੋ ਸਕੇ। ਇਸ ਕਾਰਨ ਇਰਾਨੀ ਜਾਂ ਪਾਕਿਸਤਾਨੀ ਬਲੋਚਾਂ ਦਰਮਿਆਨ ਕਦੇ ਵੀ ਆਪਣੇ ਹਿੱਤਾਂ ਨੂੰ ਹੁਲਾਰਾ ਦੇਣ ਵਾਸਤੇ ਕਿਸੇ ਤਰ੍ਹਾਂ ਦੀ ਇਕਮੁੱਠ ਕਾਰਵਾਈ ਕਰਨ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਜਾ ਸਕੀ। ਇਸ ਦੇ ਉਲਟ ਬਲੋਚਾਂ ਨੂੰ ਦਬਾਉਣ ਲਈ ਇਰਾਨ ਅਤੇ ਪਾਕਿਸਤਾਨ ਦੇ ਹਿੱਤਾਂ ਵਿਚ ਇਕ ਸਾਂਝ ਜ਼ਰੂਰ ਹੈ ਪਰ ਇਥੇ ਵੀ ਦੋਵੇਂ ਮੁਲਕ ਕੋਈ ਸਾਂਝੀ ਕਾਰਵਾਈ ਕਰਨ ਦੀ ਥਾਂ ਬਲੋਚ ਗਰੁੱਪਾਂ ਨੂੰ ਇਕ-ਦੂਜੇ ਖ਼ਿਲਾਫ਼ ਹੀ ਇਸਤੇਮਾਲ ਕਰ ਰਹੇ ਹਨ। ਇਉਂ ਪਾਕਿਸਤਾਨੀ ਏਜੰਸੀਆਂ ਵੱਲੋਂ ਜੈਸ਼ ਅਲ-ਅਦਲ ਨੂੰ ਪਨਾਹ ਦਿੱਤੀ ਜਾਂਦੀ ਹੈ; ਦੂਜੇ ਪਾਸੇ ਇਰਾਨ ਨੇ ਬੀ.ਐਲ.ਏ. ਤੇ ਬੀ.ਐਲ.ਐਫ. ਨੂੰ ਆਪਣੇ ਇਲਾਕੇ ਵਿਚ ਟਿਕਾਣੇ ਬਣਾਉਣ ਦੀ ਖੁੱਲ੍ਹ ਦਿੱਤੀ ਹੋਈ ਹੈ।

ਇਰਾਨ ਮੰਨਦਾ ਹੈ ਕਿ ਪਾਕਿਸਤਾਨ ਬੁਨਿਆਦੀ ਤੌਰ 'ਤੇ ਸੁੰਨੀ ਮੁਲਕ ਹੈ ਜਿਹੜਾ ਸ਼ੀਆ ਲੋਕਾਂ ਨਾਲ ਵਿਤਕਰਾ ਕਰਦਾ ਹੈ। ਉਸ ਨੇ ਪਾਕਿਸਤਾਨੀ ਸ਼ੀਆ ਭਾਈਚਾਰੇ ਨੂੰ ਲਾਮਬੰਦ ਕਰਨ ਲਈ ਢਾਂਚਾ ਤਿਆਰ ਕੀਤਾ ਹੈ ਅਤੇ ਨਾਲ ਹੀ ਇਹ ਫ਼ਿਰਕੂ ਸੁੰਨੀ ਜਥੇਬੰਦੀਆਂ ਖ਼ਿਲਾਫ਼ ਹਿੰਸਕ ਕਾਰਵਾਈਆਂ ਕਰਨ ਲਈ ਦਹਿਸ਼ਤੀ ਸ਼ੀਆ ਜਥੇਬੰਦੀਆਂ ਨੂੰ ਹੱਲਾਸ਼ੇਰੀ ਤੇ ਸਹਿਯੋਗ ਵੀ ਦਿੰਦਾ ਹੈ। ਹੁਣ ਵੀ ਰੈਵੋਲਿਊਸ਼ਨਰੀ ਗਾਰਡਜ਼ ਅਜਿਹਾ ਹੀ ਰਵਾਇਤੀ ਰਾਹ ਅਖ਼ਤਿਆਰ ਕਰਨ ਦੀ ਸਥਿਤੀ ਵਿਚ ਸਨ, ਫਿਰ ਵੀ ਉਨ੍ਹਾਂ ਨੇ ਜੈਸ਼ ਅਲ-ਅਦਲ ਖ਼ਿਲਾਫ਼ ਡਰੋਨਾਂ ਤੇ ਮਿਜ਼ਾਇਲਾਂ ਰਾਹੀਂ ਹਮਲਾ ਕਰਨ ਦਾ ਫ਼ੈਸਲਾ ਕੀਤਾ। ਇਸ ਦਾ ਇਕੋ-ਇਕ ਮਤਲਬ ਇਹ ਹੈ ਕਿ ਉਹ ਪਾਕਿਸਤਾਨੀ ਜਰਨੈਲਾਂ ਨੂੰ ਇਹ ਦਿਖਾਉਣਾ ਚਾਹੁੰਦੇ ਸਨ ਕਿ ਉਹ ਸਖ਼ਤ ਕਾਰਵਾਈ ਕਰਨ ਦੇ ਹੱਕ ਵਿਚ ਹਨ, ਭਾਵੇਂ ਇਸ ਕਾਰਨ ਆਪਸੀ ਤਣਾਅ ਹੀ ਕਿਉਂ ਨਾ ਪੈਦਾ ਹੋ ਜਾਵੇ ਅਤੇ ਭਾਵੇਂ ਪਾਕਿਸਤਾਨ ਵੱਲੋਂ ਉਸ ਖ਼ਿਲਾਫ਼ ਮੋੜਵਾਂ ਹਮਲਾ ਹੀ ਕਿਉਂ ਨਾ ਕੀਤਾ ਜਾਵੇ।

ਇਰਾਨੀਆਂ ਨੇ ਇਹ ਇਸ਼ਾਰਾ ਵੀ ਦਿੱਤਾ ਕਿ ਉਹ ਪਾਕਿਸਤਾਨ ਦੀਆਂ ਮੌਜੂਦਾ ਅੰਦਰੂਨੀ ਤੇ ਬਹਿਰੂਨੀ ਕਮਜ਼ੋਰੀਆਂ ਤੋਂ ਵੀ ਚੰਗੀ ਤਰ੍ਹਾਂ ਵਾਕਫ਼ ਹਨ। ਇਸ ਦੀਆਂ ਬਾਹਰੀ ਕਮਜ਼ੋਰੀਆਂ ਵਿਚ ਪਾਕਿਸਤਾਨ ਦੀਆਂ ਅਫ਼ਗਾਨ ਤਾਲਿਬਾਨ ਨਾਲ ਜਾਰੀ ਸਮੱਸਿਆਵਾਂ ਵੀ ਸ਼ਾਮਲ ਹਨ। ਜ਼ਾਹਿਰ ਹੈ ਕਿ ਪਾਕਿਸਤਾਨ ਤੇ ਇਰਾਨ ਦਾ ਤਣਾਅ ਹਾਲ ਦੀ ਘੜੀ ਭਾਵੇਂ ਖ਼ਤਮ ਹੋ ਗਿਆ ਹੈ ਪਰ ਇਸ ਦੇ ਮੂਲ ਕਾਰਨ ਅਜੇ ਵੀ ਜਿਉਂ ਦੇ ਤਿਉਂ ਹਨ।

# ਹਰੀ ਕ੍ਰਾਂਤੀ ਪੰਜਾਬ ਦੀਆਂ ਜੜ੍ਹਾਂ 'ਚ ਬਹਿ ਗਈ

***ਆਦਿਤਿਆ ਬਹਿਲ ਅਮਰੀਕਾ ਦੀ ਜੌਹਨ ਹੌਪਕਿਨਜ਼ ਯੂਨੀਵਰਸਿਟੀ ਵਿਚ 1960-70 ਦੇ ਦੌਰ ਵਿਚ ਜੁਝਾਰੂ ਪੰਜਾਬੀ ਲਿਖਤਾਂ ਦੀ ਖੋਜ ਕਰ ਰਿਹਾ ਹੈ। ਇਹਦੇ ਲੇਖ 'ਦਿ ਨੇਸ਼ਨ', 'ਨਿਊ ਲੈਫਟ ਰਿਵਿਊ', 'ਕਾਰਵਾਂ', 'ਹਿਮਾਲ' ਅਤੇ 'ਟਰਾਲੀ ਟਾਈਮਜ਼' ਵਿਚ ਛਪੇ ਹਨ। ਇਹ ਲੇਖ 30 ਨਵੰਬਰ 2023 ਨੂੰ 'ਨਿਊ ਲੈਫਟ ਰਿਵਿਊ' ਦੇ ਸਾਈਡਕਾਰ ਬਲੌਗ ਵਿਚ ਛਪਿਆ। ਅਸੀਂ ਇਸ ਲੇਖ ਦਾ ਪੰਜਾਬੀ ਰੂਪ ਆਪਣੇ ਪਾਠਕਾਂ ਲਈ ਪੇਸ਼ ਕਰ ਰਹੇ ਹਾਂ। ਇਸ ਦਾ ਤਰਜਮਾ ਜਸਦੀਪ ਸਿੰਘ ਨੇ ਕੀਤਾ ਹੈ।***

ਜਦ ਐੱਮ.ਐੱਸ. ਸਵਾਮੀਨਾਥਨ 98 ਸਾਲ ਦੀ ਉਮਰ ਭੋਗ ਕੇ 28 ਸਤੰਬਰ 2023 ਨੂੰ ਪੂਰੇ ਹੋਏ ਤਾਂ ਕੌਮਾਂਤਰੀ ਪ੍ਰੈੱਸ ਨੇ 'ਹਰੀ ਕ੍ਰਾਂਤੀ ਦਾ ਭਾਰਤੀ ਮਸੀਹਾ'ਆਖ ਕੇ ਉਹਦੇ ਸੋਹਲੇ ਗਾਏ। 1960ਵਿਆਂ ਵਿਚ ਸਵਾਮੀਨਾਥਨ ਭਾਰਤੀ ਖੇਤੀ ਵਿਚ ਸਰਮਾਇਆਖ਼ੋਰ ਪੈਕੇਜਲੈ ਕੇ ਆਇਆ ਸੀ: ਜ਼ਿਆਦਾ ਝਾੜ ਦੇਣ ਵਾਲ਼ੀਆਂ ਕਿਸਮਾਂ ਦੇ ਬੀਜ, ਮਸ਼ੀਨਾਂ, ਸਿੰਜਾਈ, ਰਸਾਇਣਕ ਰੇਹਾਂ ਅਤੇ ਕੀਟਨਾਸ਼ਕਨਦੀਨਨਾਸ਼ਕ ਸਪਰੇਆਂ। 'ਦਿ ਇਕੌਨੋਮਿਸਟ' ਨੇ ਉਹਨੂੰ 'ਭਾਰਤ ਦਾ ਭੁੱਖਾ ਢਿੱਡ ਭਰਨ ਵਾਲ਼ਾ ਮਹਾਪੁਰਖ' ਕਹਿ ਕੇ ਨਿਵਾਜਿਆ; 'ਨਿਊ ਯੌਰਕ ਟਾਈਮਜ਼' ਨੇ 'ਸਾਇੰਟਿਸਟ ਜਿਹਨੇ ਭੁੱਖਮਰੀ 'ਤੇ ਜਿੱਤ ਹਾਸਿਲ ਕੀਤੀ' ਕਿਹਾ ਅਤੇ ਮੁਲਕ ਦੇ ਸਭ ਤੋਂ ਮਸ਼ਹੂਰ ਅਖ਼ਬਾਰ 'ਟਾਈਮਜ਼ ਆਫ ਇੰਡੀਆ' ਨੇ

**ਆਦਿਤਿਆ ਬਹਿਲ**
**ਅਨੁਵਾਦ: ਜਸਦੀਪ ਸਿੰਘ**
**ਫੋਨ: 92056-62036**

ਸ਼ਰਧਾਵਾਨ ਅਲੰਕਾਰਾਂ ਨਾਲ਼ ਪੂਰਾ ਪੰਨਾ ਸਮਰਪਿਤ ਕਰਦਿਆਂ ਲਿਖਿਆ: 'ਉਹ ਤੁਰਦਾ ਜਾਂਦਾ ਸੀ...ਤੇ ਜ਼ਮੀਨ ਹਰੀ ਹੁੰਦੀ ਜਾਂਦੀ ਸੀ।'

ਉਂਝ, ਅਸਲ ਇਤਿਹਾਸ ਕੁਝ ਹੋਰ ਹੈ। ਸਵਾਮੀਨਾਥਨ ਦੀ ਮੌਤ ਤੋਂ ਦੋ ਹਫ਼ਤੇ ਪਹਿਲਾਂ ਪੰਜਾਬ ਵਿਚ ਤਿੰਨ ਕਿਸਾਨਾਂ ਨੇ ਖ਼ੁਦਕੁਸ਼ੀ ਕਰ ਲਈ ਸੀ। ਤਿੰਨੇ ਕਰਜ਼ੇ ਹੇਠ ਸਨ। ਤਿੰਨਾਂ ਨੇ ਹੀ ਜ਼ਹਿਰੀਲੀ ਕੀਟਨਾਸ਼ਕ ਦਵਾਈ ਪੀ ਲਈ ਸੀ। ਪਿਛਲੇ ਦਹਾਕਿਆਂ ਵਿਚ ਹਰੀ ਕ੍ਰਾਂਤੀ ਦੇ ਕੌਮੀ 'ਨਖਲਿਸਤਾਨ' ਪੰਜਾਬ ਵਿਚ ਹਜ਼ਾਰਾਂ ਵਾਹੀਕਾਰਾਂ ਨੇ ਇਸੇ ਤਰ੍ਹਾਂ ਆਪਣੇ ਆਪ ਨੂੰ ਖ਼ਤਮ ਕਰ ਲਿਆ। ਅਸਲ ਗਿਣਤੀ ਦੱਸਣੀ ਔਖੀ ਹੈ। ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਮੁਤਾਬਿਕ 1990 ਤੋਂ 2006 ਵਿਚਕਾਰ ਨੱਬੇ ਹਜ਼ਾਰ ਦੇ ਕਰੀਬ ਖ਼ੁਦਕੁਸ਼ੀਆਂ ਹੋਈਆਂ ਹਨ। ਇਨ੍ਹਾਂ ਅੰਕੜਿਆ 'ਤੇ ਭਾਵੇਂ ਸਵਾਲ ਉਠਦੇ ਰਹਿੰਦੇ ਹਨ ਪਰ ਇਨ੍ਹਾਂ ਦੇ ਕਾਰਨਾਂ ਬਾਰੇ ਸਾਰੇ ਇਕਮਤ ਹਨ: ਮਣਾਂ-ਮੂੰਹੀਂ ਕਰਜ਼ਾ, ਪੰਜਾਬ ਦਾ ਪੌਣ-ਪਾਣੀ ਧਰਤ ਦੀ ਬਦਹਾਲੀ ਨਾਲ਼ ਜੁੜ ਕੇ ਹੋਰ ਵੀ ਘਾਤਕ ਹੋ ਜਾਂਦਾ ਹੈ। ਇਸ ਦੁਖਾਂਤ ਦੇ ਬੀਜ ਸੋਵੀਅਤ ਰੂਸ ਅਤੇ ਅਮਰੀਕਾ ਵਿਚਲੀ ਠੰਢੀ ਜੰਗ ਦੇ ਸਿਖਰਲੇ ਸਾਲਾਂ ਵੇਲ਼ੇ ਸਵਾਮੀਨਾਥਨ ਦੀ ਦੇਖਰੇਖ ਵਿਚ ਬੀਜੇ ਗਏ ਸਨ।

ਸਵਾਮੀਨਾਥਨ 1943 ਵਿਚ ਬੰਗਾਲ ਦੇ ਕਾਲ਼ਵੇਲੇ ਵੱਡੇ ਹੋਏ ਸਨ ਜਦੋਂ ਬਰਤਾਨਵੀ ਬਸਤੀਵਾਦੀ ਲੁੱਟ-ਖਸੁੱਟ ਨੇ ਵੀਹ ਤੋਂ ਤੀਹ ਲੱਖ ਲੋਕ ਮੁਕਾ ਦਿੱਤੇ। ਭੁਖਮਰੀ ਮੁਕਤ ਮੁਲਕ ਦਾ ਸੁਪਨਾ ਦੇਖਦਿਆਂ ਡਾਕਟਰੀ ਦਾ ਕਿੱਤਾ ਛੱਡ ਕੇ ਉਹ ਖੇਤੀਬਾੜੀ ਦੀ ਖੋਜ ਕਰਨ ਲੱਗ ਪਏ। ਨੀਦਰਲੈਂਡਜ਼, ਇੰਗਲੈਂਡ ਅਤੇ ਅਮਰੀਕਾ ਵਿਚ ਉਨ੍ਹਾਂ ਸਾਲਾਂਬੱਧੀ ਪੌਦਿਆਂ ਦੀ ਬਰੀਡਿੰਗ ਤੇ ਜੈਨੇਟਿਕਸ ਦੀ ਪੜ੍ਹਾਈ ਕੀਤੀ। ਆਪਣੀ ਵਿਦਿਆ ਅਜ਼ਮਾਉਣ ਦਾ ਮੌਕਾ ਸਵਾਮੀਨਾਥਨ ਨੂੰ 1962 ਵਿਚ ਮਿਲ਼ਿਆ ਜਦੋਂ ਉਨ੍ਹਾਂ ਨੇ ਅਮਰੀਕੀ ਖੇਤੀਬਾੜੀ ਵਿਦਵਾਨ ਨੌਰਮਨ ਬੋਰਲੌਗ ਨੂੰ ਭਾਰਤ ਸੱਦਿਆ। ਸਵਾਮੀਨਾਥਨ 1950ਵਿਆਂ ਦੇ ਪਹਿਲੇ ਸਾਲਾਂ ਵਿਚ ਬੋਰਲੌਗ ਨੂੰ ਵਿਸਕੌਨਸਿਨ ਯੂਨੀਵਰਸਿਟੀ ਵਿਚ ਮਿ਼ਲੇ ਸਨ ਜੋ ਦੋ ਦਹਾਕਿਆਂ ਤੋਂ ਮੈਕਸੀਕੋ ਵਿਚ ਕਣਕ ਦੀ ਬਰੀਡਿੰਗ ਦਾ ਕੰਮ ਕਰ ਰਹੇ ਸਨ। ਰੌਕਫੈਲਰ ਫਾਊਂਡੇਸ਼ਨ ਦੀ ਵਿੱਤੀ ਮਦਦ ਨਾਲ਼ ਉਹਦੇ ਤਜਰਬਿਆਂ ਨੇ ਹਾਈਬ੍ਰਿਡ ਸੈਮੀ ਡਵਾਰਫ਼ ਕਿਸਮ ਦੀ ਕਣਕ ਪੈਦਾ ਕੀਤੀ ਜਿਸ ਦੇ ਮਧਰੇ, ਮੋਟੇ ਬੂਟੇ ਕੈਮੀਕਲ ਖਾਦਾਂ ਨਾਲ਼ ਖ਼ਾਸੀ ਤੇਜ਼ੀ ਨਾਲ਼ ਵਧਣ ਦੇ ਯੋਗ ਸਨ।

ਬੋਰਲੌਗ ਮਾਰਚ 1961 ਵਿਚ ਭਾਰਤ ਆਇਆ, ਇਸ ਤੋਂ ਪਹਿਲਾਂ ਆਪਣੇ 'ਜਾਦੂਈ ਬੀਜ' ਉਹਨੇ ਲਾਤੀਨੀ ਅਮਰੀਕਾ, ਮਿਸਰ, ਲਿਬੀਆ ਅਤੇ ਪਾਕਿਸਤਾਨ ਦੀਆਂ ਭੁੱਖੀਆਂਜ਼ਮੀਨਾਂ ਵਿਚ ਬੀਜੇ ਸਨ। ਭਾਰਤ ਵਿਚ ਜਦੋਂ ਅੰਨ-ਪਾਣੀ ਦੀ ਥੁੜ ਕਾਰਨ ਦੰਗੇ ਹੋ ਰਹੇ ਸਨ,ਸਵਾਮੀਨਾਥਨ ਤੇ ਬੋਰਲੌਗ ਨੇ ਪੰਜਾਬ, ਉੱਤਰ ਪ੍ਰਦੇਸ਼ ਅਤੇ ਬਿਹਾਰ ਦੇ ਕਣਕ ਬੀਜਦੇ ਇਲਾਕਿਆਂ ਦਾ ਦੌਰਾ ਕੀਤਾ। ਬੋਰਲੌਗ ਆਸ਼ਾਵਾਦੀ ਸੀ, ਇਸ ਦੌਰੇ ਵਿਚ 1200 ਕਿਲੋ ਬੀਜ ਵੰਡਣ ਤੋਂ ਬਾਅਦ ਉਹਨੇ ਹਾੜ੍ਹੀ ਦੀ ਫ਼ਸਲ ਆਉਣ 'ਤੇ ਮੈਕਸੀਕੋ ਤੋਂ ਹੋਰ ਭੇਜ ਦਿੱਤੇ ਪਰ ਉਹਦਾ ਕਹਿਣਾ ਸੀ ਕਿ ਬੀਜ ਸਿਰਫ਼ 'ਚੁਆਤੀ' ਨੇ, ਝਾੜ ਵਧਾਉਣ ਦੇ ਭਾਂਬੜ ਲਈ 'ਨਵੀਨ ਤਕਨਾਲੌਜੀ ਦਾ ਪੂਰੇ ਦਾ ਪੂਰਾ ਪੈਕੇਜ'ਲੋੜੀਂਦਾ ਹੈ। ਬੋਰਲੌਗ ਨੂੰ ਇਹ ਪਤਾ ਸੀ ਕਿ ਇਹ ਕਹਿਣਾ ਤਾਂ ਸੌਖਾ ਹੈ ਪਰ ਕਰਨਾ ਔਖਾ। ਪੈਕੇਜ ਤੇ ਇਹਦੇ ਅਮਲ 'ਚ ਆਉਣ ਵਿਚ ਨਹਿਰੂਵਾਦੀ ਸਟੇਟ ਦੇ 'ਪਵਿਤਰ ਅਸਥਾਨ' ਖੜ੍ਹੇ ਸਨ, ਖ਼ਾਸ ਤੌਰ 'ਤੇ ਯੋਜਨਾ ਆਯੋਗ।



*ਐੱਮ.ਐੱਸ. ਸਵਾਮੀਨਾਥਨ (ਸੱਜਿਓਂ ਦੂਜੇ), ਨੋਰਮਨ ਬੋਰਲੌਗ (ਸੱਜੇ) ਹੋਰ ਖੇਤੀਬਾੜੀ ਵਿਗਿਆਨੀਆਂ ਨਾਲ।*

ਅਗਲੀ ਫ਼ਸਲ ਆਉਣ 'ਤੇ ਸਵਾਮੀਨਾਥਨ ਨੇ ਭਾਰਤੀ ਖੇਤੀਬਾੜੀ ਖੋਜ ਸੰਸਥਾ ਵਿਚ ਕੰਮ ਕਰਦਿਆਂ ਵੱਧ ਝਾੜ ਵਾਲ਼ੀਆਂ ਕਿਸਮਾਂ ਦੀ 150 ਮਾਡਲ ਪਿੰਡਾਂ ਵਿਚ ਸ਼ਾਨਦਾਰ ਨੁਮਾਇਸ਼ ਕਰਵਾਈ। ਝਾੜ ਵਿਚ ਵਾਧੇ ਦਾ ਭਾਰਤੀ ਕਿਸਾਨਾਂ 'ਤੇ ਬਹੁਤ ਚਕਾਚੌਂਧ ਕਰਨ ਵਾਲ਼ਾ ਅਸਰ ਹੋਇਆ, ਜਿਵੇਂ ਪਹਿਲਾਂ ਮੈਕਸੀਕੋ ਦੇ ਕਿਸਾਨਾਂ 'ਤੇ ਹੋਇਆ ਸੀ ਪਰ ਇਹ ਬੀਜ ਹਾਲੇ ਆਮ ਵਿਕਰੀ ਲਈ ਨਹੀਂ ਸਨ। ਨਹਿਰੂ ਦੀ ਦੇਖਰੇਖ ਵਿਚ ਖੇਤੀਬਾੜੀ ਮੰਤਰਾਲੇ ਦਾ ਗੱਡਾ ਲੰਮੇ ਸਮੇਂ ਤੋਂ ਸਿਆਸੀ ਜਿੱਲ੍ਹਣ ਵਿਚ ਫਸਿਆ ਹੋਇਆ ਸੀ। ਆਜ਼ਾਦੀ ਤੋਂ ਜਲਦ ਬਾਅਦ ਯੋਜਨਾ ਆਯੋਗ ਨੇ ਚੀਨ ਵਿਚ ਚਲਦੇ ਸਹਿਕਾਰੀ ਖੇਤਾਂ ਦੀ ਕਾਰਜ ਪ੍ਰਣਾਲੀ ਸਮਝਣ ਲਈ ਕਈ ਡੈਲੀਗੇਸ਼ਨ ਭੇਜੇ। ਮਾਓ ਦੀ ਸ਼ੁਰੂ ਦੀ ਸਫਲਤਾ ਤੋਂ ਪ੍ਰਭਾਵਿਤ ਹੁੰਦਿਆਂ ਨਹਿਰੂ ਨੇ ਸਹਿਕਾਰੀ ਖੇਤੀ ਨੂੰ ਉੱਪਰੋਂ ਲਾਗੂ ਕਰਨ ਦਾ ਮਨ ਬਣਾਇਆ(ਇਹ ਉਹੀ ਨਹਿਰੂ ਸੀ ਜਿਸ ਨੇ ਕਮਿਊਨਿਸਟਾਂ ਦੀ ਪੂਰੀ ਇਕ ਪੀੜ੍ਹੀ ਕੈਦਖ਼ਾਨੇ ਤਾੜ ਦਿੱਤੀ ਸੀ ਜਾਂ ਮੌਤ ਦੀ ਘਾਟ ਉਤਾਰ ਦਿੱਤੀ ਸੀ) ਪਰ ਉਹਦੇ ਮੰਤਰੀ ਮੰਡਲ ਨੇ ਮੁਰੱਬੇਬੰਦੀ ਕਰਨ ਤੋਂ ਮਨ੍ਹਾਂ ਕਰ ਦਿੱਤਾ ਅਤੇ ਤਕੜੇ ਜ਼ਮੀਨਦਾਰਾਂ ਦੇ ਮਨਸ਼ਿਆਂ ਨੂੰ ਫੁੱਲ ਚੜ੍ਹਾਉਣ ਵਿਚ ਆਪਣੀ ਭਲਾਈ ਸਮਝੀ। ਇਸ ਖਿੱਚੋਤਾਣ ਦੇ ਸਿੱਟੇ ਵਜੋਂ ਕਾਂਗਰਸ ਸਰਕਾਰ ਨੂੰ ਅਮਰੀਕੀ ਪੀਐੱਲ-480 ਪ੍ਰੋਗਰਾਮ 'ਤੇ ਨਿਰਭਰ ਹੋਣਾ ਪਿਆ ਤਾਂ ਕਿ ਮੁਲਕ ਵਿਚ ਅਨਾਜ ਦੀ ਕਮੀ ਪੂਰੀ ਜਾ ਸਕੇ। 1964 ਤਕ ਮੁਲਕ ਦਾ ਕਣਕ ਨਿਰਯਾਤ 640 ਕਰੋੜ ਟਨ ਤਕ ਪਹੁੰਚ ਗਿਆ ਸੀ। ਮਈ 1967 ਵਿਚ ਨਹਿਰੂ ਦੀ ਅਚਨਚੇਤ ਹੋਈ ਮੌਤ ਨਾਲ ਇਹ ਖਿੱਚੋਤਾਣ ਬੰਦ ਹੋਈ। ਉਹਦੇ ਉਤਰਾਧਿਕਾਰੀਲਾਲ ਬਹਾਦਰ ਸ਼ਾਸਤਰੀ ਨੇ ਨੀਤੀਘੜਨ ਦੀ ਤਾਕਤ ਯੋਜਨਾ ਆਯੋਗ ਤੋਂ ਮੰਤਰੀਆਂ ਦੇ ਹੱਥਾਂ ਵਿਚ ਦੇ ਦਿੱਤੀ। ਫਿਰ ਨਹਿਰੂ ਦੀਆਂ ਪਸੰਦਾਂ - ਖੇਤੀ ਦੀ ਥਾਂ ਸਨਅਤ 'ਤੇ ਧਿਆਨ - ਨੂੰ ਉਲਟਾਉਂਦਿਆ ਸ਼ਾਸਤਰੀ ਨੇ ਸਟੀਲ ਮੰਤਰੀ ਸੀ.ਡੀ.ਸੁਬਰਾਮਣੀਅਮ ਨੂੰ ਭੋਜਨ ਤੇ ਖੇਤੀ ਮੰਤਰਾਲੇ ਦੀ ਵਾਗਡੋਰ ਸੰਭਾਲ ਦਿੱਤੀ। ਮੁਰੱਬੇਬੰਦੀ ਤੇ ਕੀਮਤਾਂ ਦੀ ਰੋਕਥਾਮ ਦੀ ਮੁਖ਼ਾਲਫ਼ਤ ਲਈ ਬਦਨਾਮ ਸੁਬਰਾਮਣੀਅਮ ਨੇ ਸਵਾਮੀਨਾਥਨ ਤੋਂ ਮਦਦ ਲਈ।


ਜਿਵੇਂ ਹੀ ਸਾਇੰਸਦਾਨ ਨੇ ਆਪਣੇ ਤਜਰਬੇ ਤੇਜ਼ ਕੀਤੇ, ਸਿਆਸਤਦਾਨਾਂ ਨੇ ਭਾਰਤੀ ਖੇਤੀ ਦੇ ਨਵਨਿਰਮਾਣ ਦਾ ਖ਼ਾਕਾ ਤਿਆਰ ਕਰ ਲਿਆ। ਸੁਬਰਾਮਣੀਅਮ ਦਾ ਸੁਝਾਅ ਕਿ ਖੇਤੀ ਦਾ ਸਨਅਤੀਕਰਨ ਕੀਤਾ ਜਾਵੇ ਅਤੇ ਜਨਸੰਖਿਆ ਘਟਾਈ ਜਾਵੇ - ਜਿਸ ਵਿਚ ਬੀਜ, ਖਾਦਾਂ, ਕਰਜ਼ੇ ਅਤੇ ਗਰਭਰੋਕੂ ਦਵਾਈਆਂ ਦੇ ਬੰਡਲਾਂ ਦੀ ਯੋਜਨਾ ਸੀ - ਪਾਰਲੀਮੈਂਟ ਨੇ ਰੱਦ ਕਰ ਦਿੱਤਾ ਪਰ 1966 ਵਿਚ ਉਪਰੋਥਲੀ ਪਏ ਕਾ਼ਲਾਂ ਨੇ ਸੁਬਰਾਮਣੀਅਮ ਦੀਆਂ ਯੋਜਨਾਵਾਂ ਨੂੰ ਮੁੜ ਸੁਰਜੀਤ ਕਰ ਦਿੱਤਾ। ਜਦੋਂ ਭਾਰਤੀ ਕਿਸਾਨੀ ਇਕ ਹੋਰ ਮੌਸਮ ਦਾਫ਼ਸਲੀ ਨੁਕਸਾਨ ਝੱਲ ਰਹੇ ਸਨ, ਨਵੇਂ ਅਮਰੀਕੀ ਰਾਸ਼ਟਰਪਤੀ ਲਿੰਡਨ ਜੌਹਨਸਨ ਨੇ ਇਸ ਹਾਲਤ ਦਾ ਫ਼ਾਇਦਾ ਲੈਣ ਦਾ ਫ਼ੈਸਲਾ ਕੀਤਾ। ਅਨਾਜ ਦੀ ਵੰਡ ਰੋਕਣ ਦੀ ਧਮਕੀ ਦਿੰਦਿਆਂ ਉਹਨੇ ਭਾਰਤ ਦੇ ਪੀਐੱਲ-480 ਸਮਝੌਤੇ ਨੂੰ ਮੁਲਕ ਦੇ ਭਵਿੱਖ ਵਿਚ ਮੰਡੀ-ਮੁਖੀ ਉਦਾਰਵਾਦੀ ਰੁਖ਼ ਕਰਨ ਦਾ ਭਰੋਸਾ ਮੰਗਿਆ। ਸ਼ਾਸਤਰੀ ਦੇ ਅੰਦਰੂਨੀ ਸੁਧਾਰਾਂ ਨੇ ਮੁਲਕ ਨੂੰ ਪਹਿਲਾਂ ਹੀ ਮੰਡੀ ਦੀਆਂ ਤਾਕਤਾਂਪੱਖੀ ਕਰਨ ਲਈ ਤਿਆਰ ਕਰ ਦਿੱਤਾ ਸੀ। 1966 ਵਿਚ ਉਸ ਦੀ ਉਤਰਾਧਿਕਾਰੀ ਇੰਦਰਾ ਗਾਂਧੀ ਨੇ ਰੁਪਈਏ ਦੀ ਕੀਮਤ 37 ਫ਼ੀਸਦੀ ਘਟਾ ਦਿੱਤੀ, ਬਾਹਰਲੇ ਨਿਵੇਸ਼ ਲਈ 42 ਸਨਅਤਾਂ ਖੋਲ੍ਹ ਦਿੱਤੀਆਂ ਜਿਨ੍ਹਾਂ ਵਿਚ ਖਾਦ ਸਨਅਤ ਵੀ ਸ਼ਾਮਿਲ ਸੀ ਅਤੇ ਸਰਮਾਇਆਖ਼ੋਰ ਖੇਤੀ ਨੂੰ ਅਮਲ ਵਿਚ ਲਿਆਉਣਾ ਸ਼ੁਰੂ ਕੀਤਾ। ਅਮਰੀਕਨ ਇਨ੍ਹਾਂ ਖੇਤੀ ਬਦਲਾਵਾਂ ਤੋਂ ਇੰਨੇ ਖ਼ੁਸ਼ ਸਨ ਕਿ ਉਨ੍ਹਾਂ ਨੇ ਸੰਸਾਰ ਬੈਂਕ ਨੂੰ 'ਹਰ ਵਿਕਾਸਮੁਖੀ ਦੇਸ਼ ਦੀ ਕੌਮੀ ਆਰਥਿਕਤਾ' ਦੇ ਮਸੌਦੇ ਵਜੋਂ ਸੁਝਾਏ ਜਾਣ ਦੀ ਸਲਾਹ ਦਿੱਤੀ। ਹੈਰੀਅਟ ਫਰੀਡਮੈਨ ਤੇ ਫਿਲਿਪ ਮੈਕਮਾਈਕਲ ਦੇ ਸ਼ਬਦਾਂ ਵਿਚ, ਅਮਰੀਕੀ ਗ਼ਲਬਾ ਅਸਲ ਵਿਚ 'ਭੋਜਨ ਰਾਜ' ਹੈ: ਅੰਨ ਉਤਪਾਦਨ ਤੇ ਉਹਦੀ ਖਪਤ ਦੇ ਰਿਸ਼ਤੇ ਹੀ ਅਮਰੀਕੀ ਚੌਧਰ ਵਾਲੇ ਸਿਸਟਮ ਦਾ ਮੁੱਢਲਾ ਕਦਮ ਹਨ ਜਿਸ ਰਾਹੀਂ ਤੀਸਰੀ ਦੁਨੀਆ ਦੇ ਮੁਲਕਾਂ ਦਾ ਸਰਮਾਇਆ ਉਗਰਾਹਿਆ ਜਾ ਸਕਦਾ ਹੈ।


ਇੰਦਰਾ ਗਾਂਧੀ ਦੇ ਹੁੰਗਾਰੇ ਤੋਂ ਬਾਅਦ ਦਰਜਨਾਂ ਖੇਤੀਬਾੜੀ ਵਿਗਿਆਨੀ ਓਹਾਇਓ, ਨੌਰਥ ਕੈਰੋਲਾਈਨਾ ਅਤੇ ਮਿਸ਼ੀਗਨ ਦੀਆਂ ਯੂਨੀਵਰਸਿਟੀਆਂ ਵਿਚੋਂ ਪੰਜਾਬ ਦੇ ਵਿਦਿਆਰਥੀਆਂ ਤੇ ਖੋਜੀਆਂ ਨੂੰ ਸਿਖਾਉਣ ਲਈ ਆਣ ਢੁੱਕੇ। ਨਵੇਂ ਖੇਤੀਬਾੜੀ ਮੇਲੇ ਸ਼ੁਰੂ ਕੀਤੇ ਗਏ ਜਿਨ੍ਹਾਂ ਰਾਹੀਂ ਸਾਰੇ ਖਿੱਤੇ ਵਿਚ ਖਾਦਾਂ, ਟਰੈਕਟਰ, ਟਿਊਬਵੈੱਲ ਅਤੇ ਵੱਧ ਝਾੜ ਵਾਲੇ ਬੀਜਾਂ ਨੂੰ ਵੇਚਿਆ ਗਿਆ। ਇਨ੍ਹਾਂ ਨਵੀਆਂ ਸ਼ੈਆਂ ਦੀ ਵਰਤੋਂ ਆਮ ਕਰਨ ਲਈ ਕਾਂਗਰਸ ਸਰਕਾਰ ਨੇ ਪੰਜਾਬੀ ਕਿਸਾਨਾਂ ਨੂੰ ਸਬਸਿਡੀਆਂ ਦਿੱਤੀਆਂ, ਘੱਟ ਵਿਆਜ ਦੇ ਕਰਜ਼ੇ ਅਤੇ ਸਭ ਤੋਂ ਜ਼ਰੂਰੀ ਸਰਕਾਰੀ ਮੰਡੀਆਂ ਵਿਚ ਜਿਨਸਾਂ ਵੇਚਣ ਦਾ ਘੱਟੋ-ਘੱਟ ਮੁੱਲ ਤੈਅ ਕੀਤਾ। ਇਕ ਦਹਾਕੇ ਵਿਚ ਹੀ ਹਰੀ ਕ੍ਰਾਂਤੀ ਨੇ ਪੰਜਾਬ ਨੂੰ ਮੁਲਕ ਦਾ ਅਨਾਜ ਭੰਡਾਰ ਬਣਾ ਦਿੱਤਾ; ਪੰਜਾਬੀ ਦੀ ਆਰਥਿਕ ਤਰੱਕੀ ਹੋਈ ਅਤੇ ਭਾਰਤ ਚੌ਼ਲਾਂ ਤੇ ਕਣਕ ਲਈ ਨਿਰਯਾਤ 'ਤੇ ਨਿਰਭਰਤਾ ਤੋਂ ਆਤਮ-ਨਿਰਭਰ ਹੋ ਗਿਆ। ਮੁਲਕ ਦੇ ਦੋ ਫ਼ੀਸਦੀ ਤੋਂ ਵੀ ਘੱਟ ਖੇਤਰਫਲ ਹੋਣ ਦੇ ਬਾਵਜੂਦ ਸੱਤਰਵਿਆਂ ਦੇ ਅੱਧ ਤਕ ਪੰਜਾਬ ਇੱਥੋਂ ਦੀ 75 ਫ਼ੀਸਦੀ ਕਣਕ ਅਤੇ 45 ਫ਼ੀਸਦੀ ਚੌਲ ਉਪਜਾਉਣ ਲੱਗਿਆ। 1975 ਵਿਚ ਇਲਾਕੇ ਦਾ ਦੌਰਾ ਕਰਦਿਆਂਮਿਸ਼ੀਗਨ ਸਟੇਟ ਯੂਨੀਵਰਸਿਟੀ ਦੇ ਨਿਰਦੇਸ਼ਕ ਐੱਸ.ਐੱਚ. ਵਾਈਟਵਾਟਰ ਨੇ ਤੱਤ ਕੱਢਿਆ: "ਹੁਣ ਤਕ ਦਾ ਸਭ ਤੋਂ ਵਧੀਆ ਖੇਤੀਬਾੜੀ ਦਾ ਵਿਕਾਸ ਅਮਰੀਕਾ ਵਿਚ ਨਹੀਂ ਸਗੋਂ ਪੰਜਾਬ ਵਿਚ ਹੋਇਆ ਹੈ।" ਆਪਣੀਆਂ ਸੇਵਾਵਾਂ ਵਾਸਤੇ ਸਵਾਮੀਨਾਥਨ ਨੂੰ ਕਈ ਕੌਮਾਂਤਰੀ ਮਾਣ-ਸੰਮਾਣਮਿਲੇ। ਭਾਰਤ ਦੇ ਨਾਗਰਿਕਾਂ ਨੂੰ ਚੌਥੇ ਤੇ ਤੀਜੇ ਸਭ ਤੋਂ ਉੱਚੇ ਇਨਾਮ (ਪਦਮ ਸ਼੍ਰੀ ਤੇ ਪਦਮ ਭੂਸ਼ਣ), ਇੰਗਲੈਂਡ ਦੀ ਰੌਇਲ ਸੁਸਾਇਟੀ ਦੀ ਮੈਂਬਰਸ਼ਿਪ, ਅਮਰੀਕਨ ਨੈਸ਼ਨਲ ਅਕੈਡਮੀ ਔਂਵ ਸਾਇੰਸਜ਼ ਅਤੇ ਸੋਵੀਅਤ ਰੂਸ ਦਾ ਆਲ ਯੂਨੀਅਨ ਅਕੈਡਮੀ ਔਂਵ ਐਗਰੀਕਲਚਰਲ ਸਾਇੰਸਜ਼ ਲੈਨਿਨ ਇਨਾਮ।

ਉਂਝ, ਪੰਜਾਬ ਦੇ ਇਕ ਧੁਰੇ 'ਤੇ ਦੌਲਤ ਦੀ ਇਜਾਰੇਦਾਰੀ ਦੂਸਰੇ ਧੁਰੇ ਤੇ ਦੁੱਖ-ਦਰਦ ਦੀ ਇਜਾਰੇਦਾਰੀ ਦਾ ਸਬਬ ਬਣੀ। ਮਸ਼ੀਨੀਕਰਨ ਦੇ ਦੌਰ ਨੇ ਮੁਜ਼ਾਰਿਆਂ ਤੇ ਵਿੜ੍ਹੀਦਾਰ ਖੇਤੀ ਕਰਨ ਵਾਲਿਆਂ ਨੂੰ ਵੱਡੀ ਗਿਣਤੀ ਚ ਖੇਤੀ ਤੋਂ ਬੇਦਖ਼ਲ ਕਰ ਦਿੱਤਾ। 1980 ਤਕ ਬੇਜ਼ਮੀਨੇ ਕਾਮੇ, ਜ਼ਿਆਦਾਤਰ ਦਲਿਤ ਬਹੁਜਨ, ਕੁੱਲ ਖੇਤੀ ਕਾਮਿਆਂ ਦਾ 40 ਫ਼ੀਸਦੀ ਹੋ ਗਏ ਸਨ। ਨਾਲ ਹੀ ਖੇਤੀ ਕਰਦੇ ਰਹਿਣ ਲਈ ਲੋੜੀਂਦੀਆਂ ਚੀਜ਼ਾਂ ਖ਼ਰਦੀਣ ਲਈ ਛੋਟੇ ਕਿਸਾਨਾਂ ਨੂੰ ਵੱਡੇ ਕਰਜ਼ੇ ਚੁੱਕਣੇ ਪਏ। 1971 ਤੋਂ 1981 ਤਕ ਛੋਟੀ ਮਾਲਕੀ (1-2 ਕਿੱਲੇ) 23.3 ਫ਼ੀਸਦੀ ਘਟ ਗਈ; ਨਿਮਨ-ਮਾਲਕੀ (ਇਕ ਕਿੱਲੇ ਤੋਂ ਵੀ ਘੱਟ) ਹੋਰ ਵੀ ਤੇਜ਼ੀ ਨਾ਼ਲ 61.9 ਫ਼ੀਸਦੀ ਘਟੀ। 1975 ਤਕ ਪੰਜਾਬੀ ਦੀ ਸਾਰੀ ਵਾਹੀਯੋਗ ਜ਼ਮੀਨ ਦਾ 75 ਫ਼ੀਸਦੀ ਰਕਬਾ 10 ਫ਼ੀਸਦੀ ਧਨਾਢ ਕਿਸਾਨਾਂ ਦੀ ਮਲਕੀਅਤ ਬਣ ਗਿਆ ਜਿਨ੍ਹਾਂ ਵਿਚੋਂ ਬਹੁਤੇ ਜੱਟ ਸਿੱਖ ਸਨ - ਹਾਲਾਂਕਿ ਸੰਕਟ ਨੇ ਇਹਨਾਂ ਜਰਵਾਣੀਆਂ ਜਮਾਤਾਂ ਨੂੰ ਵੀ ਨਹੀਂ ਛੱਡਿਆ। 1980ਵਿਆਂ ਤਕ ਪੰਜਾਬ ਦੀ ਹੁਕਮਰਾਨ ਪਾਰਟੀ ਸ਼੍ਰੋਮਣੀ ਅਕਾਲੀ ਦਲ ਅਤੇ ਇੰਦਰਾ ਗਾਂਧੀ ਦੇ ਕੇਂਦਰੀ ਸ਼ਾਸਨ ਵਿਚ ਖਿੱਚੋਤਾਣ ਵਧ ਗਈ ਅਤੇ ਜਿਨਸਾਂ ਦਾ ਘੱਟੋ-ਘੱਟ ਮੁੱਲ ਵੀ ਉਪਰ-ਥੱਲੇ ਹੋਣ ਲੱਗਾ। 1973-74 ਵਿਚ ਪੰਜਾਬੀ ਕਿਸਾਨਾਂ ਦੀ ਕਣਕ ਤੋਂ ਆਮਦਨ 589 ਰੁਪਏ ਪ੍ਰਤੀ ਕੁਇੰਟਲ ਪ੍ਰਤੀ ਹੈਕਟੇਅਰ ਸੀ, 1980 ਤਕ ਇਹੋ ਆਮਦਨ 90 ਫ਼ੀਸਦੀ ਘਟ ਕੇ 54 ਰੁਪਏ ਪ੍ਰਤੀ ਕੁਇੰਟਲ ਪ੍ਰਤੀ ਹੈਕਟੇਅਰ ਰਹਿ ਗਈ ਸੀ। ਜਦੋਂ ਪੰਜਾਬੀ ਕਿਸਾਨਾਂ ਨੇ ਕਣਕ ਨੂੰ ਮੰਡੀ ਵਿਚ ਲਿਆਉਣੋਂ ਮਨ੍ਹਾਂ ਕਰ ਦਿੱਤਾ, ਤਾਂ ਇੰਦਰਾ ਗਾਂਧੀ ਨੇ ਚੋਖਾ ਮੁੱਲ ਦੇ ਕੇ ਕਣਕ ਅਮਰੀਕਾ ਤੋਂ ਮੰਗਵਾਉਣਾ ਬਿਹਤਰ ਸਮਝਿਆ। ਇਨ੍ਹਾਂ ਦਿਨਾਂ ਵਿਚ ਪੰਜਾਬ ਦੀ 40 ਫ਼ੀਸਦੀ ਦੇ ਕਰੀਬ ਪੇਂਡੂ ਜਨਸੰਖਿਆ ਗ਼ਰੀਬੀ ਰੇਖਾ ਦੇ ਹੇਠਾਂ ਗੁਜ਼ਰ-ਬਸਰ ਕਰ ਰਹੀ ਸੀ। ਬਾਵਜੂਦ ਇਹਦੇ ਸਵਾਮੀਨਾਥਨ ਦਾ ਸਿਤਾਰਾ ਤਰੱਕੀ ਕਰਦਾ ਰਿਹਾ। ਸਿਤਮਜ਼ਰੀਫ਼ੀ ਇਹ ਹੋਈ ਕਿ ਇੰਦਰਾ ਗਾਂਧੀ ਨੇ ਉਹਨੂੰ ਯੋਜਨਾ ਆਯੋਗ ਦਾ ਡਿਪਟੀ ਚੇਅਰਮੈਨ ਬਣਾ ਦਿੱਤਾ ਗਿਆ।

ਤੀਜੀ ਦੁਨੀਆ ਦੇ ਬਾਕੀ ਮੁਲਕਾਂ ਵਾਂਙ ਭਾਰਤ ਵਿਚ ਵੀ ਹਰੀ ਕ੍ਰਾਂਤੀ ਨੇ ਸਮਾਜਵਾਦੀ ਜ਼ਮੀਨੀ ਸੁਧਾਰਾਂ ਦੀ ਵਧ ਰਹੀ ਮੰਗ ਨੂੰ ਠੱਲ੍ਹਣ ਦਾ ਕੰਮ ਕੀਤਾ। ਕਿਉਂ ਜੋ ਹੁਣ ਫ਼ਸਲਾਂ ਦੇ ਝਾੜ ਵਧਾ ਕੇ ਜ਼ਮੀਨ ਮਾਲਕੀ ਦੇ ਕਾਣੀ ਵੰਡ ਜਿਉਂਦੀਤਿਉਂ ਰੱਖੀ ਜਾ ਸਕਦੀ। ਨਹਿਰੂ ਦੇ ਸਰਕਾਰੀ ਸਹਿਕਾਰੀ ਖੇਤੀ ਦੇ ਖ਼ਾਕੇ ਧਰੇ-ਧਰਾਏ ਰਹਿ ਗਏ। ਪੰਜਾਬ ਦੇ ਕਮਿਊਨਿਸਟ ਜ਼ਮੀਨੀ ਸੁਧਾਰਾਂ ਦੀ ਮੰਗ 'ਤੇ ਖੜ੍ਹੇ ਰਹੇ ਅਤੇ ਖੇਤੀਬਾੜੀ ਦੀਆਂ ਤੇਜ਼ੀ ਨਾਲ ਬਦਲੀਆਂ ਜ਼ਮੀਨੀ ਹਕੀਕਤਾਂ ਨੂੰ ਸਮਝਣ ਵਿਚ ਅਸਫਲ ਰਹੇ। ਜਦੋਂ 1972 ਵਿਚ ਲੈਂਡ ਸੀਲਿੰਗ ਐਕਟ (ਇਕ ਪਰਿਵਾਰ ਦੇ 17.5 ਏਕੜ ਤੋਂ ਵੱਧ ਵਾਹੀਯੋਗ ਜ਼ਮੀਨ ਦੀ ਮਾਲਕੀ 'ਤੇ ਪਾਬੰਦੀ) ਲਾਗੂ ਹੋਇਆ ਤਾਂ ਜ਼ਮੀਨਦਾਰੀ ਸਿਸਟਮ ਦੇ ਜੂਲੇ 'ਚੋਂ ਜਿੱਥੇਜਿੱਥੇ ਵੀ ਖ਼ੁਦਕਾਸ਼ਤੀਏ ਆਜ਼ਾਦ ਹੋਏ, ਉਹ ਮੰਡੀ ਤੇ ਨਿਰਭਰਤਾ ਵਾਲੇ ਨਵੇਂ ਸਿਸਟਮ ਵਿਚ ਬੱਝ ਗਏ। ਕਮਿਊਨਿਸਟਾਂ ਨੂੰ ਇਸਤੋਂ ਵੀ ਵੱਡੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ, ਜਦੋਂ ਸੋਵੀਅਤ ਯੂਨੀਅਨ ਨੇ ਅਮਰੀਕਾ ਦੀ ਸਰਦਾਰੀ ਨੂੰ ਚੁਣੌਤੀ ਦੇਣ ਲਈ ਆਪਣੇ ਟਰੈਕਟਰ ਤੇ ਤਕਨਾਲੌਜੀ ਦੀ ਸਹੂਲਤਾਂ ਮੁਹੱਈਆ ਕਰ ਦਿੱਤੀਆਂ। 1978 ਤਕ ਸੋਵੀਅਤਪੱਖੀ ਸੀ.ਪੀ.ਆਈ. ਅਤੇ ਸੀ.ਪੀ.ਐੱਮ. ਕਾਡਰ ਵੀ ਸਰਕਾਰ ਵੱਲੋਂ ਵਰਤੀ ਜਾ ਰਹੀ ਸੋਵੀਅਤ ਮਸ਼ੀਨਰੀ ਦਾ ਵਿਰੋਧ ਕਰ ਰਹੇ ਸਨਜਿਸ ਰਾਹੀਂ ਹਜ਼ਾਰਾਂ ਖ਼ੁਦਕਾਸ਼ਤੀਏ ਅਤੇ ਮੁਜ਼ਾਰੇ, ਜ਼ਿਆਦਾਤਰ ਦਲਿਤਾਂ ਦੀਆਂ ਸਤਲੁਜ ਬੇਟ ਦੇ ਇਲਾਕਿਆਂ ਦੀਆਂ ਜ਼ਮੀਨਾਂ ਤੋਂ ਬੇਜ਼ਮੀਨੇ ਕੀਤਾ ਜਾ ਰਿਹਾ ਸੀ। ਪਾਰਲੀਮੈਂਟ ਵਿਚ ਕਾਂਗਰਸ ਪਾਰਟੀ

***(ਬਾਕੀ ਅਗਲੇ ਸਫੇ 'ਤੇ)***



# ਇਜ਼ਰਾਈਲ-ਫਲਸਤੀਨ ਜੰਗ ਅਤੇ ਭਾਰਤੀ ਕਾਮੇ

ਵਾਪੱਲਾ ਬਾਲਾਚੰਦਰਨ

ਰਿਪੋਰਟਾਂ ਹਨ ਕਿ ਕੌਮੀ ਹੁਨਰ ਵਿਕਾਸ ਕਾਰਪੋਰੇਸ਼ਨ ਅਤੇ ਸੂਬਿਆਂ ਦੇ ਰੁਜ਼ਗਾਰ ਵਿਭਾਗ ਭਾਰਤੀ ਕਾਮਿਆਂ ਦੀ ਇਜ਼ਰਾਈਲ ਵਿਚ ਕੰਮ ਕਰਨ ਲਈ ਭਰਤੀ ਕਰ ਰਹੇ ਹਨ। ਹਰਿਆਣਾ ਕੌਸ਼ਲ ਰੁਜ਼ਗਾਰ ਨਿਗਮ ਨੇ ਇਕੋ ਦਿਨ ਵਿਚ ਹਰਿਆਣਾ, ਰਾਜਸਥਾਨ ਅਤੇ ਉੱਤਰ ਪ੍ਰਦੇਸ਼ ਨਾਲ ਸਬੰਧਿਤ 550 ਉਮੀਦਵਾਰਾਂ ਦੇ ਨਾਂ ਹੁਨਰ ਟੈਸਟ ਲਈ ਦਰਜ ਕੀਤੇ ਹਨ। ਜਿਵੇਂ ਹਾਲੀਆ 'ਡੌਂਕੀ ਰੂਟ' ਦੇ ਮਾਮਲੇ ਵਿਚ ਦੇਖਿਆ ਗਿਆ ਹੈ, ਬਹੁਤ ਸਾਰੇ ਬੇਈਮਾਨ ਦਲਾਲ ਨੌਜਵਾਨਾਂ ਨੂੰ ਵਿਦੇਸ਼ ਭੇਜਣ ਲਈ 40-50 ਲੱਖ ਰੁਪਏ ਤੱਕ ਵਸੂਲਦੇ ਹਨ, ਇਸ ਕਾਰਨ ਇਨ੍ਹਾਂ ਨੌਜਵਾਨਾਂ ਨੇ ਇਸ ਦੀ ਥਾਂ ਸਰਕਾਰੀ ਚੈਨਲ ਅਪਣਾਇਆ ਹੈ।

ਵਿਦੇਸ਼ਾਂ ਵਿਚ ਕੰਮ ਕਰਨ ਲਈ ਭਰਤੀ ਵਾਸਤੇ ਭਾਵੇਂ ਸਰਕਾਰੀ ਰਸਤਾ ਵਧੀਆ ਮੰਨਿਆ ਜਾਂਦਾ ਹੈ ਪਰ ਜਿਹੜੀ ਚੀਜ਼ ਪ੍ਰੇਸ਼ਾਨ ਕਰਨ ਵਾਲੀ ਹੈ, ਉਹ ਇਹ ਰਿਪੋਰਟ ਹੈ ਕਿ ਚੁਣੇ ਜਾਣ ਵਾਲੇ ਉਮੀਦਵਾਰਾਂ ਨੂੰ ਵਿਦੇਸ਼ ਕੰਮ ਕਰਨ ਜਾਣ ਲਈ ਕਿਸੇ ਕਾਨੂੰਨੀ ਇਮੀਗਰੇਸ਼ਨ ਕਲੀਅਰੈਂਸ ਪ੍ਰਕਿਰਿਆ ਵਿਚੋਂ ਨਹੀਂ ਲੰਘਣਾ ਪਵੇਗਾ ਹਾਲਾਂਕਿ ਕੰਮ ਵਾਲੀ ਥਾਂ 'ਤੇ ਉਨ੍ਹਾਂ ਦੇ ਹਿੱਤਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਅਜਿਹੀ ਪ੍ਰਕਿਰਿਆ ਹੋਣੀ ਚਾਹੀਦੀ ਹੈ। ਰਿਪੋਰਟ ਅਨੁਸਾਰ, ਇਨ੍ਹਾਂ ਕਾਮਿਆਂ ਨੂੰ ਉਥੇ ਬੀਮਾ, ਮੈਡੀਕਲ ਕਵਰੇਜ ਅਤੇ ਹੋਰ ਗਾਰੰਟੀਆਂ ਵੀ ਨਹੀਂ ਮਿਲਣਗੀਆਂ; ਉਂਝ, ਸਰਕਾਰ ਵਿਦੇਸ਼ ਕੰਮ ਉਤੇ ਜਾਣ ਵਾਲੇ ਅਜਿਹੇ ਮੁਲਾਜ਼ਮਾਂ ਲਈ ਆਮ ਕਰ ਕੇ ਅਜਿਹੀਆਂ ਸਹੂਲਤਾਂ ਲਈ ਜ਼ੋਰ ਦਿੰਦੀ ਹੈ। ਰਿਪੋਰਟ 'ਚ ਕਿਹਾ ਹੈ ਕਿ ਮਜ਼ਦੂਰ ਯੂਨੀਅਨਾਂ ਇਸ ਖ਼ਿਲਾਫ਼ ਰੋਹ ਵਿਚ ਹਨ, ਉਹ ਅਦਾਲਤੀ ਚਾਰਾਜੋਈ ਬਾਰੇ ਸੋਚ ਰਹੀਆਂ ਹਨ।

ਜੇ ਇਹ ਸਾਰਾ ਕੁਝ ਸੱਚ ਹੈ ਤਾਂ ਇਹ ਸਕੀਮ ਸਹੀ ਨਹੀਂ ਹੋਵੇਗੀ। ਵਿਦੇਸ਼ਾਂ ਵਿਚ ਕੰਮ ਕਰਨ ਵਾਲਿਆਂ ਦੀਆਂ ਭਾਰਤ ਭੇਜੀਆਂ ਰਕਮਾਂ ਦਾ ਦੇਸ਼ ਦੀ ਵਿਦੇਸ਼ੀ ਮੁਦਰਾ ਦੀ ਕਮਾਈ ਵਿਚ ਯੋਗਦਾਨ ਹਮੇਸ਼ਾ ਸਿੱਧੇ ਵਿਦੇਸ਼ੀ ਨਿਵੇਸ਼ (ਐੱਫ.ਡੀ.ਆਈ.) ਨਾਲੋਂ ਜ਼ਿਆਦਾ ਰਿਹਾ ਹੈ। 2023 ਦੌਰਾਨ ਅਜਿਹੀ ਰਕਮ ਜੋ ਮੁੱਖ ਤੌਰ 'ਤੇ ਸਾਡੇ ਪਰਵਾਸੀ ਕਾਮਿਆਂ ਨੇ ਭੇਜੀ, ਰਿਕਾਰਡ 125 ਅਰਬ ਡਾਲਰ ਤੱਕ ਪੁੱਜ ਗਈ ਸੀ; ਇਸ ਅਰਸੇ ਦੌਰਾਨ ਐੱਫ.ਡੀ.ਆਈ. ਸਿਰਫ਼ 70.9 ਅਰਬ ਡਾਲਰ ਹੀ ਸੀ।

ਸਾਨੂੰ ਜੂਨ 2014 ਦੀ ਮੋਸੂਲ ਦੁਰਘਟਨਾ ਵੀ ਨਹੀਂ ਭੁੱਲਣੀ ਚਾਹੀਦੀ। ਉਦੋਂ ਇਸਲਾਮੀ ਸਟੇਟ (ਆਈ.ਐੱਸ.) ਨੇ ਇਰਾਕ ਦੇ ਇਸ ਦੂਜੇ ਸਭ ਤੋਂ ਵੱਡੇ ਸ਼ਹਿਰ ਉਤੇ ਕਬਜ਼ਾ ਕਰ ਲਿਆ ਸੀ ਅਤੇ ਸਾਡੇ 40 ਕਾਮੇ ਲਾਪਤਾ ਹੋ ਗਏ ਸਨ ਜਿਨ੍ਹਾਂ ਵਿਚੋਂ ਬਹੁਤੇ ਪੰਜਾਬ ਤੇ ਹਰਿਆਣਾ ਤੋਂ ਸਨ। ਸਰਕਾਰ ਨੇ ਤੀਜੀ ਧਿਰ ਦੇ ਖ਼ੁਫ਼ੀਆ ਚੈਨਲਾਂ ਰਾਹੀਂ ਲੰਮਾ ਸਮਾਂ ਪੁੱਛ-ਪੜਤਾਲ ਕੀਤੀ ਅਤੇ ਸਿੱਟਾ ਕੱਢਿਆ ਕਿ ਸਾਰੇ ਸੁਰੱਖਿਅਤ ਸਨ। ਆਮ ਤੌਰ 'ਤੇ ਸੰਸਦ ਵਿਚ ਸਫ਼ਾਰਤੀ ਪੁਸ਼ਟੀ ਹਾਸਲ ਕੀਤੇ ਬਿਨਾਂ ਮਹਿਜ਼ ਖ਼ੁਫ਼ੀਆ ਚੈਨਲਾਂ ਦੀ ਸੂਚਨਾ ਦੇ ਆਧਾਰ ਉਤੇ ਕੋਈ ਪੱਕਾ ਬਿਆਨ ਨਹੀਂ ਦਿੱਤਾ ਜਾਣਾ ਚਾਹੀਦਾ ਸੀ; ਸਰਕਾਰ ਨੇ ਵੀ ਉਦੋਂ ਇਹੀ ਪੈਂਤੜਾ ਮੱਲਿਆ ਜਦੋਂ ਅਗਵਾ ਕੀਤੇ ਇਨ੍ਹਾਂ 40 ਕਾਮਿਆਂ 'ਚੋਂ ਪੰਜਾਬ ਨਾਲ ਸਬੰਧਿਤ ਹਰਜੀਤ ਮਸੀਹ ਨੇ ਦਾਅਵਾ ਕੀਤਾ ਕਿ ਉਸ ਦੇ 39 ਸਾਥੀਆਂ ਨੂੰ ਆਈ.ਐੱਸ. ਨੇ ਮਾਰ ਦਿੱਤਾ ਸੀ; ਉਹ ਆਪ ਕਿਸੇ ਤਰ੍ਹਾਂ ਕੈਦ ਵਿਚੋਂ ਛੁੱਟ ਕੇ ਭਾਰਤ ਪੁੱਜਣ ਵਿਚ ਕਾਮਯਾਬ ਰਿਹਾ ਸੀ।

ਮਾਰਚ 2018 ਵਿਚ ਸਰਕਾਰ ਨੇ ਇਕਬਾਲ ਕੀਤਾ ਕਿ ਉਹ ਸਾਰੇ ਕਾਮੇ ਮਾਰ ਦਿੱਤੇ ਗਏ ਸਨ ਜਦੋਂ ਮੋਸੂਲ ਦੇ ਉੱਤਰ-ਪੱਛਮ ਵਿਚ ਬਾਦੋਸ਼ ਵਿਖੇ ਸਮੂਹਿਕ ਕਬਰ ਬਾਰੇ ਪਤਾ ਲੱਗਿਆ; ਮਾਰੇ ਗਏ ਲੋਕਾਂ ਦੇ ਡੀ.ਐੱਨ.ਏ. ਟੈਸਟ ਦੀ ਮਦਦ ਨਾਲ ਸ਼ਨਾਖ਼ਤ ਕੀਤੀ ਗਈ ਸੀ। ਬਾਅਦ ਵਿਚ ਤੰਦਾਂ ਜੋੜ ਕੇ ਸਿਰਜੀ ਕਹਾਣੀ ਮੁਤਾਬਕ, ਅਗਵਾ ਕੀਤੇ ਭਾਰਤੀ ਕਾਮਿਆਂ ਨੂੰ ਪਹਿਲਾਂ ਮੋਸੂਲ ਦੀ ਕਿਸੇ ਕੱਪੜਾ ਮਿੱਲ ਵਿਚ ਰੱਖਿਆ ਗਿਆ ਸੀ। ਮਸੀਹ ਦੇ ਉਥੋਂ ਬਚ ਨਿਕਲਣ ਤੋਂ ਬਾਅਦ ਉਨ੍ਹਾਂ ਨੂੰ ਬਾਦੋਸ਼ ਦੀ ਜੇਲ੍ਹ ਵਿਚ ਲਿਜਾਇਆ ਗਿਆ। ਇਰਾਕੀ ਅਧਿਕਾਰੀਆਂ ਦੀ ਮਦਦ ਨਾਲ ਕੀਤੀ ਤਲਾਸ਼ ਦੌਰਾਨ ਬਾਦੋਸ਼ ਵਿਚ ਸਮੂਹਿਕ ਕਬਰ ਮਿਲੀ। ਦੱਸਿਆ ਜਾਂਦਾ ਹੈ ਕਿ ਕਬਰ ਵਿਚੋਂ ਕੱਢੀਆਂ ਲਾਸ਼ਾਂ ਦੀਆਂ ਕੁਝ ਨਿਵੇਕਲੀਆਂ ਵਿਸ਼ੇਸ਼ਤਾਵਾਂ ਸਨ; ਜਿਵੇਂ ਲੰਮੇ ਕੇਸ, ਗ਼ੈਰ-ਇਰਾਕੀ ਜੁੱਤੀਆਂ, ਸ਼ਨਾਖ਼ਤੀ ਕਾਰਡ ਆਦਿ। ਬਗ਼ਦਾਦ ਵਿਚ ਡੀ.ਐੱਨ.ਏ. ਟੈਸਟ ਕੀਤਾ ਗਿਆ ਤੇ ਇਸ ਤੋਂ ਬਾਅਦ ਹੀ ਸਰਕਾਰ ਨੇ ਸੰਸਦ ਵਿਚ ਮੰਨਿਆ ਕਿ ਉਹ ਸਾਰੇ ਕਾਮੇ ਮਾਰ ਦਿੱਤੇ ਗਏ ਸਨ।

ਚੀਨ ਦੀ ਬੇਈਯਾਂਗ ਸਰਕਾਰ ਨੇ ਜਨਰਲ ਯੁਆਨ ਸ਼ਿਕਾਈ ਦੀ ਅਗਵਾਈ ਹੇਠ 1916 ਵਿਚ ਇਸੇ ਤਰ੍ਹਾਂ ਦੀ ਗ਼ਲਤੀ ਕੀਤੀ ਸੀ ਜਦੋਂ ਕਰੀਬ 1.40 ਲੱਖ ਚੀਨੀ ਮਜ਼ਦੂਰਾਂ ਨੂੰ ਪਹਿਲੀ ਸੰਸਾਰ ਜੰਗ ਤੋਂ ਪਹਿਲਾਂ ਤੇ ਇਸ ਦੌਰਾਨ 'ਵਾਲੰਟੀਅਰਾਂ' ਵਜੋਂ ਜਿਸਮਾਨੀ ਕੰਮ ਕਰਨ ਲਈ ਯੂਰਪ ਬਰਾਮਦ ਕੀਤਾ ਗਿਆ ਸੀ। ਸ਼ਿਕਾਈ ਨੇ 1912 ਵਿਚ ਕਿੰਗ ਖ਼ਾਨਦਾਨ ਦੀ ਰਾਜਸ਼ਾਹੀ ਦੇ ਖ਼ਾਤਮੇ ਪਿੱਛੋਂ ਸੱਤਾ ਸੰਭਾਲੀ ਸੀ। ਉਸ ਵਕਤ ਬਾਲ ਉਮਰ ਦੇ ਬਾਦਸ਼ਾਹ ਪੂਈ ਨੇ ਸੱਤਾ ਤਿਆਗ ਦਿੱਤੀ ਸੀ। ਉਸ ਵਿਚ ਬਾਦਸ਼ਾਹੀ ਲਾਲਸਾਵਾਂ ਸਨ ਅਤੇ ਉਹ ਸੁਨ ਯਾਤ-ਸੇਨ ਦੀ ਅਗਵਾਈ ਹੇਠ ਇਨਕਲਾਬੀਆਂ ਦੀ ਵਧ ਰਹੀ ਤਾਕਤ ਦੇ ਟਾਕਰੇ ਲਈ ਬਰਤਾਨੀਆ ਅਤੇ ਫ਼ਰਾਂਸ ਦੀ ਮਦਦ ਨਾਲ ਆਪਣੀ ਸੱਤਾ ਸਥਿਰ ਕਰਨਾ ਚਾਹੁੰਦਾ ਸੀ। ਇਸ ਮਨਸ਼ਾ ਨਾਲ ਉਸ ਨੇ ਚੁੱਪ-ਚੁਪੀਤੇ ਉਨ੍ਹਾਂ ਨਾਲ ਸੌਦੇਬਾਜ਼ੀ ਕਰਨ ਦੀ ਕੋਸ਼ਿਸ਼ ਕੀਤੀ ਕਿ ਉਹ ਜੰਗ ਵਿਚ ਸ਼ਾਮਲ ਹੋਣ ਲਈ ਚੀਨੀ ਫ਼ੌਜੀ ਮੁਹੱਈਆ ਕਰਵਾਏਗਾ। ਉਸ ਦਾ ਇਰਾਦਾ ਜਰਮਨੀ ਤੋਂ ਚੀਨ ਦਾ ਇਲਾਕਾ ਸ਼ੈਨਦੋਂਗ ਖੋਹਣ ਦਾ ਵੀ ਸੀ ਜਿਸ ਉਤੇ ਜਰਮਨੀ ਨੇ 1898 ਵਿਚ ਕਬਜ਼ਾ ਕਰ ਲਿਆ ਸੀ। ਇਸ ਤਰ੍ਹਾਂ ਉਹ ਨਾ ਸਿਰਫ਼ ਆਪਣੀ ਸਲਤਨਤ ਦਾ ਫੈਲਾਓ ਕਰ ਸਕਦਾ ਸੀ, ਨਾਲ ਹੀ ਜੰਗ ਤੋਂ ਬਾਅਦ ਵਿਚ ਉਹ ਵੱਡੀਆਂ ਤਾਕਤਾਂ ਦੇ ਗੱਠਜੋੜ ਦਾ ਹਿੱਸਾ ਵੀ ਬਣ ਸਕਦਾ ਸੀ। 'ਸਾਊਥ ਚਾਈਨਾ ਮੌਰਨਿੰਗ ਪੋਸਟ' ਨੇ ਹਾਂਗ ਕਾਂਗ ਯੂਨੀਵਰਸਿਟੀ ਦੇ ਇਤਿਹਾਸਕਾਰ ਸੂ ਗੁਓਕੀ ਦੇ ਹਵਾਲੇ ਨਾਲ ਰਿਪੋਰਟ ਛਾਪੀ ਜਿਸ ਮੁਤਾਬਕ ਇਹ ਤਜਵੀਜ਼ ਬਰਤਾਨੀਆ ਨੇ ਖ਼ਾਰਜ ਕਰ ਦਿੱਤੀ ਕਿਉਂਕਿ ਇਹ ਉਸ ਦੇ ਵਪਾਰਕ ਹਿੱਤਾਂ ਦੇ ਖ਼ਿਲਾਫ਼ ਸੀ। ਨਾਲ ਹੀ ਇਸ ਸਮਝੌਤੇ ਤੋਂ ਭਾਰਤੀ ਆਜ਼ਾਦੀ ਅੰਦੋਲਨ ਨੂੰ ਹਵਾ ਮਿਲਣੀ ਸੀ ਜੋ ਅਜਿਹੀਆਂ ਮੰਗਾਂ ਕਰ ਰਿਹਾ ਸੀ।

ਦੂਜੇ ਪਾਸੇ ਬਰਤਾਨੀਆ ਨੂੰ ਚੀਨ ਤੋਂ ਗ਼ੈਰ-ਲੜਾਕੇ 'ਵਾਲੰਟੀਅਰ' ਲੈਣ 'ਤੇ ਕੋਈ ਇਤਰਾਜ਼ ਨਹੀਂ ਸੀ। 'ਸਮਿਥਸੋਨੀਅਨ ਮੈਗਜ਼ੀਨ' ਵਿਚ 2017 'ਚ ਲੌਰੇਨ ਬ੍ਰਜਿਨੌਲਟ ਦੇ ਲੇਖ ਤੋਂ ਇਹ ਜਾਣਕਾਰੀ ਮਿਲਦੀ ਹੈ। ਉਹ ਦੱਸਦੀ ਹੈ ਕਿ ਪਹਿਲੀ ਸੰਸਾਰ ਜੰਗ ਵਿਚ ਸਭ ਤੋਂ ਵੱਡੀ ਗਿਣਤੀ ਵਿਚ ਗ਼ੈਰ-ਯੂਰਪੀ ਕਿਰਤ ਸ਼ਕਤੀ ਚੀਨੀ ਕਾਮੇ ਹੀ ਸਨ ਜਿਨ੍ਹਾਂ ਨੂੰ ਖਾਈਆਂ-ਖੰਦਕਾਂ ਆਦਿ ਪੁੱਟਣ ਅਤੇ ਫੈਕਟਰੀਆਂ 'ਚ ਕੰਮ ਕਰਨ ਦੀ ਜ਼ਿੰਮੇਵਾਰੀ ਦਿੱਤੀ ਗਈ ਸੀ।

ਚੀਨ ਕਿਉਂਕਿ ਜੰਗ ਵਿਚ ਸ਼ਾਮਲ ਨਹੀਂ ਸੀ ਅਤੇ 'ਨਿਰਪੱਖ' ਤਾਕਤ ਸੀ, ਇਸ ਕਾਰਨ ਬਰਤਾਨੀਆ, ਫਰਾਂਸ ਅਤੇ ਰੂਸ ਨੂੰ ਕਿਰਤ ਸ਼ਕਤੀ ਮੁਹੱਈਆ ਕਰਾਉਣ ਲਈ ਕਾਰੋਬਾਰੀ ਕੰਪਨੀਆਂ ਬਣਾਈਆਂ ਗਈਆਂ। ਇਨ੍ਹਾਂ ਵਿਚੋਂ ਸਭ ਤੋਂ ਅਹਿਮ ਸੀ ਤਿਆਨਜਿਨ ਦੀ ਹੁਈਮਿਨ ਨਾਮੀ ਕੰਪਨੀ। ਇਹ ਮਈ 1916 ਵਿਚ ਕਾਇਮ ਕੀਤਾ ਨੀਮ-ਸਰਕਾਰੀ ਉੱਦਮ ਸੀ ਜਿਸ ਦੇ ਮੰਤਰੀ ਲਿਆਂਗ ਸ਼ੀਈ ਨਾਲ ਸਿੱਧੇ ਸੰਪਰਕ ਸਨ, ਉਹ ਰਾਸ਼ਟਰਪਤੀ ਯੁਆਨ ਸ਼ਿਕਾਈ ਦਾ ਕਰੀਬੀ ਸੀ। ਹੁਈਮਿਨ ਨੇ ਕਾਮਿਆਂ ਦੇ ਪੂਰੇ 25 ਸਮੁੰਦਰੀ ਜਹਾਜ਼ ਭਰ ਕੇ ਭੇਜੇ ਜਿਨ੍ਹਾਂ 'ਟੈਂਕਾਂ ਦੀ ਮੁਰੰਮਤ ਕਰਨ, ਗੋਲੇ ਜੋੜਨ, ਜੰਗੀ ਮੋਰਚਿਆਂ ਤੱਕ ਰਸਦ ਤੇ ਗੋਲੀ-ਸਿੱਕਾ ਪਹੁੰਚਾਉਣ ਅਤੇ ਜੰਗੀ ਮੋਰਚਿਆਂ ਤੇ ਥਾਵਾਂ ਨੂੰ ਸੱਚਮੁੱਚ ਨਵਾਂ ਆਕਾਰ ਦੇਣ ਵਿਚ ਮਦਦ ਕਰਨ ਵਰਗੀਆਂ ਜ਼ਿੰਮੇਵਾਰੀਆਂ ਨਿਭਾਉਣੀਆਂ ਸਨ'। ਇਨ੍ਹਾਂ ਵਿਚੋਂ ਬਹੁਤਿਆਂ ਨੂੰ ਬਰਾਸਤਾ ਪ੍ਰਸ਼ਾਂਤ ਮਹਾਂਸਾਗਰ ਅਤੇ ਕੈਨੇਡਾ ਵਾਲੇ ਰਸਤਿਉਂ ਯੂਰਪ ਭੇਜਿਆ ਗਿਆ। ਫਰਵਰੀ 1917 ਵਿਚ ਜਰਮਨੀ ਦੀ ਯੂ-ਬੋਟ ਪਣਡੁੱਬੀ ਨੇ ਫਰਾਂਸ ਦੇ ਮਾਲਵਾਹਕ ਸਮੁੰਦਰੀ ਜਹਾਜ਼ 'ਐਥੋਸ' ਉਤੇ ਤਾਰਪੀਡੋ ਹਮਲਾ ਕਰ ਕੇ ਉਸ ਨੂੰ ਭੂ-ਮੱਧ ਸਾਗਰ ਵਿਚ ਡੁਬੋ ਦਿੱਤਾ। ਇਸ ਵਿਚ 900 ਚੀਨੀ ਕਾਮੇ ਸਵਾਰ ਸਨ ਜਿਨ੍ਹਾਂ ਵਿਚੋਂ 543 ਦੀ ਮੌਤ ਹੋ ਗਈ। ਸਿੱਟੇ ਵਜੋਂ 14 ਅਗਸਤ 1917 ਨੂੰ ਚੀਨ ਨੇ ਜਰਮਨੀ ਖ਼ਿਲਾਫ਼ ਅਧਿਕਾਰਤ ਤੌਰ 'ਤੇ ਜੰਗ ਦਾ ਐਲਾਨ ਕਰ ਦਿੱਤਾ।

ਜੰਗ ਵਿਚ ਚੀਨੀਆਂ ਦੀਆਂ ਮੌਤਾਂ ਦੀ ਗਿਣਤੀ ਬਾਰੇ ਵਿਵਾਦ ਹੈ। ਜਿਥੇ ਯੂਰਪੀ ਅੰਦਾਜ਼ੇ ਇਹ ਗਿਣਤੀ 2000 ਦੱਸਦੇ ਹਨ, ਉਥੇ ਚੀਨੀ ਵਸੀਲਿਆਂ ਮੁਤਾਬਕ ਜੰਗ ਦੌਰਾਨ ਗੋਲਾਬਾਰੀ, ਬਾਰੂਦੀ ਸੁਰੰਗਾਂ ਦੇ ਫਟਣ ਅਤੇ ਸਪੇਨੀ ਫਲੂ ਕਾਰਨ ਕਰੀਬ 20 ਹਜ਼ਾਰ ਚੀਨੀ ਮਾਰੇ ਗਏ। ਆਖਿਆ ਜਾਂਦਾ ਹੈ ਕਿ ਫਰਾਂਸ ਦੇ ਨੋਇਲਜ਼-ਸੁਰ-ਮੇਰ ਕਬਰਿਸਤਾਨ ਵਿਚ 838 ਚੀਨੀ ਕਬਰਾਂ ਹਨ। 'ਸਾਊਥ ਚਾਈਨਾ ਮੌਰਨਿੰਗ ਪੋਸਟ' ਦੀ ਤਿਆਰ ਮਲਟੀ-ਮੀਡੀਆ ਪੇਸ਼ਕਾਰੀ ਵਿਚ ਕਿਹਾ ਗਿਆ ਹੈ ਕਿ ਚੀਨੀ ਕਾਮਿਆਂ ਨੇ ਫਰਾਂਸ 'ਚ ਨੌਰਮਾਂਡੀ ਵਿਚ ਖਾਈਆਂ ਪੁੱਟੀਆਂ, ਟੈਂਕਾਂ ਦੀ ਮੁਰੰਮਤ ਕੀਤੀ, ਡੇਨਿਸ (ਬੋਲੋਇਨ) ਨੂੰ ਗੋਲੀ-ਸਿੱਕੇ ਦੀ ਢੋਆ-ਢੁਆਈ ਕੀਤੀ ਅਤੇ ਡਨਕਿਰਕ ਵਿਚ ਸਮੁੰਦਰੀ ਜਹਾਜ਼ਾਂ ਤੋਂ ਜੰਗੀ ਸਾਜ਼ੋ-ਸਾਮਾਨ ਲਾਹਿਆ। ਬਰਤਾਨੀਆ ਨਾਲ ਕੰਮ ਕਰਦਿਆਂ ਉਨ੍ਹਾਂ ਬਸਰਾ (ਇਰਾਕ) ਦੇ ਜੰਗੀ ਮੋਰਚੇ ਉਤੇ ਕੰਮ ਕੀਤਾ।

ਸੰਯੁਕਤ ਰਾਸ਼ਟਰ ਦੀਆਂ ਸੰਸਥਾਵਾਂ ਮੁਤਾਬਿਕ ਹਮਾਸ ਦੇ ਇਜ਼ਰਾਈਲ 'ਤੇ 7 ਅਕਤੂਬਰ 2023 ਵਾਲੇ ਹਮਲੇ ਅਤੇ ਜਵਾਬ ਵਿਚ ਇਜ਼ਰਾਈਲ ਦੀ ਗਾਜ਼ਾ ਵਿਚ ਕੀਤੀ ਜਾ ਰਹੀ ਫ਼ੌਜੀ ਕਾਰਵਾਈ ਤੇ ਭਿਆਨਕ ਬੰਬਾਰੀ ਕਾਰਨ ਇਜ਼ਰਾਈਲ-ਪੱਛਮੀ ਕਿਨਾਰਾ-ਗਾਜ਼ਾ ਖ਼ਿੱਤਾ ਅਤੇ ਇਨ੍ਹਾਂ ਦੇ ਆਲੇ-ਦੁਆਲੇ ਦਾ ਸਮੁੰਦਰੀ ਇਲਾਕਾ ਜੰਗੀ ਖੇਤਰ ਬਣੇ ਹੋਏ ਹਨ। ਇਜ਼ਰਾਈਲ ਵੱਖ ਵੱਖ ਥਾਵਾਂ 'ਤੇ ਹਿਜ਼ਬੁੱਲਾ ਅਤੇ ਹੂਤੀ ਦਹਿਸ਼ਤਗਰਦਾਂ ਖ਼ਿਲਾਫ਼ ਵੀ ਜ਼ਮੀਨੀ, ਹਵਾਈ ਤੇ ਸਮੁੰਦਰੀ ਹਮਲੇ ਕਰ ਰਿਹਾ ਹੈ। ਅਜਿਹੇ ਹਾਲਾਤ ਵਿਚ ਉਸ ਖ਼ਿੱਤੇ 'ਚ ਹਜ਼ਾਰਾਂ ਭਾਰਤੀ ਕਾਮੇ ਭੇਜਣਾ ਖ਼ਤਰਨਾਕ ਹੈ। ਟਕਰਾਅ ਦੇ ਇਸ ਦੌਰ ਦੌਰਾਨ ਉਹ ਵੀ ਹਮਾਸ, ਹਿਜ਼ਬੁੱਲਾ ਆਦਿ ਦੇ ਆਸਾਨ ਸ਼ਿਕਾਰ ਬਣ ਸਕਦੇ ਹਨ।

# ਹਰੀ ਕ੍ਰਾਂਤੀ ਪੰਜਾਬ ਦੀਆਂ ਜੜ੍ਹਾਂ 'ਚ ਬਹਿ ਗਈ

(ਪਿਛਲੇ ਸਫੇ ਦੀ ਬਾਕੀ)

ਨੇ ਹਰੀ ਕ੍ਰਾਂਤੀ ਨੂੰ ਰਾਸ਼ਟਰੀ ਸਫਲਤਾ ਐਲਾਨ ਦਿੱਤਾ ਪਰ ਪੰਜਾਬ ਦੇ ਪਿੰਡਾਂ ਵਿਚ ਭੋਜਨ ਦੀ ਖ਼ੁਦਮੁਖ਼ਤਾਰੀ ਦੇ ਬਸਤੀਵਾਦਵਿਰੋਧੀ ਭੁਲੇਖੇ ਆਪਣੀ ਕਹਾਣੀ ਆਪ ਕਹਿ ਰਹੇ ਸਨ: ਭਾਰਤੀ ਖੇਤਾਂ ਵਿਚ ਅਮਰੀਕਨ ਬੀਜਾਂ ਦੀ ਜੜ੍ਹ ਸੋਵੀਅਤ ਸੀਡ ਫਾਰਮਾਂ ਵਿਚ ਸੋਵੀਅਤ ਟਰੈਕਟਰਾਂ ਰਾਹੀਂ ਲੱਗੀ।

ਜੇ ਇਤਿਹਾਸ ਦੀ ਲੜੀ ਸਵਾਮੀਨਾਥਨ ਦੇ ਬੋਰਲੌਗ ਨੂੰ ਭਾਰਤ ਬੁਲਾਉਣ ਨਾਲ ਸ਼ੁਰੂ ਹੋਈ ਸੀ ਤਾਂ ਇਹ ਦੋ ਦਹਾਕਿਆਂ ਬਾਅਦ ਖ਼ਤਮ ਹੋ ਗਈ ਜਦੋਂ 1982 ਵਿਚ ਸਵਾਮੀਨਾਥਨ ਨੇ ਸਾਇੰਟਿਫਿਕ ਐਡਵਾਇਜ਼ਰੀ ਕਮੇਟੀ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦੇ ਦਿੱਤਾ ਅਤੇ ਫ਼ਿਲੀਪਾਈਨਜ਼ ਚਲੇ ਗਿਆ। ਉਥੇ ਉਹ ਰੌਕਫੈਲਰ ਫਾਊਂਡੇਸ਼ਨ ਦੇ ਚਲਾਏ ਕੌਮਾਂਤਰੀ ਚੌਲ ਖੋਜ ਅਦਾਰੇ ਇੰਟਰਨੈਸ਼ਨਲ ਰਾਈਸ ਰਿਸਰਚ ਇੰਸਟੀਟਿਊਟ (ਆਈ.ਆਰ.ਆਰ.ਆਈ) ਦਾ ਡਾਇਰੈਕਟਰ ਜਨਰਲ ਬਣਿਆ। ਅਜਿਹੇ ਸਮੇਂ ਉਹਦਾ ਜਾਣਾ ਕੌਮਾਂਤਰੀ ਤੌਰ 'ਤੇ ਭੰਡਿਆ ਗਿਆ ਕਿਉਂਕਿ ਉਹਦੀ ਵੱਧ ਝਾੜ ਵਾਲੀ ਕਿਸਮ ਬਹੁਤ ਸਾਰੇ ਕੀਟਾਂ ਦੀ ਮਾਰ ਹੇਠ ਸੀ ਅਤੇ ਉਨ੍ਹਾਂ ਬੀਜਾਂ ਨੂੰ ਵਾਰ-ਵਾਰ ਵਧੇਰੇ ਤਾਕਤਵਰ ਦੇਸੀ ਕਿਸਮਾਂ ਨਾਲ ਸੋਧਣਾ ਪੈਂਦਾ ਸੀ। ਮਾਰਚ 1986 ਦੇ 'ਇਲਸਟਰੇਟਡ ਵੀਕਲੀ ਆਫ ਇੰਡੀਆ' ਵਿਚ ਛਪੀ ਸਨਸਨੀਖ਼ੇਜ਼ ਕਵਰ ਸਟੋਰੀ 'ਦਿ ਗਰੇਟ ਜੀਨ ਰੌਬਰੀ' ਵਿਚ ਗੋਆ ਦੇ ਵਾਤਾਵਰਨਪ੍ਰੇਮੀ ਕਲਾਉਡ ਅਲਵਰੇਸ ਨੇ ਇਲਜ਼ਾਮ ਲਾਇਆ ਕਿ 19,000 ਤੋਂ ਵੱਧ ਦੇਸੀ ਝੋਨੇ ਦੇ ਬੀਜਾਂ ਦੇ ਜਰਮ-ਪਲਾਸਮ ਅਮਰੀਕਾ ਦੇ ਹਵਾਲੇ ਕਰਕੇ ਸਵਾਮੀਨਾਥਨ ਫ਼ਿਲੀਪਾਈਨਜ਼ ਦੌੜ ਗਿਆ ਹੈ। ਇੰਡੀਅਨ ਸੁਸਾਇਟੀ ਆਫ ਜੈਨੇਟਿਕਸ ਐਂਡ ਪਲਾਂਟ ਬਰੀਡਿੰਗ ਨੇ ਇਸ ਰਿਪੋਰਟ ਨੂੰ ਸਾਜ਼ਿਸ਼ ਕਹਿ ਕੇ ਰੱਦ ਕਰ ਦਿੱਤਾ। ਸਵਾਮੀਨਾਥਨ ਦੇ ਹੱਕ ਵਿਚ 121 ਚੌਲਵਿਗਿਆਨੀਆਂ ਨੇ ਕਿਹਾ ਕਿ ਕੌਮੀ ਜਰਮ-ਪਲਾਜਮ ਨੂੰ ਬਾਹਰਲੇ ਮੁਲਕਾਂ ਚ ਸਾਂਭ ਕੇ ਰੱਖਣਾ ਆਮ ਰਵਾਇਤ ਹੈ ਤਾਂ ਕਿ ਕਿਸੇ ਕੁਦਰਤੀ ਬਿਪਤਾ ਤੋਂ ਬੀਜ ਕਿਸਮਾਂ ਨੂੰ ਬਚਾਇਆ ਜਾ ਸਕੇ। 1987 ਵਿਚ ਜਦੋਂ ਫ਼ਿਲੀਪੀਨੋ ਕਿਸਾਨਆਈ.ਆਰ.ਆਰ.ਆਈ ਦੇ 'ਸਾਮਰਾਜੀ ਬੀਜਾਂ' ਖ਼ਿਲਾਫ਼ ਆਪਣੇ ਰੋਸ ਮੁਜ਼ਾਹਰੇ ਕਰ ਰਹੇ ਸਨ, ਸਵਾਮੀਨਾਥਨ ਨੂੰ ਪਹਿਲੇ ਸੰਸਾਰ ਭੋਜਨ ਪੁਰਸਕਾਰ ਨਾਲ ਨਿਵਾਜਿਆ ਗਿਆ। ਤਿੰਨ ਸਾਲ ਬਾਅਦ ਉਹ ਭਾਰਤ ਆਇਆ, ਉਹਨੂੰ ਬੋਰਲੌਗ ਤੇ ਸੁਬਰਾਮਣੀਅਮ ਸਮੇਤ ਵਿਸ਼ਵ ਭੁੱਖਮਰੀ ਉਤੇ ਸ਼ਾਨਾਮੱਤੀ ਜਿੱਤ ਦੀ ਯਾਦ ਵਿਚ ਜਨਤਕ ਪ੍ਰੋਗਰਾਮ ਵਿਚ ਸ਼ਿਰਕਤ ਕਰਨ ਲਈ ਬੁਲਾਇਆ ਗਿਆ ਸੀ।


ਪੰਜਾਬ ਵਿਚ ਹਰੀ ਕ੍ਰਾਂਤੀ ਬਹੁਤ ਤੇਜ਼ੀ ਨਾਲ ਪੀਲੀ ਪੈ ਚੁੱਕੀ ਸੀ। 1991 ਤੱਕ ਰਾਜ ਦੀ 96 ਫ਼ੀਸਦੀ ਵਾਹੀਯੋਗ ਜ਼ਮੀਨ ਖੇਤ ਬਣ ਚੁੱਕੇ ਸਨ; ਕੁੱਲ ਖੇਤੀ ਹੇਠ ਰਕਬੇ ਦਾ 95 ਫ਼ੀਸਦੀ ਸਿੰਜਾਈ ਤਹਿਤ ਸੀ ਅਤੇ ਫਸਲੀ ਘਣਤਾ 176 ਫ਼ੀਸਦੀ ਪਹੁੰਚ ਚੁੱਕੀ ਸੀ। ਇਸ ਦੇ ਨਤੀਜੇ ਵਜੋਂ ਝਾੜ ਅਤੇ ਮੁਨਾਫ਼ੇ ਇਕ ਥਾਂ ਖੜ੍ਹ ਚੁੱਕੇ ਸਨ; ਕਰਜ਼ਿਆਂ ਦੀ ਪੰਡ ਬਹੁਤ ਜ਼ਿਆਦਾ ਭਾਰੀ ਹੋ ਚੁੱਕੀ ਸੀ। ਇਸ ਦੌਰਾਨ ਰਸਾਇਣਿਕ ਖਾਦਾਂ ਅਤੇ ਕੀਟਨਾਸ਼ਕਾਂ ਨੇ ਜ਼ਮੀਨਾਂ ਦੇ ਸਾਰੇ ਤੱਤ ਸੂਤ ਲਏ ਸਨ; ਧਰਤੀ ਹੇਠਲਾ ਪਾਣੀ ਹੋਰ ਡੂੰਘਾ ਤੇ ਜ਼ਹਿਰੀਲਾ ਹੋ ਚੁੱਕਿਆ ਸੀ। ਖੇਤਾਂ ਵਿਚ ਹਰੀਆਂ ਪੱਤੇਦਾਰ ਸਬਜ਼ੀਆਂ ਤੇ ਹੋਰ ਫ਼ਸਲਾਂ ਦਾ ਸਫ਼ਾਇਆ ਹੋ ਚੁੱਕਿਆ ਸੀ ਤੇ ਪਾਣੀ ਵਿਚਲੇ ਮਾੜੇ ਤੱਤਾਂ ਨਾਲ ਅਤੇ ਕੈਂਸਰ ਵਰਗੀਆਂ ਨਾਮੁਰਾਦ ਬਿਮਾਰੀਆਂ ਹੋਣ ਲੱਗ ਪਈਆਂ ਸਨ। ਹੁਣ ਇਹ ਸਾਫ਼ ਹੋ ਗਿਆ ਸੀ ਕਿ ਹਰੀ ਕ੍ਰਾਂਤੀ ਦੇ ਫ਼ਾਇਦੇ ਨਾ ਸਿਰਫ਼ ਸਰਮਾਇਆਖ਼ੋਰ ਮਸ਼ੀਨਾਂ ਰੇਆਂ ਸਪਰੇਆਂ ਕਰਕੇ ਸਨ ਬਲਕਿ ਕੁਦਰਤ ਦੀ ਤਬਾਹਕੁਨ ਲੁੱਟ ਕਰਕੇ ਵੀ ਸਨ। ਸਵਾਮੀਨਾਥਨ ਦੇ ਹਿਮਾਇਤੀ ਨੇ ਕਿਹਾ ਕਿ ਅਸੀਂ ਤਾਂ ਪਹਿਲਾਂ ਹੀ ਕਿਹਾ ਸੀ ਕਿ ਜੇ ਇਹ ਚੀਜ਼ਾਂ ਧਿਆਨ ਨਾਲ ਨਾ ਵਰਤੀਆਂ ਤਾਂ ਵਾਤਾਵਰਨ'ਤੇ ਮਾੜਾ ਅਸਰ ਹੋਵੇਗਾ ਪਰ ਇਹ ਚੀਜ਼ ਭੁੱਲ ਗਏ ਕਿ ਖਾਦਾਂ ਕੀਟਨਾਸ਼ਕਾਂ ਦੀ ਵਰਤੋਂ ਮੰਡੀ ਦੀਆਂ ਤਾਕਤਾਂ ਤੈਅ ਕਰਦੀਆਂ ਹਨ। ਇਤਿਹਾਸਕਾਰ ਜੇਸਨ ਡਬਲਿਊ. ਮੂਰ ਨੇ ਬੜੀ ਸੁਚੱਜੇ ਢੰਗ ਨਾਲ ਦੱਸਿਆ ਹੈ ਕਿ ਵਾਤਾਵਰਨ ਦੀ ਖ਼ਸਤਾ ਹਾਲਤ ਸਰਮਾਏ ਦੀ ਇਜਾਰੇਦਾਰੀ ਨਾਲ ਗੂੜ੍ਹਾ ਰਿਸ਼ਤਾ ਹੈ। ਹਰੀ ਕ੍ਰਾਂਤੀ ਵਿਚ ਸੰਜਮ ਦਾ ਸੁਪਨਾ ਅਸਲ ਵਿਚ ਆਪਾ-ਵਿਰੋਧੀ ਗੱਲ ਸੀ।

ਇਹਦੇ ਦਿਨ ਹੁਣ ਭਾਵੇਂ ਲੰਘ ਚੁੱਕੇ ਹਨ ਪਰ ਹਰੀ ਕ੍ਰਾਂਤੀ ਹਾਲੇ ਵੀ ਭਾਰਤ ਦੇ ਸਿਆਸੀ ਪਿੜ ਵਿਚ ਆਪਣੀ ਧਾਂਕ ਜਮਾਉਂਦੀ ਰਹਿੰਦੀ ਹੈ, ਇਹ ਦੁਨੀਆਦਾ ਮੋਹਰੀ ਚੌਲਉਤਪਾਦਕ ਮੁਲਕ ਹੈ (ਪਿਛਲੇ ਸਾਲ ਦੁਨੀਆ ਦੇ ਕੁੱਲ ਚੌਲਾਂ ਦਾ 40 ਫ਼ੀਸਦੀ ਇੱਥੋਂ ਆਯਾਤ ਹੋਇਆ) ਅਤੇ ਇਸ ਨੂੰ ਖੇਤੀਖੇਤਰ ਦੀ ਮਹਾਂਸ਼ਕਤੀ ਕਿਹਾ ਜਾਂਦਾ ਹੈ। ਸਵਾਮੀਨਾਥਨ ਦੀ ਕੌਮੀ ਨਾਇਕ ਵਜੋਂ ਮਾਨਤਾ (ਨਾ ਸਿਰਫ਼ ਭਾਜਪਾ ਜਾਂ ਕਾਂਗਰਸੀਆਂ ਵੱਲੋਂ ਸਗੋਂ ਕਮਿਊਨਿਸਟ ਪ੍ਰੋਫੈਸਰਾਂ ਤੇ ਤਰੱਕੀਪਸੰਦ ਖੇਤੀਬਾੜੀ ਵਿਗਿਆਨੀਆਂ ਵੱਲੋਂ ਵੀ) ਇਸ ਗੱਲ ਦੀ ਗਵਾਹੀ ਭਰਦੀ ਹੈ। ਇਹ ਗੱਲ ਵਾਜਿਬ ਹੈ ਕਿ ਹਰੀ ਕ੍ਰਾਂਤੀ ਦੇ ਮਾੜੇ ਸਿੱਟਿਆਂ ਨੂੰ ਜੀਓ-ਪੋਲਿਟਿਕਸ ਤੇ ਸੰਸਾਰ ਸਿਆਸੀ ਅਰਥਚਾਰੇ ਦੇ ਸਿਸਟਮ ਨੂੰ ਅੱਖੋਂ ਪਰੋਖੇ ਕਰਦਿਆਂ ਇਕੱਲੇ ਸਵਾਮੀਨਾਥਨ ਦੇ ਸਿਰ ਮੜ੍ਹਨਾ ਠੀਕ ਨਹੀਂ ਪਰ ਉਹਦੇ ਭੁੱਖਮਰੀ ਤੇ ਭੋਜਨ ਅਸੁਰੱਖਿਆ ਵਿਚੋਂ ਕੱਢਣ ਦੇ ਮਾਅਰਕਾ ਵੀ ਕਿੰਨਾਕੁ ਠੀਕ ਹੈ।

**ਪੰਜਾਬ ਵਿਚ ਜਮੀਨ ਮਾਲਕੀ ਜਾਂ ਠੇਕੇ ਤੇ ਰਕਬੇ ਵਿਚ ਬਦਲਾਈ**

1970-71 ਤੋਂ 1980-81 ਤੱਕ

| ਜਮੀਨ | ਕੁੱਲ ਮਾਲਕੀ 1970-71 | ਕੁੱਲ ਮਾਲਕੀ 1980-81 | ਕੁੱਲ ਮਾਲਕੀ ਫੀਸਦੀ ਬਦਲਾਈ | ਮਾਲਕੀ+ਠੇਕੇ ਤੇ 1970-71 | ਮਾਲਕੀ+ਠੇਕੇ ਤੇ 1980-81 | ਮਾਲਕੀ+ਠੇਕੇ ਤੇ ਫੀਸਦੀ ਬਦਲਾਈ | ਠੇਕੇ ਤੇ 1970-71 | ਠੇਕੇ ਤੇ 1980-81 | ਠੇਕੇ ਤੇ ਫੀਸਦੀ ਬਦਲਾਈ |
|---|---|---|---|---|---|---|---|---|---|
| [illegible] | 178,893 | 108,863 | -39 | 5,302 | 6,234 | 17 | 41,059 | 3,163 | 92 |
| [illegible] | 264,876 | 233,204 | -13 | 21,404 | 41,219 | 93 | 53,749 | 6,477 | 88 |
| [illegible] | 642,576 | 627,171 | -2 | 72,216 | 151,986 | 111 | 80,415 | 11,688 | 86 |
| [illegible] | 1,264,858 | 1,189,041 | -6 | 173,848 | 368,043 | 112 | 78,517 | 8,592 | 89 |
| [illegible] | 894,489 | 907,798 | 2 | 132,747 | 226,449 | 71 | 40,136 | 8,286 | 79 |
| [illegible] | 3,264,612 | 3,066,075 | -6 | 405,519 | 791,174 | 95 | 293,878 | 32,216 | 89 |




ਸਵਾਮੀਨਾਥਨ ਦੇ ਸੋਹਲੇ ਤੇ ਸੋਭਾ ਹਰੀ ਕ੍ਰਾਂਤੀ ਦੀ ਧਾਂਕ ਦਾ ਸੰਕੇਤ ਹੈ, ਜਿਵੇਂ 2020-21 ਦਾ ਸਫਲ ਕਿਸਾਨ ਮੋਰਚਾ ਜਿਹੜਾ ਭਾਜਪਾ ਵੱਲੋਂ ਕਿਸਾਨਾਂ ਦੀਆਂ ਸਬਸਿਡੀਆਂ ਬੰਦ ਕਰਕੇ ਭਾਰਤੀ ਖੇਤੀ ਨੂੰ ਕਾਰਪੋਰੇਟ ਘਰਾਣਿਆਂ ਦੇ ਹੱਥ ਦੇਣ ਦੇ ਖ਼ਿਲਾਫ਼ ਸੀ। ਇਸ 'ਦੂਜੀ ਹਰੀ ਕ੍ਰਾਂਤੀ' ਦੇ ਵਿਰੁੱਧ ਸੰਯੁਕਤ ਕਿਸਾਨ ਮੋਰਚੇ ਨੇ ਸਾਲਭਰ ਨਵੀਂ ਦਿੱਲੀ ਨੂੰ ਜਾਂਦੇ ਚਾਰ ਕੌਮ ਸ਼ਾਹਰਾਹ ਜਾਮ ਕਰੀ ਰੱਖੇ। ਇਸ ਮੋਰਚੇ ਦੇ ਪੈਂਤੜੇ ਭਾਵੇਂ ਮਿਲੀਟੈਂਟ ਸਨ ਪਰ ਇਨ੍ਹਾਂ ਦੀਆਂ ਮੰਗਾਂ ਸੀਮਿਤ ਸਨ: ਮੁੱਖ ਤੌਰ 'ਤੇ ਤਿੰਨੋਂ ਖੇਤੀ ਕਾਨੂੰਨ ਰੱਦ ਕਰਨਾ ਅਤੇ ਘੱਟੋ-ਘੱਟ ਸਮਰਥਨ ਮੁੱਲ ਨੂੰ ਕਾਨੂੰਨੀ ਹੱਕ ਬਣਾਉਣਾ। ਪੰਜਾਬ ਦੀਆਂ ਖੱਬੇਪੱਖੀ ਯੂਨੀਅਨਾਂ ਦਾ ਏਜੰਡਾ ਹਾਲਾਂਕਿ ਵਸੀਹ ਸੀ; ਉਹ ਜਾਣਦੇ ਸਨ ਕਿ ਇਹ ਮੰਗਾਂ ਕਿਸਾਨਾਂ ਨੂੰ ਕਰਜ਼ੇ ਤੇ ਬਿਮਾਰੀਆਂ ਦੇ ਪੁਰਾਣੇ ਚੱਕਰਵਿਊ ਵਿਚ ਹੀ ਵਾਪਸ ਲੈ ਕੇ ਜਾਣਗੀਆਂ। ਸਭ ਤੋਂ ਵੱਡੀ ਖੱਬੇਪੱਖੀ ਜੱਥੇਬੰਦੀ ਭਾਰਤੀ ਕਿਸਾਨ ਯੂਨੀਅਨ (ਏਕਤਾ)-ਉਗਰਾਹਾਂ ਦੇ ਆਗੂਆਂ ਦੀਆਂ ਯਾਦਗਾਰੀ ਤਕਰੀਰਾਂ ਵਿਚ ਕਿਹਾ ਗਿਆ ਸੀ ਕਿ ਇਨ੍ਹਾਂ ਮੰਗਾਂ ਦੀ ਧਾਰ ਵਿਚ ਅਸਲ ਇਨਕਲਾਬ ਦੀ ਬਣਤਰ ਪਈ ਹੈ। ਉਂਝ, ਕਿਸਾਨ ਮੋਰਚੇ ਦਾ ਸਿਆਸੀ ਹੰਭਲਾ ਹੌਲੀ-ਹੌਲੀ ਆਪਾ-ਵਿਰੋਧਾਂ ਕਾਰਨ ਡਗਮਗਾ ਗਿਆ। ਯੂਨੀਅਨਾਂ ਨੇ ਭਾਵੇਂ ਦਿੱਲੀ ਬਾਰਡਰਾਂ 'ਤੇ ਕਿਸਾਨ ਮਜ਼ਦੂਰ ਏਕਤਾ ਦੇ ਬਹੁਤ ਨਾਅਰੇ ਲਾਏ ਪਰ ਪੰਜਾਬ ਆ ਕੇ ਜਾਤਪ੍ਰਸਤ ਬਦਲਾਖੋਰੀ ਤੇ ਜਮਾਤੀ ਕਸ਼ਮਕਸ਼ ਓਵੇਂ ਹੀ ਮੁੜ ਸ਼ੁਰੂ ਹੋ ਗਈ। ਦਲਿਤ ਪੰਜਾਬ ਦੀ ਜਨਸੰਖਿਆ ਦੇ 32 ਫ਼ੀਸਦੀ ਹਨ ਪਰ ਉਨ੍ਹਾਂ ਕੋਲ ਸਿਰਫ਼ 3 ਫ਼ੀਸਦੀ ਵਾਹੀਯੋਗ ਜ਼ਮੀਨ ਦੀ ਮਾਲਕੀ ਹੈ। ਗ਼ਰੀਬ ਜੱਟਾਂ ਸਮੇਤ 86 ਫ਼ੀਸਦੀ ਕਿਸਾਨ-ਕਾਮੇ ਭਾਵੇਂ ਕਰਜ਼ੇ ਹੇਠ ਹਨ ਪਰ ਇਨ੍ਹਾਂ ਜਾਤੀ ਵਖਰੇਵੇਂ ਵਾਲੇ ਭਾਈਚਾਰਿਆਂ ਦਾ ਏਕਾ ਦੂਰ ਦੀ ਕੌਡੀ ਹੈ। ਆਲਮੀ ਤਪਸ਼ ਜਾਂ ਗਲੋਬਲ ਵਾਰਮਿੰਗ ਵੀ ਆਪਣੇ ਰੰਗ ਦਿਖਾ ਰਹੀ ਹੈ: ਪਿਛਲੇ ਸਾਲ ਬਸੰਤ ਰੁੱਤ 'ਚ ਪਈ ਗਰਮੀ ਨੇ ਕਣਕ ਦਾ ਝਾੜ ਘਟਾ ਦਿੱਤਾ ਅਤੇ ਤੂੜੀ ਦੀ ਵੀ ਥੋੜ ਪਾ ਦਿੱਤੀ; ਇਸ ਸਾਲ ਸਾਉਣ ਵਿਚ ਆਏ ਹੜ੍ਹਾਂ ਨੇ ਪੰਜਾਬ ਵਿਚ ਝੋਨੇ ਦੀ ਫ਼ਸਲ ਬਰਬਾਦ ਕਰ ਦਿੱਤੀ। ਘੱਟੋ-ਘੱਟ ਸਮਰਥਨ ਮੁੱਲ ਵਿਚ ਮਾਮੂਲੀ ਬਦਲਾਓ ਤੇ ਵਾਤਾਵਰਨ ਦੇ ਡਾਵਾਂਡੋਲ ਹੋਣ ਕਾਰਨ ਸੰਕਟ ਹੋਰ ਗਹਿਰਾ ਹੋ ਗਿਆ। ਇਸ ਸਾਲ ਦੇ ਸ਼ੁਰੂ ਵਿਚ ਪੰਜਾਬ ਸਰਕਾਰ ਨੇ ਮੂੰਗੀ ਲਈ ਘੱਟੋ-ਘੱਟ ਸਮਰਥਨ ਮੁੱਲ ਦਾ ਐਲਾਨ ਕੀਤਾ। ਹਮੇਸ਼ਾ ਆਮਦਨ ਵਧਾਉਣ ਦੇ ਵਸੀਲਿਆਂ ਦੀ ਤਾਕ ਵਿਚ ਕਿਸਾਨਾਂ ਨੇ ਇਹਨੂੰ ਅਪਰੈਲ ਦੀ ਕਣਕ ਦੇ ਵਾਢੀ ਤੇ ਝੋਨੇ ਦੀ ਜੁਲਾਈ ਵਿਚ ਬਿਜਾਈ ਵਿਚਕਾਰ ਤੀਜੀ ਫ਼ਸਲ ਦੇ ਤੌਰ 'ਤੇ ਲਗਾਇਆ। ਵਾਢੀ ਨੂੰ ਛੇਤੀ ਨਜਿੱਠਣ ਲਈ ਕਿਸਾਨਾਂ ਤੇ ਖੇਤ ਮਜ਼ਦੂਰਾਂ ਨੇ ਪੈਰਾਕੁਏਟ ਨਾਮ ਦਾ ਨਦੀਨਨਾਸ਼ਕ ਵਰਤਿਆ ਜਿਹੜਾ ਬਾਕੀ ਸਾਰੀ ਦੁਨੀਆ ਵਿਚ ਪਾਬੰਦੀਸ਼ੁਦਾ ਹੈ। ਜਦੋਂ ਇਹ ਸਭ ਕਰਕੇ ਵੀ ਤੋਰੀ-ਫੁਲਕਾ ਨਹੀਂ ਚਲਦਾ ਤਾਂ ਨਿਰਾਸ਼ ਵਾਹੀਕਾਰ ਇਹੋ ਜ਼ਹਿਰ ਪੀ ਲੈਂਦੇ ਹਨ।

# ਹਿੰਦੂ ਨਜ਼ਰੀਏ ਤੋਂ ਦਿਸਦਾ ਪੰਜਾਬ

## ਵਿਨਾਇਕ ਦੱਤ ਦੀ ਕਿਤਾਬ 'ਪੰਜਾਬ: ਫਰਾਮ ਪਰਸਪੈਕਟਿਵ ਆਫ ਪੰਜਾਬੀ ਹਿੰਦੂ'

*ਨੌਜਵਾਨ ਪੱਤਰਕਾਰ ਅਤੇ ਰਣਨੀਤੀਕਾਰ ਵਿਨਾਇਕ ਦੱਤ ਦੀ ਕਿਤਾਬ 'ਪੰਜਾਬ: ਫਰਾਮ ਦਿ ਪਰਸਪੈਕਟਿਵ ਆਫ ਏ ਪੰਜਾਬੀ ਹਿੰਦੂ' ਪੰਜਾਬ ਨੂੰ ਵੱਖਰੇ ਦ੍ਰਿਸ਼ਟੀਕੋਣ ਤੋਂ ਦੇਖਣ ਦਾ ਉਪਰਾਲਾ ਹੈ। ਉਹ ਆਪਣੀਆਂ ਧਾਰਨਾਵਾਂ ਦੀ ਪੁਸ਼ਟੀ ਲਈ ਤੱਥ ਇਕੱਠੇ ਕਰਦਾ ਹੈ ਅਤੇ ਇਨ੍ਹਾਂ ਤੱਥਾਂ ਨੂੰ ਆਪਣੇ ਹਿਸਾਬ ਨਾਲ ਸਮੇਟਦਾ ਹੈ। ਉਸ ਦੇ ਵਿਚਾਰਾਂ ਨਾਲ ਅਸਹਿਮਤੀ ਹੋ ਸਕਦੀ ਹੈ ਪਰ ਉਸ ਦਾ ਇਹ ਕਹਿਣਾ ਸੋਲਾਂ ਆਨੇ ਸਹੀ ਹੈ ਕਿ ਭਵਿੱਖ ਬਾਰੇ ਕਿਸੇ ਵਿਉਂਤਬੰਦੀ ਤੋਂ ਨਵੇਂ ਪੰਜਾਬ ਦੇ ਨਕਸ਼ ਘੜੇ ਨਹੀਂ ਜਾ ਸਕਦੇ।*

**ਕਲਾ ਪਰਿਕਰਮਾ**


ਵਿਨਾਇਕ ਦੱਤ ਪੰਜਾਬ ਦਾ ਨੌਜਵਾਨ ਹੈ; ਉਹ ਨੌਜਵਾਨ ਜਿਹੜਾ ਪੰਜਾਬ ਬਾਰੇ ਸੋਚਦਾ ਅਤੇ ਵਿਚਾਰਦਾ ਹੈ। ਉਹ ਖੁਦ ਨੂੰ ਬੁਨਿਆਦੀ ਰੂਪ ਵਿਚ ਇਤਿਹਾਸ ਦਾ ਵਿਦਿਆਰਥੀ ਆਖਦਾ ਹੈ। ਉਂਝ ਉਹ ਪਿਛਲੇ 15 ਸਾਲ ਤੋਂ ਬਤੌਰ ਪੱਤਰਕਾਰ ਸਰਗਰਮ ਹੈ ਅਤੇ ਉਸ ਨੇ ਸਿਆਸੀ ਰਣਨੀਤੀਕਾਰਾਂ ਵਿਚ ਵੀ ਆਪਣਾ ਨਾਂ ਦਰਜ ਕਰਵਾਇਆ ਹੈ। ਪਿੱਛੇ ਜਿਹੇ ਉਸ ਦੀ ਕਿਤਾਬ 'ਪੰਜਾਬ: ਫਰਾਮ ਦਿ ਪਰਸਪੈਕਟਿਵ ਆਫ ਏ ਪੰਜਾਬੀ ਹਿੰਦੂ' ਪ੍ਰਕਾਸ਼ਤ ਹੋਈ ਤਾਂ ਇਸ ਬਾਰੇ ਚਰਚਾ ਵੀ ਚੱਲੀ। ਉਹ ਅਸਲ ਵਿਚ ਪੰਜਾਬੀ ਹਿੰਦੂ ਨੂੰ ਭਾਰਤ ਦੇ ਬਾਕੀ ਹਿੰਦੂਆਂ ਨਾਲੋਂ ਨਿਖੇੜ ਕੇ ਗੱਲ ਕਰਦਾ ਹੈ। ਅੱਜ ਕੱਲ੍ਹ ਭਾਰਤੀ ਜਨਤਾ

**ਜਗਜੀਤ ਸਿੰਘ ਸੇਖੋਂ**

ਪਾਰਟੀ ਅਤੇ ਇਸ ਦੀ ਸਿਆਸੀ ਸਰਪ੍ਰਸਤ ਜਥੇਬੰਦੀ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐੱਸ.ਐੱਸ.) ਜਿਹੜੇ ਹਿੰਦੂਤਵ ਦੀ ਗੱਲ ਕਰਦੀਆਂ ਹਨ ਅਤੇ ਜਿਸ ਦੇ ਆਧਾਰ 'ਤੇ ਹਿੰਦੂ ਰਾਸ਼ਟਰ ਦੀ ਪੈਰਵਾਈ ਕਰਦੀਆਂ ਹਨ, ਵਿਨਾਇਕ ਦੱਤ ਇਨ੍ਹਾਂ ਵਿਚਾਰਾਂ ਨੂੰ ਮੂਲੋਂ ਹੀ ਰੱਦ ਕਰਦਾ ਹੈ। ਉਹ ਸਪਸ਼ਟ ਆਖਦਾ ਹੈ ਕਿ ਭਾਰਤੀ ਜਨਤਾ ਪਾਰਟੀ ਦੇ ਹਿੰਦੂਤਵ ਦਾ ਹਿੰਦੂ ਧਰਮ ਨਾਲ ਕੋਈ ਲੈਣਾ-ਦੇਣਾ ਹੀ ਨਹੀਂ ਹੈ। ਭਾਰਤੀ ਜਨਤਾ ਪਾਰਟੀ ਇਹ ਸਾਰਾ ਕੁਝ ਸਿਆਸਤ ਲਈ ਕਰ ਰਹੀ ਹੈ।

ਅਸਲ ਵਿਚ ਵਿਨਾਇਕ ਦੱਤ ਲਿਬਰਟੀ, ਬਹੁਵਾਦ ਅਤੇ ਆਰਥਿਕ ਪ੍ਰਭੂਸੱਤਾ ਦੀ ਗੱਲ ਵਧੇਰੇ ਜ਼ੋਰ ਨਾਲ ਕਰਦਾ ਹੈ। ਉਹ ਨਵੀਂ ਦਿੱਲੀ ਦੀ ਜਵਾਹਰਲਾਲ ਨਹਿਰੂ ਯੂਨੀਵਰਸਿਟੀ (ਜੇ.ਐੱਨ.ਯੂ.) ਵਿਚ ਸਥਿਤ 'ਇੰਡੀਅਨ ਇੰਸਟੀਚਿਊਟ ਆਫ ਮਾਸ ਕਮਿਊਨੀਕੇਸ਼ਨ' ਦਾ ਪਾਸਆਊਟ ਹੈ। ਉਹ ਬਤੌਰ ਪੱਤਰਕਾਰ ਭਾਰਤ ਦੇ 14 ਸੂਬਿਆਂ ਵਿਚ ਕੰਮ ਕਰ ਚੁੱਕਾ ਹੈ ਜਿਨ੍ਹਾਂ ਵਿਚ ਪੰਜਾਬ ਤੋਂ ਇਲਾਵਾ ਹਰਿਆਣਾ, ਹਿਮਾਚਲ ਪ੍ਰਦੇਸ਼, ਰਾਜਸਥਾਨ, ਮਹਾਰਾਸ਼ਟਰ, ਕਰਨਾਟਕ, ਤਾਮਿਲ ਨਾਡੂ, ਆਂਧਰਾ ਪ੍ਰਦੇਸ਼, ਛਤੀਸਗੜ੍ਹ, ਉਤਰ ਪ੍ਰਦੇਸ਼, ਬਿਹਾਰ, ਦਿੱਲੀ, ਅਸਾਮ ਅਤੇ ਮੇਘਾਲਿਆ ਸ਼ਾਮਿਲ ਹਨ। ਨੇਸ਼ਨ ਸਟੇਟ ਬਾਰੇ ਉਹ ਅਕਸਰ ਗੱਲਾਂ ਕਰਦਾ ਰਹਿੰਦਾ ਹੈ।

ਵਿਨਾਇਕ ਦੱਤ ਨੇ ਇਸ ਕਿਤਾਬ ਦੇ ਕੁੱਲ 14 ਅਧਿਆਇ ਬਣਾਏ ਹਨ ਅਤੇ ਸ਼ੁਰੂਆਤ 'ਦਿ ਲਾਹੌਰ ਦਰਬਾਰ' ਤੋਂ ਕੀਤੀ ਹੈ। ਅਧਿਆਇ ਵੰਡ ਹੀ ਦੱਸ ਦਿੰਦੀ ਹੈ ਕਿ ਉਸ ਨੇ ਕਿਤਾਬ ਕਿਸ ਮਕਸਦ ਲਈ ਲਿਖੀ ਹੈ। ਮੁੱਖਬੰਦ ਵਿਚ ਉਹ ਦਾਅਵਾ ਕਰਦਾ ਹੈ ਕਿ ਇਸ ਕਿਤਾਬ ਰਾਹੀਂ ਪੰਜਾਬ ਦੀ ਅੱਜ ਤੱਕ ਦੀ ਤਸਵੀਰ ਖਿੱਚਣ ਦਾ ਯਤਨ ਕੀਤਾ ਗਿਆ ਹੈ। ਉਹ ਲਿਖਦਾ ਹੈ: "ਪੰਜਾਬ ਪੰਜਾਬ ਹੈ ਅਤੇ ਇਸ ਨੂੰ ਸਮਝਣ, ਇਸ ਦੀਆਂ ਘੁੰਢੀਆਂ ਖੋਲ੍ਹਣ ਅਤੇ ਫਿਰ ਇਸ ਨੂੰ ਇਸ ਦੇ ਆਪਣੇ ਨਿਵੇਕਲੇ ਸਫਰ 'ਤੇ ਤੋਰਨ ਦੀ ਲੋੜ ਹੈ।" ਵਾਕਈ ਹੀ, ਪੰਜਾਬ ਦੀ ਪਛਾਣ ਸਮੁੱਚੇ ਮੁਲਕ ਨਾਲੋਂ ਬਿਲਕੁਲ ਵੱਖਰੀ ਹੈ, ਐਨ ਉਵੇਂ ਹੀ ਜਿਵੇਂ ਵਿਨਾਇਕ ਦੱਤ ਪੰਜਾਬ ਦੇ ਹਿੰਦੂਆਂ ਦੀ ਪਛਾਣ ਮੁਲਕ ਦੇ ਦੂਜੇ ਖਿੱਤਿਆਂ ਦੇ ਹਿੰਦੂਆਂ ਤੋਂ ਵੱਖਰੀ ਦਰਸਾਉਂਦਾ ਹੈ। ਆਪਣੇ ਇਨ੍ਹਾਂ ਵਿਚਾਰਾਂ ਦੀ ਪੈਰਵਾਈ ਲਈ ਉਹ ਇਤਿਹਾਸ ਵਿਚੋਂ ਮਿਸਾਲਾਂ ਕੱਢ-ਕੱਢ ਕੇ ਲਿਆਉਂਦਾ ਹੈ। ਉਹ ਪੰਜਾਬ ਅਤੇ ਪੰਜਾਬੀਅਤ ਦੀ ਪਛਾਣ ਨੂੰ ਆਪਣੇ ਨੁਕਤਿਆਂ ਤੋਂ ਵਡਿਆਉਂਦਾ ਹੈ। ਇਸੇ ਵਿਚ ਹੀ ਵਿਨਾਇਕ ਦੱਤ ਦੀ ਵੀ ਵਡਿਆਈ ਹੈ।






*ਵਿਨਾਇਕ ਦੱਤ (ਹੇਠਾਂ) ਅਤੇ ਉਸ ਦੀ ਕਿਤਾਬ ਦਾ ਮੁਖੜਾ।*

ਵਿਨਾਇਕ ਦੱਤ ਨੇ ਆਪਣੀ ਕਿਤਾਬ ਦੀ ਬਹੁਤੀ ਸਮੱਗਰੀ ਨੂੰ ਭਾਵੇਂ ਪੰਜਾਬੀ ਹਿੰਦੂਆਂ ਦੇ ਯੋਗਦਾਨ ਨਾਲ ਜੋੜ ਕੇ ਦਰਸਾਉਣ ਦਾ ਯਤਨ ਕੀਤਾ ਹੈ ਪਰ ਉਹ ਅਜਿਹਾ ਕਰਦਿਆਂ ਇਹ ਨਹੀਂ ਭੁੱਲਦਾ ਕਿ ਅੱਜ ਪੰਜਾਬ ਜਿਸ ਥਾਂ 'ਤੇ ਖੜ੍ਹ ਨਜ਼ਰੀਂ ਪੈਂਦਾ ਹੈ, ਉਸ ਵਿਚ ਸਭ ਧਰਮਾਂ ਅਤੇ ਤਬਕਿਆਂ ਨਾਲ ਜੁੜੇ ਲੋਕਾਂ ਦਾ ਯੋਗਦਾਨ ਹੈ। ਇਸੇ ਕਰ ਕੇ ਉਹ ਅੱਜ ਦੇ ਪੰਜਾਬ ਦੀ ਲੀਡਰਸ਼ਿਪ ਲਈ ਸਵਾਲ ਖੜ੍ਹੇ ਕਰਦਾ ਹੈ ਬਲਕਿ ਲੀਡਰਸ਼ਿਪ ਨੂੰ ਨਵੇਂ ਸਿਰਿਓਂ ਸ਼ੁਰੂਆਤ ਕਰਨ ਲਈ ਪ੍ਰੇਰਦਾ ਹੈ। ਉਹ ਜ਼ੋਰ ਦਿੰਦਾ ਹੈ ਕਿ ਅੱਜ ਪੰਜਾਬ ਨੂੰ ਨਿਖੇੜ ਕੇ ਦੇਖਣ ਦੀ ਬਜਾਇ ਸਮੁੱਚਤਾ ਵਿਚ ਦੇਖਣ ਦੀ ਲੋੜ ਹੈ। ਉਹ ਸਮੁੱਚੇ ਦੱਖਣੀ ਏਸ਼ੀਆ ਅਤੇ ਸੰਸਾਰ ਭਰ ਦੇ ਭੂ-ਸਿਆਸੀ (ਜੀਓ-ਪੁਲੀਟੀਕਲ) ਹਾਲਾਤ ਨੂੰ ਸਮਝ ਕੇ ਅਗਲੀ ਰਣਨੀਤੀ ਤੈਅ ਕਰਨ ਦਾ ਹਾਮੀ ਹੈ।

ਇਸ ਦੇ ਨਾਲ ਹੀ ਵਿਨਾਇਕ ਦੱਤ ਪੰਜਾਬ ਦੀ ਅਸਲ ਤਾਕਤ ਅਤੇ ਜੀਵਨ ਦੇ ਅਗਾਂਹਵਧੂ ਪਹਿਲੂਆਂ ਬਾਰੇ ਚਰਚਾ ਕਰਦਾ ਹੈ ਅਤੇ ਟਿੱਪਣੀ ਕਰਦਾ ਹੈ ਕਿ ਇਸ ਰਾਹ ਉਤੇ ਪੈ ਕੇ ਹੀ ਭਵਿੱਖ ਦੇ ਪੰਜਾਬ ਦੇ ਨਕਸ਼ ਘੜੇ ਜਾ ਸਕਦੇ ਹਨ। ਇਸੇ ਸੋਚ-ਵਿਚਾਰ ਵਿਚੋਂ ਉਹ ਇਹ ਸਵਾਲ ਕਰਦਾ ਹੈ ਕਿ ਨੇੜ ਭਵਿੱਖ ਵਿਚ ਪੰਜਾਬ ਅਜੇ ਕੈਨੇਡਾ ਕਿਉਂ ਨਹੀਂ ਬਣ ਸਕਦਾ? ਇਸ ਲਈ ਉਹ ਦੂਰ-ਦ੍ਰਿਸ਼ਟੀ ਅਤੇ ਕਾਰਗਰ ਵਿਉਂਤਬੰਦੀ ਦੀ ਘਾਟ ਨੂੰ ਮੁੱਖ ਤੌਰ 'ਤੇ ਜ਼ਿੰਮੇਵਾਰ ਠਹਿਰਾਉਂਦਾ ਹੈ। ਇਸ ਪ੍ਰਸੰਗ ਵਿਚ ਉਹ ਦੋ ਪ੍ਰਸ਼ਾਸਕਾਂ ਦੀ ਮਿਸਾਲ ਦਿੰਦਾ ਹੈ: ਮਹਾਰਾਜਾ ਰਣਜੀਤ ਸਿੰਘ ਅਤੇ ਅਕਬਰ। ਉਸ ਮੁਤਾਬਿਕ, ਇਹ ਸ਼ਾਸਕ ਇਸ ਕਰ ਕੇ ਖਾਸ ਪੂਰਨੇ ਪਾ ਸਕੇ ਕਿਉਂਕਿ ਇਹ ਬਹੁਤ ਅਗਾਂਹ ਦੀ ਸੋਚਦੇ ਹਨ। ਇਸ ਦੇ ਨਾਲ ਹੀ ਉਹ ਇਹ ਦੱਸਣਾ ਵੀ ਨਹੀਂ ਭੁੱਲਦਾ ਕਿ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿਚ ਹਿੰਦੂ ਪੰਜਾਬੀਆਂ ਦਾ ਕਿੰਨਾ ਵੱਡਾ ਯੋਗਦਾਨ ਸੀ।


ਆਪਣੀ ਇਸ ਕਿਤਾਬ ਵਿਚ ਵਿਨਾਇਕ ਦੱਤ ਪੰਥਕ ਅਤੇ ਅੰਗਰੇਜ਼ ਇਤਿਹਾਸਕਾਰਾਂ ਬਾਰੇ ਵੀ ਟਿੱਪਣੀ ਕਰਦਾ ਹੈ। ਉਹ ਲਿਖਦਾ ਹੈ ਕਿ ਅਜਿਹੇ ਇਤਿਹਾਸਕਾਰਾਂ ਨੇ ਸਿੱਖਾਂ ਨੂੰ ਸੁਪੀਰੀਅਰ ਬਣਾ ਕੇ ਪੇਸ਼ ਕਰਨ ਦਾ ਯਤਨ ਕੀਤਾ ਜਿਸ ਕਾਰਨ ਹੌਲੀ-ਹੌਲੀ ਕਰ ਕੇ ਹਿੰਦੂਆਂ ਦੇ ਯੋਗਦਾਨ ਨੂੰ ਘਟਾ ਕੇ ਪੇਸ਼ ਕੀਤਾ ਜਾਣ ਲੱਗਾ। ਉਸ ਅਨੁਸਾਰ 1966 ਵਿਚ ਪੰਜਾਬ ਦੀ ਅਗਾਂਹ ਵੰਡ ਤੋਂ ਬਾਅਦ ਪੰਜਾਬੀ ਹਿੰਦੂ ਇਕ ਤਰ੍ਹਾਂ ਬਹੁਤ ਪਿਛਾਂਹ ਛੁੱਟ ਗਿਆ।

'ਪੰਜਾਬ: ਫਰਾਮ ਦਿ ਪਰਸਪੈਕਟਿਵ ਆਫ ਏ ਪੰਜਾਬੀ ਹਿੰਦੂ' ਪੰਜਾਬ ਨੂੰ ਵੱਖਰੇ ਦ੍ਰਿਸ਼ਟੀਕੋਣ ਤੋਂ ਦੇਖਣ ਦਾ ਉਪਰਾਲਾ ਹੈ। ਉਹ ਆਪਣੀਆਂ ਧਾਰਨਾਵਾਂ ਦੀ ਪੁਸ਼ਟੀ ਲਈ ਤੱਥ ਇਕੱਠੇ ਕਰਦਾ ਹੈ ਅਤੇ ਇਨ੍ਹਾਂ ਤੱਥਾਂ ਨੂੰ ਆਪਣੇ ਹਿਸਾਬ ਨਾਲ ਸਮੇਟਦਾ ਹੈ। ਉਸ ਦੇ ਵਿਚਾਰਾਂ ਨਾਲ ਅਸਹਿਮਤੀ ਹੋ ਸਕਦੀ ਹੈ ਪਰ ਉਸ ਦਾ ਇਹ ਕਹਿਣਾ ਸੋਲਾਂ ਆਨੇ ਸਹੀ ਹੈ ਕਿ ਭਵਿੱਖ ਬਾਰੇ ਕਿਸੇ ਵਿਉਂਤਬੰਦੀ ਤੋਂ ਨਵੇਂ ਪੰਜਾਬ ਦੇ ਨਕਸ਼ ਘੜੇ ਨਹੀਂ ਜਾ ਸਕਦੇ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 17 ਫਰਵਰੀ 2024 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-625



**ਢਿੱਡ ਦੀ ਖਾਤਿਰ ਕੀ ਕੀ ਖੇਲ੍ਹ ਦਿਖਾਉਣੇ ਪੈਂਦੇ ਨੇ,**
**ਬਗਲੀਂ ਘੜੇ ਭੀ ਚੁੱਕ ਕੇ ਸਿਰ ਟਿਕਾਉਣੇ ਪੈਂਦੇ ਨੇ।**
**ਫਿਰ ਨੰਗੇ ਪੈਰੀਂ ਤੁਰ ਕੇ ਲੱਕ ਲਟਕਾਉਣੇ ਪੈਂਦੇ ਨੇ,**
**ਦਿਲ ਗਰੀਬਾਂ ਦੇ ਰੋਂਦੇ ਪਰ ਮੁੱਖ ਹਸਾਉਣੇ ਪੈਂਦੇ ਨੇ।**

## ਕੈਪਸ਼ਨ ਮੁਕਾਬਲਾ-623



ਰਿਸ਼ਤਾ ਨਾਲ਼ ਮਨੁੱਖ ਦੇ ਰੁੱਖ ਦਾ,
ਮੁੱਢ ਕਦੀਮ ਤੋਂ ਚੱਲੇ,
ਦੁੱਖ ਸੁੱਖ ਛਾਂਵੇਂ ਬੈਠ ਕਰਦੇ ਆਏ,
ਸੁੱਖ ਵੰਡੇ ਭਰਕੇ ਪੱਲੇ।
ਜੀਵਨ ਦੇ ਹਰ ਮੋੜ ਦਾ ਸਾਥੀ ਨੇ,
ਫੁੱਲ-ਫ਼ਲ ਮਿੱਠੇ ਦਿੰਦੇ,
ਅਡੋਲ ਰਹਿਣ ਵਿਚ ਧੁੱਪਾਂ ਝੱਖੜ,
ਸੰਦੇਸ਼ ਸਬਰ ਦੇ ਦਿੰਦੇ।
***-ਸੇਵਾ ਸਿੰਘ ਨੂਰਪੁਰੀ***

---

ਰੁੱਖ ਲਗਾਓ, ਧੀਆਂ ਬਚਾਓ
ਦੀਆਂ ਤਖਤੀਆਂ ਵੇਖੀਆਂ ਮੈਂ
ਕੱਟ ਕੇ ਟਾਹਣੇ ਖੁੰਡਾ ਉੱਤੇ
ਲਟਕੀਆਂ ਵੇਖੀਆਂ ਮੈਂ
ਕਦੇ ਬੀੜ ਤੇ ਵੇਲੇ ਜਿੱਥੇ
ਅੱਜ ਸੁੰਨੀਆਂ ਥਾਵਾਂ ਵੇਖੀਆਂ ਮੈਂ।
ਰੁੱਖਾਂ ਨਾਲ ਮਨੁੱਖੀ ਸਾਂਝਾਂ
ਮਨਤ ਦੀਆਂ ਭਾਵਨਾਵਾਂ ਵੇਖੀਆਂ ਮੈਂ।
***-ਹਰਜੋਤ ਕੌਰ ਮਹੇਸ਼ਪੁਰਾ***

---

ਬ੍ਰਿਖ ਬੰਦੇ ਦਾ ਸਾਥੀ ਧੁਰ ਤੋਂ
ਪਲ ਪਲ ਸਾਥ ਨਿਭਾਵੇ।
ਬੰਦਾ ਭਾਵੇਂ ਤਰਸ ਨੀ ਕਰਦਾ
ਪਰ ਬ੍ਰਿਖ ਨਾ ਮੂੰਹ ਭੁਆਵੇ।
ਵਿਚ ਧੁੱਪਾਂ ਦੇ ਛਤਰੀ ਤਾਣੇ
ਬੇਕਦਰਾ ਪਰ ਕਦਰ ਨਾ ਪਾਵੇ।
***-ਜਗਮੀਤ ਸਿੰਘ ਪੰਧੇਰ***

---

ਹੋਵੇ ਧੁੱਪ ਕੜਾਕੇ ਦੀ
ਪਤਾ ਲੱਗਦਾ ਰੁੱਖ ਦੀ ਮਹਾਨਤਾ
ਹਰੇ ਪੱਤੇ ਉਰਜਾ ਕਾਰਬਨ ਤੰਦਰੁਸਤੀ
ਲੱਕੜੀ ਬਾਲਦਾ, ਹਜ਼ਾਰਾਂ ਦਵਾਈਆਂ
ਫਲ ਫਰੂਟ ਪੰਛੀ ਆਲ੍ਹਣੇ,
ਲੁਕ ਲੁਕ ਕਰਨ ਕਲੋਲਾਂ
ਕੀੜੀਆਂ ਕਾਢੇ,
ਕਾਟੋ ਫਿਰੇ ਭੱਜਣਾ ਥੱਲੇ ਉਪਰ।
ਇਹ ਹਨ ਸਾਡੇ ਕੁਦਰਤੀ ਸਾਧਨ।
ਉਹ ਬੋਹੜਾਂ, ਪਿੱਪਲ, ਝੁਰਮਟ
ਬੈਠ ਥੱਲੇ ਪੜ੍ਹਦੇ ਸੀ ਅਸੀਂ ਟਾਟਾਂ 'ਤੇ
ਸਭ ਅਲੋਪ ਹੁੰਦੇ ਜਾ ਰਹੇ
ਕੁਦਰਤੀ ਹਵਾ, ਕੁਦਰਤੀ ਸਕੂਨ
ਮਾਣਦੇ ਸੀ ਅਸੀਂ ਮਾਸਟਰਾਂ ਨਾਲ।
***-ਦਰਸ਼ਨ ਪਾਲ ਦੋਸਾਂਝ***

# ਭਾਸ਼ਾ ਜਾਂ ਲਿਪੀ: ਸੰਕਟ ਤੇ ਚੁਣੌਤੀ ਕੀ?

***ਖੁਸ਼ੀ ਵਾਲੀ ਗੱਲ ਏ ਕਿ ਇਲੀਨਾਏ ਸਟੇਟ ਦੇ ਗਵਰਨਰ ਨੇ ਫਰਵਰੀ ਮਹੀਨਾ ਪੰਜਾਬੀ ਭਾਸ਼ਾ ਨੂੰ ਸਮਰਪਿਤ ਕੀਤਾ ਏ। ਪਰ ਪੰਜਾਬੀਆਂ ਨੂੰ ਇਸ ਐਲਾਨ ਦਾ ਸੁੱਕਾ ਸਵਾਗਤ ਹੀ ਨਹੀਂ ਸਗੋਂ ਪੰਜਾਬੀ ਜ਼ੁਬਾਨ ਨਾਲ ਪੱਕੀ ਸਾਂਝ ਵੀ ਨਿਭਾਉਣੀ ਚਾਹੀਦੀ ਹੈ। ਭਾਸ਼ਾ ਅਤੇ ਲਿਪੀ ਦੇ ਗੁੰਝਲਦਾਰ ਸਵਾਲਾਂ ਬਾਰੇ ਖੁਲ੍ਹ ਕੇ ਚਰਚਾ ਡਾ. ਸਤਿਨਾਮ ਸਿੰਘ ਸੰਧੂ ਨੇ ਇਸ ਲੇਖ ਵਿਚ ਕੀਤੀ ਹੈ।***

ਲਿਪੀ ਦਾ ਵਿਕਾਸ ਜਾਂ ਭਾਸ਼ਾ ਦਾ; ਇਹ ਆਪਣੇ ਆਪ ਵਿਚ ਬਹੁਤ ਗੁੰਝਲਦਾਰ ਸਵਾਲ ਹੈ? ਅੱਜ ਕੱਲ੍ਹ ਪੰਜਾਬੀ ਦੇ ਵਿਕਾਸ ਨੂੰ ਲੈ ਕੇ ਬਹੁਤ ਸਾਰੀਆਂ ਥਾਵਾਂ 'ਤੇ ਬਹੁਤ ਸਾਰੀ ਚਰਚਾ ਹੋ ਰਹੀ ਹੈ। ਲਿਪੀ ਅਤੇ ਭਾਸ਼ਾ ਦੋ ਅਲੱਗ-ਅਲੱਗ ਵਰਤਾਰੇ ਹਨ। ਭਾਸ਼ਾ ਤੁਹਾਡੀ ਰੂਹ ਵਾਂਗ ਹੈ। ਭਾਸ਼ਾ ਵਿਚ ਤੁਹਾਡੇ ਵਿਚਾਰ ਹਨ। ਭਾਸ਼ਾ ਵਿਚ ਤੁਹਾਡੀ ਦ੍ਰਿਸ਼ਟੀ ਹੈ। ਭਾਸ਼ਾ ਵਿਚ ਤੁਹਾਡਾ ਗਿਆਨ, ਵਿਗਿਆਨ ਅਤੇ ਦਰਸ਼ਨ ਹੈ। ਜੋ ਤੁਸੀਂ ਬੋਲਦੇ ਹੋ; ਤੁਹਾਡਾ ਸੱਭਿਆਚਾਰ ਵੀ ਭਾਸ਼ਾ ਹੀ ਹੈ। ਤੁਹਾਡੀ ਜ਼ੁਬਾਨ ਵਿਚੋਂ ਹਰ ਨਿਕਲਿਆ ਹੋਇਆ ਸ਼ਬਦ; ਜੋ

ਡਾ. ਸਤਿਨਾਮ ਸਿੰਘ ਸੰਧੂ

ਦੂਸਰੇ ਦੇ ਕੰਨਾਂ ਤੱਕ ਵਿਚਾਰਾਂ ਦਾ ਸੰਚਾਰ ਕਰਦਾ ਹੈ ਉਹ ਹੀ ਭਾਸ਼ਾ ਹੈ। ਮਨੁੱਖ ਦੀ ਸੰਪੂਰਨ ਸ਼ਖ਼ਸੀਅਤ ਦਾ ਬਿੰਬ ਭਾਸ਼ਾ ਰਾਹੀਂ ਉਸਰਦਾ ਹੈ। ਕਿਸੇ ਵੀ ਬੋਲੀ ਦਾ ਸਮੂਹਿਕ ਵਿਹਾਰ ਅਤੇ ਸੰਚਾਰ; ਭਾਸ਼ਾ ਹੀ ਹੈ। ਨਿਰਅਰਥ ਵਰਣ ਤੋਂ ਅਰਥ ਭਰਪੂਰ ਸ਼ਬਦ ਦੀ ਸਿਰਜਣਾ ਭਾਸ਼ਾ ਵਿਚ ਹੁੰਦੀ ਹੈ। ਸ਼ਬਦਾਂ ਤੋਂ ਵਾਕ ਬਣ ਕੇ ਵਿਚਾਰਾਂ ਨੂੰ ਸਥੂਲ ਰੂਪ ਪ੍ਰਦਾਨ ਕਰਨਾ ਵੀ ਭਾਸ਼ਾ ਦਾ ਹੀ ਕੰਮ ਹੈ। ਜੋ ਵਰਤਾਰਾ ਭਾਸ਼ਾ ਅਤੇ ਬੋਲੀ ਦੇ ਬਾਹਰੀ ਸਰੂਪ; ਅਵਾਜ਼ ਦੇ ਨਸ਼ਵਰ ਬੋਧ ਨੂੰ ਦਿੱਖ ਪ੍ਰਦਾਨ ਕਰਦਾ ਹੈ; ਉਸ ਨੂੰ ਲਿਪੀ ਕਿਹਾ ਜਾਂਦਾ ਹੈ। ਲਿਖਤ ਅੱਖਰ ਵਿਅਕਤੀ ਦੀ ਪੁਸ਼ਾਕ ਵਾਂਗ ਹਨ। ਲਿਖਤੀ ਭਾਸ਼ਾ ਵਿਚ ਬੋਲੇ ਗਏ ਸ਼ਬਦਾਂ ਨੂੰ ਸੰਗ੍ਰਹਿ ਕਰਨ ਦਾ ਇਤਿਹਾਸ ਹੀ ਲਿਪੀ ਹੈ। ਸੰਪੂਰਨ ਭਾਸ਼ਾ ਦੀਆਂ ਇਕ ਤੋਂ ਵਧੇਰੇ ਲਿੱਪੀਆਂ ਹੋ ਸਕਦੀਆਂ ਹਨ। ਇਹ ਵੀ ਸੱਚ ਹੈ ਕਿ ਇਕ ਲਿਪੀ ਵਿਚ ਇਕ ਤੋਂ ਵਧੇਰੇ ਭਾਸ਼ਾਵਾਂ ਵੀ ਲਿਖੀਆਂ ਜਾ ਸਕਦੀਆਂ ਹਨ। ਰੋਮਨ ਲਿਪੀ ਵਿਚ ਯੂਰਪ ਦੀਆਂ ਬਹੁਤ ਸਾਰੀਆਂ ਭਾਸ਼ਾਵਾਂ ਨੂੰ ਲਿਖਿਆ ਜਾਂਦਾ ਹੈ। ਸ਼ਾਹਮੁਖੀ ਲਿਪੀ ਵਿਚ ਬਹੁਤ ਸਾਰੀਆਂ ਭਾਸ਼ਾਵਾਂ ਲਿਖੀਆਂ ਜਾਂਦੀਆਂ ਹਨ। ਦੇਵਨਾਗਰੀ ਲਿਪੀ ਵਿਚ ਇਕ ਤੋਂ ਵੱਧ ਭਾਸ਼ਾਵਾਂ ਦੀ ਲਿਖਤ ਸਾਹਮਣੇ ਆਉਂਦੀ ਹੈ।

ਜੇਕਰ ਹੋਰ ਵਿਸਤ੍ਰਿਤ ਰੂਪ ਵਿਚ ਗੱਲ ਕਰਨੀ ਹੋਵੇ ਤਾਂ ਬੋਲੀ ਤਾਂ ਕਿਸੇ ਵੀ ਭਾਸ਼ਾ ਦਾ ਉਚਾਰ ਵਾਲਾ ਰੂਪ ਕਿਹਾ ਜਾ ਸਕਦਾ ਹੈ। ਜਦੋਂ ਅਸੀਂ ਜ਼ੁਬਾਨੀ ਰੂਪ ਵਿਚ ਕਿਸੇ ਨਾਲ ਸੰਚਾਰ ਕਰਦੇ ਹਾਂ ਤਾਂ ਸਾਡੇ ਮੂੰਹ ਵਿਚੋਂ ਨਿਕਲੇ ਸ਼ਬਦ; ਦੂਸਰੇ ਦੇ ਕੰਨਾਂ ਤੱਕ ਜਾਂਦੇ ਹਨ ਉਸਨੂੰ ਉਚਾਰ ਹੀ ਕਿਹਾ ਜਾਂਦਾ ਹੈ। ਬੋਲੀ ਕੰਨਾਂ ਤੱਕ ਜਾ ਕੇ; ਭਾਵ ਨੂੰ ਦੂਸਰੇ ਤਕ ਸੰਚਾਰਿਤ ਕਰ ਕੇ ਖਤਮ ਹੋ ਜਾਂਦੀ ਹੈ। ਬੋਲੀ ਦੇ ਸਹੀ ਪ੍ਰਬੰਧ ਨੂੰ ਨਿਯਮਤ ਕਰਨ ਵਾਲੇ ਵਰਤਾਰੇ ਨੂੰ ਵਿਆਕਰਣ ਕਿਹਾ ਜਾਂਦਾ ਹੈ। ਬੋਲੀ ਤੋਂ ਭਾਸ਼ਾ ਤੱਕ ਜਾਣ ਲਈ; ਜਿਨ੍ਹਾਂ ਨੇਮਾਂ ਅਤੇ ਪ੍ਰਬੰਧਾਂ ਦੀ ਵਰਤੋਂ ਕੀਤੀ ਜਾਂਦੀ ਹੈ ਉਸਨੂੰ ਵਿਆਕਰਣ ਹੀ ਸੇਧ ਦਿੰਦੀ ਹੈ। ਬੋਲੀ ਵਿਚ ਨਾਮ ਕਿਵੇਂ ਵਰਤਣਾ ਹੈ। ਬੋਲੀ ਵਿਚ ਕਿਰਿਆ ਕਿਵੇਂ ਵਰਤਣੀ ਹੈ। ਬੋਲੀ ਵਿਚ ਪੜਨਾਂਵ ਨੂੰ ਕਿਸ ਪ੍ਰਕਾਰ ਪੇਸ਼ ਕਰਨਾ ਹੈ। ਬੋਲੀ ਵਿਚ ਕਾਲ ਨੂੰ ਕਿਸ ਪ੍ਰਕਾਰ ਦੇਖਿਆ ਜਾਂਦਾ ਹੈ। ਬੋਲੀ ਵਿਚ ਇਕ ਵਚਨ ਅਤੇ ਬਹੁਵਚਨ ਕਿਵੇਂ ਪੇਸ਼ ਹੁੰਦੇ ਹਨ। ਬੋਲੀ ਵਿਚ ਲਿੰਗ ਪੁਲਿੰਗ ਕਿਸ ਤਰ੍ਹਾਂ ਸਮਝੇ ਜਾਂਦੇ ਹਨ। ਇਹ ਸਭ ਵਰਤਾਰੇ ਵਿਆਕਰਣ ਦੇ ਖੇਤਰ ਵਿਚ ਆ ਜਾਂਦੇ ਹਨ। ਬੋਲੀ ਦੇ ਵਿਆਕਰਣ ਵਾਲੇ ਨਿਯਮਾਂ ਅਨੁਸਾਰ ਘੜੇ ਹੋਏ ਸਥੂਲ ਸਰੀਰ ਨੂੰ ਹੀ ਭਾਸ਼ਾ ਆਖਦੇ ਹਨ।




ਬੋਲੀ ਨੂੰ ਸਥੂਲ ਰੂਪ ਪ੍ਰਦਾਨ ਕਰਨ ਅਤੇ ਸੰਗ੍ਰਹਿ ਕਰਨ ਵਾਲੇ ਵਰਤਾਰਿਆਂ ਨੂੰ ਲਿਪੀ ਆਖਿਆ ਜਾਂਦਾ ਹੈ। ਤੁਹਾਡੇ ਹਵਾ ਵਿਚ ਬੋਲੇ ਹੋਏ ਸ਼ਬਦ; ਕੁਝ ਪਲਾਂ ਬਾਅਦ ਅਲੋਪ ਹੋ ਜਾਂਦੇ ਹਨ। ਤੁਹਾਡੇ ਬੋਲੇ ਹੋਏ ਸ਼ਬਦ ਨਸ਼ਵਰ ਹਨ। ਤੁਹਾਡੇ ਸ਼ਬਦਾਂ ਨੂੰ ਸਥੂਲ, ਠੋਸ ਅਤੇ ਚਿਰ ਸਥਾਈ ਰੂਪ ਪ੍ਰਦਾਨ ਕਰਨ ਵਿਚ ਲਿਪੀ ਦਾ ਯੋਗਦਾਨ ਹੈ। ਲਿਪੀ ਆਪਣੇ ਸਮੇਂ ਦੀ ਉਸ ਤਕਨਾਲੋਜੀ ਨੂੰ ਕਿਹਾ ਜਾਂਦਾ ਹੈ ਜਿਸ ਨੇ ਇੱਕ ਸਮੇਂ ਦੇ ਸ਼ਬਦਾਂ ਦੇ ਗਿਆਨ ਨੂੰ ਦੂਸਰੇ ਸਮੇਂ ਤੱਕ ਪਹੁੰਚਣ ਲਈ ਇਤਿਹਾਸ ਸਿਰਜਿਆ ਹੈ। ਜੇਕਰ ਲਿਪੀ ਨਾ ਹੁੰਦੀ ਤਾਂ ਸਾਡੀ ਸਭਿਅਤਾ ਨਹੀਂ ਉਸਰ ਸਕਦੀ ਸੀ। ਲਿਪੀ ਮਨੁੱਖ ਦੁਆਰਾ ਵਾਹੀਆਂ ਹੋਈਆਂ ਲਕੀਰਾਂ ਨੂੰ ਹੀ ਸਾਰਥਿਕ ਵਿਚਾਰ ਦਾ ਆਧਾਰ ਬਣਾਉਂਦੀ ਹੈ; ਜਿਸ ਨੂੰ ਅਵਾਜ਼ਾਂ ਦੇ ਸਮਾਨਾਰਥਕ ਰੂਪ ਵਿਚ ਦੇਖਿਆ ਜਾਂਦਾ ਹੈ।

ਲਿਖਤ ਜਾਂ ਲਿਪੀ; ਭਾਸ਼ਾ ਦਾ ਸਥਾਈ ਰੂਪ ਕਿਹਾ ਜਾ ਸਕਦਾ ਹੈ। ਕੀ ਭਾਸ਼ਾ ਨੂੰ ਕੇਵਲ ਇਕ ਲਿਪੀ ਵਿਚ ਲਿਖ ਕੇ ਹੀ ਬਚਾਇਆ ਜਾ ਸਕਦਾ ਹੈ? ਇਹ ਆਪਣੇ ਆਪ ਵਿਚ ਬਹੁਤ ਗੁੰਝਲਦਾਰ ਪ੍ਰਸ਼ਨ ਹੈ।

ਅਸੀਂ ਸਾਰੇ ਜਾਣਦੇ ਹਾਂ ਕਿ ਪੰਜਾਬੀ ਦੀਆਂ ਦੋ ਪ੍ਰਚੱਲਤ ਅਤੇ ਪ੍ਰਮਾਣਿਕ ਲਿਪੀਆਂ ਹਨ। ਭਾਰਤੀ ਪੰਜਾਬ ਵਿਚ ਵਰਤੀ ਜਾਣ ਵਾਲੀ ਲਿਪੀ ਨੂੰ ਗੁਰਮੁਖੀ ਅਤੇ ਪਾਕਿਸਤਾਨੀ ਪੰਜਾਬ ਵਿਚ ਵਰਤੀ ਜਾਣ ਵਾਲੀ ਲਿਪੀ ਨੂੰ ਸ਼ਾਹਮੁਖੀ ਕਿਹਾ ਜਾਂਦਾ ਹੈ। ਪੰਜਾਬ ਦੀਆਂ ਕਈ ਸੰਸਥਾਵਾਂ ਲਗਾਤਾਰ ਕੋਸ਼ਿਸ਼ ਕਰ ਰਹੀਆਂ ਹਨ ਕਿ ਪੰਜਾਬੀ ਲਿਪੀ ਨੂੰ ਬਚਾਇਆ ਜਾਵੇ। ਲਿਪੀ ਨੂੰ ਬਚਾਉਣਾ ਜ਼ਰੂਰੀ ਹੈ ਕਿ ਭਾਸ਼ਾ ਨੂੰ; ਬਹੁਤੀ ਵਾਰ ਅਸੀਂ ਇਸ ਸਮੱਸਿਆ ਦਾ ਸ਼ਿਕਾਰ ਹੋ ਰਹੇ ਹਾਂ। ਸਾਨੂੰ ਇਹ ਸਮਝ ਨਹੀਂ ਆ ਰਹੀ ਕਿ ਅਸੀਂ ਬੋਲੀ ਅਤੇ ਭਾਸ਼ਾ ਨੂੰ ਬਚਾਉਣਾ ਚਾਹੁੰਦੇ ਹਾਂ ਕਿ ਲਿਪੀ ਨੂੰ। ਲਿਪੀ ਨੂੰ ਵੀ ਬਚਾਉਣਾ ਜ਼ਰੂਰੀ ਹੈ ਪਰ ਭਾਸ਼ਾ ਦੀ ਕੀਮਤ 'ਤੇ ਨਹੀਂ। ਭਾਸ਼ਾ ਅਤੇ ਲਿਪੀ ਨੂੰ ਬਚਾਉਣ ਦੀਆਂ ਵਿਧੀਆਂ ਅਲੱਗ-ਅਲੱਗ ਹਨ। ਭਾਸ਼ਾ ਨੂੰ ਸਾਹਿਤ ਸਿਰਜਣਾ ਰਾਹੀਂ ਬਚਾਇਆ ਜਾ ਸਕਦਾ ਹੈ। ਭਾਸ਼ਾ ਵਿਚਾਰਾਂ ਦੀ ਅਮੀਰੀ ਨਾਲ ਬਚਦੀ ਹੈ। ਭਾਸ਼ਾ ਸਾਡੇ ਅੰਦਰੂਨੀ ਵਿਕਾਸ ਦੀ ਸੂਚਕ ਬਣਦੀ ਹੈ ਜਦੋਂ ਕਿ ਲਿਪੀ ਸਾਡੇ ਬਾਹਰੀ ਸੂਹਜ ਬਾਰੇ ਜਾਣਕਾਰੀ ਦਿੰਦੀ ਹੈ।

ਜ਼ਰੂਰੀ ਨਹੀਂ ਹੁੰਦਾ ਕਿ ਲਿਪੀ ਦੇ ਨਾ ਰਹਿਣ ਨਾਲ ਭਾਸ਼ਾ ਵੀ ਨਹੀਂ ਬਚੇਗੀ। ਜੇਕਰ ਸੰਸਕ੍ਰਿਤ ਭਾਸ਼ਾ ਸਮੇਂ ਰਹਿੰਦੇ ਆਧੁਨਿਕ ਲਿਪੀਆਂ ਨੂੰ ਅਪਣਾ ਲੈਂਦੀ ਤਾਂ ਅੱਜ ਉਹ ਮਰੀ ਹੋਈ ਭਾਸ਼ਾ ਨਹੀਂ ਹੋਣੀ ਸੀ। ਇਸ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਜੇਕਰ ਤੁਸੀਂ ਆਪਣੀ ਬੋਲੀ ਅਤੇ ਭਾਸ਼ਾ ਨੂੰ ਅਤੇ ਸਮੇਂ ਦੀ ਤੋਰ ਦੇ ਨਾਲ ਚਲਦੇ ਰੱਖਣਾ ਹੈ ਤਾਂ ਹਮੇਸ਼ਾਂ ਧਿਆਨ ਦੇ ਨਾਲ ਹੀ ਰਹਿਣਾ ਪਵੇਗਾ। ਜਿਵੇਂ ਅਸੀਂ ਲੰਡਿਆਂ ਤੋਂ ਗੁਰਮੁਖੀ ਬਣੇ; ਲਗੀਵਾਰ ਸ਼ਬਦਾਂ ਨੂੰ ਅਲੱਗ ਕੀਤਾ; ਸੰਸਕ੍ਰਿਤ ਲਈ ਪੈਰ ਅੱਖਰ ਸ਼ਾਮਲ ਕੀਤੇ; ਫਾਰਸੀ ਲਈ ਪੈਰਾਂ ਵਿਚ ਬਿੰਦੀਆਂ ਪਾਈਆਂ; ਭਾਵ ਲਿਪੀ ਲਗਾਤਾਰ ਵਿਕਾਸ ਕਰਦੀ ਆਈ ਹੈ। ਜਿਸ ਪ੍ਰਕਾਰ ਸਾਡੇ ਰਹਿਣ-ਸਹਿਣ ਦੇ ਵਸੀਲੇ ਬਦਲ ਗਏ ਹਨ ਅਤੇ ਢੰਗ ਬਦਲ ਗਿਆ ਹੈ;

ਲਿਖਣ ਦੀ ਕਲਾ ਬਦਲ ਗਈ ਹੈ ਇਸ ਪ੍ਰਕਾਰ ਲਿਪੀ ਨੇ ਸਦਾ ਬਦਲਦੇ ਰਹਿਣਾ ਹੈ।

ਇਸ ਲਈ ਆਉਣ ਵਾਲੇ ਸਮੇਂ ਵਿਦਵਾਨਾਂ ਨੂੰ ਇਸ ਬਾਰੇ ਫੈਸਲਾ ਲੈਣਾ ਪਵੇਗਾ ਕਿ ਕੀ ਉਹ ਕੇਵਲ ਲਿਪੀ ਨੂੰ ਬਚਾਉਣਾ ਚਾਹੁੰਦੇ ਹਨ ਜਾਂ ਪੰਜਾਬੀ ਭਾਸ਼ਾ ਨੂੰ ਬਚਾਉਣਾ ਚਾਹੁੰਦੇ ਹਨ? ਕੀ ਉਹ ਪੰਜਾਬੀ ਨੂੰ ਬਚਾਉਣ ਲਈ ਕਿਸੇ ਹੋਰ ਲਿਪੀ ਦੀ ਵੀ ਵਰਤੋਂ ਕਰ ਸਕਦੇ ਹਨ; ਇਹ ਭਵਿੱਖ ਦੇ ਪ੍ਰਸ਼ਨ ਹਨ।

# ਆਉਣ ਵਾਲੇ ਸਮੇਂ ਦੇ ਸਮਾਜਿਕ ਯਥਾਰਥ ਦੀ ਨਿਸ਼ਾਨਦੇਹੀ ਕਰਦਾ ਕਹਾਣੀ-ਸੰਗ੍ਰਹਿ - ਟੋਆ

ਪੰਜਾਬੀ ਗਲਪੀ ਸਾਹਿਤ ਦੇ ਖੇਤਰ ਵਿਚ ਹੁਣ ਉਹ ਕਹਾਣੀਆਂ ਵੀ ਪ੍ਰਵੇਸ਼ ਪਾ ਚੁੱਕੀਆਂ ਹਨ ਜਿਨ੍ਹਾਂ ਆਉਣ ਵਾਲੇ ਸਮੇਂ ਦੇ ਨਵੇਂ ਯਥਾਰਥ ਦੀ ਨਿਸ਼ਾਨਦੇਹੀ ਕਰਨ ਦੀ ਜ਼ਿੰਮੇਵਾਰੀ ਸੰਭਾਲੀ ਹੋਈ ਹੈ। ਇਹ ਆਉਣ ਵਾਲਾ ਸਮਾਂ ਪੁਰਾਣੀਆਂ ਸਮਾਜਿਕ ਤੇ ਸੱਭਿਆਚਾਰਕ ਵਿਵਸਥਾਵਾਂ ਨੂੰ ਬੀਤੇ ਸਮੇਂ ਦੀ ਬਾਤ ਕਰਾਰ ਦੇ ਕੇ ਆਪਣੀਆਂ ਨਵੀਆਂ


ਨਿਰੰਜਣ ਬੋਹਾ
ਫੋਨ: 89682-82700

ਮਨੋਵਿਗਿਆਨਕ ਸਥਾਪਨਾਵਾਂ ਕਾਇਮ ਕਰਨ ਵਾਲਾ ਹੈ। ਸਿਰਜਕ ਦਾ ਕੰਮ ਆਉਣ ਵਾਲੇ ਸਮੇਂ ਤੋਂ ਪਹਿਲਾਂ ਹੀ ਇਸਦੀ ਆਮਦ ਦੇ ਇਸ ਦੀਆਂ ਸੰਗਤੀਆਂ/ ਵਿਸੰਗਤੀਆਂ ਦੀ ਨਿਸ਼ਾਨਦੇਹੀ ਕਰਨਾ ਹੁੰਦਾ ਹੈ, ਇਸ ਲਈ ਅੱਜ ਦਾ ਕਹਾਣੀਕਾਰ ਨਵੇਂ ਸਮਾਜੀ ਵਰਤਾਰਿਆਂ ਬਾਰੇ ਖੁੱਲ੍ਹ ਕੇ ਸੰਵਾਦਕ ਚਰਚਾ ਛੇੜਨ ਦੇ ਰੌਂਅ ਵਿਚ ਹੈ। ਨਵੇਂ ਵਿਸ਼ਵੀ ਯੁੱਗ ਦੇ ਮਨੁੱਖ ਦੀਆਂ ਮਨੋ-ਸਮਾਜਿਕ ਸਮੱਸਿਆਵਾਂ ਵੀ ਨਵੀਆਂ ਹਨ ਤੇ ਉਸਦੇ ਸੋਚਣ ਤੇ ਵਰਤੋਂ ਵਿਹਾਰ ਕਰਨ ਦਾ ਢੰਗ ਵੀ ਨਵਾਂ ਹੈ। ਜਦੋਂ ਅਸੀਂ ਨੌਜਵਾਨ ਕਹਾਣੀਕਾਰ ਵਿਪਨ ਦੇ ਪਲੇਠੇ ਕਹਾਣੀ ਸੰਗ੍ਰਹਿ 'ਟੋਆ' ਵਿਚ ਸ਼ਾਮਿਲ ਕਹਾਣੀਆਂ ਨੂੰ ਇਸ ਨਜ਼ਰੀਏ ਤੋਂ ਵਾਚਦੇ ਹਾਂ ਤਾਂ ਇਨ੍ਹਾਂ ਵਿਚੋਂ ਵਧੇਰੇ ਕਹਾਣੀਆਂ ਬੀਤੇ ਸਮੇਂ ਦੀਆਂ ਕਦਰਾਂ-ਕੀਮਤਾਂ ਨਾਲ ਮਾਨਸਿਕ ਲਗਾਓ ਜਾਂ ਦੂਰੀ ਰੱਖਣ ਵਾਲੀ ਪੁਰਾਣੀ ਤੇ ਨਵੀਂ ਮਨੁੱਖੀ ਜਨਰੇਸ਼ਨ ਦੇ ਸਬੰਧਾਂ ਵਿਚਲੇ ਤਣਾਓ ਤੇ ਟਕਰਾਓ ਨੂੰ ਹੀ ਰੂਪਮਾਨ ਕਰਦੀਆਂ ਵਿਖਾਈ ਦਿੰਦੀਆਂ ਹਨ।

ਸੰਗ੍ਰਹਿ ਦੀ ਪਹਿਲੀ ਕਹਾਣੀ 'ਤੜਾਗੀ' ਅਨੁਸਾਰ ਵਿਸ਼ਵੀ ਦੌਰ ਵਿਚ ਪ੍ਰਵਾਨ ਚੜ੍ਹੀ ਸਮਾਜ ਦੀ ਨਵੀਂ ਪੀੜ੍ਹੀ ਹੁਣ ਆਪਣੇ ਲੱਕ ਦੁਆਲੇ ਬੰਨ੍ਹੀ ਸੰਸਕਾਰਾਂ ਦੀ ਤੜਾਗੀ ਦੀ ਅਵੱਗਿਆ ਕਰਨ ਦੇ ਰਾਹ ਪੈ ਗਈ ਹੈ। ਕਹਾਣੀ ਦੇ ਬਿਰਤਾਂਤਕਾਰ ਪਾਤਰ ਦੇ ਮਾਪੇ ਉਸ ਤੋਂ ਆਸ ਕਰਦੇ ਹਨ ਕਿ ਉਹ ਆਪਣੇ ਵਿਆਹ ਤੋਂ ਪਹਿਲਾਂ ਕਿਸੇ ਵੀ ਹਾਲਤ ਵਿਚ ਸਮਾਜਿਕ ਜ਼ਾਬਤੇ ਰੂਪੀ ਇਸ ਤੜਾਗੀ ਨੂੰ ਟੁੱਟਣ ਨਾ ਦੇਵੇ। ਮਾਪਿਆਂ ਦੀ ਨਸੀਹਤ ਤੇ ਉਸ ਦੀਆਂ ਜੁਆਨ ਉਮਰ ਦੀਆਂ ਜਿਨਸੀ ਲੋੜਾਂ ਵਿਚਕਾਰ ਤਣਾਓ ਦੀ ਸਥਿਤੀ ਉਸ ਵੇਲੇ ਪੈਦਾ ਹੁੰਦੀ ਹੈ ਜਦੋਂ ਜੋਤੀ ਤੇ ਨੀਲਮ ਵਰਗੀਆਂ ਜੁਆਨ ਕੁੜੀਆਂ ਉਸਦੇ ਜੀਵਨ ਆਉਂਦੀਆਂ ਹਨ। ਭਾਵੇਂ ਆਪਣੀਆਂ ਜਿਨਸੀ ਇੱਛਾਵਾਂ ਦੀ ਪੂਰਤੀ ਲਈ ਮਿਲੇ ਦੋ ਮੌਕਿਆਂ ਦੌਰਾਨ ਪਰਿਵਾਰਕ ਸੰਸਕਾਰ ਭਾਰੂ ਸਾਬਤ ਹੁੰਦੇ ਹਨ ਪਰ ਤੀਜੇ ਮੌਕੇ 'ਤੇ ਨੀਲਮ ਦੇ ਮੂੰਹੋਂ ਨਿਕਲਿਆ 'ਡਰਪੋਕ' ਸ਼ਬਦ ਉਸਨੂੰ ਬਗਾਵਤ ਦੇ ਰਾਹ ਪਾ ਦਿੰਦਾ ਹੈ। ਅਜਿਹੇ ਮੌਕੇ 'ਤੇ ਬਦਲੀਆਂ ਸਮਾਜੀ ਕੀਮਤਾਂ ਅਨੁਸਾਰ ਬਦਲਣਾ ਮਾਪਿਆਂ ਦੀ ਵੀ ਲੋੜ ਬਣ ਜਾਂਦੀ ਹੈ ਤੇ ਉਹ ਉਸਨੂੰ ਜੁਆਨ ਹੋਇਆ ਐਲਾਨ ਕੇ ਉਸਦੇ ਵਿਆਹ ਲਈ ਕੁੜੀ ਦੀ ਤਲਾਸ਼ ਆਰੰਭ ਦਿੰਦੇ ਹਨ।

ਕਹਾਣੀ 'ਸਿੱਕ' ਪ੍ਰਤੀਕੂਲ ਸਮਾਜਿਕ ਤੇ ਆਰਥਿਕ ਸਥਿਤੀਆਂ ਕਾਰਨ ਵਿਆਹ ਰੂਪੀ ਸਮਾਜਿਕ ਸਵੀਕ੍ਰਿਤੀ ਪ੍ਰਾਪਤ ਕਾਮ ਸਬੰਧਾਂ ਦਾ ਸੁੱਖ ਨਾ ਭੋਗ ਸਕਣ ਵਾਲੇ ਨੌਜਵਾਨਾਂ ਦੇ ਮਨੋ-ਸੰਤਾਪ ਦੀ ਸ਼ਿੱਦਤ ਬਿਆਨੀ ਕਰਦੀ ਹੈ। ਅਜਿਹੀ ਸਥਿਤੀ ਵਿਚ ਜੇ ਸੱਤੇ ਵਰਗੇ ਨੌਜਵਾਨਾਂ ਦੇ ਦਿਮਾਗ ਵਿਚ ਚੜ੍ਹਿਆ ਕਾਮ ਉਨ੍ਹਾਂ ਨੂੰ ਪਾਗਲ ਹੋਣ ਦੀ ਅਵਸਥਾ ਤੱਕ ਲੈ ਜਾਂਦਾ ਹੈ ਤਾਂ ਦਲਜੀਤ ਵਰਗੇ ਮੁੰਡੇ ਵਿਆਹ ਬਾਹਰੀ ਸਬੰਧ ਬਣਾਉਣ ਦੇ ਕਾਰਨ ਏਡਜ਼ ਦਾ ਸ਼ਿਕਾਰ ਹੋ ਜਾਂਦੇ ਹਨ। ਇਸ ਮਨੋ-ਅਵਸਥਾ ਵਿਚ ਲੰਘ ਰਿਹਾ ਕਹਾਣੀ ਦਾ ਪਾਤਰ ਰਾਜੂ ਜਦੋਂ ਆਪਣੇ ਵਿਆਹੇ ਦੋਸਤਾਂ ਜਾਂ ਉਨ੍ਹਾਂ ਦੇ ਬੱਚਿਆਂ ਵੱਲ ਵੇਖਦਾ ਹੈ ਤਾਂ ਉਸਨੂੰ ਆਪਣੀ ਲੰਘਦੀ ਜਾ ਰਹੀ ਉਮਰ ਕਾਰਨ ਆਪਣੀ ਹੋਣੀ ਵੀ ਸੱਤੇ ਜਾਂ ਦਲਜੀਤ ਨਾਲੋਂ ਵੱਖਰੀ ਨਹੀਂ ਲੱਗਦੀ।

ਕਹਾਣੀ 'ਦਲਦਲ' ਰਿਸ਼ਤਿਆਂ ਦੀ ਦਲਦਲ 'ਚ ਫਸੀ ਉਸ ਔਰਤ ਦੀ ਮਾਨਸਿਕ ਛਟਪਟਾਹਟ ਨੂੰ ਬਿਆਨਦੀ ਹੈ ਜੋ ਆਪਣੇ ਪਤੀ ਦੀ ਲੰਬੀ ਗੈਰ ਹਾਜ਼ਰੀ ਦੇ ਚਲਦਿਆਂ ਆਪਣੀਆਂ ਜਿਨਸੀ ਖਾਹਸ਼ਾਂ ਦੀ ਪੂਰਤੀ ਆਪਣੇ ਪਤੀ ਦੇ ਭਾਣਜੇ ਦੀਪ ਨਾਲ ਸਰੀਰਕ ਸਬੰਧ ਜੋੜ ਕੇ ਕਰਦੀ ਰਹੀ ਹੈ। ਪਤੀ ਦੇ ਵਾਪਸੀ ਦੀ ਖ਼ਬਰ ਉਸ ਨੂੰ ਇਸ ਅਪਰਾਧ




ਬੋਧ ਦੀ ਸ਼ਿਕਾਰ ਬਣਾ ਦਿੰਦੀ ਹੈ ਕਿ ਉਹ ਪਰਿਵਾਰਕ ਰਿਸ਼ਤਿਆਂ ਦੀ ਮਰਿਆਦਾ ਦਾ ਉਲੰਘਣ ਕਰ ਕੇ ਆਪਣੇ ਪਤੀ ਨਾਲ ਧੋਖਾ ਕਰਦੀ ਰਹੀ ਹੈ। ਨਵੀਂ ਵਿਸ਼ਵੀ ਸੋਚ ਦੇ ਰੰਗ ਵਿਚ ਰੰਗਿਆ ਦੀਪ ਇਨ੍ਹਾਂ ਸਬੰਧਾਂ ਨੂੰ ਜੀਵਨ ਦੇ ਸਹਿਜ ਤੇ ਸੁਭਾਵਿਕ ਵਰਤਾਰੇ ਵਜੋਂ ਹੀ ਲੈਂਦਾ ਹੈ ਪਰ ਉਹ ਅਜੇ ਆਪਣੇ ਠੀਕ ਜਾਂ ਗਲਤ ਹੋਣ ਦੇ ਦਵੰਦ ਵਿਚ ਹੀ ਫਸੀ ਹੋਈ ਹੈ।

ਕਹਾਣੀ 'ਘੇਰਾ' ਕਿਸੇ ਔਰਤ ਵਿਚ ਆਉਂਦੀ ਪੌਣ ਨੂੰ ਉਸ ਦੀਆਂ ਦਮਿਤ ਇੱਛਾਵਾਂ ਦਾ ਹੀ ਪ੍ਰਤੀਕ੍ਰਮ ਮੰਨਦੀ ਹੈ। ਕਹਾਣੀ ਦੀ ਪਾਤਰ ਲੀਲਾ ਦੇ ਸਹੁਰੇ ਪਰਿਵਾਰ ਵੱਲੋਂ ਜਦੋਂ ਉਸਨੂੰ ਜਬਰੀ ਕੁੱਢਰ ਤੇ ਕੁਚੱਜੀ ਸਾਬਤ ਕਰ ਕੇ ਹਰ ਵੇਲੇ ਉਸਦਾ ਮਜ਼ਾਕ ਉਡਾਇਆ ਜਾਂਦਾ ਹੈ ਤਾਂ ਉਸ ਵਿਚ ਆਉਣ ਵਾਲੀ ਬਾਬੇ ਬਾਲਕ ਨਾਥ ਦੀ ਪੌਣ ਉਸਦੀ ਸੱਸ, ਜੇਠਾਣੀ, ਦਰਾਣੀ ਤੇ ਨਨਾਣ ਨੂੰ ਉਸ ਦੇ ਪੈਰਾਂ ਵਿਚ ਡਿੱਗਣ ਲਈ ਮਜਬੂਰ ਕਰ ਦਿੰਦੀ ਹੈ। ਇਸ ਤਰ੍ਹਾਂ ਉਸ ਅੰਦਰ ਆਉਂਦੀ ਪੌਣ, ਚਰਚ ਤੋਂ ਲਿਆ ਬਿਪਤਿਸਮਾਂ ਜਾਂ ਮਾਤਾ ਰਾਣੀ ਦੇ ਲਾਏ ਜਾਂਦੇ ਚਿਰਾਗ ਉਸ ਅੰਦਰਲੀ ਸ਼ਰਧਾ ਭਾਵਨਾ ਦੀ ਤਰਜਮਾਨੀ ਕਰਨ ਦੀ ਬਜਾਏ ਉਸਦੇ ਸੁਰੱਖਿਆ ਕਵਚ ਹੋਣ ਦੀ ਹੀ ਪੁਸ਼ਟੀ ਕਰਦੇ ਹਨ।

ਕਹਾਣੀ 'ਗੋਵਰਧਨ ਦਾਸ' ਧਾਰਮਿਕ ਆਸਥਾ ਤੇ ਧਰਮਿਕ ਕੱਟੜਤਾ ਵਿਚਲੇ ਫਰਕ ਦਾ ਨਿਖੇੜਾ ਕਰਦੀ ਹੈ। ਕਹਾਣੀ ਦਾ ਮੁੱਖ ਪਾਤਰ ਆਪਣੀ ਮਾਂ ਦੇ ਕਹਿਣ 'ਤੇ ਆਪਣੇ ਬਚਪਨ ਵਿਚ ਰਹੀ ਭੈਣ ਦੇ ਪਿਆਰ ਦੀ ਘਾਟ ਦੀ ਪੂਰਤੀ ਘਰ ਵਿਚਲੀ ਗਊ ਨੂੰ ਹੀ ਆਪਣੀ ਭੈਣ ਮੰਨ ਕੇ ਕਰਦਾ ਰਿਹਾ ਹੈ। ਇਹ ਗੱਲ ਉਸ ਦੀ ਸ਼ਰਧਾ ਭਾਵਨਾ ਦੇ ਦਾਇਰੇ ਵਿਚ ਆਉਂਦੀ ਹੈ। ਭਾਵੇਂ ਉਸ ਵੱਲੋਂ ਗਊ ਤੋਂ ਰੱਖੜੀ ਬਨ੍ਹਵਾਉਣ ਦੀ ਗੱਲ ਸਹਿਜਤਾ ਤੇ ਸੁਭਾਵਿਕਤਾ ਦੇ ਦਾਇਰੇ ਵਿਚ ਨਹੀਂ ਆਉਂਦੀ ਕਥਿਤ ਰਾਸ਼ਟਰ ਭਗਤਾ ਵੱਲੋਂ ਗਊ ਨੂੰ ਮਾਤਾ ਨਾ ਸਮਝਣ ਵਾਲਿਆਂ ਨੂੰ ਦਿੱਤੀ ਧਮਕੀ ਦੇ ਸਬੰਧ ਵਿਚ ਉਸਦਾ ਪ੍ਰਤੀਕਰਮ ਬਿਲਕੁਲ ਸੁਭਾਵਿਕ ਹੈ। ਉਸ ਵੱਲੋਂ ਰੱਖੜੀ ਦੇ ਤਿਉਹਾਰ ਸਮੇਂ ਗਊ ਨਾਲ ਖਿਚਵਾਈ ਫੋਟੋ ਦੇ ਆਪਣੇ ਹੱਥੀਂ ਚਾਰ ਟੋਟੇ ਕਰਨ ਦਾ ਕਾਰਜ ਧਾਰਮਿਕ ਕੱਟੜਤਾ ਪ੍ਰਤੀ ਉਸ ਅੰਦਰਲੇ ਰੋਸ ਦਾ ਪ੍ਰਗਟਾਵਾ ਹੈ।

ਵਿਪਨ ਦੀਆਂ ਕਹਾਣੀਆਂ ਸਮਾਜਿਕ ਤੇ ਆਰਥਿਕ ਵਿਕਾਸ ਦੇ ਹਾਸ਼ੀਏ 'ਤੇ ਧੱਕੇ ਗਏ ਲੋਕਾਂ ਦੇ ਜੀਵਨ ਯਥਾਰਥ ਵਿਚਲੀ ਕਰੂਰਤਾ ਨੂੰ ਬਿਆਨਣ ਸਬੰਧੀ ਵੀ ਵਿਸ਼ੇਸ਼ ਤਰੱਦਦ ਕਰਦੀਆਂ ਹਨ। ਉਸਦੀ ਕਹਾਣੀ 'ਮੁੜ ਗੁਆਚੀ ਕਥਾ' ਵਿਚਲਾ ਕਹਾਣੀਕਾਰ ਜਦੋਂ ਆਪਣੇ ਘਰ ਝਾੜੂ ਪੋਚੇ ਕਰਨ ਵਾਲੀ ਬੀਰੋ ਦੀ ਸੱਤ ਅੱਠ ਸਾਲ ਦੀ ਧੀ ਗੁੱਡੀ ਦੇ ਸਿਰ 'ਤੇ ਰੱਖੇ ਜ਼ਿੰਮੇਵਾਰੀਆਂ ਦੇ ਵੱਡੇ ਬੋਝ ਦਾ ਕਿਆਸ ਕਰਦਾ ਹੈ ਤਾਂ ਉਸਨੂੰ ਆਪਣੇ ਜ਼ਿਹਨ ਵਿਚ ਘੁੰਮਦੇ ਹੋਰ ਸਾਰੀਆਂ ਕਹਾਣੀਆਂ ਦੇ ਵਿਸ਼ੇ ਵਿੱਸਰ ਜਾਂਦੇ ਹਨ ਤੇ ਸਿਰਫ ਗੁੱਡੀ ਦੇ ਨਿੱਕੇ ਨਿੱਕੇ ਕਦਮਾਂ ਵਿਚਲਾ ਵਡੱਪਣ ਹੀ ਉਸ ਦੇ ਦਿਲ ਦਿਮਾਗ 'ਤੇ ਛਾ ਜਾਂਦਾ ਹੈ।

ਕਹਾਣੀ 'ਟੋਆ' ਪੰਜਾਬ ਵਿਚਲੇ ਜਾਤ-ਪਾਤ ਅਤੇ ਉਚ-ਨੀਚ ਵਰਗੇ ਗੁੰਝਲਦਾਰ ਮਸਲੇ ਬਾਰੇ ਸੰਵਾਦਕ ਚਰਚਾ ਛੇੜਦੀ ਹੈ। ਭਾਵੇਂ ਹੁਣ ਇਹ ਮਸਲਾ ਛੂਆ-ਛਾਤ ਦੇ ਮੁੱਢਲੇ ਪੜਾਅ ਪਾਰ ਕਰ ਕੇ ਆਪਣੇ ਉਦਾਰਵਾਦੀ ਰੂਪ ਵਿਚ ਆ ਗਿਆ ਹੈ ਪਰ ਦੋਵਾਂ ਧਿਰਾਂ ਦੇ ਅਵਚੇਤਨ 'ਤੇ ਅਜੇ ਵੀ ਮਨੂੰਵਾਦੀ ਯੁੱਗ ਦੇ ਜਾਤੀ-ਪਾਤੀ ਸੰਸਕਾਰਾਂ ਦਾ ਕਬਜ਼ਾ ਹੈ। ਇਹ ਕਹਾਣੀ ਜਮਾਤੀ ਪੱਧਰ 'ਤੇ ਉਚ ਤੇ ਹੀਣ ਦੋਵਾਂ ਤਰ੍ਹਾਂ ਦੀਆਂ ਭਾਵਨਾਵਾਂ ਤੇ ਅਵਚੇਤਨੀ ਸੰਸਕਾਰਾਂ ਤੋਂ ਮੁਕਤ ਹੋਣ ਵਿਚੋਂ ਹੀ ਜਾਤ-ਪਾਤ ਦੀ ਸਮੱਸਿਆ ਦਾ ਹੱਲ ਤਲਾਸ਼ਦੀ ਹੈ। ਇਸ ਤਰ੍ਹਾਂ ਵਿਪਨ ਦੀਆਂ ਕਹਾਣੀਆਂ ਮਨੁੱਖੀ ਮਾਨਸਿਕਤਾ ਵਿਚ ਸਮੇਂ ਤੇ ਸਥਿਤੀਆਂ ਅਨੁਸਾਰ ਆਉਣ ਵਾਲੇ ਉਤਰਾਵਾਂ-ਚੜ੍ਹਾਵਾਂ ਦੀਆਂ ਸੂਖਮ ਤੇ ਅਣ-ਫਰੋਲੀਆਂ ਪਰਤਾਂ ਤੱਕ ਪਹੁੰਚਣ ਵਿਚ ਬਹੁਤ ਹੱਦ ਤੱਕ ਸਫਲ ਵਿਖਾਈ ਦਿੰਦੀਆਂ ਹਨ। ਭਾਵੇਂ 'ਗੋਵਰਧਨ ਦਾਸ' ਤੇ 'ਜੰਡਿਆਲਾ ਨੇੜੇ ਈ ਆ' ਕਹਾਣੀਆਂ ਦੀਆਂ ਰਚਨਾਤਮਕ ਜੁਗਤਾਂ ਥੋੜ੍ਹੀ ਅਤਿਕਥਨੀ ਨੂੰ ਵੀ ਆਪਣੇ ਵਿਚ ਥਾਂ ਦਿੰਦੀਆਂ ਹਨ ਪਰ ਕੁਲ ਮਿਲਾ ਕੇ ਇਹ ਕਹਾਣੀਆਂ ਆਪਣੇ ਪਾਤਰਾਂ ਦੀ ਮਾਨਸਿਕਤਾ ਦਾ ਬਹੁ-ਪ੍ਰਤੀ ਅਧਿਐਨ ਕਰ ਕੇ ਨਵੀਆਂ ਮਨੋ-ਵਿਗਿਆਨਕ ਸਥਾਪਨਾਵਾਂ ਸਥਾਪਿਤ ਕਰਨ ਵਾਲੀਆਂ ਹੀ ਸਾਬਿਤ ਹੋਈਆਂ ਹਨ। ਕਹਾਣੀਆਂ ਦੀ ਬਿਰਤਾਂਤਕ ਭਾਸ਼ਾ ਬਹੁਤ ਚੁਸਤ ਹੈ। ਕਹਾਣੀਕਾਰ ਨਿੱਕੇ-ਨਿੱਕੇ ਵਾਕਾਂ ਰਾਹੀਂ ਕਹਾਣੀ ਦਾ ਭਾਵਪੂਰਤ ਬਿਰਤਾਂਤ ਸਿਰਜਣ ਵਿਚ ਚੰਗੀ ਮੁਹਾਰਤ ਰੱਖਦਾ ਹੈ। 76 ਪੰਨਿਆਂ 'ਤੇ ਆਧਾਰਿਤ 145 ਰੁਪਏ ਮੁੱਲ ਦੀ ਇਸ ਪੁਸਤਕ ਨੂੰ ਆੱਟਮ ਆਰਟ ਪਟਿਆਲਾ ਨੇ ਛਾਪਿਆ ਹੈ।

# ਭਾਰਤ ਅੰਦਰ ਵਿਰੋਧੀ ਧਿਰ ਦੀਆਂ ਮੁਸ਼ਕਿਲਾਂ

*ਵਿਰੋਧੀ ਧਿਰਾਂ ਦੇ ਗੱਠਜੋੜ 'ਇੰਡੀਆ' ਦੇ ਚੇਅਰਪਰਸਨ ਵਜੋਂ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਔਖੀ ਘੜੀ ਵਿਚ ਗੱਠਜੋੜ ਦੇ ਭਾਈਵਾਲਾਂ ਤੱਕ ਪਹੁੰਚ ਕੀਤੀ ਹੈ। ਸਮੱਸਿਆ ਇਹ ਹੈ ਕਿ ਉਨ੍ਹਾਂ ਨੂੰ ਗਾਂਧੀ ਪਰਿਵਾਰ ਦੇ ਪੈਰੋਕਾਰ ਵਜੋਂ ਹੀ ਦੇਖਿਆ ਜਾਂਦਾ ਹੈ।*

ਰਾਧਿਕਾ ਰਾਮਾਸੇਸ਼ਨ

ਮੁਲਕ ਦੀਆਂ ਆਮ ਚੋਣਾਂ ਸਿਰ 'ਤੇ ਹਨ ਅਤੇ ਸਿਆਸੀ ਪਿੜ ਵਿਚ ਹਰ ਪੱਖ ਤੋਂ ਹਾਕਮ ਭਾਜਪਾ ਹੀ ਹਾਵੀ ਦਿਖਾਈ ਦੇ ਰਹੀ ਹੈ। ਪਾਰਟੀ ਵੱਡੀ ਤੋਂ ਵੱਡੀ ਜਿੱਤ ਦਰਜ ਕਰਨ ਲਈ ਰਣਨੀਤੀਆਂ ਘੜ ਰਹੀ ਹੈ ਤੇ ਕਿਸੇ ਵੀ ਤਰ੍ਹਾਂ ਦੀ ਤੁਕ ਤੇ ਤਰਕ ਦੀ ਪ੍ਰਵਾਹ ਕੀਤੇ ਬਿਨਾਂ ਅਸੰਭਵ ਜਾਪਦੇ ਗੱਠਜੋੜਾਂ ਨੂੰ ਵੀ ਮਜ਼ਬੂਤ ਕਰ ਰਹੀ ਹੈ। ਭਾਜਪਾ ਦੀ ਅਗਵਾਈ ਵਾਲੇ ਗੱਠਜੋੜ ਐਨਡੀਏ ਵਿਚ ਚੋਣਾਂ ਤੋਂ ਪਹਿਲਾਂ ਦੀਆਂ ਕੀਤੀਆਂ ਜਾ ਰਹੀਆਂ ਤਿਆਰੀਆਂ ਕਮਾਲ ਦੀਆਂ ਹਨ ਕਿਉਂਕਿ ਆਮ ਜਨਤਾ ਅਤੇ ਕਰੀਬ ਸਾਰੇ ਤਬਕਿਆਂ ਵਿਚ ਇਹ ਧਾਰਨਾ ਬਣ ਚੁੱਕੀ ਹੈ ਕਿ ਰਾਮ ਮੰਦਰ ਦੇ ਪ੍ਰਾਣ ਪ੍ਰਤਿਸ਼ਠਾ ਸਮਾਗਮ ਮੌਕੇ ਕੀਤੇ ਜ਼ੋਰਦਾਰ ਧੂਮ-ਧੜੱਕੇ ਵਾਲੇ ਜਸ਼ਨ ਇਕੱਲੇ ਹੀ ਆਪਣੇ ਆਪ ਵਿਚ ਹਾਕਮ ਗੱਠਜੋੜ ਨੂੰ ਜੇਤੂ ਬਣਾਉਣ ਲਈ ਕਾਫ਼ੀ ਹਨ, ਖ਼ਾਸਕਰ ਉੱਤਰੀ ਤੇ ਪੱਛਮੀ ਭਾਰਤ ਬਾਰੇ ਤਾਂ ਇਹ ਗੱਲ ਬਹੁਤ ਭਰੋਸੇ ਨਾਲ ਆਖੀ ਜਾ ਰਹੀ ਹੈ।

ਭਾਜਪਾ ਦੇ ਅੰਦਰੂਨੀ ਹਲਕਿਆਂ ਮੁਤਾਬਕ ਪ੍ਰਧਾਨ ਮੰਤਰੀ ਨਰਿਦਰ ਮੋਦੀ ਚੋਣ ਰਾਜਨੀਤੀ ਪੱਖੋਂ ਕੋਈ ਕਸਰ ਬਾਕੀ ਨਹੀਂ ਛੱਡ ਰਹੇ; ਉਹ ਜ਼ਾਹਿਰਾ ਤੌਰ 'ਤੇ ਹੁਣ ਤੱਕ ਸਭ ਤੋਂ ਵੱਧ 404 ਲੋਕ ਸਭਾ ਸੀਟਾਂ ਜਿੱਤਣ ਦਾ ਕਾਂਗਰਸ ਦਾ ਰਿਕਾਰਡ ਤੋੜਨਾ ਚਾਹੁੰਦੇ ਹਨ। ਕਾਂਗਰਸ ਨੇ 1984 ਦੀਆਂ ਆਮ ਚੋਣਾਂ ਵਿਚ ਲੋਕ ਸਭਾ ਦੀਆਂ 404 ਸੀਟਾਂ ਜਿੱਤੀਆਂ ਸਨ (ਹਾਲਾਂਕਿ ਉਸ ਸਮੇਂ ਪੰਜਾਬ ਤੇ ਅਸਾਮ ਵਿਚ ਹਾਲਾਤ ਖ਼ਰਾਬ ਹੋਣ ਕਾਰਨ ਇਨ੍ਹਾਂ ਦੋਵਾਂ ਸੂਬਿਆਂ ਦੀਆਂ ਚੋਣਾਂ ਅੱਗੇ ਪਾ ਦਿੱਤੀਆਂ ਗਈਆਂ ਸਨ ਜੋ ਮਗਰੋਂ 1985 ਵਿਚ ਕਰਵਾਈਆਂ ਅਤੇ ਇਨ੍ਹਾਂ ਵਿਚ ਕਾਂਗਰਸ ਨੇ 10 ਸੀਟਾਂ ਹੋਰ ਜਿੱਤ ਲਈਆਂ ਸਨ)।

ਦੂਜੇ ਪਾਸੇ ਵਿਰੋਧੀ ਧਿਰ ਜਾਂ ਫਿਰ 'ਇੰਡੀਆ' ਗੱਠਜੋੜ ਦੀ ਛਤਰੀ ਹੇਠ ਇਕੱਠੇ ਹੋਏ ਇਕ ਅਹਿਮ ਵਰਗ ਦਾ ਕੀ ਹਾਲ ਹੈ? ਕਾਂਗਰਸ ਅਤੇ ਕੁਝ ਖੇਤਰੀ ਪਾਰਟੀਆਂ ਦੀ ਨੁਮਾਇੰਦਗੀ ਕਰਨ ਵਾਲੀਆਂ ਵੱਖੋ-ਵੱਖ ਤਾਕਤਾਂ ਦਾ ਇਹ ਗੱਠਜੋੜ ਆਪਣੇ ਆਪ ਨੂੰ ਅਤੀਤ ਦੇ ਗੱਠਜੋੜਾਂ ਦੇ ਪ੍ਰਤੀਰੂਪ ਵਜੋਂ ਦੇਖਦਾ ਹੈ (ਭਾਵੇਂ ਇਹ ਚੋਣਾਂ ਤੋਂ ਬਾਅਦ ਦੀਆਂ ਬਣਤਰਾਂ ਸਨ) ਪਰ ਇਹ ਫਿਲਹਾਲ ਇਕ ਤਰ੍ਹਾਂ ਨਾਲ ਠੱਪ ਹੋ ਕੇ ਰਹਿ ਗਿਆ ਹੈ ਤੇ ਅੱਗੇ ਨਹੀਂ ਵਧ ਸਕਿਆ। ਅਸਲ ਵਿਚ ਇਸ ਦੇ ਭਾਈਵਾਲਾਂ ਦੇ ਆਪਸੀ ਮਤਭੇਦ ਜਨਤਕ ਤੌਰ 'ਤੇ ਸਾਹਮਣੇ ਆਉਣ ਲੱਗੇ, ਇਸ ਕਾਰਨ ਇਹ ਮੁੱਖ ਦਾਅਵੇਦਾਰ ਵਜੋਂ ਅਪ੍ਰਸੰਗਕ ਹੋ ਗਿਆ। ਜਨਤਾ ਦਲ (ਯੂਨਾਈਟਿਡ), ਭਾਵ ਜੇ.ਡੀ.ਯੂ. ਜਿਸ ਨੂੰ ਖੇਤਰੀ ਪਾਰਟੀਆਂ ਦੀ ਇਕਮੁੱਠਤਾ ਦਾ ਆਧਾਰ ਮੰਨਿਆ ਜਾ ਰਿਹਾ ਸੀ, ਗੱਠਜੋੜ ਤੋਂ ਲਾਂਭੇ ਹੋ ਗਿਆ ਅਤੇ ਉਸ ਨੇ ਆਪਣੀ ਸਾਬਕਾ ਵਿਰੋਧੀ ਭਾਜਪਾ ਨੂੰ ਸਿਆਸੀ ਗਲਵੱਕੜੀ ਪਾ ਲਈ। ਬਿਹਾਰ ਵਿਚ ਹੋਏ ਇਸ ਰਾਜ ਪਲਟੇ ਦੀ ਵਿਉਂਤ ਭਾਜਪਾ ਦੇ ਚੋਟੀ ਦੇ ਆਗੂਆਂ ਨੇ ਬਣਾਈ ਸੀ। ਜੇ.ਡੀ.ਯੂ. ਨੇ 2022 ਵਿਚ ਭਾਜਪਾ ਤੋਂ ਤੋੜ-ਵਿਛੋੜਾ ਕਰਨ ਦੇ ਬਾਵਜੂਦ ਇਸ ਦੇ ਆਗੂ ਹਰਿਵੰਸ਼ ਨਰਾਇਣ ਸਿੰਘ ਰਾਜ ਸਭਾ ਦੇ ਡਿਪਟੀ ਚੇਅਰਮੈਨ ਦੇ ਅਹੁਦੇ ਉੱਤੇ ਬਣੇ ਹੋਏ ਸਨ। ਮੁੱਖ ਮੰਤਰੀ ਨਿਤੀਸ਼ ਕੁਮਾਰ ਭਾਜਪਾ ਨਾਲ ਰਿਸ਼ਤੇ ਪੱਕੇ ਤੌਰ 'ਤੇ ਨਹੀਂ ਤੋੜਨਾ ਚਾਹੁੰਦੇ ਸਨ। ਇਸ ਕਾਰਨ ਉਨ੍ਹਾਂ ਭਵਿੱਖੀ ਮੇਲ-ਜੋਲ ਲਈ ਇਕ ਖਿੜਕੀ ਖੁੱਲ੍ਹੀ ਰੱਖੀ ਹੋਈ ਸੀ।

ਜੇ.ਡੀ.ਯੂ. ਦੇ ਤੋੜ-ਵਿਛੋੜੇ ਕਾਰਨ ਬਿਹਾਰ ਵਿਚ ਆਰਜੇਡੀ ਅਤੇ ਕਾਂਗਰਸ ਨੂੰ ਸੱਤਾ ਤੋਂ ਹੱਥ ਧੋਣੇ ਪਏ ਹਨ (ਇਸ ਸੂਬੇ ਦੀਆਂ 40 ਲੋਕ ਸਭਾ ਸੀਟਾਂ ਹਨ)। ਇਸ ਘਟਨਾ ਨੇ ਹਿੰਦੂਤਵ ਦੀ ਸਿਆਸਤ ਦਾ ਮੁਕਾਬਲਾ ਜਾਤੀ ਸ਼ਕਤੀਕਰਨ ਨਾਲ ਕੀਤੇ ਜਾਣ ਦੀ ਯੋਜਨਾ ਨੂੰ ਵੀ ਖੂਹ-ਖਾਤੇ ਪਾ ਦਿੱਤਾ ਹੈ। ਇਹ ਯੋਜਨਾ ਜਾਤ ਆਧਾਰਿਤ ਮਰਦਮਸ਼ੁਮਾਰੀ ਕਰਵਾਏ ਜਾਣ ਦੀ ਉੱਠ ਰਹੀ ਜ਼ੋਰਦਾਰ ਮੰਗ ਰਾਹੀਂ ਉਲੀਕੀ ਗਈ ਸੀ ਤਾਂ ਕਿ ਹੋਰ ਪਛੜੇ ਵਰਗਾਂ (ਓ.ਬੀ.ਸੀ.), ਦਲਿਤਾਂ ਅਤੇ ਕਬਾਇਲੀ ਭਾਈਚਾਰਿਆਂ ਦੀ ਅਸਲ ਗਿਣਤੀ ਦਾ ਪਤਾ ਲਾਇਆ ਜਾ ਸਕੇ। ਇਹ ਕਾਰਵਾਈ ਇਸ ਉਮੀਦ ਨਾਲ ਕੀਤੀ ਗਈ ਸੀ ਕਿ ਇਸ ਤਰ੍ਹਾਂ ਉੱਚੀਆਂ ਜਾਤਾਂ ਨੂੰ ਉੱਤਰੀ ਭਾਰਤ ਵਿਚ ਵੀ ਬਹੁਤ ਹੀ ਮਾਮੂਲੀ ਘੱਟਗਿਣਤੀ ਵਜੋਂ ਦਿਖਾਇਆ ਜਾ ਸਕੇਗਾ। ਕਾਂਗਰਸ ਆਗੂ ਰਾਹੁਲ ਗਾਂਧੀ ਨੇ ਕਾਫ਼ੀ ਪਛੜ ਕੇ ਮੰਡਲ ਦਾ ਮੁੱਦਾ ਵੀ ਅਪਣਾਇਆ ਜਿਸ ਦੀ ਪਛੜੇ ਵਰਗਾਂ ਵਿਚ ਬਹੁਤ ਅਹਿਮੀਅਤ ਹੈ ਪਰ ਇਸ ਦੇ ਬਾਵਜੂਦ ਜਾਤ ਆਧਾਰਿਤ ਮਰਦਮਸ਼ੁਮਾਰੀ ਦਾ ਮੁੱਦਾ ਹਿੰਦੀ ਖੇਤਰ ਦੇ ਸੂਬਿਆਂ ਰਾਜਸਥਾਨ, ਛੱਤੀਸਗੜ੍ਹ ਤੇ ਮੱਧ ਪ੍ਰਦੇਸ਼ ਵਿਚ ਪਿਛਲੇ ਦਸੰਬਰ ਵਿਚ ਹੋਈਆਂ ਵਿਧਾਨ ਸਭਾਈ ਚੋਣਾਂ ਵਿਚ ਨਹੀਂ ਚੱਲਿਆ। ਭਾਜਪਾ ਇਸ ਖੇਡ ਵਿਚ ਕਾਂਗਰਸ ਅਤੇ ਸਮਾਜਵਾਦੀਆਂ ਨੂੰ ਬਹੁਤ ਪਹਿਲਾਂ ਮਾਤ ਦੇ ਚੁੱਕੀ ਹੈ।

ਹੁਣ 'ਇੰਡੀਆ' ਲਈ ਬਾਕੀ ਕੀ ਬਚਿਆ ਹੈ? ਹੁਣ ਖੇਤਰੀ ਪਾਰਟੀਆਂ ਕਾਂਗਰਸ ਨਾਲ ਜੁੜਨ ਲਈ ਆਪਣੀਆਂ ਸ਼ਰਤਾਂ ਰੱਖ ਰਹੀਆਂ ਹਨ; ਕਿਸੇ ਸਮੇਂ ਕਾਂਗਰਸ ਨੂੰ ਉਮੀਦ ਸੀ ਕਿ ਉਹ ਗੱਠਜੋੜ ਦੀ ਅਗਵਾਈ ਕਰ ਸਕੇਗੀ। ਤ੍ਰਿਣਮੂਲ ਕਾਂਗਰਸ ਪਹਿਲਾਂ ਹੀ ਆਖ ਚੁੱਕੀ ਹੈ ਕਿ ਉਹ ਪੱਛਮੀ ਬੰਗਾਲ ਵਿਚ ਕਾਂਗਰਸ ਤੇ ਖੱਬੇ ਮੋਰਚੇ ਤੋਂ ਬਿਨਾਂ ਇਕੱਲਿਆਂ ਚੋਣਾਂ ਲੜੇਗੀ। ਤਾਮਿਲਨਾਡੂ ਵਿਚ ਮੁੱਖ ਮੰਤਰੀ ਤੇ ਡੀ.ਐੱਮ.ਕੇ. ਮੁਖੀ ਐੱਮ.ਕੇ. ਸਟਾਲਿਨ ਕਿਸੇ ਦੀ ਪ੍ਰਵਾਹ ਨਹੀਂ ਕਰਦੇ। 'ਇੰਡੀਆ' ਵਿਚਲੇ ਉਹ ਇਕੋ-ਇਕ ਅਜਿਹੇ ਆਗੂ ਹਨ ਜਿਨ੍ਹਾਂ ਧਰਮ ਨਾਲ ਸਬੰਧਿਤ ਮੁੱਦਿਆਂ ਉੱਤੇ ਭਾਜਪਾ ਨੂੰ ਵੰਗਾਰਿਆ ਹੈ, ਉਹ ਜਾਣਦੇ ਹਨ ਕਿ ਇਸ ਨਾਲ ਉਨ੍ਹਾਂ ਦੇ ਲੋਕ ਅਤੇ ਵੋਟ ਆਧਾਰ ਉੱਤੇ ਕੋਈ ਅਸਰ ਨਹੀਂ ਪਵੇਗਾ।

ਮਹਾਰਾਸ਼ਟਰ ਵਿਚ ਸ਼ਰਦ ਪਵਾਰ (ਨੈਸ਼ਨਲਿਸਟ ਕਾਂਗਰਸ ਪਾਰਟੀ) ਅਤੇ ਊਧਵ ਠਾਕਰੇ (ਸ਼ਿਵ ਸੈਨਾ-ਯੂ.ਬੀ.ਟੀ.) ਇਕੋ ਸਥਿਤੀ ਵਿਚ ਦਿਖਾਈ ਦਿੰਦੇ ਹਨ; ਉਨ੍ਹਾਂ ਦੀ ਭਾਈਵਾਲ ਕਾਂਗਰਸ ਇਕਮੁੱਠਤਾ ਨਾਲ ਕੰਮ ਕਰਨ ਲਈ ਜੂਝ ਰਹੀ ਹੈ। ਉੱਤਰ ਪ੍ਰਦੇਸ਼ ਵਿਚ ਪਹਿਲਾਂ ਹੀ ਹਾਲਾਤ ਅਸਥਿਰ ਹਨ ਅਤੇ ਇਸ ਨੂੰ ਸਮਾਜਵਾਦੀ ਪਾਰਟੀ ਨੇ ਹੋਰ ਉਲਝਾ ਦਿੱਤਾ ਜਦੋਂ ਉਸ ਨੇ ਸੂਬੇ ਦੀਆਂ 80 ਲੋਕ ਸਭਾ ਸੀਟਾਂ ਵਿਚੋਂ ਕਾਂਗਰਸ ਨੂੰ ਮਹਿਜ਼ ਦਰਜਨ ਸੀਟਾਂ ਦੇਣ ਤੋਂ ਵੀ ਨਾਂਹ ਕਰ ਦਿੱਤੀ। ਇਸੇ ਤਰ੍ਹਾਂ ਆਮ ਆਦਮੀ ਪਾਰਟੀ ਦਾ ਵੀ ਪੰਜਾਬ, ਹਰਿਆਣਾ ਤੇ ਦਿੱਲੀ ਵਿਚ ਕਾਂਗਰਸ ਨਾਲ ਇੱਟ-ਖੜਿੱਕਾ ਚੱਲ ਰਿਹਾ ਹੈ। ਉੱਤਰੀ ਭਾਰਤ ਵਿਚ ਪੰਜਾਬ, ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਹੀ ਅਜਿਹੇ ਸੂਬੇ ਹਨ ਜਿਥੇ ਕਾਂਗਰਸ ਕੁਝ ਵਧੀਆ ਕਾਰਗੁਜ਼ਾਰੀ ਦਿਖਾਉਣ ਦੀ ਤਵੱਕੋ ਕਰ ਸਕਦੀ ਹੈ ਬਸ਼ਰਤੇ ਇਸ ਨੂੰ ਲੋੜੀਂਦੀ ਥਾਂ ਮਿਲ ਜਾਵੇ।

ਖੇਤਰੀ ਪਾਰਟੀਆਂ ਦੀ ਆਪਣੀ ਉਲਝਣ ਹੈ। ਇਹ ਕਦੇ ਵੀ ਪੂਰੀ ਤਰ੍ਹਾਂ ਵਿਚਾਰਧਾਰਾ ਤੋਂ ਪ੍ਰੇਰਿਤ ਨਹੀਂ ਹੁੰਦੀਆਂ ਅਤੇ ਉਨ੍ਹਾਂ ਨੂੰ ਆਪਣੇ ਪ੍ਰਭਾਵ ਵਾਲੇ ਸੀਮਤ ਖੇਤਰ ਵਿਚ ਖ਼ੁਦ ਨੂੰ ਸਾਬਤ ਕਰਨਾ ਹੁੰਦਾ ਹੈ: ਪੱਛਮੀ ਬੰਗਾਲ ਵਿਚ ਮਮਤਾ ਬੈਨਰਜੀ, ਦਿੱਲੀ ਤੇ ਪੰਜਾਬ ਵਿਚ ਅਰਵਿੰਦ ਕੇਜਰੀਵਾਲ, ਯੂ.ਪੀ. ਵਿਚ ਅਖਿਲੇਸ਼ ਯਾਦਵ ਤੇ ਜੈਅੰਤ ਚੌਧਰੀ, ਬਿਹਾਰ ਵਿਚ ਲਾਲੂ ਪ੍ਰਸਾਦ ਯਾਦਵ ਤੇ ਤੇਜੱਸਵੀ ਯਾਦਵ ਅਤੇ ਹੋਰ ਬਹੁਤ ਸਾਰੀਆਂ ਪਾਰਟੀਆਂ ਦੀ ਇਹੋ ਸਥਿਤੀ ਹੈ। ਪੰਜਾਬ ਤੇ ਹਰਿਆਣਾ ਨੂੰ ਛੱਡ ਕੇ ਬਾਕੀ ਸੂਬੇ ਅਜਿਹੇ ਹਨ ਜਿਥੋਂ ਕਾਂਗਰਸ ਬੜਾ ਚਿਰ ਪਹਿਲਾਂ ਹੀ ਮੁਕਾਬਲੇ ਤੋਂ ਬਾਹਰ ਹੋ ਚੁੱਕੀ ਹੈ। ਇਸ ਦੇ ਬਾਵਜੂਦ ਪਾਰਟੀ ਮਹਿਜ਼ ਇਸ ਆਧਾਰ ਉੱਤੇ ਆਪਣੀ ਜ਼ਮੀਨੀ ਸਮਰੱਥਾ ਤੋਂ ਕਿਤੇ ਜ਼ਿਆਦਾ ਲਾਲਸਾਵਾਂ ਰੱਖਦੀ ਹੈ ਕਿ ਅਜੇ ਵੀ ਤਾਕਤਵਰ ਭਾਜਪਾ ਦੇ ਮੁਕਾਬਲੇ ਸਿਰਫ਼ ਉਹੋ ਪੂਰੇ ਦੇਸ਼ ਵਿਚ ਤਾਕਤ ਵਜੋਂ ਕਾਇਮ ਹੈ।

ਰਾਹੁਲ ਗਾਂਧੀ ਦੀ ਆਪਣੀ ਭਾਰਤ ਜੋੜੋ ਯਾਤਰਾ ਦਾ ਦੂਜਾ ਸੰਸਕਰਨ ਸ਼ੁਰੂ ਕਰਨ ਦੀ ਮਜਬੂਰੀ ਤੋਂ ਹੋਰ ਕੀ ਸਮਝਿਆ ਜਾ ਸਕਦਾ ਹੈ? ਇਸ ਰਾਹੀਂ ਇਕ ਪਾਸੇ ਉਹ ਆਪਣੀ ਲੀਡਰਸ਼ਿਪ ਨੂੰ ਵਾਜਿਬ ਠਹਿਰਾਉਣਾ ਚਾਹੁੰਦੇ ਹਨ ਅਤੇ ਨਾਲ ਹੀ ਵਿਧਾਨ ਸਭਾ ਚੋਣਾਂ ਵਿਚ ਹੋਈ ਹਾਰ ਕਾਰਨ ਨਿਢਾਲ ਪਾਰਟੀ ਨੂੰ ਲੋੜੀਂਦੀ ਤਾਕਤ ਦੇਣਾ ਚਾਹੁੰਦੇ ਹਨ। ਜਾਪਦਾ ਹੈ, ਗਾਂਧੀ ਪਰਿਵਾਰ ਨੇ ਜੇ.ਡੀ.ਯੂ. ਤੱਕ ਪਹੁੰਚ ਨਾ ਕਰ ਕੇ ਜਾਂ ਕਾਂਗਰਸ ਵੱਲੋਂ ਨਿਤੀਸ਼ ਕੁਮਾਰ ਨੂੰ ਅਣਡਿੱਠ ਕੀਤੇ ਜਾਣ ਦੇ ਮੱਦੇਨਜ਼ਰ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਸ਼ਾਂਤ ਕਰਨ ਲਈ ਕੋਈ ਕਦਮ ਨਾ ਉਠਾ ਕੇ, 'ਇੰਡੀਆ' ਦੀ ਸਥਾਪਨਾ ਤੋਂ ਬਾਅਦ ਕੀਤੀ ਥੋੜ੍ਹੀ-ਬਹੁਤ ਪੇਸ਼ਕਦਮੀ ਨੂੰ ਵੀ ਇਕ ਤਰ੍ਹਾਂ ਖ਼ੁਦ ਹੀ ਜਾਣ ਬੁੱਝ ਕੇ ਖੂਹ-ਖਾਤੇ ਪਾ ਦਿੱਤਾ।

ਦੱਸਿਆ ਜਾਂਦਾ ਹੈ ਕਿ ਗਾਂਧੀ ਪਰਿਵਾਰ ਸਿਰਫ਼ ਲਾਲੂ ਪ੍ਰਸਾਦ ਯਾਦਵ ਦੀ ਹੀ ਸੁਣ ਰਿਹਾ ਸੀ ਜਿਸ ਨੂੰ ਨਿਤੀਸ਼ ਕੁਮਾਰ ਨੇ 'ਇੰਡੀਆ' ਦੇ ਸਹਿ-ਬਾਨੀ ਅਤੇ ਕੁਲੀਸ਼ਨ ਦੇ ਸਹਿ-ਨਿਰਮਾਤਾ ਹੋਣ ਦੇ ਆਪਣੇ ਰੁਤਬੇ ਵਜੋਂ ਖ਼ੁਦ ਲਈ ਅਪਮਾਨਜਨਕ ਮਹਿਸੂਸ ਕੀਤਾ।

ਇੰਝ ਜਾਪਦਾ ਹੈ, ਭਾਜਪਾ ਦੀ ਉੱਤਰੀ ਭਾਰਤ ਵਿਚ ਹੂੰਝਾ-ਫੇਰੂ ਜਿੱਤ ਤੋਂ ਬਾਅਦ ਇਸ ਦੇ ਹੱਕ ਵਿਚ ਹੋ ਰਹੀ ਇਕ ਹੋਰ ਵਿਸ਼ਾਲ ਲਾਮਬੰਦੀ, ਅਯੁੱਧਿਆ ਵਿਚ ਰਾਮ ਮੰਦਰ ਸਬੰਧੀ ਵੱਡੇ ਪੱਧਰ 'ਤੇ ਕੀਤੀ ਨੁਮਾਇਸ਼, ਪਾਰਟੀ ਦੇ ਹੱਕ ਵਿਚ ਸੰਭਵ ਹਿੰਦੂ ਧਰੁਵੀਕਰਨ, ਸਭ ਤੋਂ ਜ਼ਿਆਦਾ ਅਹਿਮ ਇਸ ਮੁੱਖ ਖੇਤਰ ਵਿਚ ਪਛੜੇ ਵਰਗਾਂ ਦੇ ਸ਼ਕਤੀਕਰਨ ਲਈ ਮੋਹਰੀ ਭੂਮਿਕਾ ਨਿਭਾਉਣ ਵਾਲੇ ਬਿਹਾਰ ਦੇ ਸਾਬਕਾ ਮੁੱਖ ਮੰਤਰੀ ਕਰਪੂਰੀ ਠਾਕੁਰ ਨੂੰ ਭਾਰਤ ਰਤਨ ਦਾ ਐਵਾਰਡ ਦਿੱਤਾ ਜਾਣ ਆਦਿ ਘਟਨਾ ਚੱਕਰਾਂ ਤੋਂ ਰਾਹੁਲ ਗਾਂਧੀ ਉੱਕਾ ਹੀ ਅਣਜਾਣ ਸਨ। ਕਰਪੂਰੀ ਠਾਕੁਰ ਦੇ ਇਸ ਸਨਮਾਨ ਨੂੰ ਹੀ ਨਿਤੀਸ਼ ਕੁਮਾਰ ਦੀ ਐੱਨ.ਡੀ.ਏ. ਵਿਚ 'ਘਰ ਵਾਪਸੀ' ਦੀ ਮੁੱਖ ਵਜ੍ਹਾ ਕਰਾਰ ਦਿੱਤਾ ਗਿਆ।

'ਇੰਡੀਆ' ਦੇ ਚੇਅਰਪਰਸਨ ਵਜੋਂ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਔਖੀ ਘੜੀ ਵਿਚ ਗੱਠਜੋੜ ਦੇ ਭਾਈਵਾਲਾਂ ਤੱਕ ਪਹੁੰਚ ਕੀਤੀ ਹੈ। ਸਮੱਸਿਆ ਇਹ ਹੈ ਕਿ ਉਨ੍ਹਾਂ ਨੂੰ ਗਾਂਧੀ ਪਰਿਵਾਰ ਦੇ ਪੈਰੋਕਾਰ ਵਜੋਂ ਹੀ ਦੇਖਿਆ ਜਾਂਦਾ ਹੈ, ਉਹ ਇਸੇ ਗੱਲ ਲਈ ਸਾਲਸ ਬਣੇ ਹੋਏ ਹਨ ਕਿ ਕਾਂਗਰਸ ਵਿਰੋਧੀ ਧਿਰ ਨੂੰ ਕਿਵੇਂ ਆਕਾਰ ਦਿੰਦੀ ਹੈ, ਨਾਲ ਹੀ ਖੇਤਰੀ ਭਾਈਵਾਲਾਂ ਨਾਲ ਆਪਣੀਆਂ ਗਿਣਤੀਆਂ-ਮਿਣਤੀਆਂ ਕਿਵੇਂ ਬਿਠਾਉਂਦੀ ਹੈ। ਮਮਤਾ ਬੈਨਰਜੀ, ਅਰਵਿੰਦ ਕੇਜਰੀਵਾਲ ਤੇ ਹੋਰ ਆਗੂਆਂ ਨੂੰ ਇੰਡੀਆ ਦੇ ਲੀਡਰ ਵਜੋਂ ਰਾਹੁਲ ਗਾਂਧੀ ਮਨਜ਼ੂਰ ਨਹੀਂ। ਸਹੀ ਹੋਵੇ ਭਾਵੇਂ ਗ਼ਲਤ ਪਰ ਉਹ ਆਪਣੇ ਆਪ ਨੂੰ ਕਾਂਗਰਸ ਦੇ ਬਰਾਬਰ ਮੰਨਦੇ ਹਨ। ਇਸ ਲਈ ਜਦੋਂ ਤੱਕ ਸੰਤੁਲਿਤ ਸਮੀਕਰਨਾਂ ਦੀ ਨੀਂਹ ਨਹੀਂ ਰੱਖ ਲਈ ਜਾਂਦੀ, ਉਦੋਂ ਤੱਕ ਇਸ ਤਜਰਬੇ ਦਾ ਨਾਕਾਮ ਹੋਣਾ ਤੈਅ ਹੈ।

# ਅਕਾਦਮਿਕ ਆਜ਼ਾਦੀਆਂ ਦੇ ਮਸਲੇ

ਡਾ. ਬਲਜਿੰਦਰ
ਫੋਨ: +91-94170-79720

ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀ ਨਵੀਂ ਲਾਗੂ ਕੀਤੀ ਕੌਮੀ ਵਿੱਦਿਆ ਨੀਤੀ ਨੇ ਆਪਣੇ ਰੰਗ ਦਿਖਾਉਣੇ ਸ਼ੁਰੂ ਦਿੱਤੇ ਹਨ। ਯੂਨੀਵਰਸਿਟੀਆਂ ਵਰਗੇ ਉੱਚ ਸਿੱਖਿਆ ਦੇ ਅਦਾਰਿਆਂ ਨੂੰ ਮਿਲਣ ਵਾਲੀ ਅਕਾਦਮਿਕ ਆਜ਼ਾਦੀਆਂ ਨੂੰ ਖੋਰਾ ਲਾ ਕੇ ਉਹਨਾਂ ਨੂੰ ਹਾਕਮ ਪਾਰਟੀ ਦੇ ਪ੍ਰਾਪੇਗੰਡੇ ਦਾ ਸਾਧਨ ਬਣਾਇਆ ਜਾ ਰਿਹਾ ਹੈ।

ਉੱਚ ਸਿੱਖਿਆ 'ਤੇ ਨਿਗਰਾਨੀ ਅਤੇ ਉਸ ਨੂੰ ਗ੍ਰਾਂਟਾਂ ਦੇਣ ਵਾਲੇ ਅਦਾਰੇ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂ.ਜੀ.ਸੀ.) ਨੇ ਮੁਲਕ ਭਰ ਦੇ ਵਿਦਿਅਕ ਅਦਾਰਿਆਂ- ਯੂਨੀਵਰਸਿਟੀਆਂ ਤੇ ਕਾਲਜਾਂ ਨੂੰ ਹਦਾਇਤ ਕੀਤੀ ਹੈ ਕਿ ਉਹ ਆਪਣੇ ਕੈਂਪਸ ਅੰਦਰ 'ਬੇਟੀ ਬਚਾਓ ਬੇਟੀ ਪੜ੍ਹਾਓ' ਦੇ ਲੋਗੋ, ਭਾਵ ਨਾਅਰਿਆਂ ਨੂੰ ਪ੍ਰਮੁੱਖਤਾ ਨਾਲ ਲਗਾਉਣ। ਕੇਂਦਰੀ ਹਕੂਮਤ ਵੱਲੋਂ ਉੱਚ ਵਿੱਦਿਅਕ ਅਦਾਰਿਆਂ ਦੀਆਂ ਅਕਾਦਮਿਕ ਆਜ਼ਾਦੀਆਂ ਖੋਹਣ ਦੀ ਇਹ ਕੋਈ ਪਹਿਲੀ ਕੋਸ਼ਿਸ਼ ਨਹੀਂ; ਇਸ ਤੋਂ ਪਹਿਲਾਂ ਵੀ ਅਜਿਹੀਆਂ ਕੋਸ਼ਿਸ਼ਾਂ ਨੂੰ ਅੰਜਾਮ ਦਿੱਤਾ ਜਾ ਚੁੱਕਿਆ ਹੈ।

ਸਤੰਬਰ 2023 ਵਿਚ ਜੀ-20 ਮੀਟਿੰਗਾਂ ਅਤੇ ਸਵੱਛ ਭਾਰਤ ਮੁਹਿੰਮ ਬਾਰੇ ਵੀ ਆਪਣੇ ਵਿਦਿਆਰਥੀਆਂ ਨੂੰ ਜਾਣੂ ਕਰਾਉਣ ਦੇ ਮਕਸਦ ਨਾਲ ਇਹਨਾਂ ਬਾਰੇ ਆਪਣੇ ਕੈਂਪਸ ਅੰਦਰ ਪ੍ਰਚਾਰ ਕਰਨ ਦੇ ਹੁਕਮ ਦਿੱਤੇ ਸਨ। ਪਹਿਲੀ ਦਸੰਬਰ 2023 ਨੂੰ ਯੂ.ਜੀ.ਸੀ. ਦੀ ਇੱਕ ਚਿੱਠੀ ਰਾਹੀਂ ਇਹ ਹੁਕਮ ਸੁਣਾਇਆ ਕਿ ਰੇਲਵੇ ਸਟੇਸ਼ਨਾਂ 'ਤੇ ਬਣਾਏ ਸੈਲਫੀ ਪੁਆਇੰਟ ਦੀ ਤਰਜ਼ 'ਤੇ ਪ੍ਰਧਾਨ ਮੰਤਰੀ ਦੀ ਵੱਡ-ਅਕਾਰੀ ਫੋਟੋ ਆਪਣੇ ਕੈਂਪਸ ਅੰਦਰ ਲਾ ਕੇ ਸੈਲਫੀ ਪੁਆਇੰਟ ਬਣਾਇਆ ਜਾਵੇ ਤਾਂ ਕਿ ਨੌਜਵਾਨਾਂ ਅੰਦਰ ਇਹ ਸੰਚਾਰ ਕੀਤਾ ਜਾ ਸਕੇ ਕਿ ਭਾਰਤ ਕਿਵੇਂ ਕੌਮਾਂਤਰੀ ਪੱਧਰ 'ਤੇ ਮੱਲਾਂ ਮਾਰ ਰਿਹਾ ਹੈ। ਕਹਿਣ ਨੂੰ ਤਾਂ ਇਹ ਨਿਰਦੇਸ਼ ਕੌਮੀ ਸਿੱਖਿਆ ਨੀਤੀ-2020 ਤਹਿਤ ਜਾਰੀ ਕੀਤੇ ਗਏ ਹਨ ਪਰ ਇਹ ਉਹੀ ਖ਼ਦਸ਼ੇ ਹਨ ਜਿਹਨਾਂ ਬਾਬਤ ਵਿੱਦਿਅਕ ਮਾਹਿਰਾਂ, ਅਧਿਆਪਕਾਂ, ਵਿਦਿਆਰਥੀਆਂ ਸਮੇਤ ਜਮਹੂਰੀ ਹੱਕਾਂ ਲਈ ਸਰਗਰਮ ਜੱਥੇਬੰਦੀਆਂ ਤੇ ਹੋਰਨਾਂ ਇਨਸਾਫਪਸੰਦ ਲੋਕਾਂ ਨੇ ਇਸ ਨੀਤੀ ਦੇ ਖਰੜੇ ਦੇ ਜਾਰੀ ਹੋਣ ਦੇ ਤੁਰੰਤ ਬਾਅਦ ਜ਼ਾਹਰ ਕਰ ਦਿੱਤੇ ਸਨ ਕਿ ਇਹ ਨੀਤੀ ਵਿੱਦਿਆ ਦੇ ਮਿਆਰ ਨੂੰ ਗਿਰਾਵਟ ਵੱਲ ਲੈ ਜਾਵੇਗੀ ਤੇ ਅਕਾਦਮਿਕ ਆਜ਼ਾਦੀਆਂ ਨੂੰ ਖੋਰਾ ਲਾਵੇਗੀ।

ਇਸ 'ਚ ਕੋਈ ਦੋ ਰਾਵਾਂ ਨਹੀਂ ਕਿ ਯੂਨੀਵਰਸਿਟੀ ਵਿਚਲਾ ਅਕਾਦਮਿਕ ਮਾਹੌਲ ਅਤੇ ਖੁੱਲ੍ਹ ਹੀ ਉੱਚ ਪਾਏ ਦੀ ਪੜ੍ਹਾਈ ਦੀ ਅਤੇ ਨਵੀਆਂ ਖੋਜਾਂ ਲਈ ਰਾਹ ਪੱਧਰਾ ਕਰਦੀ ਹੈ ਪਰ ਸਰਕਾਰ ਦੇ ਇਹ ਦਾਅਪੇਚ ਅਕਾਦਮਿਕ ਆਜ਼ਾਦੀਆਂ ਦਾ ਗਲ ਘੁੱਟਦੇ ਹਨ ਅਤੇ ਉਹਨਾਂ ਨੂੰ ਆਪਣੇ ਸਿਆਸੀ ਏਜੰਡਿਆਂ ਦੇ ਪ੍ਰਚਾਰ ਲਈ ਬਣਾਏ ਅਦਾਰਿਆਂ ਵਾਂਗ ਵਰਤ ਰਹੇ ਹਨ। ਆਜ਼ਾਦ ਸੋਚ ਦੇ ਇਹਨਾਂ ਅਦਾਰਿਆਂ ਨੂੰ ਬੰਨ੍ਹ ਮਾਰਿਆ ਜਾ ਰਿਹਾ ਹੈ ਅਤੇ ਬਹੁਰੰਗੀ ਸੋਚ ਦੀ ਥਾਂ ਇੱਕਰੰਗੀ ਸੋਚ ਠੋਸਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਜਿਹਨਾਂ ਅੰਦਰ ਆਪਣੀ ਗੱਲ ਰੱਖਣ ਦੀ ਕੋਈ ਗੁੰਜਾਇਸ਼ ਬਾਕੀ ਨਹੀਂ ਹੈ।

ਲੰਘੇ ਵਰ੍ਹੇ ਅਜਿਹੇ ਕਈ ਮੌਕੇ ਆਏ ਜਦੋਂ ਇਹਨਾਂ ਆਜ਼ਾਦੀਆਂ ਨੂੰ ਖੋਰਾ ਲੱਗਦਾ ਦੇਖਿਆ ਜਾ ਸਕਦਾ ਹੈ। ਚੋਟੀ ਦੇ ਅਦਾਰੇ ਇੰਡੀਅਨ ਇੰਸਟੀਚਿਊਟ ਆਫ ਸਾਇੰਸ ਨੂੰ ਕੈਂਪਸ ਅੰਦਰ ਯੂਏਪੀਏ ਦੇ ਮਾਮਲੇ 'ਤੇ ਬਹਿਸ ਕਰਨ ਲਈ ਇੱਥੋਂ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਦੀ ਹੋ ਰਹੀ ਇੱਕੱਤਰਤਾ ਰੱਦ ਕਰਨ ਦੇ ਹੁਕਮ ਸੁਣਾਏ ਗਏ। ਪਿਛਲੀ ਮਾਰਚ ਵਿਚ ਜਵਾਹਰ ਲਾਲ ਯੂਨੀਵਰਸਿਟੀ ਨੇ ਆਪਣੇ ਕੈਂਪਸ ਅੰਦਰ ਆਵਾਜ਼ ਉਠਾਉਣ ਵਾਲੇ ਵਿਦਿਆਰਥੀਆਂ 'ਤੇ 20000 ਰੁਪਏ ਜੁਰਮਾਨਾ ਠੋਕ ਦਿੱਤਾ ਭਾਵੇਂ ਬਾਅਦ ਵਿਚ ਇਸ ਨੂੰ ਵਾਪਸ ਲੈ ਲਿਆ ਗਿਆ। ਨਿੱਜੀ ਖੇਤਰ ਦੀ ਦਿੱਲੀ ਨੇੜਲੀ ਅਸ਼ੋਕਾ ਯੂਨੀਵਰਸਿਟੀ ਦੇ ਇੱਕ ਪ੍ਰੋਫੈਸਰ ਨੂੰ ਆਪਣੇ ਅਹੁਦੇ ਤੋਂ ਅਸਤੀਫਾ ਦੇਣਾ ਪਿਆ ਕਿਉਂਕਿ ਉਸ ਨੇ ਆਪਣੇ ਇੱਕ ਪਰਚੇ ਵਿਚ ਭਾਜਪਾ ਵਲੋਂ ਬਹੁਗਿਣਤੀ ਨਾਲ 2019 ਵਿਚ ਚੋਣਾਂ ਜਿੱਤਣ 'ਤੇ ਆਪਣੇ ਵਿਚਾਰ ਪ੍ਰਗਟ ਕੀਤੇ ਸਨ।

ਜਦੋਂ ਗੱਲ ਅਕਾਦਮਿਕ ਆਜ਼ਾਦੀਆਂ ਨੂੰ ਖੋਹਣ ਦੀ ਆਉਂਦੀ ਹੈ ਤਾਂ ਸੂਬਾਈ ਤੇ ਕੇਂਦਰੀ ਹਕੂਮਤਾਂ ਵੱਲੋਂ ਦਿਖਾਈ ਕਾਰਕਰਦਗੀ 'ਚ ਕੋਈ ਵਖਰੇਵਾਂ ਨਹੀਂ ਰਹਿ ਜਾਂਦਾ। ਸੂਬਾਈ ਸਰਕਾਰਾਂ ਦੇ ਅਧਿਕਾਰ ਹੇਠਲੀਆਂ ਯੂਨੀਵਰਸਿਟੀਆਂ 'ਚ ਵਾਈਸ ਚਾਂਸਲਰਾਂ ਅਤੇ ਹੋਰਨਾਂ ਉੱਚ ਅਧਿਕਾਰੀਆਂ ਦੀਆਂ ਨਿਯੁਕਤੀਆਂ, ਤਬਾਦਲੇ, ਯੂਨੀਵਰਸਿਟੀਆਂ ਨੂੰ ਮਾਲੀ ਤੇ ਹੋਰ ਸਹੂਲਤਾਂ ਦੇਣੀਆਂ, ਇਹ ਸਰਕਾਰੀ ਮਿਹਰ 'ਤੇ ਨਿਰਭਰ ਕਰਦਾ ਹੈ ਨਾ ਕਿ ਯੂਨੀਵਰਸਿਟੀ ਪੱਧਰ 'ਤੇ ਕੋਈ ਸਕੀਮ ਬਣਾ ਕੇ ਭੇਜੀ ਜਾਂਦੀ ਹੈ ਤੇ ਪੜਤਾਲ ਉਪਰੰਤ ਸਰਕਾਰ ਉਸ ਦੀ ਕਿਸੇ ਗਰਾਂਟ ਜਾਂ ਹੋਰ ਨਿਯੁਕਤੀ ਵਗੈਰਾ ਨੂੰ ਮਨਜ਼ੂਰੀ ਦਿੰਦੀ ਹੈ।

ਯੂ.ਜੀ.ਸੀ. ਐਕਟ-1956 ਤਹਿਤ ਸਥਾਪਤ ਕੀਤਾ ਗਿਆ ਯੂਜੀਸੀ ਅਜਿਹਾ ਅਦਾਰਾ ਹੈ ਜਿਸ ਦਾ ਕਾਰਜ ਉੱਚ ਪੱਧਰ ਦੀ ਪੜ੍ਹਾਈ ਦੀ ਸਮੀਖਿਆ ਤੇ ਸਿਲੇਬਸ ਤਿਆਰ ਕਰਨਾ, ਇਹਦੇ ਮਿਆਰ ਸਥਾਪਤ ਕਰਨਾ, ਫੀਸਾਂ ਤੈਅ ਕਰਨਾ, ਖੋਜ ਕਾਰਜਾਂ ਤੇ ਲੋੜਾਂ ਲਈ ਸਰਕਾਰੀ ਸਹਾਇਤਾ ਨੂੰ ਰੈਗੂਲੇਟ ਕਰ ਕੇ ਅਲੱਗ ਅਲੱਗ ਅਦਾਰਿਆਂ ਨੂੰ ਸਹਾਇਤਾ ਮੁਹੱਈਆ ਕਰਾਉਣਾ, ਯੂਨੀਵਰਸਿਟੀਆਂ ਲਈ ਹੋਰ ਸਾਰੇ ਮਿਆਰ ਸਥਾਪਤ ਕਰਨਾ ਹੈ ਪਰ ਮੌਜੂਦਾ ਸਰਕਾਰ ਅਧੀਨ ਇਸ ਖ਼ੁਦਮੁਖ਼ਤਾਰ ਅਦਾਰੇ ਨੂੰ ਮਹਿਜ਼ ਸਰਕਾਰੀ ਨੀਤੀਆਂ ਦਾ ਵਾਹਕ ਬਣਾ ਦਿੱਤਾ ਗਿਆ ਹੈ। ਐਕਟ ਵਿਚ ਕਿਹਾ ਗਿਆ ਹੈ ਕਿ ਇਹ ਯੂਨੀਵਰਸਿਟੀਆਂ ਦੀ ਸਹਿਮਤੀ ਨਾਲ ਵਾਈਸ ਚਾਂਸਲਰਾਂ ਦੀ ਨਿਯੁਕਤੀ ਕਰੇਗਾ ਪਰ ਹੁਣ ਵਾਈਸ ਚਾਂਸਲਰ ਕੌਣ ਨਿਯੁਕਤ ਕਰਦਾ ਹੈ ਅਤੇ ਉਹਨਾਂ ਦੀ ਅਕਾਦਮਿਕ ਯੋਗਤਾ ਕੀ ਹੈ, ਇਸ ਬਾਰੇ ਬਹੁਤਾ ਨਾ ਹੀ ਲਿਖਿਆ ਜਾਵੇ ਤਾਂ ਬਿਹਤਰ ਹੈ ਕਿਉਂਕਿ ਖਾਸ ਵਿਚਾਰਧਾਰਾ ਨੂੰ ਪੱਠੇ ਪਾਉਣ ਵਾਲੇ ਲੋਕ ਹੀ ਇਹਨਾਂ ਉੱਚ ਅਹੁਦਿਆਂ 'ਤੇ ਬਿਰਾਜਮਾਨ ਕੀਤੇ ਜਾ ਰਹੇ ਹਨ।

ਇੱਕ ਹੋਰ ਗੱਲ ਵੀ ਜਾਣਨ ਵਾਲੀ ਹੈ ਕਿ ਨਿਊਜ਼ੀਲੈਂਡ ਦੇ ਸੰਵਿਧਾਨ ਵਾਂਗ ਸਾਡੇ ਸੰਵਿਧਾਨ ਅੰਦਰ ਅਕਾਦਮਿਕ ਆਜ਼ਾਦੀਆਂ ਦੀ ਵਿਸ਼ੇਸ਼ ਰੂਪ 'ਚ ਕੋਈ ਗੱਲ ਨਹੀਂ ਕੀਤੀ ਹੋਈ ਪਰ ਬੁਨਿਆਦੀ ਹੱਕਾਂ ਵਿਚ ਦਰਜ, ਬੋਲਣ ਦੀ ਆਜ਼ਾਦੀ ਤੋਂ ਹੀ ਇਸ ਅਕਾਦਮਿਕ ਆਜ਼ਾਦੀ ਦਾ ਲੱਖਣ ਲਾ ਲਿਆ ਜਾਂਦਾ ਹੈ। ਸੰਵਿਧਾਨ ਅੰਦਰ ਦਰਜ ਇਸ ਮੱਦ ਤਹਿਤ ਮੁਲਕ ਦੀ ਏਕਤਾ, ਅਖੰਡਤਾ, ਅਮਨ-ਕਾਨੂੰਨ ਅਤੇ ਮੁਆਸ਼ਰੇ ਦੇ ਪੱਖ ਤੋਂ ਖ਼ਤਰੇ ਭਾਂਪਦਿਆਂ ਇਸ ਆਜ਼ਾਦੀ ਨੂੰ ਕਦੇ ਵੀ ਖੋਹਿਆ ਜਾ ਸਕਦਾ ਹੈ ਜਿਵੇਂ ਉਪਰਲੀਆਂ ਮਿਸਾਲਾਂ ਤੋਂ ਸਪੱਸ਼ਟ ਹੈ। ਇਸ ਸੰਵਿਧਾਨਕ ਆਜ਼ਾਦੀ 'ਤੇ ਦੇਸ਼ਧ੍ਰੋਹ ਵਾਲੀ ਧਾਰਾ 124 ਤਹਿਤ ਜਾਂ ਫਿਰ ਆਮ ਰੂਪ 'ਚ ਹੀ ਵਰਤੋਂ ਵਿਚ ਲਿਆਂਦੀ ਜਾਂਦੀ ਧਾਰਾ 295 ਤਹਿਤ ਧਾਰਮਿਕ ਭਾਵਨਾਵਾਂ ਭੜਕਾਉਣ ਦੇ ਦੋਸ਼ਾਂ ਤਹਿਤ ਇਸ ਆਜ਼ਾਦੀ 'ਤੇ ਪਾਬੰਦੀਆਂ ਮੜ੍ਹ ਦਿੱਤੀਆਂ ਜਾਂਦੀਆਂ ਹਨ; ਮਤਲਬ, ਸੰਵਿਧਾਨ ਵਿਚਲੀ ਵਿਚਾਰ ਪ੍ਰਗਟ ਕਰਨ ਦੀ ਇਹ ਆਜ਼ਾਦੀ ਸਰਕਾਰ ਦੇ ਰਹਿਮੋ-ਕਰਮ 'ਤੇ ਹੈ।

ਇਹੀ ਕਾਰਨ ਹਨ ਕਿ ਸੰਸਾਰ ਦੀਆਂ ਯੂਨੀਵਰਸਿਟੀਆਂ ਜਦੋਂ ਕੋਈ ਸਰਵੇਖਣ ਜਾਂ ਖੋਜ ਕਾਰਜ ਕਰ ਕੇ ਦੱਸਦੀਆਂ ਹਨ ਕਿ ਭਾਰਤ ਅੰਦਰ ਅਕਾਦਮਿਕ ਆਜ਼ਾਦੀਆਂ ਕਿੰਨੀਆਂ ਕੁ ਹਨ ਤਾਂ ਹੈਰਾਨ ਕਰਨ ਵਾਲੇ ਤੱਥ ਸਾਹਮਣੇ ਆਉਂਦੇ ਹਨ। ਸਵੀਡਨ ਦੀ ਗੋਥਨਬਰੀ ਦੀ ਯੂਨੀਵਰਸਿਟੀ ਦੀ ਇੰਸਟੀਚਿਊਟ ਆਫ ਵੀ-ਡੈੱਮ ਦੇ ਅੰਕੜੇ ਦੱਸਦੇ ਹਨ ਕਿ ਭਾਰਤ ਅੰਦਰ ਅਕਾਦਮਿਕ ਆਜ਼ਾਦੀਆਂ ਦਾ ਅੰਕੜਾ 179 ਮੁਲਕਾਂ ਦੇ ਅੰਕੜਿਆਂ 'ਚੋਂ ਹੇਠਲੇ 30 ਫੀਸਦੀ ਦੇਸ਼ਾਂ 'ਚ ਰਹਿ ਰਿਹਾ ਹੈ। 2 ਫਰਵਰੀ 2023 ਨੂੰ ਜਾਰੀ ਇਸ ਰਿਪੋਰਟ ਵਿਚ ਸਭ ਤੋਂ ਹੇਠਾਂ 0 ਤੋਂ ਸ਼ੁਰੂ ਕਰ ਕੇ ਵੱਧ ਤੋਂ ਵੱਧ 1 ਅੰਕ ਮੁਤਾਬਕ ਸਾਰੇ ਪੱਖਾਂ ਨੂੰ ਪਰਖਿਆ ਗਿਆ ਹੈ। ਇਸ ਮਾਮਲੇ ਵਿਚ ਭਾਰਤ ਨੇ 0.38 ਅੰਕ ਪ੍ਰਾਪਤ ਕੀਤੇ ਹਨ ਜਿਹੜੇ ਪਾਕਿਸਤਾਨ ਦੇ 0.43 ਤੋਂ ਕਿਤੇ ਘੱਟ ਹਨ। ਰਿਪੋਰਟ ਤਿਆਰ ਕਰਨ ਲੱਗਿਆਂ ਵੀ-ਡੈੱਮ ਇੰਸਟੀਚਿਊਟ ਨੇ ਜਿਹਨਾਂ ਮੱਦਾਂ ਨੂੰ ਧਿਆਨ ਵਿਚ ਰੱਖਿਆ ਹੈ, ਉਹ ਹਨ: ਖੋਜ ਕਰਨ ਤੇ ਪੜ੍ਹਾਈ ਕਰਾਉਣ ਦੀ ਆਜ਼ਾਦੀ, ਯੂਨੀਵਰਸਿਟੀਆਂ ਨੂੰ ਅਕਾਦਮਿਕ ਖ਼ੁਦਮੁਖ਼ਤਾਰੀ, ਕੈਂਪਸ ਅੰਦਰ ਸਹੂਲਤਾਂ ਦਾ ਮੁਕੰਮਲ ਹੋਣਾ ਅਤੇ ਕਿਸੇ ਵੀ ਤਰ੍ਹਾਂ ਪਰਖੋਂ ਨਾ ਕੀਤੇ ਜਾਣ ਵਾਲੀ ਗੱਲ ਅਕਾਦਮਿਕ ਤੇ ਸੱਭਿਆਚਾਰਕ ਇਜ਼ਹਾਰ ਨੂੰ ਪ੍ਰਗਟ ਕਰਨ ਦੀ ਆਜ਼ਾਦੀ। ਇਹ ਗੱਲ ਕਹਿਣ ਵਿਚ ਕੋਈ ਰੌਲਾ ਨਹੀਂ ਹੈ ਕਿ ਭਾਰਤੀ ਅਕਾਦਮਿਕ ਆਜ਼ਾਦੀਆਂ ਦੀ ਅਜਿਹੀ ਦੁਰਦਸ਼ਾ 70ਵਿਆਂ ਦੇ ਮੁੱਢ ਵਿਚ ਭਾਵ 1975 ਦੀ ਇੰਦਰਾ ਗਾਂਧੀ ਸਰਕਾਰ ਵੇਲੇ ਥੋਪੀ ਐਮਰਜੈਂਸੀ ਵੇਲੇ ਹੋਈ ਸੀ ਜਦੋਂ ਸਰਕਾਰ ਨੇ ਹਰ ਕਿਸਮ ਦੇ ਵਿਰੋਧ ਉੱਪਰ ਪਾਬੰਦੀਆਂ ਲਾ ਦਿੱਤੀਆਂ ਗਈਆਂ ਸਨ। ਆਰ.ਐੱਸ.ਐੱਸ.-ਭਾਜਪਾ ਨੇ ਉਸ ਵੇਲੇ ਕਾਂਗਰਸ ਦੀਆਂ ਇਹਨਾਂ ਪਾਬੰਦੀਆਂ ਦਾ ਵਿਰੋਧ ਕੀਤਾ ਸੀ ਅਤੇ ਇਹਨਾਂ ਨੂੰ ਤਾਨਾਸ਼ਾਹੀ ਵਾਲੇ ਕਦਮ ਬਿਆਨਿਆ ਸੀ।

ਮੁਲਕ ਭਰ ਦੀਆਂ ਇਨਸਾਫ ਪਸੰਦ ਤੇ ਜਮਹੂਰੀ ਤਾਕਤਾਂ ਸਾਹਮਣੇ ਇਹ ਕਾਰਜ ਹੱਥ ਅੱਡੀ ਖੜ੍ਹਾ ਹੈ ਕਿ ਅਗਰ ਉਹ ਮੁਲਕ ਦੇ ਨੌਜਵਾਨ ਨੂੰ ਸੰਸਾਰ ਦੇ ਹਾਣ ਦਾ ਬਣਾਉਣਾ ਲੋਚਦੇ ਹਨ ਤਾਂ ਉਹਨਾਂ ਨੂੰ ਭਾਜਪਾ ਹਕੂਮਤ ਸੀ 2020 ਵਿਚ ਲਿਆਂਦੀ ਤੇ ਲਾਗੂ ਕੀਤੀ ਨਵੀਂ ਕੌਮੀ ਵਿੱਦਿਆ ਨੀਤੀ ਦੀਆਂ ਬਾਰੀਕੀਆਂ ਨੂੰ ਆਮ ਲੋਕਾਂ, ਵਿਦਿਆਰਥੀਆਂ/ਅਧਿਆਪਕਾਂ ਵਿਚ ਲੈ ਕੇ ਜਾਣਾ ਚਾਹੀਦਾ ਹੈ ਅਤੇ ਇਸ ਖਿਲਾਫ ਵਿਸ਼ਾਲ ਲੋਕਾਈ ਨੂੰ ਲਾਮਬੰਦ ਕਰਨਾ ਚਾਹੀਦਾ ਹੈ।


# ਐਮਰਜੈਂਸੀ ਤੇ ਪ੍ਰਕਾਸ਼ਕ: ਸਮੱਸਿਆਵਾਂ ਦੇ ਰੂ-ਬ-ਰੂ

***ਇਸ ਸੰਸਾਰ ਵਿਚ ਸਭ ਤੋਂ ਕੀਮਤੀ ਸ਼ੈਅ ਆਜ਼ਾਦੀ ਹੈ ਤੇ ਇਤਿਹਾਸ ਦੱਸਦਾ ਕਿ ਮਨੁੱਖ ਨੇ ਹਰ ਮੋੜ ਤੇ ਉਸ ਦਾ ਪੂਰਾ ਮੁੱਲ ਅਦਾ ਕੀਤਾ ਹੈ। -ਕ੍ਰਿਸ਼ਨ ਚੰਦਰ***

***ਇਹ ਲੇਖ ਜਨਸੰਘ (ਅੱਜ ਕੱਲ੍ਹ ਜਿਸ ਦਾ ਨਾਂ ਭਾਰਤੀ ਜਨਤਾ ਪਾਰਟੀ ਹੈ) ਨਾਲ ਜੁੜੇ ਦੀਨਾ ਨਾਥ ਮਲਹੋਤਰਾ ਦਾ ਲਿਖਿਆ ਹੋਇਆ ਹੈ। ਇਸ ਲੇਖ ਵਿਚ ਜੋ ਦਰਜ ਕੀਤਾ ਗਿਆ ਹੈ, ਅੱਜ ਉਹੀ ਕੁਝ ਆਪਣੇ ਵਿਰੋਧੀਆਂ ਨਾਲ ਭਾਰਤੀ ਜਨਤਾ ਪਾਰਟੀ ਕਰ ਰਹੀ ਹੈ। ਅਸਲ ਵਿਚ ਸੱਤਾਧਿਰਾਂ ਆਪਣੇ ਵਿਰੋਧੀਆਂ ਨੂੰ ਇਸੇ ਤਰ੍ਹਾਂ ਹੀ ਟੱਕਰਦੀਆਂ। ਇਸ ਲੇਖ ਵਿਚ ਐਮਰਜੈਂਸੀ ਦੇ ਦਿਨਾਂ ਦੀ ਦਾਸਤਾਨ ਬਿਆਨ ਕੀਤੀ ਗਈ ਹੈ।***

ਫਿਰ ਆਇਆ ਉੱਨੀ ਸੌ ਪਚੱਤਰ ਦਾ ਵਰ੍ਹਾ। ਪੂਰੇ ਦੇਸ਼ 'ਚ ਐਮਰਜੈਂਸੀ ਲਾਗੂ ਕਰ ਦਿੱਤੀ ਗਈ ਤੇ ਅਜੀਬੋ ਗਰੀਬ ਗੱਲਾਂ ਵਾਪਰਨ ਲੱਗ ਪਈਆਂ। ਸਭ ਤੋਂ ਪਹਿਲਾਂ ਕਾਂਗਰਸ ਪਾਰਟੀ ਨੂੰ ਛੱਡ ਕੇ ਬਾਕੀ ਸਾਰੀਆਂ ਪਾਰਟੀਆਂ ਦੇ ਨੇਤਾ ਅਤੇ ਉਨ੍ਹਾਂ ਦੇ ਹਮਦਰਦਾਂ ਨੂੰ ਗ੍ਰਿਫਤਾਰ ਕਰ ਜੇਲ੍ਹਾਂ 'ਚ ਸੁੱਟ ਦਿੱਤਾ ਗਿਆ। ਇਥੋਂ ਤੀਕ ਕਿ ਕੋਈ ਕਾਂਗਰਸੀ ਵੀ ਐਮਰਜੈਂਸੀ ਦੇ ਖਿਲਾਫ਼ ਕੁਸਕਦਾ ਤਾਂ ਉਸ ਨੂੰ ਵੀ ਸਲਾਖਾਂ ਦੇ ਅੰਦਰ ਤਾੜ ਦਿੱਤਾ ਜਾਂਦਾ। ਸ਼ੋਕ ਅਤੇ ਖੌਫ਼ ਦਾ ਮਾਹੌਲ ਉਸਰ ਆਇਆ ਸੀ ਉਦੋਂ।

ਸਾਡੇ ਉਪਰ ਸਭ ਤੋਂ ਪਹਿਲਾਂ ਹਮਲਾ ਉਦੋਂ ਹੋਇਆ ਜਦੋਂ ਮਸ਼ਹੂਰ ਲੇਖਕ ਗੁਰੂ ਦੱਤ ਦੀ ਲਿਖੀ ਹੋਈ ਸਾਡੀ ਇਕ ਕਿਤਾਬ ਦੀਆਂ ਸਾਰੀਆਂ ਕਾਪੀਆਂ ਸਾਡੇ ਪ੍ਰਕਾਸ਼ਨ ਘਰ 'ਚੋਂ ਜ਼ਬਰਦਸਤੀ ਚੁੱਕ ਲਈਆਂ ਗਈਆਂ। ਮੈਨੂੰ ਪੁਲਿਸ ਵਲੋਂ ਸੱਦ ਕੇ ਕਿਹਾ ਗਿਆ ਕਿ



**ਦੀਨਾ ਨਾਥ ਮਲਹੋਤਰਾ**

ਇਹ ਇਕ ਬਹੁਤ ਸੰਗੀਨ ਤੇ ਬਗ਼ਾਵਤ ਭਰਿਆ ਜੁਰਮ ਹੈ ਜਿਸ ਲਈ ਮੈਨੂੰ ਸਲਾਖਾਂ ਪਿੱਛੇ ਵੀ ਡੱਕਿਆ ਜਾ ਸਕਦਾ ਹੈ। ਖ਼ਾਸ ਨਾਮਜ਼ਦ ਕੀਤੇ ਗਏ ਸਰਕਾਰੀ ਪ੍ਰੈਸ ਦੇ ਵਿਅਕਤੀ ਇਸ ਕਿਤਾਬ ਦੀ ਘੋਖ ਕਰ ਰਹੇ ਸਨ ਤੇ ਥਾਂ-ਥਾਂ ਨਿਸ਼ਾਨ ਲਗਾ ਕੇ ਐਸਾ ਨੁਕਤਾ ਤਲਾਸ ਰਹੇ ਸਨ ਜਿਸ ਨੂੰ ਲੈ ਕੇ ਕੋਈ ਕਾਰਵਾਈ ਪਾਈ ਜਾ ਸਕੇ।


ਇਹ ਇਕ ਅਨੋਖਾ ਕਿੱਸਾ ਸੀ ਕਿ ਜੋ ਕਿਤਾਬ ਉਦੋਂ ਤੋਂ ਪੰਜ ਸਾਲ ਪਹਿਲਾਂ ਪ੍ਰਕਾਸ਼ਤ ਹੋਣ ਮਗਰੋਂ ਉਸ ਵੇਲੇ ਤੋਂ ਹੀ ਵਿਕਰੀ ਲਈ ਉਪਲੱਬਧ ਸੀ ਪਰ ਅਚਾਨਕ ਰਾਤੋ-ਰਾਤ ਬਗ਼ਾਵਤ ਦਾ ਕਾਰਨ ਬਣ ਗਈ। ਖੈਰ! ਪੁਲਿਸ ਵਾਲੇ ਪਹਿਲਾਂ ਹੀ ਸਾਡੇ ਪ੍ਰਕਾਸ਼ਨ ਘਰ ਤੇ ਕਿਤਾਬ ਦੇ ਲੇਖਕ ਸ੍ਰੀ ਗੁਰੂ ਦੱਤ ਜੋ ਉਸ ਵੇਲੇ ਚੁਰਾਸੀ ਵਰ੍ਹਿਆਂ ਦੀ ਉਮਰ ਦੇ ਸਨ, ਦੇ ਖਿਲਾਫ਼ ਕੇਸ ਦਰਜ ਕਰ ਚੁੱਕੇ ਸਨ।

ਸਾਨੂੰ ਗੁਰੂ ਦੱਤ ਦੇ ਪੁੱਤਰ ਦਾ ਫੋਨ ਆਇਆ ਤੇ ਉਸ ਦੱਸਿਆ ਕਿ ਉਨ੍ਹਾਂ ਦੇ ਪਿਤਾ ਨੂੰ ਪੁਲਿਸ ਜ਼ਬਰਦਸਤੀ ਚੁੱਕ ਕੇ ਲੈ ਗਈ ਹੈ ਤੇ ਉਨ੍ਹਾਂ ਦੇ ਖਿਲਾਫ ਕੇਸ ਬਣਾ ਉਨ੍ਹਾਂ ਨੂੰ ਤਿਹਾੜ ਜੇਲ੍ਹ ਭੇਜਿਆ ਜਾ ਰਿਹਾ। ਕੇਸ 'ਚ ਕਿਹਾ ਗਿਆ ਕਿ ਉਹ ਆਮ ਲੋਕਾਂ ਨੂੰ ਭਾਸ਼ਣ ਦੇ ਕੇ ਭੜਕਾ ਰਹੇ ਸਨ ਤੇ ਸਰਕਾਰ ਦੀ ਨੁਕਤਾਚੀਨੀ ਕਰਦਿਆਂ ਉਹ ਉਨ੍ਹਾਂ ਲੋਕਾਂ ਨੂੰ ਐਮਰਜੈਂਸੀ ਦੇ ਖਿਲਾਫ਼ ਹੋ ਜਾਣ ਲਈ ਉਕਸਾ ਰਹੇ ਸਨ।

ਅਸੀਂ ਆਪਣੇ ਕਰਤੱਵ ਨੂੰ ਸਮਝਦਿਆਂ ਫੌਰਨ ਲੇਖਕਾਂ ਦਾ ਇਕ ਪ੍ਰਤੀਨਿੰਧ ਮੰਡਲ ਤਿਆਰ ਕਰ ਉਸ ਵੇਲੇ ਦੇ ਗ੍ਰਹਿ ਮੰਤਰੀ ਸ੍ਰੀ ਓਮ ਮਹਿਤਾ ਨੂੰ ਮਿਲਣ ਗਏ। ਸਾਡੇ ਡੈਲੀਗੇਸ਼ਨ 'ਚ ਸ੍ਰੀ ਹਰੀਵੰਸ਼ ਰਾਇ ਬੱਚਨ (ਅਮਿਤਾਬ ਬੱਚਨ ਦੇ ਪਿਤਾ) ਵੀ ਸ਼ਾਮਲ ਸਨ। ਅਸੀਂ ਸਿੱਧੇ ਸ੍ਰੀ ਮਹਿਤਾ ਦੇ ਘਰ ਪ੍ਰਿਥਵੀ ਰਾਜ ਰੋਡ ਜਾ ਉਨ੍ਹਾਂ ਨੂੰ ਸਾਰੀ ਜਾਣਕਾਰੀ ਦਿੱਤੀ। ਉਹ ਖ਼ੁਦ ਹੈਰਾਨ ਸਨ ਕਿ ਗੁਰੂ ਦੱਤ ਨੂੰ ਤਿਹਾੜ ਜੇਲ੍ਹ ਭੇਜਿਆ ਗਿਆ? ਉਨ੍ਹਾਂ ਦੱਸਿਆ ਕਿ ਉਹ ਖ਼ੁਦ ਗੁਰੂ ਦੱਤ ਨੂੰ ਸਲਾਹੁਣ ਵਾਲੇ ਵਿਅਕਤੀ ਰਹੇ ਹਨ ਅਤੇ ਉਨ੍ਹਾਂ ਦੀਆਂ ਕਈ ਕਿਤਾਬਾਂ ਖ਼ੁਦ ਪੜ੍ਹ ਕੇ ਸਲਾਹੀਆਂ ਵੀ ਹਨ। ਉਨ੍ਹਾਂ ਉਸੇ ਵੇਲੇ ਗੁਰੂ ਦੱਤ ਨੂੰ ਰਿਹਾ ਕਰਾਉਣਾ ਮੰਨ ਲਿਆ ਤੇ ਸਿੱਧੇ ਤਿਹਾੜ ਜੇਲ੍ਹ ਆਪਣਾ ਹੁਕਮ ਭੇਜ ਦਿੱਤਾ।

ਬਿਨਾਂ ਕਿਸੇ ਤੁਕ ਜਾਂ ਕਾਰਨ ਲੋਕਾਂ ਦੇ ਖਿਲਾਫ਼ ਅੰਨ੍ਹੇਵਾਹ ਕਾਰਵਾਈ ਕੀਤੀ ਜਾ ਰਹੀ ਸੀ। ਸੈਂਕੜੇ ਹੀ ਨਹੀਂ ਹਜ਼ਾਰਾਂ ਹੋਰ ਐਸੇ ਕੇਸ ਸਨ ਜਿਥੇ ਦੇਸ਼ ਦੇ ਕਾਨੂੰਨ ਨੂੰ ਛਿੱਕੇ 'ਤੇ ਟੰਗ ਇਨਸਾਫ਼ ਤੋਂ ਮੁਨਕਰ ਹੋਇਆ ਜਾ ਰਿਹਾ ਸੀ।

ਸਾਡੇ ਪ੍ਰਕਾਸ਼ਨ ਘਰ ਦੇ ਖਿਲਾਫ਼ ਦਰਜ ਇਸ ਕੇਸ ਦੀ ਪੈਰਵੀ ਵਜੋਂ ਮੈਂ ਦਿੱਲੀ ਦੇ ਮੁੱਖ ਸਕੱਤਰ ਨੂੰ ਮਿਲਣ ਗਿਆ ਜੋ ਫਲੈਗ ਸਟਾਫ਼ ਰੋਡ ਦੇ ਅਖ਼ੀਰਲੇ ਘਰ 'ਚ ਰਹਿੰਦੇ ਸਨ ਤੇ ਮੈਨੂੰ ਲੱਗਦਾ ਸੀ ਕਿ ਉਹ ਮੈਨੂੰ ਮੇਰੇ ਨਾਂ ਨਾਲ ਜਾਣਦੇ ਵੀ ਹਨ ਭਾਵੇਂ ਦੂਰੋਂ ਹੀ ਹੋਵੇ। ਜਿਵੇਂ ਹੀ ਮੈਂ ਉਥੇ ਪਹੁੰਚਿਆ ਉਨ੍ਹਾਂ ਮੈਨੂੰ ਬਹੁਤ ਗਰਮਜੋਸ਼ੀ ਨਾਲ ਮਿਲ ਕੇ ਬਹੁਤ ਆਦਰ-ਭਾਓ ਕੀਤਾ ਪਰ ਜਿਵੇਂ ਹੀ ਮੈਂ ਉਨ੍ਹਾਂ ਨੂੰ ਆਪਣੇ ਆਉਣ ਦਾ ਕਾਰਨ ਦੱਸਿਆ ਤਾਂ ਉਨ੍ਹਾਂ ਦਾ ਲਹਿਜਾ ਇਕਦਮ ਬਦਲ ਗਿਆ। ਉਨ੍ਹਾਂ ਦੱਸਿਆ ਕਿ ਇਹ ਗੰਭੀਰ ਮਾਮਲਾ ਹੈ ਤੇ ਮੈਨੂੰ ਚੇਤੰਨ ਰਹਿਣਾ ਚਾਹੀਦਾ ਕਿਉਂਕਿ ਮੇਰੀ ਗ੍ਰਿਫ਼ਤਾਰੀ ਕਿਸੇ ਵੀ ਸਮੇਂ ਹੋ ਸਕਦੀ ਹੈ। ਝੱਟ ਹੀ ਉਹ ਬੇਚੈਨ ਜਿਹੇ ਲੱਗਣ ਲੱਗ ਪਏ ਕਿਉਂਕਿ ਮੈਂ ਉਨ੍ਹਾਂ ਦੇ ਘਰ ਬੈਠਾ ਸਾਂ ਤੇ ਉਹ ਚਾਹੁੰਦੇ ਸਨ ਕਿ ਮੈਂ ਉਥੋਂ ਚਲਾ ਜਾਵਾਂ। ਮੈਂ ਸਮਝ ਗਿਆ ਤੇ ਉਥੋਂ ਚਲਾ ਆਇਆ। ਮਨੁੱਖ ਦੇ ਤੌਰ 'ਤੇ ਉਨ੍ਹਾਂ ਮੈਨੂੰ ਪੂਰਾ ਸਨਮਾਨ ਦਿੱਤਾ ਪਰ ਉੱਪਰ ਆਏ ਅਖੌਤੀ ਹੁਕਮ ਦਾ ਮਸਲਾ ਤਾਂ ਕੁਝ ਹੋਰ ਹੀ ਸੀ।




ਫਿਰ ਇਕ ਦਿਨ ਮੈਂ ਸ਼ਾਹਦਰੇ ਵਾਲੇ ਆਪਣੇ ਦਫ਼ਤਰ ਬੈਠਾ ਸਾਂ ਕਿ ਯੂਥ ਕਾਂਗਰਸ ਦਾ ਇਕ ਕਾਰਿੰਦਾ ਉਥੇ ਦਾਖ਼ਲ ਹੋਇਆ। ਉਹਨੇ ਬੈਠਦਿਆਂ ਹੀ (ਜੋ ਨਵੀਂ-ਨਵੀਂ ਤਾਕਤ ਮਿਲਣ 'ਤੇ ਨਸ਼ਾ ਜਿਹਾ ਚੜ੍ਹ ਜਾਂਦਾ ਹੈ, ਦੇ ਗਰੂਰ 'ਚ) ਕਿਹਾ ਕਿ ਜੇ ਉਹ ਚਾਹੇ ਤਾਂ ਕਿਸੇ ਨੂੰ ਵੀ ਝੱਟ 'ਚ ਸੀਖਾਂ ਪਿੱਛੇ ਘਲਵਾ ਸਕਦਾ ਹੈ। ਫਿਰ ਸ਼ੇਖੀ ਮਾਰਦਿਆਂ ਆਕੜੀ ਮਿਜ਼ਾਜ 'ਚ ਮੈਨੂੰ ਉਹਨੇ ਉਹ ਕਈ ਸਾਰੇ ਵਾਰੰਟ ਦਿਖਾਏ ਜੋ ਨਾਂ ਤੇ ਪਤੇ ਤੋਂ ਕੋਰੇ ਸਨ ਤੇ ਕਿਹਾ ਕਿ ਇਨ੍ਹਾਂ 'ਤੇ ਸਿਰਫ ਨਾਂ ਭਰਨ ਦੀ ਲੋੜ ਹੈ ਤੇ ਉਹ ਕਿਸੇ ਦਾ ਵੀ ਨਾਂ ਭਰ ਕੇ ਉਹਨੂੰ ਅੰਦਰ ਕਰਵਾ ਸਕਦਾ ਹੈ। ਮੈਨੂੰ ਬਹੁਤ ਹੈਰਾਨੀ ਹੋਈ ਤੇ ਉਸ ਨੂੰ ਉਥੋਂ ਚਲੇ ਜਾਣ ਲਈ ਆਖਿਆ ਕਿਉਂਕਿ ਮੈਂ ਅਜਿਹੀਆਂ ਚੀਜ਼ਾਂ 'ਚ ਦਿਲਚਸਪੀ ਨਹੀਂ ਸਾਂ ਰੱਖਦਾ। ਮੈਂ ਅੰਦਾਜ਼ਾ ਲਗਾ ਰਿਹਾ ਸਾਂ ਕਿ ਕਿੰਨੇ ਨੌਜੁਆਨ ਨੇਤਾਵਾਂ ਨੇ ਆਪੋ-ਆਪਣੇ ਹਿਸਾਬ ਇਸ ਤਰੀਕੇ ਨਾਲ ਲੋਕਾਂ ਨੂੰ ਅੰਦਰ ਕਰਵਾ ਕੇ ਨਿਪਟਾਏ ਹੋਣਗੇ।

ਉਦੋਂ ਮੈਂ ਮਹਾਰਾਣੀ ਬਾਗ਼ ਰਹਿੰਦਾ ਸਾਂ ਤੇ ਉਦੋਂ ਭਾਰਤ ਪ੍ਰਕਾਸ਼ਨ ਨਾਂ ਦੀ ਸੰਸਥਾ ਦਾ ਡਾਇਰੈਕਟਰ ਵੀ ਸਾਂ ਜੋ ਭਾਰਤੀ ਜਨਤਾ ਪਾਰਟੀ ਦਾ ਪ੍ਰਵਕਤਾ ਰੋਜ਼ਾਨਾ ਅਖ਼ਬਾਰ 'ਮਦਰ ਲੈਂਡ' ਵੀ ਪ੍ਰਕਾਸ਼ਤ ਕਰਦੇ ਸਨ। ਮੈਨੂੰ ਮੇਰੀ ਤਕਨੀਕੀ ਜਾਣਕਾਰੀ ਕਰ ਕੇ ਡਾਇਰੈਕਟਰ ਦਾ ਅਹੁਦਾ ਦਿੱਤਾ ਗਿਆ ਸੀ ਕਿ ਕਿਉਂਕਿ ਮੈਨੂੰ ਪ੍ਰਕਾਸ਼ਨ ਦੇ ਕਾਰੋਬਾਰ ਦਾ ਵੀ ਤਜਰਬਾ ਸੀ ਤੇ ਉਸੇ ਸੰਸਥਾ ਦੇ ਸ੍ਰੀ ਕੇਦਾਰ ਨਾਥ ਸਾਹਨੀ ਜੋ ਮਗਰੋਂ ਗੋਆ ਦੇ ਗਵਰਨਰ ਵੀ ਰਹੇ, ਇਸ ਦੇ ਕਾਰਜਕਾਰੀ ਡਾਇਰੈਕਟਰ ਸਨ ਤੇ ਆਪਣੇ ਵਲੋਂ ਭਰਪੂਰ ਯਤਨ 'ਚ ਰਹਿੰਦੇ ਕਿ ਮਦਰ ਲੈਂਡ ਨੂੰ ਹਰ ਤਰ੍ਹਾਂ ਨਾਲ ਕਾਰੋਬਾਰੀ ਕਾਮਯਾਬੀ ਮਿਲੇ ਪਰ ਮੰਦੇਭਾਗੀਂ ਸਾਨੂੰ ਬਹੁਤੇ ਇਸ਼ਤਿਹਾਰ ਵੀ ਨਹੀਂ ਸੀ ਮਿਲਦੇ ਕਿਉਂਕਿ ਪਾਰਟੀ ਤਾਕਤ ਤੋਂ ਬਾਹਰ ਸੀ ਤੇ ਬਹੁਤ ਹੀ ਮੁਸ਼ਕਿਲ ਹਾਲਾਤ ਸਨ ਹਾਲਾਂਕਿ ਅਸੀਂ ਉਸ ਵੇਲੇ ਦੇ ਰਾਜਨੀਤਕ ਮਾਹਰ ਤੇ ਕੁਸ਼ਲ ਸੰਪਾਦਕ ਸ੍ਰੀ ਆਰ. ਮਾਨਕੇਕਰ ਨੂੰ ਸੰਪਾਦਕੀ ਦੇ ਅਹੁਦੇ ਲਈ ਨਾਮਜ਼ਦ ਕਰ ਲਿਆ ਸੀ।

ਐਮਰਜੈਂਸੀ ਦੇ ਸਮੇਂ ਅੰਦਰ ਮਦਰ ਲੈਂਡ ਅਖ਼ਬਾਰ ਦੇ ਸਾਰੇ ਦੇ ਸਾਰੇ ਡਾਇਰੈਕਟਰ ਗ੍ਰਿਫ਼ਤਾਰ ਕਰ ਲਏ ਗਏ ਸਨ। ਬਸ ਇਕ ਮੈਂ ਤੇ ਇਕ ਹੋਰ ਨੂੰ ਛੱਡ ਕੇ। ਕਾਨੂੰਨ ਨਾਲ ਸਬੰਧਿਤ ਸਾਰੇ ਕਾਗਜ਼ਾਂ ਉਪਰ ਮੈਨੂੰ ਦਸਤਖਤ ਕਰਨੇ ਪੈਂਦੇ, ਇਸ ਲਈ ਉਥੋਂ ਦਾ ਮੈਨੇਜਰ ਕਦੀ ਕਦੀ ਦੇਰ ਰਾਤ ਤੱਕ ਵੀ ਦਸਤਖਤ ਕਰਾਉਣ ਆਉਂਦਾ ਹੁੰਦਾ ਸੀ। ਗ੍ਰਿਫ਼ਤਾਰੀ ਦੇ ਹੁਕਮ ਜਾਰੀ ਹੋਣ ਦੇ ਬਾਵਜੂਦ ਕੇਦਾਰ ਨਾਥ ਸਾਹਨੀ ਰੂਪੋਸ਼ ਹੋ ਕੇ ਉਨ੍ਹਾਂ ਪਰਿਵਾਰਾਂ ਦੀ ਸਹਾਇਤਾ ਕਰ ਰਹੇ ਸਨ ਜਿਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਉਹ ਭੇਸ ਬਦਲ ਕੇ ਵੇਲੇ ਕੁਵੇਲੇ ਮੈਨੂੰ ਵੀ ਮਿਲਦੇ ਰਹੇ।

ਸਾਨੂੰ ਅੰਦਾਜ਼ਾ ਸੀ ਕਿ ਸਾਡੀਆਂ ਸਾਰੀਆਂ ਗਤੀਵਿਧੀਆਂ ਦੀ ਪੁਲਿਸ ਨੂੰ ਸੂਹ ਹੈ ਪਰ ਕਿਸੇ ਨਾ ਕਿਸੇ ਤਰ੍ਹਾਂ ਪੁਲਿਸ 'ਚ ਸਾਡੇ ਹਮਦਰਦ ਸ੍ਰੀ ਸਾਹਨੀ ਦੀਆਂ ਗਤੀਵਿਧੀਆਂ ਨੂੰ ਅੱਖੋਂ ਪਰੋਖੇ ਕਰਦੇ ਜਾ ਰਹੇ ਸਨ। ਮੇਰਾ ਘਰ ਵੀ ਨਿਸ਼ਾਨੇ 'ਤੇ ਸੀ।

ਮੈਂ ਖ਼ੁਦ ਕਿਸੇ ਵੀ ਮੌਕੇ ਕੀਤੀ ਜਾਣ ਵਾਲੀ ਗ੍ਰਿਫ਼ਤਾਰੀ ਲਈ ਤਿਆਰ ਸਾਂ। ਸਾਡੇ ਹਮਦਰਦ ਇਕ ਪੁਲਿਸ ਅਫ਼ਸਰ ਨੇ ਦੱਸਿਆ ਕਿ ਮੇਰੀ ਗ੍ਰਿਫ਼ਤਾਰੀ ਦੀ ਚਰਚਾ ਬਹਿਸ ਅਧੀਨ ਸੀ ਕਿਉਂਕਿ ਸੈਂਸਰਸ਼ਿਪ ਦੇ ਦਫ਼ਤਰ ਕਈ ਸੀਨੀਅਰ ਪੱਤਰਕਾਰ ਇਸ ਦਾ ਵਿਰੋਧ ਕਰ ਰਹੇ ਸਨ ਤੇ ਇਸੇ ਦਬਾਅ ਕਾਰਨ ਮੈਨੂੰ ਸੀਖਾਂ ਪਿੱਛੇ ਨਹੀਂ ਸੀ ਭੇਜਿਆ ਗਿਆ। ਉਹ ਸਮਝ ਗਏ ਸਨ ਕਿ ਮੈਨੂੰ ਗ੍ਰਿਫ਼ਤਾਰ ਕਰਨਾ ਸਰਕਾਰ ਦੇ ਹਿੱਤ 'ਚ ਨਹੀਂ ਹੋਵੇਗਾ ਤੇ ਉਹੋ ਜਿਹਾ ਸ਼ੋਰ ਮਚੇਗਾ ਜੋ ਡੇਲੀ ਸਟੇਟਸਮੈਨ ਦੇ ਐਡੀਟਰ ਸ੍ਰੀ ਕੁਲਦੀਪ ਨਈਅਰ ਦੀ ਗ੍ਰਿਫ਼ਤਾਰੀ ਵੇਲੇ ਹੋਇਆ ਸੀ। ਸ੍ਰੀ ਨਈਅਰ ਦੀ ਗ੍ਰਿਫ਼ਤਾਰੀ ਦੀ ਕੌਮਾਂਤਰੀ ਪ੍ਰੈਸ ਵਲੋਂ ਬਹੁਤ ਜ਼ਬਰਦਸਤ ਨਿਖੇਧੀ ਕੀਤੀ ਗਈ ਸੀ ਅਤੇ ਉਨ੍ਹਾਂ ਦੀ ਗ੍ਰਿਫ਼ਤਾਰੀ ਦੀ ਖ਼ਬਰ ਪਹਿਲੀ ਵਾਰ ਹਾਂਗ ਕਾਂਗ ਰੇਡੀਓ ਤੋਂ ਪ੍ਰਸਾਰਤ ਹੋਈ ਸੀ। ਉਸ ਪੱਤਰਕਾਰ ਨੂੰ ਕੌਮਾਂਤਰੀ ਪ੍ਰਕਾਸ਼ਨ ਜਗਤ 'ਚ ਮੇਰੀ ਹੈਸੀਅਤ ਦਾ ਪਤਾ ਸੀ ਤੇ ਉਸ ਸਲਾਹ ਦਿੱਤੀ ਕਿ ਜੇ ਮੈਨੂੰ ਗ੍ਰਿਫ਼ਤਾਰ ਕੀਤਾ ਗਿਆ ਤਾਂ ਉਹੋ ਜਿਹੇ ਹਾਲਾਤ ਹੀ ਪੈਦਾ ਹੋ ਜਾਣਗੇ ਤੇ ਸਰਕਾਰ ਕੌਮਾਂਤਰੀ ਪੁਸਤਕ ਸਮਾਜ 'ਚ ਆਪਣੀ ਸਾਖ ਗੁਆ ਬੈਠੇਗੀ ਤੇ ਬੁੱਧੀਜੀਵੀ ਅਤੇ ਪੜ੍ਹਨ ਲਿਖਣ ਵਾਲਿਆਂ ਦੀ ਹਮਦਰਦੀ ਤੋਂ ਸੱਖਣੀ ਹੋ ਜਾਏਗੀ। ਖੈਰ! ਮੈਂ ਆਪਣੀ ਗ੍ਰਿਫ਼ਤਾਰੀ ਦੇ ਧੁੰਦਲੇ ਡਰ ਦੇ ਬਾਵਜੂਦ ਆਪਣਾ ਕੰਮ ਕਰਦਾ ਗਿਆ।

***ਵੀਹ ਮਹੀਨਿਆਂ ਪਿੱਛੋਂ ਐਮਰਜੈਂਸੀ ਖ਼ਤਮ ਹੋਈ, ਸਾਰੇ ਨੇਤਾ ਰਿਹਾਅ ਕਰ ਦਿੱਤੇ ਗਏ। ਬਾਅਦ 'ਚ ਨਤੀਜੇ ਵਜੋਂ ਮੈਂ ਦੋ ਕਿਤਾਬਾਂ ਪ੍ਰਕਾਸ਼ਤ ਕੀਤੀਆਂ। ਪਹਿਲੀ ਸੀ ਸ੍ਰੀ ਲਾਲ ਕ੍ਰਿਸ਼ਨ ਅਡਵਾਨੀ ਦੀ ਲਿਖੀ 'ਪ੍ਰਿਜ਼ਨਰਜ਼ ਸਕਰੈਪ ਬੁੱਕ'। ਇਸ ਕਿਤਾਬ 'ਚ ਉਨ੍ਹਾਂ ਦੀਆਂ ਬੰਗਲੌਰ 'ਚ ਕੈਦ ਵੇਲੇ ਦੀਆਂ ਜੇਲ੍ਹ ਯਾਦਾਂ ਸਨ। ਦੂਜੀ ਕਿਤਾਬ ਸੀ ਅਟਲ ਬਿਹਾਰੀ ਵਾਜਪਾਈ ਦੀਆਂ ਹਿੰਦੀ 'ਚ ਲਿਖੀਆਂ ਕਵਿਤਾਵਾਂ।***

ਇਕ ਦਿਨ ਬੰਬਈ ਦਾ ਇਕ ਵਿਅਕਤੀ ਜਿਸ ਦਾ ਕਾਰੋਬਾਰ ਕਾਫ਼ੀ ਚੜ੍ਹਤ 'ਤੇ ਸੀ ਤੇ ਉਹ ਬੰਬਈ 'ਚ ਜਨਸੰਘ (ਹੁਣ ਭਾਰਤੀ ਜਨਤਾ ਪਾਰਟੀ) ਵਿਚ ਕਾਫ਼ੀ ਮਹੱਤਵਪੂਰਨ ਵੀ ਜਾਣਿਆ ਜਾਂਦਾ ਸੀ ਤੇ ਨਾਲੇ ਉਹ ਉਸ ਸੰਸਥਾ ਦਾ ਖਜ਼ਾਨਚੀ ਵੀ ਸੀ, ਹਵਾਈ ਜਹਾਜ਼ 'ਚ ਉੱਡਦਾ ਹੋਇਆ ਮੇਰੇ ਕੋਲ ਪਹੁੰਚਿਆ। ਉਸ ਮੈਨੂੰ ਬਹੁਤ ਜ਼ਿਆਦਾ ਚੇਤੰਨ ਰਹਿਣ ਲਈ ਆਖਿਆ ਤੇ ਇਹ ਵੀ ਸਲਾਹ ਦਿੱਤੀ ਕਿ ਮੈਂ ਆਪਣੀ ਵਫ਼ਾਦਾਰੀ ਖੁੱਲ੍ਹੇਆਮ ਮੌਜੂਦਾ ਸਰਕਾਰ ਦੇ ਹੱਕ 'ਚ ਜ਼ਾਹਿਰ ਕਰ ਦੇਵਾਂ। ਉਸ ਨੇ ਸਲਾਹ ਦਿੱਤੀ ਕਿ ਮੈਂ ਰਾਸ਼ਟਰਵਾਦੀ ਤਾਕਤਾਂ ਅਤੇ ਜਨਸੰਘ ਨਾਲੋਂ ਆਪਣੇ ਸਬੰਧ ਸਮੇਟ ਲਵਾਂ ਕਿਉਂਕਿ ਹਾਲਾਤ ਬਹੁਤ ਹੀ ਖ਼ਤਰਨਾਕ ਹਨ। ਉਸ ਹੋਰ ਕਿਹਾ, "ਜਨਸੰਘ ਨਾਲ ਤੁਹਾਡੀ ਵਫ਼ਾਦਾਰੀ ਅਤੇ ਨੇੜਤਾ ਨੂੰ ਦੇਖਦਿਆਂ ਮੌਜੂਦਾ ਸਰਕਾਰ ਤੁਹਾਡੇ ਪਰਿਵਾਰ 'ਤੇ ਮੁਦਤ ਤੋਂ ਖੜ੍ਹੇ ਕੀਤੇ ਕਾਰੋਬਾਰ ਨੂੰ ਤਹਿਸ ਨਹਿਸ ਕਰ ਦੇਵੇਗੀ। ਉਹ ਤੁਹਾਡੇ ਖਿਲਾਫ਼ ਆਮਦਨ ਕਰ ਅਤੇ ਬੇਸ਼ੁਮਾਰ ਝੂਠੇ ਤੇ ਤਸੀਹਿਆਂ ਭਰੇ ਮਾਮਲੇ ਬਣਾ, ਤੁਹਾਡੀ ਜ਼ਿੰਦਗੀ ਨੂੰ ਨਰਕ ਵਾਂਗ ਬਣਾ ਦੇਣਗੇ। ਤੁਹਾਨੂੰ ਹੋਸ਼ ਤੋਂ ਕੰਮ ਲੈਣਾ ਚਾਹੀਦਾ। ਅਸੀਂ ਜਿਹੜੇ ਸਮਿਆ 'ਚੋਂ ਲੰਘ ਰਹੇ ਹਾਂ ਇਹਦੇ ਬਾਰੇ ਤੁਹਾਨੂੰ ਸੋਚਣਾ ਚਾਹੀਦਾ।"

ਇਹ ਕਹਿਣ ਉਪਰੰਤ ਉਹ ਚੁੱਪ ਹੋਇਆ ਅਤੇ ਮੇਰੀ ਪ੍ਰਤੀਕਿਰਿਆ ਦੀ ਉਡੀਕ ਕਰ ਹੀ ਰਹੇ ਸਨ ਕਿ ਮੈਂ ਉਨ੍ਹਾਂ ਨੂੰ ਕਿਹਾ, "ਇਸ ਪੂਰੀ ਸਲਾਹ ਲਈ ਤੁਹਾਡਾ ਬਹੁਤ-ਬਹੁਤ ਸ਼ੁਕਰੀਆ ਮੇਰੇ ਦੋਸਤ ਪਰ ਮੇਰੇ ਕੁਝ ਅਸੂਲ ਹਨ ਤੇ ਮੈਂ ਉਨ੍ਹਾਂ ਅਸੂਲਾਂ ਉਪਰ ਹੀ ਆਪਣੇ ਆਪ ਨੂੰ ਖੜ੍ਹਾ ਰੱਖਣਾ ਚਾਹਾਂਗਾ। ਸਾਡਾ ਪਰਿਵਾਰ ਇਕ ਦਲੇਰ ਪਰਿਵਾਰ ਹੈ ਤੇ ਸਾਡੇ ਪਰਿਵਾਰ ਤੇ ਹੋਰ ਜੀਆਂ 'ਚ ਦਲੇਰੀ ਤੇ ਸਾਹਸ ਦੀ ਕੋਈ ਥੋੜ੍ਹ ਨਹੀਂ। ਮੇਰੇ ਪਿਤਾ ਨੇ ਆਪਣੀ ਜ਼ੁਬਾਨ ਕਾਰਨ ਆਪਣੀ ਜਾਨ ਕੁਰਬਾਨ ਕਰ ਦਿੱਤੀ ਸੀ ਪਰ ਇਕ ਸ਼ਬਦ ਵੀ ਮੂੰਹੋਂ ਨਹੀਂ ਸੀ ਕੱਢਿਆ ਜੋ ਉਨ੍ਹਾਂ ਦੇ ਵਾਅਦੇ ਦੇ ਖਿਲਾਫ਼ ਹੋਵੇ। ਉਨ੍ਹਾਂ ਪ੍ਰਕਾਸ਼ਨ ਦੀ ਆਜ਼ਾਦੀ ਤੇ ਆਪਣੇ ਅਸੂਲਾਂ ਖ਼ਾਤਰ ਪਹਿਰਾ ਦਿੰਦਿਆਂ ਆਪਣੀ ਜਾਨ ਕੁਰਬਾਨ ਕਰ ਦਿੱਤੀ ਸੀ ਤੇ ਮੈਂ ਵੀ ਉਸੇ ਧਾਤ ਦਾ ਬਣਿਆ ਹੋਇਆਂ। ਮੈਂ ਪ੍ਰਕਾਸ਼ਕ ਹਾਂ ਤੇ ਉਹੀ ਪ੍ਰਕਾਸ਼ਤ ਕਰਦਾ ਹਾਂ ਜਿਸ 'ਚ ਮੇਰਾ ਵਿਸ਼ਵਾਸ ਹੋਵੇ ਤੇ ਮੈਂ ਉਹਦੇ ਲਈ ਹਰ ਮੌਕੇ ਖੜ੍ਹਾ ਵੀ ਰਹਿੰਨਾ। ਮੇਰੀ ਜ਼ਿੰਦਗੀ 'ਚ ਕੁਝ ਵੀ ਲੁਕਿਆ ਨਹੀਂ ਹੈ। ਭਾਵੇਂ ਕੁਝ ਵੀ ਵਾਪਰੇ ਮੈਂ ਸਭ ਕੁਝ ਲਈ ਤਿਆਰ ਹਾਂ। ਮੈਂ ਆਪਣੀ ਵਿਚਾਰਧਾਰਾ ਤੇ ਆਪਣਾ ਈਮਾਨ ਤਿਆਗਣ ਲਈ ਤਿਆਰ ਨਹੀਂ ਹਾਂ।"

ਮੇਰੇ ਅਤੇ ਮੇਰੇ ਪਰਿਵਾਰ ਪ੍ਰਤੀ ਉਨ੍ਹਾਂ ਦੀ ਫਿਕਰਮੰਦੀ ਲਈ ਮੈਂ ਉਨ੍ਹਾਂ ਦਾ ਸ਼ੁਕਰੀਆ ਅਦਾ ਕੀਤਾ ਤੇ ਉਨ੍ਹਾਂ ਨੂੰ ਰਾਤ ਦੇ ਖਾਣੇ ਲਈ ਸੱਦਾ ਦਿੱਤਾ ਪਰ ਉਨ੍ਹਾਂ ਦੱਸਿਆ ਕਿ ਉਹਨਾਂ ਮੁੰਬਈ ਪਰਤ ਜਾਣਾ ਹੈ ਤੇ ਆਪਣੀ ਵਾਪਸ ਪਰਤਣ ਦੀ ਟਿਕਟ ਦਿਖਾਉਂਦਿਆਂ ਕਿਹਾ ਕਿ ਉਹ ਮੇਰੇ ਕੋਲੋਂ ਸਿੱਧੇ ਹਵਾਈ ਅੱਡੇ ਜਾਣਗੇ। ਉਨ੍ਹਾਂ ਇਹ ਵੀ ਦੱਸਿਆ ਕਿ ਉਹ ਆਪਣੀ ਸਮਝ ਮੁਤਾਬਕ ਜੋ ਸਹੀ ਸੀ ਉਸ ਬਾਰੇ ਸਿਰਫ਼ ਮੈਨੂੰ ਸਲਾਹ ਦੇਣ ਹੀ ਦਿੱਲੀ ਆਏ ਸਨ। ਉਂਝ ਉਹ ਜਲਦੀ 'ਚ ਇਥੋਂ ਜਾਣਾ ਚਾਹੁੰਦੇ ਸਨ ਕਿਉਂਕਿ ਜਿੰਨਾ ਕੁ ਜ਼ਰੂਰੀ ਸੀ ਉਸ ਤੋਂ ਵੱਧ ਸਮਾਂ ਮੇਰੇ ਕੋਲ ਰੁਕ ਕੇ ਕਿਸੇ ਦੀਆਂ ਨਜ਼ਰਾਂ 'ਚ ਨਹੀਂ ਸੀ ਆਉਣਾ ਚਾਹੁੰਦੇ। ਮੈਨੂੰ ਪਤਾ ਲੱਗਾ ਕਿ ਉਹ ਸਵੇਰੇ ਵੀ ਮੈਨੂੰ ਮਿਲਣ ਆਏ ਸਨ ਪਰ ਮਗਰੋਂ ਦਿਨ ਢਲੇ ਮਾੜਾ ਜਿਹਾ ਹਨੇਰਾ ਹੋਣ 'ਤੇ ਮਿਲਣ ਦੀ ਸੋਚ ਕੇ ਮੁੜ ਪਰਤ ਗਏ ਸਨ।

ਮੈਂ ਉਨ੍ਹਾਂ ਦੀ ਨੀਅਤ ਅਤੇ ਭਾਵਨਾ ਕਰ ਕੇ ਉਨ੍ਹਾਂ ਦਾ ਸ਼ੁਕਰ ਗੁਜ਼ਾਰ ਸਾਂ ਪਰ ਜੋ ਸਲਾਹ ਉਹ ਮੈਨੂੰ ਦੇਣ ਆਏ ਸਨ, ਉਸ ਤੋਂ ਮੈਨੂੰ ਉਹ ਗ਼ਲਤ ਇਨਸਾਨ ਲੱਗੇ ਕਿਉਂਕਿ ਉਨ੍ਹਾਂ ਦੀ ਸਲਾਹ ਮੇਰੇ ਅਨੁਸਾਰ ਗ਼ਲਤ ਸੀ।

ਉਂਝ, ਉਹ ਬਹੁਤ ਹੀ ਕੋਮਲ ਤੇ ਮਿਲਾਪੜੇ ਸੁਭਾਅ ਦੇ ਇਨਸਾਨ ਸਨ। ਉਹ ਜਨਸੰਘ ਦੀ ਵਿਚਾਰਧਾਰਾ ਦੇ ਸੰਘਰਸ਼ 'ਚ ਕਾਫੀ ਸਹਾਈ ਸਨ। ਐਮਰਜੈਂਸੀ ਦੇ ਐਲਾਨ ਮਗਰੋਂ ਉਨ੍ਹਾਂ ਜਨਸੰਘ ਤੋਂ ਅਸਤੀਫ਼ਾ ਦੇ ਦਿੱਤਾ ਤੇ ਰੂਪੋਸ਼ਾਂ ਵਾਂਗ ਰਹਿਣ ਲੱਗੇ। ਉਹ ਮੇਰੇ ਕੰਮਾਂ ਅਤੇ ਮੇਰੀ ਹੈਸੀਅਤ ਤੋਂ ਜਾਣੂ ਸਨ।

ਖ਼ੈਰ! ਉਨ੍ਹਾਂ ਦੇ ਖਦਸ਼ੇ ਮੁਤਾਬਕ ਆਮਦਨ ਕਰ ਵਿਭਾਗ ਵਲੋਂ ਸਰਵੇ ਕਰਨ ਵਾਲੇ ਮੇਰੇ ਘਰ ਆਏ। ਮੈਂ ਤਾਂ ਉਸ ਲਈ ਤਿਆਰ ਹੀ ਸੀ। ਉਹ ਸਾਰੇ ਕਮਰਿਆਂ 'ਚ ਗਏ ਤੇ ਮੇਰੇ ਘਰ ਦਾ ਚੰਗੀ ਤਰ੍ਹਾਂ ਸਰਵੇ ਕੀਤਾ। ਉਨ੍ਹਾਂ ਦੀ ਆਮਦ ਤੇ ਮੈਂ ਮੇਰੇ ਘਰ 'ਚ ਪਈਆਂ ਮੇਰੀਆਂ ਚੀਜ਼ਾਂ ਦੀ ਸੰਪੂਰਨ ਲਿਸਟ ਉਨ੍ਹਾਂ ਨੂੰ ਦੇ ਦਿੱਤੀ। ਉਹ ਹੈਰਾਨ ਸਨ ਕਿ ਮੈਂ ਉਹ ਹਰ ਚੀਜ਼ ਉਸ 'ਚ ਲਿਖੀ ਹੋਈ ਸੀ ਜਿਸ ਦੀ ਉਹ ਆਮ ਤੌਰ ਤੇ ਮੰਗ ਕਰਦੇ ਸਨ। ਮੈਨੂੰ ਇਨ੍ਹਾਂ ਗੱਲਾਂ ਦਾ ਇਨਕਮ ਟੈਕਸ ਦੇ ਮਾਹਿਰ ਤੋਂ ਪਹਿਲਾਂ ਹੀ ਪਤਾ ਲੱਗ ਚੁੱਕਾ ਸੀ ਕਿ ਉਹਨਾਂ ਨੇ ਕੀ ਮੰਗਣਾ ਹੈ। ਸੋ ਮੈਂ ਇਹ ਸਭ ਕੁਝ ਪਹਿਲਾਂ ਹੀ ਤਿਆਰ ਕਰ ਲਿਆ ਸੀ। ਇਥੋਂ ਤੀਕ ਕਿ ਮੇਰਾ ਇਕ ਪੁਰਾਣਾ ਕੈਮਰਾ ਮੁਰੰਮਤ ਲਈ ਗਿਆ ਹੋਇਆ ਸੀ ਤੇ ਉਹ ਵੀ ਉਸ ਲਿਸਟ 'ਚ ਸ਼ਾਮਲ ਕਰ ਦਿੱਤਾ। ਇਨਕਮ ਟੈਕਸ ਵਲੋਂ ਆਈ ਟੋਲੀ ਦੇ ਇਕ ਇੰਸਪੈਕਟਰ ਨੇ ਅਖ਼ੀਰ ਆਖ ਹੀ ਦਿੱਤਾ, "ਸਰ ਤੁਹਾਡਾ ਘਰ ਬਹੁਤ ਸਾਦਾ ਹੈ। ਇਥੇ ਗਿਣਤੀ ਦੀਆਂ ਚੀਜ਼ਾਂ ਹਨ ਪਰ ਰਹਿੰਦੇ ਤੁਸੀਂ ਮਹਾਰਾਣੀ ਬਾਗ 'ਚ ਹੋ ?"

ਮੈਂ ਆਮ ਤੌਰ 'ਤੇ ਪਾਉਣ ਵਾਲੇ ਕੱਪੜਿਆਂ ਦੇ ਦੋ ਤਿੰਨ ਸੈਟ ਹੀ ਰੱਖਦਾਂ ਜੋ ਮੇਰੇ ਲਈ ਕਾਫ਼ੀ ਹੁੰਦੇ। ਮੈਨੂੰ ਸਵੇਰੇ-ਸਵੇਰੇ ਇਸ ਗੱਲ 'ਤੇ ਵਕਤ ਜ਼ਾਇਆ ਨਹੀਂ ਕਰਨਾ ਪੈਂਦਾ ਕਿ ਉਸ ਦਿਨ ਕੀ ਪਸੰਦ ਕਰਾਂ ਤੇ ਕੀ ਪਹਿਨਾਂ। ਤਜਰਬੇ ਨੇ ਮੈਨੂੰ ਸਿਖਾ ਦਿੱਤਾ ਸੀ ਕਿ ਸਾਦਾ ਜੀਵਨ ਜ਼ਿੰਦਗੀ 'ਚ ਅਸੂਲ ਹੀ ਨਹੀਂ ਹੋਣਾ ਚਾਹੀਦਾ ਸਗੋਂ ਇਸ ਨੂੰ ਇਕ ਨੀਤੀ ਦੇ ਤੌਰ ਤੇ ਅਖ਼ਤਿਆਰ ਨਾ ਕਰ ਫਾਇਦੇਮੰਦ ਹੁੰਦਾ ਹੈ।

ਉਨ੍ਹਾਂ 'ਚੋਂ ਸੀਨੀਅਰ ਇੰਸਪੈਕਟਰ ਨੇ ਮੈਨੂੰ ਆਖਿਆ ਕਿ ਜੇ ਮੈਂ ਚਾਹਾਂ ਤਾਂ ਉਹ ਇਸ ਲਿਸਟ ਨੂੰ ਰੱਦ ਕਰ ਦੇਣਗੇ ਤੇ ਇਨਕਮ ਟੈਕਸ ਵਿਭਾਗ ਨੂੰ ਨਹੀਂ ਭੇਜਣਗੇ। 'ਜੇ ਮੈਂ ਚਾਹਾਂ' ਸ਼ਬਦ ਰਾਹੀਂ ਉਨ੍ਹਾਂ ਦਾ ਕੁਝ ਲੈਣ-ਦੇਣ ਵੱਲ ਇਸ਼ਾਰਾ ਸੀ ਤੇ ਇਹ ਸਮਝਦਿਆਂ ਹੀ ਮੈਂ ਆਖਿਆ, "ਇਹ ਲਿਸਟ ਇਨਕਮ ਟੈਕਸ ਵਿਭਾਗ ਨੂੰ ਜ਼ਰੂਰ ਭੇਜ ਦੇਣਾ ਤਾਂ ਕਿ ਉਥੇ ਇਹ ਸਭ ਦਰਜ ਹੋ ਜਾਵੇ।"

ਉਸ ਲਿਸਟ ਦੀ ਇਕ ਕਾਪੀ ਮੈਂ ਆਪਣੇ ਇਲਾਕੇ ਦੇ ਇਨਕਮ ਟੈਕਸ ਕਮਿਸ਼ਨਰ ਨੂੰ ਭੇਜ ਦਿੱਤੀ ਜਿਸ ਕੋਲ ਹਮੇਸ਼ਾ ਸਾਡਾ ਲੋੜ ਵੇਲੇ ਕੇਸ ਲੱਗਦਾ ਹੁੰਦਾ ਸੀ। ਮੇਰਾ ਅਕਾਊਟੈਂਟ (ਮੁਨਸ਼ੀ) ਉਨ੍ਹਾਂ ਕੋਲ ਗਿਆ ਤੇ ਲਿਸਟ ਦਿਖਾਉਣ ਉਪਰੰਤ ਉਨ੍ਹਾਂ ਪੂਰੀ ਤਰ੍ਹਾਂ ਮੇਰੇ ਖਾਤੇ ਦੀ ਘੋਖ ਪੜਤਾਲ ਕਰ ਕੇ ਮਗਰੋਂ ਇਹ ਨਤੀਜਾ ਕੱਢਿਆ ਕਿ ਵੀਹ ਸਾਲਾਂ ਦੀ ਕਮਾਈ ਉਪਰੰਤ ਜੋ ਕੁਝ ਵੀ ਕਿਸੇ ਮਿਡਲ ਕਲਾਸ ਪਰਿਵਾਰ ਕੋਲ ਹੋ ਸਕਦੈ, ਬਿਲਕੁਲ ਉਹੀ ਮੇਰੇ ਕੋਲ ਹੈ। ਮੈਂ ਖੁਸ਼ ਸਾਂ ਕਿ ਇਹ ਸਾਰਾ ਕੁਝ ਇਨਕਮ ਟੈਕਸ ਵਿਭਾਗ ਦੀਆਂ ਫਾਈਲਾਂ 'ਚ ਦਰਜ ਹੋ ਗਿਆ।

ਵੀਹਾਂ ਮਹੀਨਿਆਂ ਮਗਰੋਂ ਐਮਰਜੈਂਸੀ ਖ਼ਤਮ ਹੋਈ ਤੇ ਸਾਰੇ ਨੇਤਾ ਰਿਹਾਅ ਕਰ ਦਿੱਤੇ ਗਏ। ਬਾਅਦ 'ਚ ਨਤੀਜੇ ਵਜੋਂ ਮੈਂ ਦੋ ਕਿਤਾਬਾਂ ਪ੍ਰਕਾਸ਼ਤ ਕੀਤੀਆਂ। ਪਹਿਲੀ ਸੀ ਸ੍ਰੀ ਲਾਲ ਕ੍ਰਿਸ਼ਨ ਅਡਵਾਨੀ ਦੀ ਲਿਖੀ 'ਪ੍ਰਿਜ਼ਨਰਜ਼ ਸਕਰੈਪ ਬੁੱਕ'। ਇਸ ਕਿਤਾਬ 'ਚ ਉਨ੍ਹਾਂ ਦੀਆਂ ਬੰਗਲੌਰ 'ਚ ਕੈਦ ਵੇਲੇ ਦੀਆਂ ਜੇਲ੍ਹ ਯਾਦਾਂ ਸਨ। ਦੂਜੀ ਕਿਤਾਬ ਸੀ ਅਟਲ ਬਿਹਾਰੀ ਵਾਜਪਾਈ ਦੀਆਂ ਹਿੰਦੀ 'ਚ ਲਿਖੀਆਂ ਕਵਿਤਾਵਾਂ।

# ਭਗਤ ਸਿੰਘ ਨੂੰ ਬਚਾਉਣ ਆਏ ਆਂ ...

ਸਾਲ 2008 'ਚ ਕੇਂਦਰ ਸਰਕਾਰ ਨੇ ਫੈਸਲਾ ਕੀਤਾ ਕਿ ਅੰਮ੍ਰਿਤਸਰ, ਜਲ੍ਹਿਆਂ ਵਾਲੇ ਬਾਗ ਨੂੰ ਇਕ ਨਵਾਂ ਰੂਪ ਦੇ ਦਿੱਤਾ ਜਾਵੇ, ਜਿਸ ਰਾਹੀਂ ਉਹ ਸਭ ਨਿਸ਼ਾਨ, ਇਤਿਹਾਸਕ ਯਾਦਾਂ ਨੂੰ ਮਿਟਾ ਦਿੱਤਾ ਜਾਣਾ ਸੀ ਜੋ ਸਾਡੀ ਜ਼ਮੀਰ ਨੂੰ ਹਲੂਣਦੀਆਂ ਸਨ। ਸੰਖੇਪ ਸ਼ਬਦਾਂ 'ਚ ਗੱਲ ਕਰਾਂ ਤਾਂ ਇਸ ਬਾਗ ਦਾ ਨਵੀਨੀਕਰਨ ਕਰਨਾ ਸੀ ਅਤੇ ਸੈਲਾਨੀਆਂ ਲਈ ਮਨਪ੍ਰਚਾਵੇ ਦਾ ਕੇਂਦਰ ਬਣਾਉਣਾ ਸੀ। ਬਾਗ ਵਿਚ ਰੰਗਾ-ਰੰਗ ਪ੍ਰੋਗਰਾਮ/ਆਰਕੈਸਟਰਾਂ ਲਈ ਵੀ ਇਕ ਸਟੇਜ ਦਾ ਪ੍ਰਬੰਧ ਹੋ ਰਿਹਾ ਸੀ ਤਾਂ ਕਿ ਸਰਕਾਰ ਵਿਦੇਸ਼ੀਆਂ ਤੋਂ ਵੱਧ ਤੋਂ ਵੱਧ ਪੈਸੇ ਕਮਾ ਸਕੇ।



**ਗੁਰਤੇਜ ਸਿੰਘ ਕੱਟੂ**
ਫੋਨ: +91-98155-94197

ਸਰਕਾਰ ਦੇ ਇਸ ਨਿਕੰਮੇ ਫੈਸਲੇ ਦਾ ਪੰਜਾਬ 'ਚ ਹਰ ਥਾਂ ਵਿਰੋਧ ਹੋਣ ਲੱਗਾ। ਵਿਦਿਆਰਥੀ ਜਥੇਬੰਦੀਆਂ ਨੇ ਅੰਮ੍ਰਿਤਸਰ 'ਚ ਸਰਕਾਰ ਵਿਰੁੱਧ ਵਿਸ਼ਾਲ ਰੋਸ ਰੈਲੀ ਕਰਨ ਦਾ ਫੈਸਲਾ ਕੀਤਾ। ਸਕੂਲਾਂ ਤੋਂ ਲੈ ਕੇ ਯੂਨੀਵਰਸਿਟੀ ਤੱਕ ਦੇ ਵਿਦਿਆਰਥੀਆਂ ਨੂੰ ਇਸ ਰੈਲੀ 'ਚ ਸ਼ਾਮਲ ਹੋਣ ਲਈ ਕਿਹਾ ਗਿਆ। ਉਸ ਸਮੇਂ ਮੈਂ ਨੌਵੀਂ ਕਲਾਸ 'ਚ ਪੜ੍ਹਦਾ ਸੀ।

ਪੋਹ ਦਾ ਮਹੀਨਾ ਸੀ। ਸਵੇਰੇ ਸਕੂਲ ਦੀ ਪ੍ਰਾਰਥਨਾ ਸਮੇਂ ਕਾਲਜ ਤੋਂ ਵਿਦਿਆਰਥੀ ਸਾਨੂੰ ਇਕ ਬੱਸ 'ਚ ਲੈਣ ਲਈ ਸਾਡੇ ਪਿੰਡ ਆ ਪਹੁੰਚੇ। ਪਿੰਡੋਂ ਚਿੱਟਕਪੜੀਏ ਵਰਦੀਆਂ ਵਾਲੇ ਅਸੀਂ 10-11 ਜਾਣ ਲਈ ਤਿਆਰ ਹੋ ਗਏ।

ਬੱਸ ਰਾਹੀਂ ਅਸੀਂ ਧੂਰੀ ਰੇਲਵੇ ਸਟੇਸ਼ਨ ਪਹੁੰਚੇ, ਏਥੋਂ ਧੂਰੀ ਤੋਂ ਅੱਗੇ ਅੰਮ੍ਰਿਤਸਰ ਟਰੇਨ ਰਾਹੀਂ ਜਾਣਾ ਸੀ। ਧੂਰੀ ਵਿਦਿਆਰਥੀਆਂ ਦਾ ਕਾਫਲਾ ਹੋਰ ਵੱਡਾ ਹੋ ਗਿਆ। ਥੋੜੇ ਕੁ ਸਮੇਂ ਬਾਅਦ 8-10 ਕਾਲਜਾਂ ਵਾਲੇ ਵਿਦਿਆਰਥੀ ਦਰਜਨਾਂ ਦੀ ਗਿਣਤੀ 'ਚ ਬਾਂਸ ਦੀਆਂ ਡਾਂਗਾਂ ਲੈ ਕੇ ਆ ਰਹੇ ਸਨ। ਇਹ ਦੇਖ ਕੇ ਸਾਡੇ ਠੰਢ ਦੇ ਮਹੀਨੇ 'ਚ ਵੀ ਪਸੀਨੇ ਜਿਹੇ ਛੁੱਟਣ ਲੱਗੇ, ਦਿਲ ਦੀ ਧੜਕਣ ਤੇਜ਼ ਹੋ ਰਹੀ ਸੀ। ਸਾਡੇ ਪਸੀਨੇ ਦੇਖ ਕੇ ਕਾਲਜ ਦਾ ਇਕ ਵਿਦਿਆਰਥੀ ਕਹਿਣ ਲੱਗਾ, 'ਇਹ ਤਾਂ ਝੰਡੇ ਪਾਉਣ ਲਈ ਡੰਡੇ ਨੇ।' ਇਹ ਸੁਣ ਕੇ ਥੋੜ੍ਹਾ ਜਿਹਾ ਸਾਹ ਆਇਆ ਪਰ ਫਿਰ ਵੀ 2-3 ਮੇਰੇ ਦੋਸਤ ਧੂਰੀ ਰੇਲਵੇ ਸਟੇਸ਼ਨ ਤੋਂ ਡਰਦੇ ਮਾਰੇ ਵਾਪਸ ਪਿੰਡ ਪਰਤ ਗਏ।

ਇਹ ਮੇਰੀ ਜ਼ਿੰਦਗੀ ਦੀ ਪਹਿਲੀ ਰੈਲੀ ਸੀ, ਜਿਸ ਵਿਚ ਮਨ ਵਿਚ ਡਰ ਵੀ ਸੀ ਤੇ ਸਰਕਾਰ ਦੇ ਵਿਰੁੱਧ ਗੁੱਸਾ ਵੀ। ਸ਼ਾਮ ਨੂੰ ਅੰਮ੍ਰਿਤਸਰ ਪਹੁੰਚੇ, ਓਥੇ ਗੋਲ ਬਾਗ 'ਚ ਸਾਨੂੰ ਸਾਰਿਆਂ ਨੂੰ ਸੰਬੋਧਨ ਕੀਤਾ ਗਿਆ ਤੇ ਅਗਲੇ ਦਿਨ ਦੇ ਰੋਸ ਮਾਰਚ ਨਾਲ ਸੰਬੰਧਤ ਗੱਲਾਂ ਦੱਸੀਆਂ। ਉਹ ਰਾਤ ਅਸੀਂ ਇਕ ਸਕੂਲ 'ਚ ਕੱਟੀ। ਠੰਢ ਬਹੁਤ ਜ਼ਿਆਦਾ ਸੀ ਪਰ ਵਿਦਿਆਰਥੀਆਂ ਦੇ ਇੱਕਠ ਤੇ ਜੋਸ਼ ਨੇ ਠੰਢ ਨੂੰ ਵੀ ਕੋਸਾ ਜਿਹਾ ਕਰ ਦਿੱਤਾ ਸੀ।

ਅਗਲੇ ਦਿਨ ਰੋਸ ਮਾਰਚ ਲਈ ਸੜਕਾਂ 'ਤੇ ਚੱਲ ਪਏ। ਵਿਦਿਆਰਥੀਆਂ ਦਾ ਕਾਫਲਾ ਬਹੁਤ ਵੱਡਾ ਸੀ। ਸਾਰਾ ਅੰਮ੍ਰਿਤਸਰ ਬੰਦ, ਅੰਮ੍ਰਿਤਸਰੀਏ ਵੀ ਸਾਡੇ ਨਾਲ ਆ ਜੁੜੇ। ਲੋਕਾਂ ਦਾ ਲਹੂ ਉਬਾਲੇ ਖਾ ਰਿਹਾ ਸੀ ਸੜਕਾਂ 'ਤੇ 'ਇਨਕਲਾਬ ਜ਼ਿੰਦਾਬਾਦ' ਦੇ ਨਾਹਰਿਆਂ ਨਾਲ ਸਾਰਾ ਅੰਮ੍ਰਿਤਸਰ ਗੂੰਜ ਰਿਹਾ ਸੀ।

ਆਖਰ ਸ਼ਾਮ ਨੂੰ ਸਾਰਾ ਕਾਫਲਾ ਜਲ੍ਹਿਆਂ ਵਾਲੇ ਬਾਗ ਅੰਦਰ ਆ ਪਹੁੰਚਿਆ। ਏਥੇ ਪੁਲਿਸ ਬਹੁਤ ਜ਼ਿਆਦਾ ਸੀ ਪਰ ਹੁਣ 'ਇਨਕਲਾਬ ਜ਼ਿੰਦਾਬਾਦ' ਦੀ ਗੂੰਜ ਹੇਠ ਡਰ ਘਟ ਗਿਆ ਸੀ। ਅੰਦਰ ਗੋਰੇ ਵੀ ਸਨ ਜੋ ਕੈਮਰੇ ਨਾਲ ਫੋਟੋਆਂ ਲੈ ਰਹੇ ਸਨ। ਸਾਡੇ ਨਾਲ ਵੀ ਫੋਟੋਆਂ ਕਰਵਾਉਣ ਲੱਗੇ। ਦੋ ਕੁ ਮਿੰਟਾਂ ਬਾਅਦ ਬਾਗ ਵਿਚ ਹੋਰ ਪੁਲਿਸ ਡਾਂਗਾਂ ਨਾਲ ਲੈਸ ਹੋਈ ਪਹੁੰਚੀ।

ਵਿਦਿਆਰਥੀ ਜਥੇਬੰਦੀ ਦਾ ਇਕ ਮੈਂਬਰ ਜੋ ਸਾਨੂੰ ਉਸ ਸਟੇਜ ਤੋਂ ਸੰਬੋਧਨ ਕਰ ਰਿਹਾ ਸੀ, 'ਸਾਥੀਓ, ਮੈਂ ਉਸ ਸਟੇਜ 'ਤੇ ਖੜ੍ਹਾ ਹਾਂ, ਜਿਸ 'ਤੇ ਖੜ੍ਹ ਕੇ ਸਾਡੇ ਸ਼ਹੀਦ ਆਪਣੇ ਸਮੇਂ ਅੰਗਰੇਜ਼ਾਂ ਦਾ ਵਿਰੋਧ ਕਰਿਆ ਕਰਦੇ ਸਨ ਪਰ ਹੁਣ ਸਰਕਾਰ ਇਸ ਸਟੇਜ ਨੂੰ ਆਧੁਨਿਕ ਰੂਪ ਦੇ ਕੇ ਏਥੇ ਆਰਕੈਸਟਰਾਂ ਦਾ ਡਾਂਸ ਵਿਖਾ ਕਿ ਵਿਦੇਸ਼ੀਆਂ ਦਾ ਮਨ ਪਰਚਾਵਾ ਕਰਨਾ ਚਾਹੁੰਦੀ ਹੈ ਤੇ ਪੈਸੇ ਕਮਾਉਣਾ ਚਾਹੁੰਦੀ ਹੈ। ਅਸਲ ਵਿਚ ਸਾਥੀਓ, ਸਰਕਾਰ ਡਰਦੀ ਹੈ ਕਿ ਇਸ ਬਾਗ ਦੇ ਖੌਫ਼ਨਾਕ ਦ੍ਰਿਸ਼ ਨੂੰ ਵੇਖ ਕੇ ਅੱਜ ਕੋਈ ਇਨਕਲਾਬੀ ਨਾ ਪੈਦਾ ਹੋ ਜਾਵੇ।' ਭਾਸ਼ਣ ਚੱਲਦਿਆਂ ਚੱਲਦਿਆਂ ਹੀ ਉਨ੍ਹਾਂ ਕੁਝ ਵਿਦਿਆਰਥੀਆਂ ਨੇ ਉਸ ਮਾਡਰਨ ਸਟੇਜ ਨੂੰ ਭੰਨਣਾ ਸ਼ੁਰੂ ਕਰ ਦਿੱਤਾ। ਫਰਸ਼ ਟੁੱਟਣ ਦੇ ਖੜਕੇ ਨਾਲ ਹੀ ਪੁਲਿਸ ਦੀ ਡਾਂਗ ਦਾ ਖੜਕਾ ਵੀ ਸ਼ੁਰੂ ਹੋ ਗਿਆ। ਚਾਰੇ ਪਾਸੇ ਭਗਦੜ ਮੱਚ ਗਈ। ਇਹ ਦ੍ਰਿਸ਼ 1919 ਵਾਲੇ ਦ੍ਰਿਸ਼ ਵਾਂਗ ਹੀ ਮਹਿਸੂਸ ਹੋ ਰਿਹਾ ਸੀ ਪਰ ਫਰਕ ਸਿਰਫ ਏਨਾ ਕੁ ਸੀ ਕਿ ਉਸ ਸਮੇਂ ਗੋਰੀ ਸਰਕਾਰ ਨੇ ਹਮਲਾ ਕਰਵਾਇਆ ਸੀ ਤੇ ਹੁਣ ਕਾਲੀ ਸਰਕਾਰ ਨੇ।

ਬਹੁਤ ਜ਼ਿਆਦਾ ਗ੍ਰਿਫਤਾਰੀਆਂ ਹੋਈਆਂ। ਅਸੀਂ ਸਕੂਲਾਂ ਵਾਲੇ ਖਰਗੋਸ਼ ਤੋਂ ਵੀ ਤੇਜ਼ ਚਾਲ ਓਥੋਂ ਬਚ ਕੇ ਦਰਬਾਰ ਸਾਹਿਬ ਆ ਪਹੁੰਚੇ ਕਿਉਂਕਿ ਰੈਲੀ ਤੋਂ ਪਹਿਲਾਂ ਸਾਨੂੰ ਏਥੇ ਹੀ ਇਕੱਠੇ ਹੋਣ ਦਾ ਸੰਦੇਸ਼ ਦਿੱਤਾ ਸੀ। ਬਾਹਰ ਚਾਰੇ ਪਾਸੇ ਪੁਲਿਸ ਹੀ ਪੁਲਿਸ ਸੂਹੀਏ ਕੁੱਤਿਆਂ ਵਾਂਗ ਘੁੰਮ ਰਹੀ ਸੀ।

9 ਕੁ ਵਜੇ ਸਾਨੂੰ ਸੰਦੇਸ਼ ਮਿਲਿਆ ਕਿ ਸਾਰੇ ਜਲਦੀ ਤੋਂ ਜਲਦੀ ਨਿਹੰਗਾਂ ਵਾਲੇ ਗੁਰਦੁਆਰੇ ਪਹੁੰਚ ਜਾਓ, ਜੋ ਦਰਬਾਰ ਸਾਹਿਬ ਤੋਂ ਡੇਢ-ਦੋ ਕਿਲੋ ਮੀਟਰ ਦੂਰੀ 'ਤੇ ਸੀ। ਓਥੋਂ ਤੁਹਾਡੇ ਜਾਣ ਲਈ ਪ੍ਰਬੰਧ ਕੀਤਾ ਹੋਇਆ ਹੈ ਪਰ 2-3 ਤੋਂ ਵੱਧ ਇਕੱਠੇ ਨਾ ਤੁਰਨ ਦੀ ਸਖ਼ਤ ਹਦਾਇਤ ਕੀਤੀ।


ਅਸੀਂ 4-5 ਜਣੇ ਹਰਿਮੰਦਰ ਸਾਹਿਬ ਤੋਂ ਬਾਹਰ ਨਿਕਲੇ ਤਾਂ ਸਾਨੂੰ ਇਕ ਪੁਲਿਸ ਵਾਲੇ ਨੇ ਖੜਾ ਲਿਆ ਤੇ ਪੁੱਛਣ ਲੱਗਾ 'ਹਾਂ ਓਏ, ਕਿਥੋਂ ਆਏ ਓ, ਕੀ ਕਰਦੇ ਫਿਰਦੇ ਓ ਏਨੀ ਰਾਤ ਏਥੇ?' ਅਸੀਂ ਡਰ ਗਏ ਤੇ ਚੁੱਪ ਹੀ ਖੜ੍ਹੇ ਸੀ ਕਿ ਸਾਡੇ ਨਾਲ 11-12 ਸਾਲਾਂ ਦਾ ਸਾਂਝੀ ਨਾਂ ਦਾ ਮਾਸੂਮ ਜਿਹਾ ਮੁੰਡਾ ਬੋਲ ਪਿਆ, 'ਅਸੀਂ ਜੀ ਕੱਟੂ ਪਿੰਡ ਤੋਂ ਆਂ...ਭਗਤ ਸਿੰਘ ਨੂੰ ਬਚਾਉਣ ਆਏ ਆਂ' ਇਹ ਸੁਣਦਿਆਂ ਹੀ ਪੁਲਿਸ ਵਾਲੇ ਨੇ ਡਾਂਗ ਸਾਡੇ ਪੈਰਾਂ 'ਚ ਵਗਾਹ ਮਾਰੀ। ਅਸੀਂ ਇਕ-ਦੂਜੇ ਦਾ ਹੱਥ ਛੱਡ ਨਿਹੰਗਾਂ ਵਾਲੇ ਗੁਰਦੁਆਰੇ ਵੱਲ ਭੱਜ ਨਿਕਲੇ। ਧੁੰਦ ਬਹੁਤ ਜ਼ਿਆਦਾ ਸੀ ਜਿਸ ਕਰਕੇ ਗਲੀਆਂ ਦਾ ਪਤਾ ਹੀ ਨਹੀਂ ਲੱਗ ਰਿਹਾ ਸੀ। ਪਤਾ ਨਹੀਂ ਕਿਸ ਤਰ੍ਹਾਂ ਪੁਲਿਸ ਤੋਂ ਭੱਜਦੇ ਭੱਜਦੇ ਅਸੀਂ ਆਖਰਕਾਰ ਨਿਹੰਗਾਂ ਵਾਲੇ ਗੁਰਦੁਆਰੇ ਤੱਕ ਪਹੁੰਚ ਹੀ ਗਏ।


ਨਿਹੰਗਾਂ ਵਾਲੇ ਗੁਰਦੁਆਰੇ ਵਿਚ ਅਸੀਂ 100 ਤੋਂ ਜ਼ਿਆਦਾ ਵਿਦਿਆਰਥੀ ਇਕੱਠੇ ਹੋ ਗਏ ਸੀ ਪਰ ਟਰੱਕ ਸਿਰਫ ਇਕ ਹੀ ਸੀ। 'ਰੌਲਾ ਨਾ ਪਾਓ, ਪੁਲੀਸ ਏਥੇ ਕਿਸੇ ਸਮੇਂ ਵੀ ਆ ਸਕਦੀ ਹੈ।' ਇਕ ਵਿਦਿਆਰਥੀ ਡਰ ਦੇ ਭਾਵ ਨਾਲ ਬੋਲਿਆ। ਟਰੱਕ ਦੀ ਛੱਤ ਦੂਹਰੀ ਕੀਤੀ ਹੋਈ ਸੀ ਤੇ ਘੁਸ-ਘੁਸ ਕੇ ਸਾਰੇ ਮਸਾਂ ਹੀ ਬੈਠੇ। ਸਾਨੂੰ ਉਪਰਲੀ ਛੱਤ 'ਤੇ ਬਿਠਾ ਦਿੱਤਾ। ਟਰੱਕ ਦੀ ਬੈਕਸਾਈਡ ਫੱਟਿਆਂ ਨਾਲ ਕਵਰ ਕੀਤੀ ਹੋਈ ਸੀ ਜਿਸ ਨਾਲ ਅਸੀਂ ਸਭ ਅੰਦਰ ਲੁਕ ਗਏ। 'ਜਦੋਂ ਤੱਕ ਅਸੀਂ ਅੰਮ੍ਰਿਤਸਰ ਤੋਂ ਬਾਹਰ ਨਹੀਂ ਨਿਕਲਦੇ ਓਦੋਂ ਤੱਕ ਕੋਈ ਵੀ ਕਿਸੇ ਕਿਸਮ ਦੀ ਆਵਾਜ਼ ਨਹੀਂ ਕਰੇਗਾ।' ਇਕ ਆਗੂ ਨੇ ਕਿਹਾ।"

ਰਾਤ ਦੇ 11-12 ਵੱਜ ਗਏ ਸੀ। ਅੰਮ੍ਰਿਤਸਰ ਦੀਆਂ ਸੜਕਾਂ 'ਤੇ ਲੱਗੀਆਂ ਸਟਰੀਟ ਲਾਈਟਾਂ ਇੰਜ ਲੱਗਣ ਜਿਵੇਂ ਪੁਲਿਸ ਦੇ ਜਾਸੂਸ ਛੱਡੇ ਹੋਣ, ਰੌਸ਼ਨੀ ਤੋਂ ਅਜੀਬ ਹੀ ਕਿਸਮ ਦਾ ਡਰ ਲੱਗ ਰਿਹਾ ਸੀ।

ਆਖਰ ਹੌਲੀ-ਹੌਲੀ ਅੰਮ੍ਰਿਤਸਰ ਲੰਘ ਹੀ ਆਏ ਪਰ ਹੁਣ ਲੱਗਦਾ ਸੀ ਕਿ ਓਥੋਂ ਪੁਲਿਸ ਤੋਂ ਤਾਂ ਬਚ ਆਏ ਹਾਂ ਪਰ ਠੰਢ ਦੀ ਮਾਰ ਨਾਲ ਜ਼ਰੂਰ 4-5 ਸ਼ਹੀਦ ਹੋ ਜਾਣਗੇ ਬਰਨਾਲੇ ਪਹੁੰਚਦਿਆਂ-ਪਹੁੰਚਦਿਆਂ। ਹਵਾ ਵੀ ਗੋਲੀ ਵਾਂਗ ਵੱਜਦੀ ਸੀ। ਟਰੱਕ ਵਾਲੇ ਭਾਈ ਨੇ ਟਰੱਕ ਬਰਨਾਲੇ ਤੋਂ 25-30 ਕਿਲੋਮੀਟਰ ਪਿੱਛੇ ਹੀ ਰੋਕ ਲਿਆ ਤੇ ਕਹਿਣ ਲੱਗਾ, 'ਭਾਅ, ਏਦੂੰ ਅੱਗੇ ਮੇਰੀ ਗੱਡੀ ਨਹੀਂ ਜਾਵੇਗੀ, ਕਿਉਂਕਿ ਏਧਰ ਦਾ ਮੇਰਾ ਰੂਟ ਨਹੀਂ, ਜੇ ਬਰਨਾਲੇ ਚੈਕਿੰਗ ਹੋ ਗਈ ਤਾਂ ਮੇਰੀ ਗੱਡੀ ਦਾ ਚਲਾਣ ਹੋ ਜਾਊ।' ਟਰੱਕ ਵਾਲੇ ਨੂੰ ਹੋਰ ਪੈਸੇ ਇਕੱਠੇ ਕਰ ਕੇ ਦਿੱਤੇ ਤੇ ਮਸਾਂ ਮਸਾਂ ਮਨਾਇਆ, ਫਿਰ ਵੀ ਬਰਨਾਲੇ ਦੇ ਇਕ ਪਾਸੇ ਹੀ ਲਾਹ ਕੇ ਤਿੱਤਰ ਹੋ ਗਿਆ...

ਹੁਣ ਏਥੋਂ ਵੀ ਸਾਡਾ ਪਿੰਡ ਅੱਗੇ 14-15 ਕਿਲੋਮੀਟਰ ਦੂਰੀ 'ਤੇ ਸੀ ਜੋ ਅਸੀਂ ਤੁਰ ਕੇ ਜਾਣਾ ਸੀ। ਸਾਡੇ ਕਾਫ਼ਲੇ ਨੂੰ ਵੇਖ ਕੇ ਬਰਨਾਲੇ ਦੇ ਕੁੱਤੇ ਉੱਚੀ ਉੱਚੀ ਭੌਂਕਣ ਲੱਗੇ। ਕੁੱਤਿਆਂ ਨੂੰ ਭੌਂਕਦੇ ਵੇਖ ਕੇ ਸਾਡਾ ਉਹੀ ਮਾਸੂਮ ਸਾਂਝੀ ਯਾਰ ਕਹਿੰਦਾ 'ਸਾਲਿਓ, ਸਾਨੂੰ ਕਿਉਂ ਭੌਂਕਦੇ ਓ, ਅਸੀਂ ਤਾਂ ਭਗਤ ਸਿੰਘ ਨੂੰ ਬਚਾ ਕਿ ਆਏ ਆਂ।' ਸਾਰਾ ਟੋਲਾ ਜ਼ੋਰ ਦੀ ਉੱਚੀ ਉੱਚੀ ਹੱਸਣ ਲੱਗਾ।





ਸਾਂਝੀ ਦੇ ਮਾਸੂਮ ਬੋਲਾਂ ਦੀ ਉਦੋਂ ਤਾਂ ਮੈਨੂੰ ਬਹੁਤੀ ਸਮਝ ਨਾ ਲੱਗੀ ਪਰ ਇਹ ਸ਼ਬਦ ਮੇਰੇ ਦਿਮਾਗ ਦੇ ਕਿਸੇ ਖਾਨੇ 'ਚ ਜ਼ਰੂਰ ਅਟਕੇ ਰਹੇ ਤੇ ਜਿਉਂ ਜਿਉਂ ਸਮਾਂ ਬੀਤਦਾ ਜਾ ਰਿਹੈ ਇਨ੍ਹਾਂ ਬੋਲਾਂ ਦੇ ਅਰਥ ਗਹਿਰੇ ਹੁੰਦੇ ਜਾ ਰਹੇ ਨੇ। ਤੇ ਮੈਂ ਇਨ੍ਹਾਂ ਅਰਥਾਂ ਦੀ ਥਾਹ ਪਾਉਣ ਲਈ ਸੋਚਾਂ ਦੇ ਸਮੁੰਦਰ 'ਚ ਹੋਰ ਡੂੰਘਾ ਉਤਰਦਾ ਜਾ ਰਿਹਾਂ...

# ਕੈਨੇਡੀਅਨ ਫੂਡ ਬੈਂਕਾਂ ਦੀਆਂ ਬਰਕਤਾਂ

**ਨਿੱਕ ਸੁੱਕ**




**ਗੁਲਜ਼ਾਰ ਸਿੰਘ ਸੰਧੂ**
ਫੋਨ: 91-98157-78469
Sandhugulzar@yahoo.com

ਸਰਦੀਆਂ ਦੇ ਮੌਸਮ ਵਿਚ ਪੰਜਾਬੀ ਪਰਿਵਾਰਾਂ ਵਿਚ ਵਲਾਇਤ ਵਸੇਂਦੇ ਪ੍ਰਾਹੁਣਿਆਂ ਦਾ ਆਉਣਾ ਆਮ ਗੱਲ ਹੈ। ਲੰਘੇ ਐਤਵਾਰ ਮੇਰੇ ਘਰ ਮੇਰੀ ਭੈਣ ਹਰਭਜਨ ਢਿੱਲੋਂ ਤੇ ਮੇਰੀ ਮਾਸੀ ਦਾ ਪੁੱਤ ਮਹਿੰਦਰ ਢਿੱਲੋਂ ਇਕੱਠੇ ਹੋ ਗਏ। ਹਵਾਈ ਜਹਾਜ਼ਾਂ ਦੇ ਸਫਰ ਦੀ ਗੱਲ ਹੋਈ ਤਾਂ ਨਕਦੀ ਦਾ ਮੁੱਲ ਵੀ ਪੈਣ ਲੱਗਿਆ। ਅੱਜ ਦੇ ਦਿਨ 63 ਰੁਪਈਆਂ ਦਾ ਇਕ ਡਾਲਰ ਬਣਦਾ ਹੈ। ਇਹ ਵੀ ਕਿ ਕੈਨੇਡਾ ਵਿਚ ਕੇਵਲ ਪੈਸਿਆਂ ਦੇ ਬੈਂਕ ਹੀ ਨਹੀਂ ਰੋਟੀ ਪਾਣੀ ਦੇ ਬੈਂਕ ਵੀ ਹਨ ਜਿਨ੍ਹਾਂ ਨੂੰ ਫੂਡ ਬੈਂਕ ਕਹਿੰਦੇ ਹਨ। ਹਰਭਜਨ ਦਾ ਘਰ ਚੀਫ ਖਾਲਸਾ ਦੀਵਾਨ ਸੋਸਾਇਟੀ ਵਾਲੇ ਗੁਰਦੁਆਰੇ ਕੋਲ ਹੈ ਜਿੱਥੇ ਸਥਾਨਕ ਗੋਰੇ ਲੰਗਰ ਛਕ ਕੇ ਬਰਤਣ ਵੀ ਸਾਫ ਕਰਦੇ ਹਨ ਤੇ ਖਾਣ ਖਿਲਾਉਣ ਦੀ ਸੇਵਾ ਵੀ। ਲੋੜਵੰਦ ਬੱਚਿਆਂ ਲਈ ਖਾਣੇ ਦੇ ਪੈਕਟ ਹਰ ਵੇਲੇ ਤਿਆਰ ਮਿਲਦੇ ਹਨ ਤੇ ਬੱਚੇ ਸਕੂਲ ਜਾਂਦੇ ਸਮੇਂ ਉਥੋਂ ਲੰਚ ਸਮੇਂ ਖਾਣ ਲਈ ਚੁੱਕ ਲਿਜਾਂਦੇ ਹਨ।

ਮਹਿੰਦਰ ਸਿੰਘ ਦਾ ਘਰ ਗੁਰੂ ਨਾਨਕ ਫੂਡ ਬੈਂਕ ਦੇ ਨੇੜੇ ਹੈ, ਜਿਹੜਾ ਦੁੱਖ-ਨਿਵਾਰਨ ਗੁਰਦੁਆਰੇ ਦੀ ਬੁੱਕਲ ਵਿਚ ਪੈਂਦਾ ਹੈ। ਸਰ੍ਹੀ ਦੇ ਇਲਾਕੇ ਵਿਚ। ਇਸ ਦੀਆਂ ਵਡਿਆਈਆਂ ਦਾ ਵੀ ਅੰਤ ਨਹੀਂ। ਏਥੇ ਲੋੜਵੰਦਾਂ ਨੂੰ ਖਾਣ ਪੀਣ ਤੇ ਰਾਸ਼ਨ ਪਾਣੀ ਦੇ ਪੈਕਟਾਂ ਤੋਂ ਬਿਨਾ ਗੱਦੇ ਅਤੇ ਕੰਬਲ ਵੀ ਦਿੱਤੇ ਜਾਂਦੇ ਹਨ। ਖੂਬੀ ਇਹ ਕਿ ਇਸ ਫੂਡ ਬੈਂਕ ਨੂੰ ਦਾਨ ਕਰਨ ਵਾਲੇ ਵੀ ਸਬੰਧਤ ਵਸਤਾਂ ਦੇ ਟਰੱਕ ਭਰ ਕੇ ਲਿਆਉਂਦੇ ਹਨ ਤੇ ਉਨ੍ਹਾਂ ਦੀ ਉਦੋਂ ਤੱਕ ਤਸੱਲੀ ਨਹੀਂ ਹੁੰਦੀ ਜਦੋਂ ਤੱਕ ਇਨ੍ਹਾਂ ਵਸਤਾਂ ਨੂੰ ਫੂਡ ਬੈਂਕ ਦੇ ਵਿਹੜੇ ਨਹੀਂ ਪਹੁੰਚਾ ਦਿੰਦੇ। ਇਹ ਸੁਣ ਕੇ ਹੈਰਾਨ ਨਾ ਹੋਣਾ ਏਸ ਵਾਰ ਦੇ ਗੁਰੂ ਨਾਨਕ ਦੇ ਗੁਰਪੁਰਬ ਸਮੇਂ ਨਕਦ ਚੜ੍ਹਾਵਾ 3.5 ਲੱਖ ਡਾਲਰ ਸੀ। ਇੰਡੀਆ ਦਾ ਦੋ ਕਰੋੜ, 20 ਲੱਖ ਤੇ 50 ਹਜ਼ਾਰ (2,20,50,000) ਰੁਪਿਆ ਸੀ।

### ਇੱਕੋ ਕੁੱਖ ਦੇ ਜਾਇਆਂ ਨਾਲ ਵਿਤਕਰਾ

ਮੁੱਢ ਕਦੀਮੋਂ ਮਨੁੱਖੀ ਨਸਲ ਅਸ਼ਰਫ ਉਲ ਮਖ਼ਲੂਕਾਤ, (ਸਭ ਤੋਂ ਉਤਮ ਨਸਲ) ਮੰਨੀ ਜਾਂਦੀ ਹੈ। ਪਰ ਇਹ ਆਦਮੀ ਦਾ ਪੁੱਤ ਇੱਕੋ ਕੁੱਖ ਦੇ ਜਾਇਆਂ ਨੂੰ ਕੈਰੀ ਅੱਖ ਨਾਲ ਵੇਖਦਾ ਹੈ। ਖਾਸ ਕਰਕੇ ਲਿੰਗ ਭੇਦ ਵਜੋਂ ਊਣੀਆਂ ਰਹਿ ਗਈਆਂ ਨਸਲਾਂ ਨੂੰ। ਇਸ ਵਿਚ ਮਨੁੱਖੀ ਹੋਂਦ ਦੀਆਂ ਉਹ ਸਾਰੀਆਂ ਵਿਭਿੰਨਤਾਵਾਂ ਆ ਜਾਂਦੀਆਂ ਹਨ ਜਿਨ੍ਹਾਂ ਨੂੰ ਸਦੀਆਂ ਤਕ ਜਾਂ ਤਾਂ ਪ੍ਰਵਾਨ ਨਹੀਂ ਕੀਤਾ ਜਾਂਦਾ ਰਿਹਾ ਜਾਂ ਤ੍ਰਿਸਕਾਰ ਭਾਵ ਨਾਲ ਵੇਖਿਆ ਜਾਂਦਾ ਰਿਹਾ ਹੈ। ਏਸੇ ਤਰ੍ਹਾਂ ਵੱਖਰੀ ਭਾਂਤ ਦੀ ਸੈਕਸੂਅਲ ਓਰੀਐਂਟੇਸ਼ਨ ਨੂੰ ਵੀ ਗ਼ੈਰ ਕੁਦਰਤੀ ਮੰਨਦਿਆਂ ਉਸਨੂੰ ਅਪਰਾਧ ਦੇ ਖਾਨੇ ਵਿਚ ਸ਼ਾਮਲ ਕਰ ਲਿਆ ਜਾਂਦਾ ਹੈ। ਅੰਤਰਰਾਸ਼ਟਰੀ ਫੋਰਮਾਂ ਉਤੇ ਇਨ੍ਹਾਂ ਵੱਖਰੀ ਭਾਂਤ ਦੇ ਜੀਵਾਂ ਵੱਲ ਸਮਾਜਿਕ ਪਹੁੰਚ ਨੂੰ ਵੀ ਜਾਤ, ਨਸਲ, ਧਰਮ ਤੇ ਲਿੰਗ-ਭੇਦ ਦੇ ਆਧਾਰ 'ਤੇ ਵਿਤਕਰੇ ਵਾਂਗ ਮਨੁੱਖੀ ਅਧਿਕਾਰਾਂ ਦੇ ਮਸਲੇ ਵਜੋਂ ਵੇਖਿਆ ਜਾਂਦਾ ਹੈ। ਪਿਛਲੀ ਇਕ ਸਦੀ ਦੌਰਾਨ ਵਿਕਸਤ ਪੱਛਮੀ ਮੁਲਕਾਂ ਵਿਚ ਇਹ ਸੋਚ ਬਦਲੀ ਹੈ, ਜਿਸ ਅਨੁਸਾਰ ਟਰਾਂਸ ਜੈਂਡਰ ਜੀਵਾਂ ਨਾਲ ਸਮਲਿੰਗੀਆਂ ਨੂੰ ਵੀ ਇਕ ਕੁਦਰਤੀ ਵਰਤਾਰੇ ਵਜੋਂ ਪ੍ਰਵਾਨਗੀ ਦਿੱਤੀ ਜਾਣ ਲੱਗੀ ਹੈ।



ਬਹੁਤ ਸਾਰੇ ਵਿਕਸਤ ਮੁਲਕਾਂ ਵਿਚ ਮਨੁੱਖ ਦੀ ਭੌਤਿਕ ਤੇ ਮਨੋਵਿਗਿਆਨਕ ਬਣਤਰ ਦੀ ਮੁੱਢਲੀ ਜਾਣਕਾਰੀ ਸਕੂਲੀ ਸਿੱਖਿਆ ਦੇ ਪਾਠਕ੍ਰਮ ਦਾ ਹਿੱਸਾ ਬਣ ਚੁੱਕੀ ਹੈ। ਕੈਨੇਡਾ ਵਿਚ ਅਤੇ ਇਸਦੇ ਸੂਬੇ ਬ੍ਰਿਟਿਸ਼ ਕੋਲੰਬੀਆ ਵਿਚ ਵੀ ਪਿਛਲੇ ਕੁਝ ਮਹੀਨਿਆਂ ਵਿਚ ਬ੍ਰਿਟਿਸ਼ ਕੋਲੰਬੀਆ ਪ੍ਰਾਂਤ ਵਿਚ ਕੰਜ਼ਰਵੇਟਿਵ ਸੋਚ ਵਾਲੇ ਕੁੱਝ ਵਿਅਕਤੀ ਸਕੂਲੀ ਸਿੱਖਿਆ ਦੀ ਇਸ ਨੀਤੀ ਦੇ ਵਿਰੁੱਧ ਰੋਸ ਕਰ ਰਹੇ ਸਨ। ਭਾਵੇਂ ਇਹ ਨੀਤੀ ਕਈ ਸਾਲਾਂ ਤੋਂ ਚੱਲੀ ਆ ਰਹੀ ਹੈ ਪਰ ਵਿਰੋਧ ਕਰਨ ਵਾਲਿਆਂ ਨੇ ਪ੍ਰਾਂਤ ਦੀ ਵਰਤਮਾਨ ਸਿੱਖਿਆ ਮੰਤਰੀ ਰਚਨਾ ਸਿੰਘ ਨੂੰ ਨਿਸ਼ਾਨਾ ਬਣਾਉਂਦਿਆਂ ਵਿਧਾਨ ਸਭਾ ਦੀ ਉਸਦੀ ਮੈਂਬਰੀ ਵਿਰੁੱਧ ਪਟੀਸ਼ਨ ਦਾਖਲ ਕਰ ਦਿੱਤੀ ਸੀ। ਏਥੇ ਦੀ ਵਿਧਾਨ ਸਭਾ ਵਿਚ ਕਿਸੇ ਵੀ ਮੈਂਬਰ ਨੂੰ ਵਾਪਸ ਬੁਲਾ ਲੈਣ ਦੀ ਵਿਵਸਥਾ ਹੈ। ਇਸ ਵਿਵਸਥਾ ਅਨੁਸਾਰ ਪਟੀਸ਼ਨ ਕਰਨ ਵਾਲਿਆਂ ਨੂੰ ਦੋ ਮਹੀਨੇ ਤਕ ਦਸਤਖ਼ਤੀ ਮੁਹਿੰਮ ਚਲਾਉਣ ਦਾ ਮੌਕਾ ਦਿੱਤਾ ਜਾਂਦਾ ਹੈ। ਸ਼ਰਤ ਇਹ ਉਹ ਨਿਸ਼ਚਿਤ ਤਾਰੀਖ ਤਕ ਦਸਤਖ਼ਤਾਂ ਦੀ ਲੋੜੀਂਦੀ ਗਿਣਤੀ ਪੂਰੀ ਕਰਨ। ਇਸ ਕੇਸ ਵਿਚ ਕੌੜੀ ਧਾਰਨਾ ਵਾਲਿਆਂ ਨੇ 29 ਜਨਵਰੀ ਤੱਕ ਲੋੜੀਂਦੇ ਦਸਤਖਤ ਕਰਵਾਣੇ ਸਨ। ਹੋਇਆ ਇਹ ਕਿ ਉਹ ਬੜੀ ਮੁਸ਼ਕਲ ਨਾਲ ਇਕ ਚੌਥਾਈ ਦਸਤਖ਼ਤ ਕਰਾ ਸਕੇ। ਨਤੀਜੇ ਵਜੋਂ 29 ਜਨਵਰੀ ਨੂੰ ਬੀ.ਸੀ. ਦੇ ਚੋਣ ਕਮਿਸ਼ਨ ਨੇ ਰਚਨਾ ਸਿੰਘ ਵਿਰੁੱਧ ਪਾਈ ਪਟੀਸ਼ਨ ਦੇ ਰੱਦ ਹੋਣ ਦਾ ਐਲਾਨ ਕਰ ਦਿੱਤਾ। ਆਪਣੇ ਕੰਮ-ਕਾਰ ਕਰਕੇ ਬਹੁਤ ਮਕਬੂਲ ਰਚਨਾ ਸਿੰਘ ਤਾਂ ਇਸ ਸਾਰੇ ਘਟਨਾਕ੍ਰਮ ਨੂੰ ਬਹੁਤ ਸਹਿਜ ਨਾਲ ਲੈ ਰਹੀ ਹੈ ਪਰ ਉਸਦੇ ਪ੍ਰਸ਼ੰਸਕ ਤੇ ਹਮਾਇਤੀ ਯਕੀਨਨ ਬਹੁਤ ਖ਼ੁਸ਼ ਹਨ। ਚੇਤੇ ਰਹੇ ਰਚਨਾ ਸਾਡੇ ਮਿੱਤਰ ਰਘਬੀਰ ਸਿੰਘ ਸਿਰਜਣਾ ਦੀ ਬੇਟੀ ਹੈ ਜਿਹੜੀ ਬ੍ਰਿਟਿਸ਼ ਕੋਲੰਬੀਆ ਦੀ ਵਿਦਿਆ ਮੰਤਰੀ ਹੈ। ਨਿਸ਼ਚੇ ਹੀ ਵਿਰੋਧੀ ਧਿਰ ਦੀ ਪਟੀਸ਼ਨ ਦਾ ਰੱਦ ਹੋਣਾ ਸਾਡੇ ਸਾਰਿਆਂ ਲਈ ਖ਼ੁਸ਼ੀ ਦੀ ਗੱਲ ਹੈ।

**ਅੰਤਿਕਾ**

—ਲੋਕ ਬੋਲੀ—

ਸਹੁੰ ਖਾਣ ਨੂੰ ਬੜਾ ਚਿੱਤ ਕਰਦਾ
ਇੱਕ ਵੀਰ ਦੇਈਂ ਵੇ ਰੱਬਾ।

# ਚੋਣਾਂ ਦੇ ਸਮਿਆਂ 'ਚ, ਸੱਭੋ ਕੁਝ ਜਾਇਜ਼

ਦੇਸ਼ 'ਚ ਚੋਣਾਂ ਦਾ ਮੌਸਮ ਆ ਢੁੱਕਾ ਹੈ। ਦੇਸ਼ ਦੇ ਪ੍ਰਧਾਨ ਮੰਤਰੀ ਨਿੱਤ ਨਵੇਂ ਐਲਾਨ ਹੀ ਨਹੀਂ ਕਰ ਰਹੇ, ਸਗੋਂ ਆਪਣੀ "ਦੋ ਇੰਜਣ" ਸਰਕਾਰ ਵਾਲੇ ਸੂਬਿਆਂ 'ਚ ਜਾ ਕੇ ਨਵੇਂ-ਨਵੇਂ "ਵੱਡ ਆਕਾਰੀ, ਵੱਡ ਕਰੋੜੀ" ਪ੍ਰਾਜੈਕਟਾਂ ਦਾ ਉਦਘਾਟਨ ਕਰ ਰਹੇ ਹਨ ਜਾਂ ਨੀਂਹ ਪੱਥਰ ਰੱਖ ਰਹੇ ਹਨ।

ਅਯੁੱਧਿਆ ਵਿਖੇ ਰਾਮ ਮੰਦਰ 'ਚ ਪ੍ਰਧਾਨ ਮੰਤਰੀ ਵਲੋਂ ਸ੍ਰੀ ਰਾਮ ਪ੍ਰਾਣ ਪ੍ਰਤਿਸ਼ਠਾ ਕਰਵਾਈ ਗਈ ਹੈ। ਦੇਸ਼ ਦੀ ਨਾਰੀ ਨੂੰ ਸਮਰਪਿਤ ਬਜਟ ਦੇਸ਼ ਦੀ ਪਾਰਲੀਮੈਂਟ 'ਚ ਪੇਸ਼ ਕੀਤਾ ਗਿਆ ਹੈ। ਦੇਸ਼ ਦੀਆਂ ਨਾਰੀਆਂ ਨੂੰ ਹੁਣ ਪਹਿਲਾਂ ਨਾਲੋਂ ਵੱਧ ਮਾਣ-ਤਾਣ ਮਿਲੇਗਾ। "ਆਯੁਸ਼ਮਾਨ ਭਾਰਤ ਬੀਮਾ ਕਾਰਡ" ਦੀ ਸੁਵਿਧਾ ਤਹਿਤ ਮੁਫ਼ਤ ਇਲਾਜ ਦੇਸ਼



**ਗੁਰਮੀਤ ਸਿੰਘ ਪਲਾਹੀ**
**ਫੋਨ: 98158-02070**

ਦੀਆਂ ਆਸ਼ਾ ਅਤੇ ਆਂਗਣਵਾੜੀ ਵਰਕਰਾਂ (ਜਿਨ੍ਹਾਂ ਨੂੰ ਕੁਝ ਸੈਂਕੜੇ ਮਾਸਿਕ ਤਨਖ਼ਾਹ ਹੀ ਮਿਲਦੀ ਹੈ) ਤੱਕ ਵਧਾ ਦਿੱਤਾ ਗਿਆ ਹੈ। ਰੇਲਵੇ 'ਚ ਸਹੂਲਤਾਂ, ਸਿਹਤ 'ਚ ਸਹੂਲਤਾਂ, ਸਿੱਖਿਆ ਬਜਟ 'ਚ ਕੁਝ ਵਾਧਾ, ਪਰ ਖੇਤੀਬਾੜੀ ਖੇਤਰ ਦਾ ਬਜਟ ਘਟਾ ਦਿੱਤਾ ਗਿਆ ਹੈ।

ਦੇਸ਼ ਦੇ ਚੋਣ ਕਮਿਸ਼ਨ 'ਚ ਮੈਂਬਰਾਂ ਦੀਆਂ ਨਿਯੁਕਤੀਆਂ ਦੀ ਪ੍ਰਕਿਰਿਆ ਬਦਲ ਦਿੱਤੀ ਗਈ ਹੈ, ਸਰਕਾਰ ਕੋਲ ਹੁਣ ਇਨ੍ਹਾਂ ਮੈਂਬਰਾਂ ਦੀ ਨਿਯੁਕਤੀ ਦੇ ਵੱਧ ਅਧਿਕਾਰ ਹੋਣਗੇ। ਸਰਕਾਰ ਮੈਂਬਰਾਂ ਦੀ ਨਿਯੁਕਤੀ ਸਮੇਂ ਮਨਮਰਜ਼ੀ ਕਰ ਸਕੇਗੀ। ਦੇਸ਼ ਦੀ ਈ.ਡੀ. ਅਤੇ ਸੀਬੀਆਈ ਹੋਰ ਤੇਜ਼ ਹੋ ਗਈਆਂ ਹਨ। ਦੇਸ਼ ਦੇ ਵਿਰੋਧੀ ਦਲ ਦੇ ਨੇਤਾਵਾਂ ਨੂੰ ਸ਼ਿਕੰਜੇ 'ਚ ਲਿਆ ਜਾ ਰਿਹਾ ਹੈ। ਝਾਰਖੰਡ ਦੇ ਮੁੱਖ ਮੰਤਰੀ ਅਤੇ ਦਿੱਲੀ ਦੇ ਮੁੱਖ ਮੰਤਰੀ ਨੂੰ ਲਗਾਤਾਰ ਸੰਮਨ ਮਿਲ ਰਹੇ ਹਨ। ਝਾਰਖੰਡ ਦੇ ਮੁੱਖ ਮੰਤਰੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਹੁਣ ਨਿਸ਼ਾਨੇ 'ਤੇ ਹਨ। ਹਰ ਕਿਸਮ ਦੇ ਦਾਅ ਪੇਚ ਦੇਸ਼ 'ਚ ਰਾਜ ਸ਼ਕਤੀ ਹਥਿਆਉਣ ਲਈ ਭਾਜਪਾ ਹਕੂਮਤ ਵਰਤ ਰਹੀ ਹੈ। ਚੰਡੀਗੜ੍ਹ ਦੀ ਮੇਅਰ ਚੋਣ ਸਮੇਂ ਕਾਂਗਰਸ, ਆਮ ਆਦਮੀ ਪਾਰਟੀ ਦੇ ਸਾਂਝੇ ਬਹੁਮਤ ਹੋਣ ਦੇ ਬਾਵਜੂਦ, ਭਾਜਪਾ ਦਾ ਮੇਅਰ, ਦੋ ਡਿਪਟੀ ਮੇਅਰ ਚੁਣ ਲਏ ਗਏ ਹਨ।

ਪੂਰੇ ਦੇਸ਼ 'ਚ ਗੋਦੀ ਮੀਡੀਆ ਅਤੇ ਸਰਕਾਰੀ ਮੀਡੀਆ ਹਾਕਮਾਂ ਦੀਆਂ ਦਸ ਸਾਲਾਂ ਦੀਆਂ ਪ੍ਰਾਪਤੀਆਂ ਗਿਣਾਉਣ ਲਈ ਪੱਬਾਂ ਭਾਰ ਹੈ। ਨਿਸ਼ਾਨਾ ਬੱਸ ਇਕੋ ਹੈ, ਦੇਸ਼ ਵਿਚ ਸਿਰਫ਼ ਇੱਕ ਪਾਰਟੀ ਰਾਜ ਦੀ ਸਥਾਪਨਾ ਹੋਵੇ। ਵਿਰੋਧੀਆਂ ਦਾ ਖੁਰਾ ਖੋਜ ਮਿਟਾਉਣ ਲਈ ਭਰਪੂਰ ਯਤਨ ਹੋ ਰਹੇ ਹਨ। ਇੱਕ ਰਾਸ਼ਟਰ, ਇੱਕ ਬੋਲੀ, ਇੱਕ ਚੋਣ! ਬੱਸ ਸਭ ਕੁਝ ਇੱਕੋ ਇੱਕ!

ਚੁੱਪ ਦੇਸ਼ ਦੀ ਵਿਰੋਧੀ ਧਿਰ ਵੀ ਨਹੀਂ ਹੈ। ਗੱਠਜੋੜ ਦੀ ਨੀਤੀ ਅਪਣਾ ਕੇ 'ਇੰਡੀਆ' ਸਿਰਜੀ ਗਈ ਹੈ। ਭਾਵੇਂ ਆਪਸੀ ਤਾਲਮੇਲ ਤੇ ਸਹਿਯੋਗ ਦੀ ਘਾਟ ਹੈ। ਫਿਰ ਵੀ ਜਿੱਥੇ ਜਿੱਥੇ ਵੀ ਇੰਡੀਆ ਗੱਠਜੋੜ 'ਚ ਸ਼ਾਮਲ ਸਿਆਸੀ ਪਾਰਟੀਆਂ ਦੀਆਂ ਸਰਕਾਰਾਂ ਹਨ, ਉਨ੍ਹਾਂ ਵਲੋਂ ਵੀ ਆਪਣੀ ਸਰਕਾਰ ਦੀਆਂ ਪ੍ਰਾਪਤੀਆਂ ਗਿਣਾਈਆਂ ਜਾ ਰਹੀਆਂ ਹਨ ਜਾਂ ਆਪਣੀਆਂ ਸਰਕਾਰਾਂ "ਕੇਂਦਰੀ ਹਾਕਮਾਂ" ਤੋਂ ਤੋੜੇ ਜਾਣ ਤੋਂ ਬਚਾਈਆਂ ਜਾ ਰਹੀਆਂ ਹਨ। ਕਾਂਗਰਸ ਦੇ ਰਾਹੁਲ ਗਾਂਧੀ ਭਾਰਤ ਯਾਤਰਾ 'ਤੇ ਨਿਕਲੇ ਹੋਏ ਹਨ।

ਦੱਖਣੀ ਸੂਬਿਆਂ 'ਚ ਚੋਣਾਂ ਲਈ ਮਾਹੌਲ ਉੱਤਰੀ ਭਾਰਤ ਨਾਲੋਂ ਵੱਖਰਾ ਹੈ, ਇੱਥੇ ਧਰਮ ਪੱਖੀ ਸਿਆਸਤ ਦਾ ਬੋਲ ਬਾਲਾ ਨਹੀਂ ਹੈ। ਵਿਰੋਧੀ ਧਿਰ ਧਰਮ ਨਿਰਪੱਖਤਾ ਅਤੇ ਸੰਵਿਧਾਨਕ ਸੰਕਲਪ ਨੂੰ ਦਰਪੇਸ਼ ਵੰਗਾਰਾਂ ਨੂੰ ਲੋਕਾਂ ਸਾਹਵੇਂ ਪੇਸ਼ ਕਰਨ ਦੇ ਰੌਂਅ ਵਿਚ ਹੈ।

ਚੋਣਾਂ ਦੇ ਇਸ ਮੌਸਮ ਵਿਚ ਮੁੱਦਿਆਂ ਦੀ ਸਿਆਸਤ ਬਿਖਰੀ ਹੋਈ ਦਿਸਦੀ ਹੈ। ਆਪਣਿਆਂ ਨੂੰ ਰੇੜੀਆਂ ਵੰਡਣ ਅਤੇ ਲੋਕਾਂ ਨੂੰ ਧਰਮ ਦੇ ਨਾਂਅ ਉਤੇ ਵੰਡਣ ਲਈ ਹਾਕਮ, ਨੇਤਾ, ਤਿੱਖੀਆਂ ਸੁਰਾਂ 'ਚ ਬੋਲ ਅਲਾਪ ਰਹੇ ਹਨ।

ਵੇਖੋ ਕਿਵੇਂ ਪ੍ਰਚਾਇਆ ਜਾ ਰਿਹਾ ਹੈ ਕਿ ਦੇਸ਼ ਦੇ 80 ਕਰੋੜ ਲੋਕਾਂ ਨੂੰ ਸਰਕਾਰ ਅਨਾਜ ਮੁਫ਼ਤ ਦੇ ਰਹੀ ਹੈ (ਜਿਵੇਂ ਕੋਈ ਅਹਿਸਾਨ ਕੀਤਾ ਜਾ ਰਿਹਾ ਹੋਵੇ)। ਮੁਫ਼ਤ ਗੈਸ ਕੁਨੈਕਸ਼ਨ ਵੰਡੇ ਜਾ ਰਹੇ ਹਨ। ਆਯੂਸ਼ਮਾਨ ਭਾਰਤ ਕਾਰਡ ਰਾਹੀਂ ਮੁਫ਼ਤ ਸਿਹਤ ਸਹੂਲਤਾਂ ਹਨ। ਇਹ ਬਿਲਕੁਲ ਭੁੱਲਿਆ ਜਾ ਰਿਹਾ ਹੈ ਕਿ ਦੇਸ਼ ਦੀ 60 ਫੀਸਦੀ ਆਬਾਦੀ ਜੇਕਰ ਮੁਫ਼ਤ ਸਰਕਾਰੀ ਭੋਜਨ ਲੈਣ ਲਈ ਮਜਬੂਰ ਹੈ ਤਾਂ ਉਸਦੀ ਆਰਥਿਕ ਹਾਲਤ ਕਿਹੋ ਜਿਹੀ ਹੈ? ਆਜ਼ਾਦੀ ਦੇ 75 ਸਾਲ ਬੀਤਣ ਬਾਅਦ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਦੇਸ਼ ਭਾਰਤ ਦੇ ਵਸਨੀਕਾਂ ਤੋਂ ਜੇਕਰ ਮੁਫ਼ਤ ਦਿੱਤੀਆਂ ਰਿਆਇਤਾਂ ਦੇ ਨਾਂਅ ਉਤੇ ਹੀ ਵੋਟ ਬਟੋਰਨੀ ਹੈ ਤਾਂ ਇਸ ਤੋਂ ਹੋਰ ਵੱਡਾ, ਲੋਕਤੰਤਰ ਦਾ ਕਿਹੜਾ ਜਨਾਜ਼ਾ ਨਿਕਲ ਸਕਦਾ ਹੈ?

ਚੋਣਾਂ ਦੇ ਇਸ ਮੌਸਮ 'ਚ ਦਰਸਾਉਣ ਦਾ ਇਹ ਵੱਡਾ ਯਤਨ ਹੋ ਰਿਹਾ ਹੈ ਕਿ ਦੇਸ਼ ਦੇ 20 ਤੋਂ 25 ਕਰੋੜ ਭਾਰਤੀ ਪਿਛਲੇ ਪੰਜ ਸਾਲਾਂ 'ਚ ਗਰੀਬੀ ਰੇਖਾ ਤੋਂ ਉਪਰ ਉੱਠ ਗਏ ਹਨ। ਪਰ ਭੁੱਖਮਰੀ 'ਚ ਉਹ ਗੁਆਂਢੀ ਮੁਲਕਾਂ ਇਥੋਂ ਤੱਕ ਕਿ ਬੰਗਲਾ ਦੇਸ਼, ਸ੍ਰੀ ਲੰਕਾ ਤੋਂ ਉਪਰਲਾ ਸਥਾਨ ਕਿਵੇਂ ਰੱਖਦੇ ਹਨ?

ਇੱਕ ਸੁਪਨਮਈ ਦ੍ਰਿਸ਼ ਦੇਸ਼ 'ਚ ਸਿਰਜਿਆ ਜਾ ਰਿਹਾ ਹੈ। ਦੇਸ਼ ਨੂੰ ਦੁਨੀਆ ਦੀ ਆਉਣ ਵਾਲੇ ਸਮੇਂ 'ਚ ਵੱਡੀ ਆਰਥਿਕਤਾ ਦਰਸਾਉਣ ਲਈ ਸਰਕਾਰ ਸਮੇਤ, ਗੋਦੀ ਮੀਡੀਆ ਪੱਬਾਂ ਭਾਰ ਹੈ। ਦੇਸ਼ ਦੇ ਧੰਨ-ਕੁਬੇਰ ਅਡਾਨੀ-ਅੰਬਾਨੀ, ਵੱਡੇ-ਵੱਡੇ ਅਮੀਰ ਐਕਟਰ ਜਿਵੇਂ ਅਯੁੱਧਿਆ ਸਮਾਗਮ 'ਚ ਸਰਕਾਰ ਦੀ ਪਿੱਠ ਉਤੇ ਵੇਖੇ ਗਏ, ਉਹ 'ਨਿੱਜੀਕਰਨ', ਨੂੰ ਪ੍ਰਣਾਏ ਭਾਰਤੀ ਹਾਕਮਾਂ ਨੂੰ ਉਤਸ਼ਾਹਤ ਕਰ ਗਏ। ਇਸ ਸਭ ਕੁਝ ਦਾ ਵਿਸ਼ਾਲ ਚੋਣਾਂ ਦੇ ਸਮਿਆਂ 'ਚ ਦਿਖਾਵਾ, ਕੋਈ ਅਲੋਕਾਰਾ ਵਰਤਾਰਾ ਨਹੀਂ ਹੈ।

ਸਰਕਾਰਾਂ, ਜਦੋਂ ਚਾਹੁੰਦੀਆਂ ਹਨ, ਉਦੋਂ ਉਹ ਮਾਫੀਏ, ਭੂ-ਮਾਫੀਏ, ਕਬਜ਼ਾਧਾਰੀਆਂ, ਗੁੰਡਿਆਂ ਨੂੰ ਸਰਗਰਮ ਕਰ ਲੈਂਦੀਆਂ ਹਨ। ਅਤੇ ਚੋਣਾਂ ਵਾਲਾ ਸਮਾਂ ਇਨ੍ਹਾਂ ਲੋਕਾਂ ਲਈ ਅਤਿ ਉੱਤਮ ਗਿਣਿਆ ਜਾਂਦਾ ਹੈ। ਚੋਣਾਂ 'ਚ ਇਹ ਨੇਤਾਵਾਂ ਦੇ ਹਥਿਆਰ ਗਿਣੇ ਜਾਂਦੇ ਹਨ। ਹਾਕਮ ਧਿਰ ਅਤੇ ਵਿਰੋਧੀ ਧਿਰ ਦਾ ਇਹ ਗਹਿਣਾ ਹਨ, ਜੋ ਕਦੇ ਵੀ ਇਨ੍ਹਾਂ ਤੋਂ ਨਹੀਂ ਨਿੱਖੜਦਾ।

ਇਕ ਰਿਪੋਰਟ ਭਾਰਤ 'ਚ ਨਾਜਾਇਜ਼ ਕਬਜ਼ਿਆਂ ਬਾਰੇ ਛਪੀ ਹੈ। ਇਹ ਕਿਸੇ ਬਾਹਰੀ ਏਜੰਸੀ ਵਲੋਂ ਨਹੀਂ ਸਗੋਂ ਕੇਂਦਰ ਸਰਕਾਰ ਵਲੋਂ ਜਾਰੀ ਕੀਤੀ ਗਈ ਹੈ। ਇਸ ਅਨੁਸਾਰ ਦੇਸ਼ ਦੇ ਜੰਗਲ ਵਿਭਾਗ ਦੀ 32,77,591 ਏਕੜ ਜ਼ਮੀਨ ਕਬਜ਼ਾਧਾਰੀਆਂ ਨੇ ਹਥਿਆਈ ਹੋਈ ਹੈ। ਭਾਰਤੀ ਸੈਨਾ ਦੀ 9375 ਏਕੜ ਅਤੇ ਰੇਲਵੇ ਦੀ 2012 ਏਕੜ ਜ਼ਮੀਨ ਉਤੇ ਵੀ ਭੂ-ਮਾਫੀਏ, ਕਬਜ਼ਾਧਾਰੀਆਂ ਨੇ ਕਬਜ਼ਾ ਕੀਤਾ ਹੋਇਆ ਹੈ। ਦੇਸ਼ ਦੀ ਰਾਜਧਾਨੀ ਦਿੱਲੀ ਦੇ 964 ਸਰਕਾਰੀ ਪਾਰਕਾਂ ਦੀ ਲਗਭਗ 70 ਏਕੜ ਜ਼ਮੀਨ ਵੀ ਇਨ੍ਹਾਂ ਲੋਕਾਂ ਦੇ ਕਬਜ਼ੇ ਹੇਠ ਹੈ।

ਇਹ ਜਾਣਦਿਆਂ ਹੋਇਆਂ ਵੀ ਕਿ ਨਾਜਾਇਜ਼ ਕਬਜ਼ਿਆਂ ਦੀ ਸਮੱਸਿਆ ਬਹੁਤ ਗੰਭੀਰ ਹੈ। ਹਰ ਦਿਨ ਸਰਕਾਰੀ ਜ਼ਮੀਨ ਉਤੇ ਭੂ-ਮਾਫੀਆ ਦਬੰਗ ਲੋਕ, ਘੁਸਪੈਠੀਏ ਕਬਜ਼ਾ ਕਰ ਰਹੇ ਹਨ, ਇਹ ਕਬਜ਼ੇ ਕਰਾਉਣ ਪਿੱਛੇ ਵੱਡੇ ਸਿਆਸਤਦਾਨਾਂ, ਸਿਆਸਤਦਾਨਾਂ ਦੇ ਪਿੱਛਲੱਗਾਂ, ਇੱਥੇ ਤਕ ਕਿ ਸਰਕਾਰੀ ਅਫ਼ਸਰਾਂ ਦਾ ਵੀ ਹੱਥ ਹੋਣਾ ਪਾਇਆ ਜਾਂਦਾ ਹੈ। ਇਨ੍ਹਾਂ ਵਿਰੁੱਧ ਸਰਕਾਰਾਂ ਕੁਝ ਨਹੀਂ ਕਰਦੀਆਂ, ਕਿਉਂਕਿ ਉਹ ਜਾਣਦੀਆਂ ਹਨ ਕਿ ਇਹ ਚੋਣਾਂ ਦੇ ਸਮਿਆਂ 'ਚ ਉਸਦੀ ਪੱਕੀ ਵੋਟ ਬੈਂਕ ਹੈ।

ਚੋਣਾਂ ਦੇ ਸਮਿਆਂ 'ਚ ਨੇਤਾਵਾਂ ਦੀ ਦਲਬਦਲੀ ਜਾਇਜ਼ ਗਿਣੀ ਜਾਂਦੀ ਹੈ। ਵਿਧਾਇਕਾਂ ਦੀ ਖਰੀਦੋ-ਫ਼ਰੋਖ਼ਤ ਉਤੇ ਵੀ ਕੋਈ ਪ੍ਰਸ਼ਨ ਚਿੰਨ੍ਹ ਨਹੀਂ ਉੱਠਦਾ। ਮੌਜੂਦਾ ਉਦਾਹਰਨ ਬਿਹਾਰ ਦੀ ਹੈ। ਨੌਵੀਂ ਵੇਰ ਮੁੱਖ ਮੰਤਰੀ ਬਣਿਆ ਬਿਹਾਰੀ ਨੇਤਾ ਨਿਤੀਸ਼ ਕੁਮਾਰ, ਅਨੈਤਿਕਤਾ ਦੀਆਂ ਹੱਦਾਂ ਪਾਰ ਕਰਦਾ, ਕਦੇ ਭਾਜਪਾ ਅਤੇ ਕਦੇ ਵਿਰੋਧੀ ਧਿਰ ਨਾਲ ਖੜ ਕੇ ਮੁੱਖ ਮੰਤਰੀ ਦੀ ਕੁਰਸੀ ਚੜ੍ਹਦਾ ਵੇਖਿਆ ਜਾਂਦਾ ਹੈ। ਆਇਆ ਰਾਮ, ਗਿਆ ਰਾਮ ਦੀ ਇਸ ਤੋਂ ਵੱਡੀ ਹੋਰ ਕਿਹੜੀ ਤਸਵੀਰ ਹੋ ਸਕਦੀ ਹੈ ਉਸ ਤੋਂ ਬਿਨਾਂ?

ਉਂਜ ਕੇਂਦਰ 'ਚ ਰਾਜ ਕਰਦੇ ਹਾਕਮਾਂ ਦਾ ਜਦੋਂ ਦਾਅ ਲੱਗਦਾ ਹੈ, ਵਿਰੋਧੀਆਂ ਨੂੰ ਮਾਤ ਪਾਉਣ ਲਈ ਇਹ ਖੇਡ ਖੇਡਦੇ ਹਨ, ਜਿਹੜਾ 'ਦਲ ਬਦਲੀ ਕਾਨੂੰਨ' ਨੂੰ ਵੀ ਛਿੱਕੇ ਟੰਗ ਦਿੰਦਾ ਹੈ। ਉਂਜ ਸਮਝਣ ਵਾਲੀ ਗੱਲ ਤਾਂ ਇਹ ਵੀ ਹੈ ਕਿ ਗਿਰਗਿਟ ਵਾਂਗਰ ਰੰਗ ਬਦਲਣ ਵਾਲੇ ਨੇਤਾ ਜਦੋਂ ਲੋਕ ਕਚਹਿਰੀ 'ਚ ਜਾਂਦੇ ਹਨ ਤਾਂ ਫਿਰ ਵੀ ਉਹ ਮੁੜ 'ਸਾਮ, ਦਾਮ, ਦੰਡ' ਦੀ ਸਿਆਸਤ ਕਰਦਿਆਂ ਮੁੜ ਚੋਣਾਂ ਜਿੱਤ ਜਾਂਦੇ ਹਨ।

ਚੋਣਾਂ ਦੇ ਸਮਿਆਂ 'ਚ ਕਰੋੜਪਤੀਆਂ, ਬਹੁਬਲੀਆਂ, ਦੀ ਤਾਂ ਜਿਵੇਂ ਚਾਂਦੀ ਹੋ ਜਾਂਦੀ ਹੈ, ਉਹ ਆਪਣੀ ਤਾਕਤ ਦੀ ਵਰਤੋਂ ਕਰਦਿਆਂ ਦੇਸ਼ ਦੇ ਪਵਿੱਤਰ ਸਦਨ "ਲੋਕ ਸਭਾ" ਦੀ ਦਹਿਲੀਜ਼ ਟੱਪਦੇ ਹਨ, ਸਤਿਕਾਰਯੋਗ ਬਣਦੇ ਹਨ, ਤੇ ਦੇਸ਼ ਦੇ ਲੋਕਾਂ ਉਤੇ ਉਸੇ ਬਹੁ-ਬਲ ਨਾਲ ਰਾਜ ਕਰਦੇ ਹਨ।

ਇਸ ਸਮੇਂ ਦੇਸ਼ ਦੀ ਲੋਕ ਸਭਾ ਅਤੇ ਰਾਜ ਸਭਾ 'ਚ ਬੈਠੇ ਸਤਿਕਾਰਯੋਗ ਮੈਂਬਰਾਨ ਜਾਣੀ ਮੈਂਬਰ ਪਾਰਲੀਮੈਂਟ ਦੀ ਪੜਚੋਲ ਕਰਨੀ ਤਾਂ ਬਣਦੀ ਹੀ ਹੈ। ਏ ਡੀ ਆਰ ਦੀ ਰਿਪੋਰਟ ਕਹਿੰਦੀ ਹੈ ਕਿ ਦੇਸ਼ ਦੀ ਪਾਰਲੀਮੈਂਟ ਦੇ ਕੁਲ 763 ਮੈਂਬਰਾਂ ਵਿਚੋਂ 306 ਉਤੇ ਅਪਰਾਧਕ ਕੇਸ ਹਨ, ਜਿਨ੍ਹਾਂ ਵਿਚੋਂ 25 ਫੀਸਦੀ ਉਤੇ ਗੰਭੀਰ ਕੇਸ ਹਨ, ਜਿਨ੍ਹਾਂ 'ਚ ਕਤਲ, ਔਰਤਾਂ ਨਾਲ ਬਲਾਤਕਾਰ ਦੇ ਕੇਸ ਹਨ। ਇਨ੍ਹਾਂ ਵਿਚ 139 ਭਾਜਪਾ ਦੇ ਅਤੇ 49 ਕਾਂਗਰਸ ਦੇ ਐਮ.ਪੀ. ਹਨ। ਹੈਰਾਨੀ ਤਾਂ ਹੋਣੀ ਹੀ ਨਹੀਂ ਚਾਹੀਦੀ ਕਿ ਇਨ੍ਹਾਂ ਵਿਚੋਂ 7 ਫ਼ੀਸਦੀ ਅਰਬਪਤੀ ਹਨ। ਇਸ ਤੋਂ ਵੀ ਅਗਲੀ ਗੱਲ ਇਹ ਕਿ 17ਵੀਂ ਲੋਕ ਸਭਾ ਦੇ ਜੋ 539 ਮੈਂਬਰ ਚੁਣੇ ਗਏ ਸਨ, ਉਨ੍ਹਾਂ ਵਿਚੋਂ ਇਸ ਰਿਪੋਰਟ ਅਨੁਸਾਰ 475 ਕਰੋੜਪਤੀ ਹਨ, ਜਿਨ੍ਹਾਂ ਵਿਚ ਭਾਜਪਾ ਦੇ 303 ਅਤੇ ਕਾਂਗਰਸ ਦੇ 52 ਕਰੋੜਪਤੀ ਮੈਂਬਰ ਹਨ।

ਦੇਸ਼ ਇਸ ਵੇਲੇ ਬੇਰੁਜ਼ਗਾਰੀ ਝੱਲ ਰਿਹਾ ਹੈ। ਦੇਸ਼ 'ਚ ਬੇਰੁਜ਼ਗਾਰੀ ਦਰ 7.95 ਹੈ। ਦੇਸ਼ ਭੁੱਖਮਰੀ ਦਾ ਸ਼ਿਕਾਰ ਹੈ। ਕੁਲ 125 ਦੇਸ਼ਾਂ ਵਿਚ ਭੁੱਖਮਰੀ 'ਚ ਭਾਰਤ ਦਾ ਸਥਾਨ 111ਵਾਂ ਹੈ। ਦੇਸ਼ 'ਚ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ। ਅੰਤਰਰਾਸ਼ਟਰੀ ਪੱਧਰ 'ਤੇ ਇਸਦਾ ਸਥਾਨ 85ਵਾਂ ਹੈ। ਦੇਸ਼ ਮਨੁੱਖੀ ਅਧਿਕਾਰਾਂ ਦੇ ਮਾਮਲੇ 'ਚ ਅੰਤਰਰਾਸ਼ਟਰੀ ਦ੍ਰਿਸ਼ 'ਚ ਬਦਨਾਮੀ ਖੱਟ ਚੁੱਕਾ ਹੈ। ਦੇਸ਼ ਬੁਰੀ ਤਰ੍ਹਾਂ ਕਰਜ਼ਾਈ ਹੈ। ਇਸ ਸਿਰ 205 ਲੱਖ ਕਰੋੜ ਰੁਪਏ ਕਰਜ਼ਾ ਹੈ।

ਚੋਣ ਵੇਲਿਆਂ 'ਚ ਬੇਰੁਜ਼ਗਾਰੀ, ਭੁੱਖਮਰੀ, ਮਹਿੰਗਾਈ, ਭ੍ਰਿਸ਼ਟਾਚਾਰ, ਸਿਹਤ, ਸਿੱਖਿਆ, ਵਾਤਾਵਰਨ, ਮੁੱਖ ਮੁੱਦੇ ਹੋਣੇ ਚਾਹੀਦੇ ਹਨ। ਲੋਕਾਂ ਕੋਲ ਰੋਟੀ, ਕੱਪੜਾ, ਮਕਾਨ ਹੈ ਜਾਂ ਨਹੀਂ, ਇਹ ਮੁੱਦਾ ਗੰਭੀਰ ਹੈ।

ਮੁੱਦੇ ਤਾਂ ਇਹ ਵੀ ਚੁੱਕਣੇ ਬਣਦੇ ਹਨ ਕਿ ਕੀ ਧਰਮ ਦੇ ਨਾਂਅ ਉਤੇ ਸਿਆਸਤ ਜਾਇਜ਼ ਹੈ? ਕੀ ਦੇਸ਼ ਵਿਚ ਸੰਘੀ ਢਾਂਚੇ ਦੀ ਸੰਘੀ ਘੁੱਟ ਕੇ ਲੋਕਤੰਤਰ ਦਾ ਘਾਣ ਨਹੀਂ ਕੀਤਾ ਜਾ ਰਿਹਾ? ਕੀ ਵਿਰੋਧੀ ਧਿਰ ਦੀਆਂ ਸਰਕਾਰਾਂ ਤੋੜਨ ਲਈ ਦਲ ਬਦਲੀ ਨੂੰ ਉਤਸ਼ਾਹਤ ਕੀਤਾ ਜਾਣਾ ਚਾਹੀਦਾ ਹੈ? ਕੀ ਦੇਸ਼ ਵਿਚ ਘੱਟ ਗਿਣਤੀਆਂ ਨੂੰ ਬੇਖੌਫ ਹੋ ਕੇ ਜੀਊਣ ਦਾ ਹੱਕ ਖੋਹਿਆ ਜਾਣਾ ਠੀਕ ਹੈ? ਕੀ ਦੇਸ਼ 'ਚ ਇੱਕ ਦੇਸ਼, ਇੱਕ ਕੌਮ, ਇੱਕ ਬੋਲੀ, ਇੱਕ ਚੋਣ ਦੀ ਰਾਜਨੀਤੀ ਨੂੰ ਲਾਗੂ ਕਰਨਾ ਡਿਕਟੇਟਰਾਨਾ ਸੋਚ ਵੱਲ ਦੇਸ਼ ਨੂੰ ਵਧਾਉਣਾ ਨਹੀਂ? ਜੋ ਸਾਡੇ ਅਨੁਸਾਰ ਨਹੀਂ ਸੋਚਦਾ, ਜੋ ਸਾਡੇ ਅਨੁਸਾਰ ਨਹੀਂ ਬੋਲਦਾ, ਉਸ ਉਤੇ ਦੇਸ਼ ਧ੍ਰੋਹੀ ਦਾ ਫੱਟਾ ਲਾਉਣਾ ਕੀ ਦੇਸ਼ ਦਾ ਜਮਹੂਰੀ ਖਾਸਾ ਬਦਲਣਾ ਨਹੀਂ?

ਬਿਨਾਂ ਸ਼ੱਕ ਦੇਸ਼ ਦੀਆਂ ਵਿਰੋਧੀ ਸਿਆਸੀ ਪਾਰਟੀਆਂ ਇਨ੍ਹਾਂ ਮੁੱਦਿਆਂ ਸਬੰਧੀ ਚੋਣ ਮੈਨੀਫੈਸਟੋ ਜਾਰੀ ਕਰਨਗੀਆਂ। ਸਰਕਾਰ ਆਪਣੀਆਂ ਪ੍ਰਾਪਤੀਆਂ ਨੂੰ ਗਿਣਾਏਗੀ। ਆਪਣੇ ਵਿਰੋਧੀ ਭ੍ਰਿਸ਼ਟ ਨੇਤਾਵਾਂ, ਪਰਿਵਾਰਵਾਦ ਦੇ ਚਿੱਠੇ ਫਰੋਲੇਗੀ। ਪਰ ਉਹ ਆਪਣੇ ਭ੍ਰਿਸ਼ਟ ਨੇਤਾਵਾਂ ਜਾਂ ਆਪਣੀ ਪਾਰਟੀ 'ਚ ਚੋਣਾਂ ਵੇਲੇ ਸ਼ਾਮਲ ਲੋਕਾਂ ਦਾ ਨੰਗ ਢੱਕ ਲਵੇਗੀ। ਵਿਰੋਧੀ ਧਿਰਾਂ ਵੀ ਸਰਕਾਰ ਦੇ ਪਾਜ ਖੋਲ੍ਹਣ ਲਈ ਯਤਨਸ਼ੀਲ ਹੋਣਗੀਆਂ। ਪਰ ਕੀ ਉਹ ਆਮ ਲੋਕਾਂ ਦੀਆਂ ਮੁੱਖ ਲੋੜਾਂ ਅਤੇ ਲੋਕਾਂ ਦੀ ਅਸਲ ਸਥਿਤੀ, ਆਪਣੇ ਲੋਕਾਂ ਦੀ ਕਚਹਿਰੀ 'ਚ ਪੇਸ਼ ਕਰਨ ਲਈ ਕਾਮਯਾਬ ਹੋ ਸਕਣਗੀਆਂ?

ਆਉਣ ਵਾਲੀ ਤਿਮਾਹੀ ਦੇਸ਼ ਲਈ ਅਹਿਮ ਹੈ। ਆਮ ਲੋਕਾਂ ਨੂੰ ਉਨ੍ਹਾਂ 'ਪ੍ਰਮੁੱਖ ਲੋਕਾਂ' ਦੇ ਧੱਕੇ ਧੌਂਸ, ਰੌਲੇ, ਰੱਪੇ ਨੂੰ ਸੁਣਨਾ ਪਵੇਗਾ, ਜਿਨ੍ਹਾਂ ਨੂੰ ਉਹ ਕਈ ਹਾਲਤਾਂ 'ਚ ਮਨੋਂ ਪਸੰਦ ਨਹੀਂ ਕਰਦੇ। ਅਸਲ 'ਚ ਲੋਕਾਂ ਲਈ, ਇਹ ਨੇਤਾ ਉਨ੍ਹਾਂ ਦੀ ਮਜਬੂਰੀ ਬਣ ਚੁੱਕੇ ਹਨ, ਕਿਉਂਕਿ ਇਨ੍ਹਾਂ ਨੇਤਾਵਾਂ ਨੇ ਲੋਕਾਂ ਨੂੰ ਕੁਝ ਹੱਦ ਤੱਕ ਇੰਨਾ ਬੇਵੱਸ ਕਰ ਦਿੱਤਾ ਹੋਇਆ ਹੈ ਕਿ ਉਹ ਬੋਲਦੇ ਹੀ ਨਹੀਂ ਹਨ, ਧੱਕਾ ਸਹੀ ਜਾਂਦੇ ਹਨ ਅਤੇ ਸਿਰਫ ਉਨ੍ਹਾਂ ਦੀ ਵੋਟ ਬੈਂਕ ਬਣ ਕੇ ਰਹਿ ਗਏ ਹਨ ਜਾਂ ਉਨ੍ਹਾਂ ਵਲੋਂ ਮਧੁਰ ਧਰਮੀ ਬਾਣੀ 'ਚ ਕੀਲੇ ਕਿਸੇ ਸਾਰਥਕ ਸੋਚ ਤੋਂ ਸੱਖਣੇ, ਰੋਟੀ, ਪਾਣੀ ਦਾ ਆਹਰ ਕਰਨ ਤੱਕ ਸੀਮਤ ਕਰ ਦਿੱਤੇ ਗਏ ਹਨ।

ਲੋਕਾਂ ਦੀ ਸਾਣ 'ਤੇ ਲੱਗੀ ਸੋਚ, ਇਸ ਸੋਚ ਨੂੰ ਕਦੇ ਖ਼ਤਮ ਕਰਨ ਦੇ ਸਮਰੱਥ ਹੋਏਗੀ ਕਿ ਚੋਣ ਦੇ ਸਮਿਆਂ 'ਚ ਸੱਭੋ ਕੁਝ ਜਾਇਜ਼ ਹੈ ਜਾਂ ਨਹੀਂ। ਇਹ ਤਾਂ ਆਉਣ ਵਾਲੀਆਂ ਚੋਣਾਂ ਦੱਸਣਗੀਆਂ ਜਾਂ ਫਿਰ ਭਵਿੱਖ!

# ਅਲਵਿਦਾ ਹਾਕੀ ਦੇ ਧਰੂਤਾਰੇ ਸੁਖਬੀਰ ਗਿੱਲ

ਸੁਖਬੀਰ ਸਿੰਘ ਗਿੱਲ ਭਾਰਤੀ ਹਾਕੀ ਟੀਮ ਦਾ ਸਿਤਾਰਾ ਸੀ ਅਤੇ ਕੇਂਦਰੀ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਦਾ ਪਹਿਲਾ ਸ਼ਖ਼ਸ ਸੀ ਜੋ ਹਾਕੀ ਦਾ ਅੰਤਰਰਾਸ਼ਟਰੀ ਉਲੰਪੀਅਨ ਬਣਿਆ। ਉਸ ਦੇ ਹਾਕੀ ਵਿਚ ਪਾਏ ਯੋਗਦਾਨ ਨੇ ਚੰਡੀਗੜ੍ਹ ਨੂੰ ਅੰਤਰਰਾਸ਼ਟਰੀ ਨਕਸ਼ੇ ਉੱਤੇ ਉਭਾਰਿਆ। ਉਸ ਦੀ ਖੇਡ ਪ੍ਰਤਿਭਾ ਇਸ ਹੱਦ ਤੱਕ ਪ੍ਰਭਾਵਸ਼ਾਲੀ ਸੀ ਕਿ ਉਸ ਨੂੰ ਹਾਕੀ ਦਾ 'ਕੌਤਕੀ ਮਿੱਡਫੀਲਡਰ' ਮੰਨਿਆ ਜਾਂਦਾ ਸੀ, ਕਿਉਂਕਿ ਉਹ ਖੇਡ ਮੈਦਾਨ ਵਿਚ ਮਿੱਡਫੀਲਡ ਸਥਾਨ

**ਲਖਵਿੰਦਰ ਸਿੰਘ ਮੌੜ**
**ਫੋਨ: +91-94177-52063**

'ਤੇ ਖੇਡਦਾ ਸੀ ਅਤੇ ਆਪਣੇ ਕਰਤੱਵ ਦਾ ਐਨਾ ਜ਼ਿੰਮੇਵਾਰ ਅਤੇ ਮਜ਼ਬੂਤ ਰੱਖਿਅਕ ਸੀ ਕਿ ਮਿੱਡਫੀਲਡ ਵਿਚ ਵਿਰੋਧੀ ਟੀਮ ਦੀ ਚਿੜੀ ਤੱਕ ਨਹੀਂ ਪਰ ਮਾਰ ਸਕਦੀ ਸੀ।

14 ਦਸੰਬਰ 1975 ਨੂੰ ਜਨਮੇ ਹਾਕੀ ਦੇ ਇਸ 'ਕੌਤਕੀ ਮਿੱਡਫੀਲਡਰ' ਸੁਖਬੀਰ ਨੂੰ ਹਾਕੀ ਖੇਡਣ ਦੀ ਚੇਟਕ ਸ਼ਿਵਾਲਿਕ ਸਕੂਲ ਸੈਕਟਰ-41 ਚੰਡੀਗੜ੍ਹ ਵਿਚ ਪੜ੍ਹਦਿਆਂ ਹੀ ਲੱਗ ਗਈ ਸੀ ਅਤੇ ਆਪਣੇ ਸਕੂਲੀ ਜੀਵਨ ਦੌਰਾਨ ਹੀ ਉਸ ਨੇ ਹਾਕੀ ਵਿਚ ਕਾਫ਼ੀ ਮੱਲਾਂ ਮਾਰੀਆਂ ਸਨ। ਇਸ ਤੋਂ ਇਲਾਵਾ ਚੰਡੀਗੜ੍ਹ ਸੈਕਟਰ 10 ਦੇ ਡੀ.ਏ.ਵੀ. ਕਾਲਜ ਵਿਚ ਪੜ੍ਹਦਿਆਂ ਆਪਣੀ ਖੇਡ ਪ੍ਰਤਿਭਾ ਦਾ ਲੋਹਾ ਮਨਾਇਆ ਅਤੇ ਕਾਲਜ ਵਿਚ ਪੜ੍ਹਦਿਆਂ ਹੀ ਉਹ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਹਾਕੀ ਟੀਮ ਦਾ ਮੈਂਬਰ ਬਣ ਗਿਆ ਅਤੇ ਇਸੇ ਦੌਰਾਨ ਹੀ ਆਲ ਇੰਡੀਆ ਇੰਟਰਯੂਨੀਵਰਸਿਟੀ ਹਾਕੀ ਚੈਂਪੀਅਨਸ਼ਿਪ ਵਿਚ ਪੰਜਾਬ ਯੂਨੀਵਰਸਿਟੀ ਦੀ ਅਗਵਾਈ ਕੀਤੀ। ਕੁਆਲਾਲੰਪੁਰ ਅਤੇ ਸੰਨ 2000 ਵਿਚ ਹਾਕੀ ਚੈਂਪੀਅਨ ਟ੍ਰਾਫੀ ਜਰਮਨ ਵਿਚ ਆਪਣੀ ਖੇਡ ਪ੍ਰਤਿਭਾ ਦਾ ਲੋਹਾ ਮਨਵਾਇਆ। ਸੁਖਬੀਰ ਸਿੰਘ ਗਿੱਲ ਮੈਦਾਨ ਵਿਚ ਆਪਣੀ ਕਲਾਤਮਕ ਖੇਡ ਦੇ ਜੌਹਰ ਦਿਖਾਉਂਦਾ ਰਿਹਾ। ਦਿਮਾਗੀ ਰਸੌਲੀ ਅਜਿਹੀ ਚਿੰਬੜੀ ਕਿ ਹਾਕੀ ਖੇਡ ਮੈਦਾਨ ਦਾ ਇਹ ਬੱਬਰ ਸ਼ੇਰ 2021



*ਵਿਦੇਸ਼ੀ ਖਿਡਾਰੀਆਂ ਨਾਲ ਭਿੜ ਕੇ ਹਾਕੀ ਦੇ ਕਰਤੱਵ ਦਿਖਾਉਂਦਾ ਹੋਇਆ ਸੁਖਬੀਰ ਸਿੰਘ ਗਿੱਲ।*



ਇਸ ਤੋਂ ਇਲਾਵਾ 1995 ਵਿਚ ਮਲੇਸ਼ੀਆ ਵਿਚ ਸੁਲਤਾਨ ਅਜ਼ਲਾਨ ਸ਼ਾਹ ਹਾਕੀ ਕੱਪ ਦੌਰਾਨ ਭਾਰਤੀ ਹਾਕੀ ਟੀਮ ਦੀ ਪ੍ਰਤੀਨਿਧਤਾ ਕੀਤੀ। ਆਪਣੇ ਦੇਸ਼ ਵੱਲੋਂ 2000 ਵਿਚ ਸਮਰ ਹਾਕੀ ਉਲੰਪਿਕ ਸਿਡਨੀ (ਆਸਟ੍ਰੇਲੀਆ), 2002 ਵਿਚ ਵਿਸ਼ਵ ਹਾਕੀ ਕੱਪ ਦਸੰਬਰ-2006 ਤੋਂ ਦਿਮਾਗੀ ਰਸੌਲੀ ਤੋਂ ਪੀੜਤ ਸੀ ਅਤੇ ਇਸ ਦਾ ਪਤਾ ਉਸ ਨੂੰ ਉਸ ਵੇਲੇ ਲੱਗਿਆ ਜਦੋਂ ਉਸ ਦੇ ਦਿਮਾਗ ਦੀਆਂ ਕਈ ਸਰਜਰੀਆਂ ਹੋ ਚੁੱਕੀਆਂ ਸਨ। ਉਹ ਇਸ ਰੋਗ ਦੇ ਇਲਾਜ ਲਈ ਕਰਾਏ ਕਈ ਅਪ੍ਰੇਸ਼ਨਾਂ ਦੇ ਬਾਵਜੂਦ ਵੀ ਹਾਕੀ ਦੇ ਤੋਂ ਬਾਅਦ ਮੁੜ ਮੰਜੇ 'ਤੋਂ ਨਹੀਂ ਉੱਠਿਆ। ਇਸ ਜਾਨਲੇਵਾ ਬਿਮਾਰੀ ਦੇ ਚਲਦਿਆਂ ਉਹ ਆਪਣੀ ਅੰਗਹੀਣ ਮਾਤਾ ਦਲਜੀਤ ਕੌਰ, ਪਤਨੀ ਗੁਰਪ੍ਰੀਤ ਕੌਰ, 19 ਸਾਲਾ ਬੇਟੀ 14 ਸਾਲਾ ਬੇਟੇ ਦੀ ਹੌਂਸਲਾ-ਅਫ਼ਜ਼ਾਈ ਸਦਕਾ ਹੀ ਜੀਵਿਤ ਰਿਹਾ। ਅੰਤ 26 ਜਨਵਰੀ 2024 ਦਿਨ ਸ਼ੁਕਰਵਾਰ ਨੂੰ ਆਪਣੀ 49 ਸੈਕਟਰ ਚੰਡੀਗੜ੍ਹ ਦੀ ਰਿਹਾਇਸ਼ ਵਿਚ ਹਾਕੀ ਪ੍ਰੇਮੀਆਂ ਨੂੰ ਹਮੇਸ਼ਾ ਲਈ ਅਲਵਿਦਾ ਕਹਿ ਗਿਆ। ਜਿਵੇਂ ਕਿ ਹੋਰ ਨਾਮਵਰ ਅੰਤਰ-ਰਾਸ਼ਟਰੀ ਖਿਡਾਰੀਆਂ ਨੂੰ ਸਮੇਂ ਦੀਆਂ ਹਕੂਮਤਾਂ ਅਣਗੌਲਿਆਂ ਕਰਦੀਆਂ ਆਈਆਂ ਹਨ ਅਤੇ ਬਿਮਾਰੀਆਂ ਦੀ ਜਕੜ ਵਿਚ ਆਉਣ ਤੋਂ ਬਾਅਦ ਖੇਡ ਮੈਦਾਨਾਂ ਦੇ ਬੱਬਰ ਸ਼ੇਰ ਬਿਨਾਂ ਕਿਸੇ ਸਰਕਾਰੀ ਸਹਾਇਤਾ ਦੇ ਇਸ ਫ਼ਾਨੀ ਸੰਸਾਰ ਨੂੰ ਚੁੱਪ-ਚੁਪੀਤੇ ਛੱਡ ਜਾਂਦੇ ਹਨ। ਇਹੀ ਕੁੱਝ ਸੁਖਬੀਰ ਗਿੱਲ ਨਾਲ ਵਾਪਰਿਆ, ਜਿਸ ਨੂੰ ਪ੍ਰਸ਼ਾਸਨ ਨੇ ਮਾਮੂਲੀ ਸਹਾਇਤਾ ਹੀ ਦਿੱਤੀ ਜੋ ਉਸ ਦੇ ਖੇਡ ਇਤਿਹਾਸ ਅਤੇ ਮੈਦਾਨੀ ਮੱਲਾਂ ਦੇ ਮੁਕਾਬਲੇ ਬਹੁਤ ਘੱਟ ਹੈ। ਜ਼ਿਕਰਯੋਗ ਹੈ ਕਿ ਸੇਵਾ ਮੁਕਤੀ ਉਪਰੰਤ ਅਰਾਮ ਨਾਲ ਬੈਠਣ ਦੀ ਬਜਾਏ ਸੁਖਬੀਰ ਨੇ ਆਪਣੇ ਬਚਪਨ ਦੇ ਸਕੂਲ ਦੀ ਸ਼ਿਵਾਲਿਕ ਪਬਲਿਕ ਸਕੂਲ ਦੀ ਮੁਹਾਲੀ ਸ਼ਾਖ਼ਾ ਵਿਚ ਬੱਚਿਆਂ ਨੂੰ ਹਾਕੀ ਦੇ ਗੁਰ ਸਿਖਾਉਣੇ ਸ਼ੁਰੂ ਕਰ ਦਿੱਤੇ ਸਨ ਅਤੇ ਉਸ ਨੇ ਹਾਕੀ ਦੀ ਨਵੀਂ ਪਨੀਰੀ ਤਿਆਰ ਕੀਤੀ, ਜਿਵੇਂ ਸੰਸਾਰਪੁਰ (ਜਲੰਧਰ) ਵਿਚ ਉਲੰਪੀਅਨ ਸਵ: ਸੁਰਜੀਤ ਸਿੰਘ ਨੇ ਤਿਆਰ ਕੀਤੀ ਹੈ। ਹਾਕੀ ਨੂੰ ਲੋਕਾਂ ਵਿਚ ਜਿਉਂਦਾ ਰੱਖਣ ਅਤੇ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਾਉਣ ਲਈ ਹਰ ਸਾਲ ਹਾਕੀ ਚੈਂਪੀਨਸ਼ਿਪ ਦਾ ਆਯੋਜਨ ਕਰਾਉਣਾ ਉਸ ਨੇ ਆਪਣਾ ਫ਼ਰਜ਼ ਸਮਝ ਲਿਆ ਸੀ ਅਤੇ ਹਰ ਸਾਲ ਧਰਮ ਸਿੰਘ ਯਾਦਗਾਰੀ ਹਾਕੀ ਚੈਂਪੀਅਨਸ਼ਿਪ ਕਰਾਉਣੀ ਉਹ ਕਦੇ ਵੀ ਨਹੀਂ ਭੁੱਲਿਆ। ਅਫ਼ਸੋਸ ਕਿ ਹਾਕੀ ਮੈਦਾਨ ਵਿਚ ਬਾਲ ਨੂੰ ਹਾਕੀ ਵਿਚ ਜਕੜ ਕੇ ਰੱਖਣ ਵਾਲੇ ਸੁਖਬੀਰ ਨੂੰ ਕੂਲਹਿਣੀ ਮੌਤ ਜਕੜ ਕੇ ਲੈ ਗਈ।

# ਅਸੀਂ ਧਰਮ ਨਹੀਂ, ਧਾਰਮਿਕ ਕੱਟੜਪੁਣੇ ਦੇ ਖਿਲਾਫ ਹਾਂ

**ਕੈਨੇਡਾ ਵੱਸਦੇ ਉਘੇ ਸ਼ਾਇਰ ਸੁਖਪਾਲ ਨੇ ਧਰਮ ਅਤੇ ਮਨੁੱਖ ਬਾਰੇ ਕੁਝ ਖਾਸ ਗੱਲਾਂ ਦਾ ਵੇਰਵਾ ਦਿੰਦਿਆਂ ਧਰਮ ਅਤੇ ਧਾਰਮਿਕ ਕੱਟੜਤਾ ਵਿਚਕਾਰ ਫਰਕ ਉਜਾਗਰ ਕੀਤਾ ਹੈ। ਉਹ ਧਰਮ ਦੇ ਗਹਿਰੇ ਅਨੁਭਵ ਨੂੰ ਸਿਆਸਤ ਦੀ ਪੁੱਠ ਨਾ ਚਾੜ੍ਹਨ ਲਈ ਪ੍ਰੇਰਦਾ ਹੈ। ਸੰਸਾਰ ਵਿਚ ਦੋ ਤਰ੍ਹਾਂ ਦਾ ਧਰਮ ਹੈ। ਜਿਹੜਾ ਧਰਮ ਗਿਆਨ ਅਤੇ ਨਿਜੀ ਮਿਹਨਤ ਵਿਚੋਂ ਉਪਜਿਆ ਹੈ - ਉਹ ਨਿਰਭਉ ਕਰਦਾ ਹੈ। ਜਿਹੜਾ ਭੈ ਵਿਚੋਂ ਉਪਜਿਆ ਹੈ - ਉਹ ਹਿੰਸਾ ਕਰਦਾ ਹੈ। ਧਰਮ ਜਦੋਂ ਨਾਨਕ ਜਾਂ ਘਨੁਈਏ ਦੇ ਹੱਥਾਂ ਵਿਚੋਂ ਲੰਘਦਾ ਹੈ ਤਾਂ ਬਲਦੀਆਂ ਅੱਗਾਂ ਬੁਝ ਜਾਂਦੀਆਂ ਹਨ। ਜਦ ਕਿਸੇ ਅਤਿਵਾਦੀ, ਸਿਆਸਤਦਾਨ ਜਾਂ ਕੱਟੜ ਸੰਸਥਾ ਦੇ ਹੱਥੀਂ ਆਉਂਦਾ ਹੈ ਤਾਂ ਦੇਸ ਫੂਕਿਆ ਜਾਂਦਾ ਹੈ।**

ਸਾਡੇ ਪਰਿਵਾਰ ਦਾ ਇਕ ਵਡੇਰਾ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਵਿਚ ਸੀ। ਬਹਾਦਰੀ ਦੇ ਇਨਾਮ ਵਜੋਂ ਜ਼ਿਲ੍ਹਾ ਸ਼ੇਖੂਪੁਰਾ (ਹੁਣ ਦੇ ਪਾਕਿਸਤਾਨ) ਵਿਚ ਭੋਇੰ ਮਿਲੀ। ਖੇਤਾਂ ਦੀ ਰਾਖੀ ਲਈ ਦਾਦਾ ਜੀ ਨੇ ਮੁਸਲਮਾਨ ਨੌਕਰ ਰੱਖਿਆ ਸੀ। ਥਾਣੇਦਾਰ ਦੇ ਕਾਰਿੰਦੇ ਸਰਕਾਰੀ ਘੋੜੀਆਂ ਲਈ ਸਾਡੇ ਖੇਤਾਂ ਵਿਚੋਂ ਚੋਰੀ ਪੱਠੇ ਵੱਢ ਕੇ ਲੈ ਜਾਂਦੇ। ਦਾਦਾ ਜੀ ਨੇ ਸਹਿਜ ਸੁਭਾਇ ਨੌਕਰ ਨੂੰ ਕਿਹਾ: "ਜੇ ਕਿਸੇ ਨੂੰ ਪੱਠੇ ਵੱਢਦਾ ਦੇਖੇਂ ਤਾਂ ਡਾਂਗ ਮਾਰੀਂ ਉਹਦੇ ਸਿਰ ਵਿਚ।" ਉਸ ਸਿੱਧੜੇ ਬੰਦੇ ਨੇ ਸੱਚਮੁੱਚ ਹੀ ਚੋਰ ਦੇ ਸਿਰ ਵਿਚ ਡਾਂਗ ਮਾਰ ਦਿੱਤੀ। ਥਾਣੇਦਾਰ ਦਾ ਉਹ ਬੰਦਾ ਮਰ ਗਿਆ, ਉਹਨੇ ਤੁਰਤ ਫੁਰਤ ਪਰਚਾ ਦਰਜ ਕਰ ਲਿਆ। ਦਾਦਾ ਜੀ ਨੇ ਨੌਕਰ ਨੂੰ ਆਖਿਆ: "ਤੂੰ ਭੱਜ ਜਾ। ਛੇ ਜਣਿਆਂ ਦੇ ਗਰੀਬ ਘਰ ਦਾ ਤੂੰ 'ਕੱਲਾ ਕਮਾਊ ਪੁੱਤ ਹੈਂ। ਤੇਰੇ ਟੱਬਰ ਤੋਂ ਮੁਕੱਦਮਾ ਨਹੀਂ ਲੜਿਆ ਜਾਣਾ। ਮੈਂ ਅੰਦਰ ਹੋ ਗਿਆ ਤਾਂ ਮੇਰੇ ਭਰਾ ਛੁਡਾਅ ਲੈਣਗੇ।" ਦਾਦਾ ਜੀ ਸਾਲ ਭਰ ਜੇਲ੍ਹ ਵਿਚ ਰਹੇ। ਮੁਕੱਦਮਾ ਖਾਰਜ ਹੋਇਆ ਹੀ ਸੀ ਕਿ ਪਾਕਿਸਤਾਨ ਬਣ ਗਿਆ।



**ਸੁਖਪਾਲ (ਕੈਨੇਡਾ)**

ਜ਼ਿਲ੍ਹਾ ਸ਼ੇਖੂਪੁਰੇ ਮੇਰੇ ਦਾਦਾ ਜੀ ਦੇ ਨਾਂ 'ਤੇ ਵਾਹੀ ਸੌ ਏਕੜ ਜ਼ਮੀਨ ਸੀ ਤੇ ਦੋ ਸੌ ਏਕੜ ਉਹ ਠੇਕੇ ਤੇ ਲੈ ਕੇ ਵਾਹੁੰਦੇ ਸਨ। ਵੰਡ ਮਗਰੋਂ ਮੇਰੇ ਅਨਪੜ੍ਹ ਦਾਦਾ ਜੀ ਨੂੰ ਹਿੰਦੋਸਤਾਨ ਆ ਕੇ ਜ਼ਮੀਨ ਲੈਣ ਲਈ ਕਾਗਜ਼ ਦਾਖਲ ਕਰਨ ਦਾ ਪਤਾ ਨਹੀਂ ਸੀ। ਪੜ੍ਹਿਆ ਲਿਖਿਆ ਵੱਡਾ ਭਰਾ ਜ਼ਿੱਦ ਕਰਨ ਲੱਗਾ- 'ਕਾਗਜ਼ ਦਾਖਲ ਕਰ ਦਿਆਂਗਾ ਪਰ ਤੇਰੇ ਹਿੱਸੇ ਦੀ ਅੱਧੀ ਜ਼ਮੀਨ ਮੈਂ ਲਵਾਂਗਾ'। ਦਾਦਾ ਜੀ ਨੇ ਆਖਿਆ, "ਮੈਨੂੰ ਲਾਲਚ ਨਹੀਂ, ਆਪਾਂ ਤਿੰਨੇ ਭਰਾ ਜ਼ਮੀਨ ਬਰਾਬਰ ਵੰਡ ਲੈਂਦੇ ਹਾਂ, ਇਕੱਠੇ ਰਹਾਂਗੇ!" ਪਰ ਵੱਡਾ ਭਰਾ ਅੜਿਆ ਰਿਹਾ।

ਦਾਦਾ ਜੀ ਨੇ ਉਹਦੀ ਅਨਿਆਈ ਮੰਗ ਨੂੰ ਨਾਂਹ ਕਰ ਦਿੱਤੀ। ਹਿੰਦੋਸਤਾਨ ਆ ਕੇ ਕਈ ਸਾਲ ਮਜ਼ਦੂਰੀ ਕੀਤੀ, ਇੱਟਾਂ ਢੋਈਆਂ, ਗੁੰਬੀ ਲੱਗੇ ਰਹੇ। ਬਾਰਾਂ ਤੇਰਾਂ ਵਰ੍ਹੇ ਮਗਰੋਂ ਭੱਜ ਦੌੜ ਕੇ ਪੰਜ ਏਕੜ ਭੋਇੰ ਮੋਗੇ ਲਾਗੇ ਅਲਾਟ ਹੋਈ ਜਿਸ ਦਾ ਇਕ ਤਿਹਾਈ ਇਕ ਵਿਗੜੇ ਪੁੱਤਰ ਨੂੰ ਬਚਾਉਣ ਵਿਚ ਖਰਚ ਹੋ ਗਿਆ। ਬਚਦੀ ਜ਼ਮੀਨ 4 ਪੁੱਤਰਾਂ ਵਿਚ ਵੰਡੀ ਗਈ। ਉਸ ਗਰੀਬੀ ਤੋਂ ਸਾਡਾ ਪਰਿਵਾਰ ਕਦੀ ਨਹੀਂ ਉੱਠ ਸਕਿਆ।

ਇਸ ਧਰਮ ਆਧਾਰਿਤ ਦੇਸ-ਵੰਡ ਦਾ ਕਈਆਂ ਨੂੰ ਲਾਭ ਹੋਇਆ ਹੋਵੇਗਾ ਪਰ ਬਹੁਤਿਆਂ ਦਾ ਘਾਣ ਹੋਇਆ ਹੈ। ਮਾਲਵੇ ਵਿਚ ਅੱਜ ਵੀ ਪਾਕਿਸਤਾਨੋਂ ਹਿਜਰਤ ਕਰ ਕੇ ਆਏ ਪੰਜਾਬੀਆਂ ਨੂੰ 'ਰਫਿਊਜੀ' ਕਿਹਾ ਜਾਂਦਾ ਹੈ। ਇਕੋ ਜਿਹਾ ਧਰਮ ਜਾਂ ਸਭਿਆਚਾਰ ਹੁੰਦਿਆਂ ਅਜੇ ਵੀ ਮਾਲਵੇ ਦੇ ਕਈ ਲੋਕ ਇਨ੍ਹਾਂ 'ਰਫਿਊਜੀਆਂ' ਨਾਲ ਧੀ ਪੁੱਤ ਦਾ ਸਾਕ ਨਹੀਂ ਕਰਦੇ। ਮਨੁੱਖ ਨੂੰ ਮਨੁੱਖ ਨਾਲ ਘਿਰਣਾ ਕਰਨ ਲਈ ਦੂਜਾ ਧਰਮ ਨਹੀਂ ਚਾਹੀਦਾ, ਆਪਣਾ ਵੀ ਚੱਲ ਜਾਂਦਾ ਹੈ! ਜਿਹੜੇ ਭਰਾਵਾਂ ਨੇ ਧੋਖਾ ਦਿੱਤਾ, ਉਹ ਦਾਦਾ ਜੀ ਦੇ ਆਪਣੇ ਧਰਮ ਦੇ ਹੀ ਸਨ !!

ਮੈਂ ਦਾਦਾ ਜੀ ਨੂੰ ਅੱਖਾਂ ਭਰ ਕੇ ਕਹਿੰਦੇ ਸੁਣਿਆ: "ਮੈਨੂੰ ਤਾਂ ਕਿਸੇ ਮੁਸਲਮਾਨ ਖਾਤਰ ਮਰਨ ਤੋਂ ਵੀ ਸੰਕੋਚ ਨਹੀਂ ਸੀ। ਪਾਕਿਸਤਾਨ ਬਣਾਉਣ ਜਾਂ ਸਵੀਕਾਰ ਕਰਨ ਵਾਲੇ ਇਹ ਸਿਆਣੇ ਕਦੀ ਸਾਨੂੰ ਅਨਪੜ੍ਹਾਂ ਨੂੰ ਵੀ ਪੁੱਛ ਲੈਂਦੇ ਕਿ ਸਾਨੂੰ ਚਾਹੀਦਾ ਵੀ ਹੈ ਕਿ ਨਹੀਂ?"... ਜਿਹੜੇ ਪੜ੍ਹੇ-ਲਿਖੇ ਅੱਜ ਧਰਮ-ਆਧਾਰਿਤ ਸਿੱਖ ਜਾਂ ਹਿੰਦੂ ਜਾਂ ਮੁਸਲਮਾਨ ਸਟੇਟ ਬਣਾਉਣ ਨੂੰ ਫਿਰਦੇ ਹਨ, ਉਹ ਵੀ ਕਦੀ ਆਮ ਲੋਕਾਂ ਨੂੰ ਪੁੱਛ ਕੇ ਤਾਂ ਦੇਖ ਲੈਣ ਕਿ ਉਨ੍ਹਾਂ ਨੂੰ ਸੱਚੀਮੁੱਚੀਂ ਲੋੜ ਹੈ ਵੀ ਕਿ ਨਹੀਂ?

(2)

ਸੰਸਾਰ ਤਿੰਨ ਚੀਜ਼ਾਂ ਦਾ ਬਣਿਆ ਹੋਇਆ ਹੈ: ਪਦਾਰਥ, ਊਰਜਾ ਤੇ ਚੇਤਨਾ। ਪਦਾਰਥ ਕਿਸੇ ਜੀਵ ਜਾਂ ਵਸਤੂ ਨੂੰ ਰੂਪ ਅਤੇ ਆਕਾਰ ਦੇਂਦਾ ਹੈ। ਊਰਜਾ ਰਾਹੀਂ ਕਣ, ਵਸਤੂ ਜਾਂ ਜੀਵ, ਆਪਣੇ ਕੰਮ ਜਾਂ ਕਿਰਿਆਵਾਂ ਕਰਦੇ ਹਨ ਪਰ ਕਰਨਾ ਕੀ ਹੈ? ਇਹ ਨਿਰਨਾ ਚੇਤਨਾ ਕਰਦੀ ਹੈ। ਪੰਜ ਸਦੀਆਂ ਦੀ ਮਿਹਨਤ ਨਾਲ ਪੱਛਮੀ ਵਿਗਿਆਨ ਨੇ ਪਦਾਰਥ ਤੇ ਊਰਜਾ ਨੂੰ ਚੰਗੀ ਤਰ੍ਹਾਂ ਸਮਝਿਆ ਪਰ ਚੇਤਨਾ ਵੱਲ ਹੁਣ ਧਿਆਨ ਦੇਣਾ ਆਰੰਭ ਕੀਤਾ ਹੈ। ਪੂਰਬ ਨੇ ਪਦਾਰਥ ਜਾਂ ਊਰਜਾ ਨੂੰ ਸਮਝਣ ਦੀ ਖੋਜ ਨਹੀਂ ਕੀਤੀ ਪਰ ਚੇਤਨਾ ਪ੍ਰਤੀ ਬਹੁਤ ਪਹਿਲਾਂ (ਸਾਧਨਾ ਜਾਂ ਅਨੁਭਵ ਦੇ ਰੂਪ ਵਿਚ) ਕੰਮ ਆਰੰਭ ਕੀਤਾ ਸੀ।

ਚੇਤਨਾ ਨਿੱਕੇ ਅਣੂ ਦੇ ਮਹੀਨ ਹਿੱਸੇ ਤੋਂ ਲੈ ਕੇ ਵੱਡੀ ਤੋਂ ਵੱਡੀ ਹਰ ਵਸਤੂ ਅਤੇ ਜੀਅ ਵਿਚ (ਵੱਖੋ-ਵੱਖਰੀ ਮਾਤਰਾ ਵਿਚ) ਪਸਰੀ ਹੋਈ ਹੈ। ਸਾਡੀਆਂ ਪੰਜੇ ਇੰਦਰੀਆਂ ਦਾ ਕੰਮ ਕਰਨਾ, ਸਾਡਾ ਬੋਲਣਾ ਤੁਰਨਾ ਫਿਰਨਾ ਸ਼ਬਦ ਘੜਨਾ, ਰਚਨਾ ਕਰਨਾ ਸਭ ਚੇਤਨਾ ਰਾਹੀਂ ਸੰਭਵ ਹੁੰਦੇ ਹਨ, ਬੇਸ਼ਕ ਇਸ ਵਿਚ ਸਰੀਰ (ਪਦਾਰਥ) ਅਤੇ ਅੰਦਰਲੀ ਊਰਜਾ ਮਦਦ ਕਰਦੇ ਹਨ।

ਫੁੱਲ ਨੂੰ ਆਪਣੀ ਸੰਤਾਨ ਉਤਪਤੀ ਲਈ, ਪਰਾਗ ਦੂਜੇ ਫੁੱਲ ਤਕ ਲੈ ਜਾਣ ਲਈ ਤਿਤਲੀ ਜਾਂ ਮਧੂ ਮੱਖੀ ਦੀ ਲੋੜ ਹੈ। ਮਧੂ ਮੱਖੀ ਦੀ ਅੱਖ ਨੂੰ ਰੰਗ ਖਿਚਦੇ ਹਨ। ਬੂਟਿਆਂ ਨੇ ਸਦੀਆਂ ਦੇ ਜੀਵ ਵਿਕਾਸ ਨਾਲ ਆਪਣੀਆਂ ਪੱਤੀਆਂ ਨੂੰ ਰੰਗੀਨ ਬਣਾਉਣ ਲਈ ਹਵਾ-ਮਿੱਟੀ ਵਿਚੋਂ ਲਏ ਕਣਾਂ ਨੂੰ ਇਕ ਖਾਸ ਤਰੀਕੇ ਜੋੜਨਾ ਸਿੱਖਿਆ। ਲੱਖਾਂ ਕਣਾਂ ਦੇ ਉਸ ਜੋੜ ਵਿਚ ਜੇ ਚਾਰ ਅਣੂ ਵੀ ਗਲਤ ਜੁੜ ਜਾਣ ਤਾਂ ਸ਼ਾਇਦ ਅਸਲੀ ਰੰਗ ਬਣ ਨਾ ਸਕੇ। ਇਹ ਲੱਖਾਂ ਕਣ ਜੁੜਨ ਵਜੋਂ ਬਣਿਆ ਰਸਾਇਣ ਚਿੱਟੀ ਰੌਸ਼ਨੀ ਵਿਚੋਂ ਬਾਕੀ ਸਾਰੇ ਰੰਗ ਸੋਖ ਕੇ ਆਪਣਾ ਰੰਗ (ਪੀਲਾ, ਨੀਲਾ, ਲਾਲ) ਬਾਹਰ ਛੱਡ ਦਿੰਦਾ ਜਿਸ ਵਲ ਮਧੂ ਮੱਖੀ ਆਕਰਸ਼ਿਤ ਹੁੰਦੀ। ਫਿਰ ਇਹ ਗਿਆਨ 'ਜੀਨਜ਼' ਵਿਚ ਸਾਂਭ ਕੇ ਪੁਸ਼ਤ ਦਰ ਪੁਸ਼ਤ ਅਗਲੇ ਫੁੱਲਾਂ-ਬੂਟਿਆਂ ਨੂੰ ਪੁਚਾਇਆ ਜਾਣ ਲੱਗਾ। ਕਣਾਂ ਨੂੰ ਕਿਵੇਂ ਜੋੜਨਾ ਹੈ ਕਿ ਉਹ ਖਾਸ ਰੰਗ ਬਣ ਜਾਵੇ ਫੁੱਲ ਨੂੰ ਸਾਡੇ ਵਰਗਾ 'ਦਿਮਾਗ' ਨਾ ਹੋਣ ਦੇ ਬਾਵਜੂਦ ਵੀ 'ਪਤਾ' ਹੈ। ਤਿਤਲੀ ਨੂੰ ਰੰਗ ਕਿਹੜੇ ਜਚਦੇ ਨੇ ਫੁੱਲ ਨੂੰ ਇਹ ਵੀ 'ਪਤਾ' ਹੈ। ਇਹ ਪਤਾ ਹੋਣਾ ਹੀ ਚੇਤਨਾ ਹੈ।

ਪਰਵਾਸੀ ਪੰਛੀ ਹਜ਼ਾਰਾਂ ਕਿਲੋਮੀਟਰ ਉੱਡ ਕੇ ਦੂਜੀ ਥਾਂ ਜਾਂਦੇ ਹਨ। ਉਨ੍ਹਾਂ ਵਿਚ ਨਵ-ਜੰਮੇ ਵੀ ਹੁੰਦੇ ਹਨ ਜੋ ਪਹਿਲਾਂ ਉਸ ਰਾਹ ਤੇ ਕਦੀ ਨਹੀਂ ਗਏ ਹੁੰਦੇ। ਪੰਛੀਆਂ ਦੀ ਅੱਖ ਵਿਚ ਉਹ ਧਾਤ-ਕਣ ਹੁੰਦੇ ਹਨ ਜਿਹੜੇ ਧਰਤੀ ਦੇ ਮਹਾਂ-ਚੁੰਬਕ ਅਨੁਸਾਰ 'ਅੈਲਾਈਨ' ਹੁੰਦੇ ਰਹਿੰਦੇ ਹਨ। ਇਨ੍ਹਾਂ ਸਦਕਾ ਪੰਛੀਆਂ ਨੂੰ ਧਰਤੀ ਦਾ ਚੁੰਬਕੀ-ਖੇਤਰ 'ਦਿਸਦਾ' ਹੈ ਜਿਸ ਰਾਹੀਂ ਉਹ ਆਪਣਾ ਰਾਹ ਨਿਰਧਾਰਤ ਕਰਦੇ ਹਨ।

ਅਸੀਂ ਬੂਟੇ ਖਾ ਕੇ ਜਿਊਂਦੇ ਹਾਂ। ਬੂਟੇ ਵਿਚ ਚੇਤਨਾ ਹੈ। ਬੂਟਾ ਧਰਤੀ ਅਤੇ ਹਵਾ ਦੇ ਕਣ ਖਾ ਕੇ ਜੀਂਦਾ ਹੈ ਤਾਂ ਮਿੱਟੀ ਅਤੇ ਹਵਾ ਦੇ ਕਣਾਂ ਵਿਚ ਵੀ ਚੇਤਨਾ ਮੌਜੂਦ ਹੋਣੀ ਚਾਹੀਦੀ ਹੈ।

ਇਲੈਕਟ੍ਰੌਨ ਸ੍ਰਿਸ਼ਟੀ ਦੇ ਮਹੀਨਤਰ ਕਣਾਂ ਵਿਚੋਂ ਇਕ ਹੈ। ਇਹਦੇ ਤੇ ਨੈਗੇਟਿਵ (ਰਿਣ) ਚਾਰਜ ਹੁੰਦਾ ਹੈ। ਇਹਦੇ ਬਰਾਬਰ ਸਰੀਰ ਵਾਲਾ ਕਣ ਪੋਜ਼ੀਟ੍ਰੌਨ ਹੈ ਜਿਸ 'ਤੇ ਪਾਜ਼ੇਟਿਵ (ਧਨ) ਚਾਰਜ ਹੁੰਦਾ ਹੈ। ਹਰ ਨੈਗੇਟਿਵ ਕਣ ਦੂਜੇ ਨੈਗੇਟਿਵ ਕਣ ਨੂੰ ਪਰ੍ਹਾਂ ਧੱਕਦਾ ਹੈ, ਪਾਜ਼ੇਟਿਵ ਕਣ ਨੂੰ ਆਪਣੇ ਵੱਲ ਖਿੱਚਦਾ ਹੈ। ਸ੍ਰਿਸ਼ਟੀ ਵਿਚ ਸਭ ਰਸਾਇਣਕ ਕਿਰਿਆਵਾਂ ਇਸ ਖਿੱਚ-ਧੱਕ ਵਿਚੋਂ ਹੀ ਪੈਦਾ ਹੁੰਦੀਆਂ ਹਨ। ਕਮਾਲ ਦੀ ਗੱਲ ਇਹ ਹੈ- ਹਰ ਨੈਗੇਟਿਵ ਕਣ ਨੂੰ ਦੂਜੇ ਨੈਗੇਟਿਵ ਕਣ ਦੀ ਹੋਂਦ ਦਾ 'ਪਤਾ' ਹੈ, ਤੇ ਦੂਜੇ ਪਾਜ਼ੇਟਿਵ ਕਣ ਦੀ ਹੋਂਦ ਦਾ ਵੀ। ਇਹ ਪਤਾ ਹੋਣਾ ਹੀ ਚੇਤਨਾ ਦਾ ਮੁਢਲਾ ਰੂਪ ਹੈ।

ਕਵਿਤਾ ਦੀ ਅੱਖ ਨਾਲ ਦੇਖੋ ਤਾਂ ਗੁਰੁਤਾ ਖਿੱਚ ਵੀ ਚੇਤਨਾ ਵਾਂਗ ਕੰਮ ਕਰਦੀ ਜਾਪਦੀ ਹੈ। ਨਿਊਟਨ ਦਾ ਸੇਬ ਧਰਤੀ ਵੱਲ ਡਿਗਦਾ ਹੈ, ਧਰਤੀ ਅਤੇ ਸੇਬ ਦੋਹਾਂ ਨੂੰ ਇਕ ਦੂਜੇ ਦਾ 'ਪਤਾ' ਹੈ। ਸਮੁੰਦਰ ਨੂੰ ਚੰਨ ਦਾ 'ਪਤਾ' ਹੈ ਤਾਂ ਹੀ ਉਸ ਵਿਚ ਜਵਾਰ-ਭਾਟਾ ਆਉਂਦਾ ਹੈ। ਸੂਰਜ ਦਾ 'ਪਤਾ' ਹੋਣ ਕਰ ਕੇ ਹੀ ਧਰਤੀ ਉਹਦੇ ਦੁਆਲੇ ਅਰਬਾਂ ਵਰ੍ਹੇ ਤੋਂ ਘੁੰਮ ਰਹੀ ਹੈ। ਪਾਣੀ ਨੂੰ 'ਪਤਾ' ਹੈ ਵਗਣ ਲਈ ਨੀਵੀਂ ਥਾਂ ਕਿੱਧਰ ਹੈ? ਸਾਨੂੰ ਸਾਰਿਆਂ ਨੂੰ ਇਹ ਦੂਜੇ ਦਾ ਪਤਾ ਹੈ ਤਾਂ ਹੀ ਐਸ ਵੇਲੇ ਇਹ ਸ਼ਬਦ ਲਿਖੇ ਤੇ ਪੜ੍ਹੇ ਜਾ ਰਹੇ ਹਨ।



ਸੰਭਵ ਹੈ- ਸੂਰਜ ਨੂੰ ਵੀ ਸਾਡਾ 'ਪਤਾ' ਹੋਵੇ ਜਿਵੇਂ ਸਾਨੂੰ ਸੂਰਜ ਦਾ। ਸਭ ਨੂੰ ਸਭ ਦਾ 'ਪਤਾ ਹੋਣਾ' ਹੀ ਕਰਤਾਰੀ ਚੇਤਨਾ ਹੈ।

ਸ੍ਰਿਸ਼ਟੀ ਹਜ਼ਾਰਾਂ ਹੀ ਨਿਯਮਾਂ ਅਧੀਨ ਕੰਮ ਕਰਦੀ ਹੈ। ਉਦਾਹਰਨ ਵਜੋਂ ਸ੍ਰਿਸ਼ਟੀ ਵਿਚ ਇੰਨੇ ਕੁ ਇਲੈਕਟ੍ਰੌਨ ਹਨ ਜਿਨ੍ਹਾਂ ਦੀ ਗਿਣਤੀ 1 ਦੇ ਨਾਲ 80 ਸਿਫ਼ਰਾਂ ਲਾਉਣ ਤੇ ਬਣਦੀ ਹੈ। ਪਰ ਹਰ ਇਲੈਕਟ੍ਰੌਨ ਦਾ ਪੁੰਜ (ਅੰਦਰਲੇ ਪਦਾਰਥ ਦੀ ਮਾਤਰਾ) ਬਿਲਕੁਲ ਇਕੋ ਜਿੰਨੀ ਹੈ। ਇਉਂ ਜਾਪਦਾ ਹੈ ਜਿਵੇਂ ਸਾਰੇ ਹੀ ਅਰਬਾਂ ਖਰਬਾਂ ਇਲੈਕਟ੍ਰੌਨ ਇਕੋ ਸੱਚੇ ਵਿਚੋਂ ਘੜੇ ਗਏ ਹੋਣ। ਉਹ ਸੱਚਾ ਕਿਹੜਾ ਹੈ? ਉਹ ਸੱਚਾ- ਸ੍ਰਿਸ਼ਟੀ ਵਿਚਲਾ ਨਿਯਮ ਹੈ ਜੋ ਨਿਰਨਾ ਕਰਦਾ ਹੈ ਕਿ ਸ੍ਰਿਸ਼ਟੀ ਵਿਚ ਉਪਜ ਰਹੇ ਸਭ ਕਣ ਕਿਸ ਤਰ੍ਹਾਂ ਦੇ ਹੋਣਗੇ? ਜਦ ਸ੍ਰਿਸ਼ਟੀ ਉਪਜਣ ਲੱਗੀ ਤਾਂ ਇਹ ਸੱਚਾ/ਨਿਯਮ ਪਹਿਲਾਂ ਮੌਜੂਦ ਹੋਣਾ ਚਾਹੀਦਾ ਸੀ ਤਾਂ ਹੀ ਸਾਰੇ ਇਲੈਕਟ੍ਰੌਨ ਇਕੋ ਜਿਹੇ ਹੋ ਸਕਦੇ ਹਨ। ਨਿਯਮ- ਨਾ ਤਾਂ ਪਦਾਰਥ ਹੈ, ਨਾ ਊਰਜਾ ਹੈ; ਤਾਂ ਫਿਰ ਪਹਿਲਾਂ ਮੌਜੂਦ ਨਿਯਮ ਕਿੱਥੇ ਪਿਆ ਸੀ? ਸ੍ਰਿਸ਼ਟੀ ਵਿਚ ਜੋ ਕਰਤਾਰੀ ਚੇਤਨਾ ਦਾ ਭੰਡਾਰ ਹੈ ਨਿਯਮ ਓਸ ਵਿਚ ਪਏ ਹਨ। ਜੇ ਅਸੀਂ ਵੀ ਘਰ ਵਿਚ, ਕੰਮ ਤੇ ਜਾਂ ਆਲੇ ਦੁਆਲੇ ਲਈ ਕੋਈ ਨਿਯਮ ਬਣਾਉਣਾ ਹੋਵੇ ਤਾਂ ਆਪਣੀ ਸੂਝ ਨੂੰ ਵਰਤਾਂਗੇ। ਸੂਝ, ਚੇਤਨਾ ਦਾ ਖੇਤਰ ਹੈ।

(3)

ਵਿਗਿਆਨ ਦਾ ਸਿਧਾਂਤ ਹੈ ਕਿ ਤੁਸੀਂ ਕਿਸੇ ਵੀ ਚੀਜ਼ ਨੂੰ ਨਸ਼ਟ ਨਹੀਂ ਕਰ ਸਕਦੇ, ਸਿਰਫ਼ ਉਹਨੂੰ ਇਕ ਤੋਂ ਦੂਜੇ ਰੂਪ ਵਿਚ ਬਦਲ ਸਕਦੇ ਹੋ। ਪਿਛਲੀ ਸਦੀ ਦੇ ਵਿਗਿਆਨ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਸਾਬਤ ਕਰਨਾ ਸੀ ਕਿ ਪਦਾਰਥ ਅਤੇ ਊਰਜਾ ਵੀ ਆਪੋ ਵਿਚ ਤਬਦੀਲ ਹੋ ਜਾਂਦੇ ਹਨ; ਅਰਥਾਤ, ਉਹ ਇਕੋ ਹੀ ਚੀਜ਼ ਹੈ ਜੋ ਪਦਾਰਥ ਵੀ ਬਣ ਸਕਦੀ ਹੈ, ਊਰਜਾ ਵੀ। ਐਟਮ ਬੰਬ ਇਸੇ ਨਿਯਮ ਤੇ ਬਣਿਆ ਸੀ। ਪਦਾਰਥ ਦਾ ਬਹੁਤ ਮਹੀਨ ਹਿੱਸਾ ਪੂਰਾ ਨਸ਼ਟ ਕਰ ਦਿੱਤਾ ਜਾਵੇ ਤਾਂ ਟਨਾਂ ਮੂੰਹੀਂ ਊਰਜਾ ਉਸ ਵਿਚੋਂ ਨਿਕਲਦੀ ਹੈ। ਚਾਹੋ ਤਾਂ ਬੰਬ ਬਣਾ ਕੇ ਲੱਖ ਬੰਦਾ ਮਾਰ ਦਿਓ, ਚਾਹੋ ਤਾਂ ਉਸੇ ਊਰਜਾ ਨੂੰ ਬਿਜਲੀ ਵਿਚ ਬਦਲ ਕੇ ਕਰੋੜਾਂ ਨੂੰ ਚਾਨਣ ਕਰ ਦਿਓ।

**ਜੇ ਅਸੀਂ ਧਰਤੀ ਦੇ ਖਿੱਤਿਆਂ ਨੂੰ ਖਾਸ-ਖਾਸ ਧਰਮ ਬੋਲੀ ਰੰਗ ਜਾਂ ਸਭਿਆਚਾਰ ਦੇ ਲੋਕਾਂ ਲਈ ਰਾਖਵੇਂ ਕਰਨ ਲੱਗ ਪਏ ਤਾਂ ਵਾਰੀ-ਵਾਰੀ ਕਰ ਕੇ ਇਕ ਦੂਜੇ ਨੂੰ ਕੱਢ ਕੇ ਮਾਰ ਕੇ, ਆਖਰ ਸਾਰੇ ਹੀ ਮਾਰੇ ਜਾਵਾਂਗੇ।**

ਕੋਈ ਹੈਰਾਨੀ ਨਹੀਂ ਹੋਵੇਗੀ ਜੇ ਇਸ ਸਦੀ ਦੇ ਅੰਤ ਤਕ ਵਿਗਿਆਨ ਇਹ ਵੀ ਸਾਬਤ ਕਰ ਦਏ ਕਿ ਪਦਾਰਥ ਅਤੇ ਊਰਜਾ ਦੋਵੇਂ ਚੇਤਨਾ ਵਿਚੋਂ ਹੀ ਜਨਮ ਲੈਂਦੇ ਹਨ; ਅਰਥਾਤ, ਚੇਤਨਾ ਹੀ ਕੋਈ ਕਾਰਜ ਕਰਨ ਲਈ ਲੋੜੀਂਦਾ ਰੂਪ ਅਖਤਿਆਰ ਕਰਨ ਵਾਸਤੇ ਪਦਾਰਥ ਬਣ ਜਾਂਦੀ ਹੋਵੇ ਜਾਂ ਊਰਜਾ ਵਿਚ ਬਦਲ ਜਾਂਦੀ ਹੋਵੇ। ਖ਼ੈਰ, ਹੁਣ ਦੇ ਇਸ ਪਲ ਵਿਚ ਇਹ ਸਿਰਫ਼ 'ਹਾਈਪੋਥਿਸਿਸ' ਹੈ...।

ਜਾਣਨ ਵਾਲਿਆਂ ਨੇ ਸ੍ਰਿਸ਼ਟੀ ਵਿਚ ਪਸਰੀ ਕੁੱਲ ਚੇਤਨਾ ਨੂੰ ਹੀ ਰੱਬ ਕਿਹਾ ਹੈ... ਤੇ ਧਰਮ ਸਾਰੀ ਹੀ ਸ੍ਰਿਸ਼ਟੀ ਵਿਚ ਪਸਰੀ ਹੋਈ ਚੇਤਨਾ ਦਾ ਸਿੱਧਾ ਸਾਖਿਆਤਕਾਰ ਕਰਨ ਦੀ ਵਿਧੀ ਹੈ। ਸਾਧਾਰਨ ਬੰਦਾ ਪਾਣੀ ਨੂੰ ਪੀਂਦਾ ਵਰਤਦਾ ਹੈ, ਅਸਲੀ ਧਰਮ ਸ਼ਾਇਦ ਸਮੁੰਦਰ ਵਿਚ ਡੁੱਬ ਕੇ ਪਾਣੀ ਦੇ ਕੁਲ ਪਸਾਰ, ਸਮੁੱਚਤਾ ਅਤੇ ਮਹਾਨਤਾ ਨੂੰ ਸਿੱਧਿਆਂ ਅਨੁਭਵ ਕਰਨ ਵਰਗੀ ਕੋਈ ਘਟਨਾ ਹੈ। ਨਾਨਕ ਬੁੱਧ ਕਬੀਰ ਰੂਮੀ ਈਸਾ ਵਰਗੇ - ਜਿਨ੍ਹਾਂ ਨੂੰ ਇਹ ਅਨੁਭਵ ਹੋਇਆ, ਉਨ੍ਹਾਂ ਨੂੰ ਸਾਰਾ ਸੰਸਾਰ ਇਕੋ ਚੇਤਨਾ ਦਾ ਉਵੇਂ ਹੀ ਬਣਿਆ ਦਿਸਿਆ, ਜਿਵੇਂ ਧਰਤੀ ਉਪਰ ਅੱਡੋ-ਅੱਡ ਉਗੇ ਰੁੱਖ ਧਰਤੀ ਹੇਠਾਂ ਜੜ੍ਹਾਂ ਰਾਹੀ ਸਦਾ ਇਕ ਦੂਜੇ ਨਾਲ ਜੁੜੇ ਹੁੰਦੇ ਹਨ ਤੇ ਇਕ ਦੂਜੇ ਨੂੰ ਸੁਨੇਹੇ ਵੀ ਭੇਜਦੇ ਹਨ। ਇਹ ਮਹਾਂਪੁਰਖ ਧਰਮ ਦਾ ਗਹਿਰਾ ਅਨੁਭਵ ਕਰਨ 'ਤੇ - ਗਹਿਰੇ ਆਨੰਦ, ਪ੍ਰੇਮ, ਕਰੁਣਾ ਅਤੇ ਦੂਰ-ਦ੍ਰਿਸ਼ਟੀ ਨਾਲ ਭਰ ਗਏ ਤੇ ਉਨ੍ਹਾਂ ਸਾਨੂੰ ਵੀ ਆਪੋ ਵਿਚ ਇਕ ਕਰ ਦਿੱਤਾ। ਉਨ੍ਹਾਂ ਦਾ ਉਸ ਸਿਖਰੀ ਅਨੁਭਵ ਦਾ ਆਨੰਦ ਇੰਨਾ ਵੱਡਾ ਸੀ ਕਿ ਉਸ ਸਾਹਮਣੇ ਹੋਰ ਸਾਰੇ ਰਸ ਫਿੱਕੇ ਪੈ ਗਏ। ਬੁੱਧ ਨੂੰ ਰਾਜਮਹਿਲ ਦੀ ਲੋੜ ਮੁੱਕ ਗਈ, ਨਾਨਕ ਨੂੰ ਉੱਚੀ ਜਾਤ ਦਾ ਹੰਕਾਰ ਨਿਗੂਣਾ ਲੱਗਾ, ਕਬੀਰ ਨੂੰ ਨੀਵੀਂ ਜਾਤ ਦ ਭਉ ਨਾ ਰਿਹਾ। ਏਹ ਲੋਕ ਫ਼ਕੀਰਾਂ ਤਰ੍ਹਾਂ, ਘੱਟੋ-ਘੱਟ 'ਤੇ ਗੁਜ਼ਾਰਾ ਕਰਦਿਆਂ ਵੀ ਅਨੰਤ ਪ੍ਰਸੰਨਤਾ ਵਿਚ ਜੀਵੇ...।

ਇਸ ਆਨੰਦ ਨੂੰ ਅਨੁਭਵ ਕਰਨ ਲਈ ਰੱਬ ਦੀ ਹੋਂਦ ਵਿਚ ਵਿਸ਼ਵਾਸ ਕਰਨਾ ਵੀ ਜ਼ਰੂਰੀ ਨਹੀਂ। ਪੂਰਬ ਦੇ ਤਿੰਨ ਵੱਡੇ ਮਨੁੱਖ ਬੁੱਧ, ਮਹਾਂਵੀਰ ਅਤੇ ਪਤੰਜਲੀ ਜਿਨ੍ਹਾਂ ਨੇ ਸਾਧਨਾ ਰਾਹੀਂ ਇਸ ਕਰਤਾਰੀ ਚੇਤਨਾ ਨੂੰ ਆਪਣੇ ਅੰਦਰੋਂ ਜਾਣਨ ਦੀਆਂ ਵਿਧੀਆਂ ਸਾਨੂੰ ਦੱਸੀਆਂ, ਤਿੰਨੇ ਹੀ ਰੱਬ ਦਾ ਜ਼ਿਕਰ ਨਹੀਂ ਕਰਦੇ ਪਰ ਉਨ੍ਹਾਂ ਦੇ ਅਨੁਭਵ ਨੂੰ ਅਸੀਂ ਰੱਬੀ ਅਨੁਭਵ ਆਖਦੇ ਹਾਂ ਤੇ ਉਨ੍ਹਾਂ ਦਾ ਰਾਹ 'ਧਰਮ' ਦਾ ਰਾਹ ਗਿਣਿਆ ਜਾਂਦਾ ਹੈ...।

ਰੱਬ ਨੂੰ ਜਾਣਨ ਦਾ ਅਰਥ ਇਹ ਵੀ ਹੈ - ਕਰਤਾਰੀ ਚੇਤਨਾ ਵਿਚ ਲੁਕੇ ਉਨ੍ਹਾਂ ਨਿਯਮਾਂ ਨੂੰ ਸਪਸ਼ਟ ਦੇਖਣਾ ਜਿਨ੍ਹਾਂ ਨੂੰ ਪਾਲਣ ਨਾਲ ਜੀਵਨ ਸੁੱਖ (ਸਵਰਗ) ਵਿਚ ਰਹਿੰਦਾ ਹੈ ਪਰ ਨਾ ਮੰਨਣ ਨਾਲ ਦੁੱਖ (ਨਰਕ) ਪੈਦਾ ਹੁੰਦਾ ਹੈ। ਨਿਯਮ ਕਿਸੇ ਦੇ ਵਿਰੁੱਧ ਨਹੀਂ, ਇਹ ਇਸ ਸ੍ਰਿਸ਼ਟੀ ਦੀ ਹੋਂਦ ਅਤੇ ਜੀਵਨ ਨੂੰ ਕਾਇਮ ਰਖਣ ਲਈ ਹਨ। ਅਸੀਂ ਚੇਤਨਾ (ਰੱਬ) ਦੀ ਪੂਜਾ ਕਰੀਏ, ਨਾ ਕਰੀਏ, ਇਹਦੇ ਨਿਯਮ ਪਲ ਪਲ ਕਾਰਜ ਕਰਦੇ ਰਹਿੰਦੇ ਹਨ। ਪੂਜਾ ਕਰਨ ਨਾਲ ਨਿਯਮ ਸਾਡੇ ਹੱਕ ਵਿਚ ਨਹੀਂ ਹੋ ਜਾਂਦੇ, ਨਾ ਕਰਨ ਨਾਲ ਸਾਡੇ ਵਿਰੁੱਧ ਨਹੀਂ ਹੋ ਜਾਂਦੇ। ਪੂਜਾ ਜਾਂ ਧਿਆਨ ਸਾਧਨਾ - ਸਿਰਫ਼ ਸਾਨੂੰ ਚੇਤੰਨ-ਮਈ ਕਰਨ ਲਈ, ਚੇਤਨਾ ਵਿਚ ਗਹਿਰਾ ਹੋਰ ਗਹਿਰਾ ਉਤਾਰਨ ਲਈ ਬਣੇ ਹਨ ਪਰ ਇਸ ਲਈ ਕਿਸੇ ਪੁਜਾਰੀ ਦੀ ਲੋੜ ਨਹੀਂ। ਸਾਨੂੰ ਭੁੱਖ ਲੱਗੀ ਹੈ ਤਾਂ ਕਿਸੇ ਦੇ ਰੋਟੀ ਖਾਣ ਨਾਲ ਸਾਡੀ ਭੁੱਖ ਨਹੀਂ ਮਿਟਣ ਲੱਗੀ। ਭਾਈ ਜੀ ਦਾ ਕੀਤਾ ਅਖੰਡ ਪਾਠ ਕਿਵੇਂ ਵੀ ਮੈਨੂੰ ਲਾਭ ਨਹੀਂ ਪੁਚਾ ਸਕਦਾ।

(4)

ਇਸ ਪ੍ਰਸੰਨਤਾ ਵਿਚ ਜੀਣਾ ਸਾਡੇ ਸਾਰਿਆਂ ਲਈ ਸੰਭਵ ਹੈ। ਧਰਮ ਦਾ ਇਹ ਗਹਿਰਾ ਅਨੁਭਵ ਬਿਲਕੁਲ ਨਿਜੀ ਹੈ। ਇਹ ਅਨੁਭਵ ਬੁੱਧ ਵਰਗੇ ਰਾਜਕੁਮਾਰ ਨੂੰ ਵੀ ਹੋ ਸਕਦਾ ਹੈ ਤੇ ਘੋਰ ਗਰੀਬ ਨੀਵੀਂ ਜਾਤ ਦੇ ਕਬੀਰ ਜੀ ਨੂੰ ਵੀ। ਕੁਦਰਤ ਵਿਤਕਰਾ ਨਹੀਂ ਕਰਦੀ, ਜਿਹੜਾ ਵੀ ਮਿਹਨਤ ਕਰੇ ਇਸ ਨੂੰ ਪਾ ਲਵੇ! ਨਾ ਕੋਈ ਦੂਜਾ ਬੰਦਾ ਇਹ ਅਨੁਭਵ ਸਾਨੂੰ ਦੇ ਸਕਦਾ ਹੈ, ਨਾ ਉਹ ਸਾਡੇ ਅਨੁਭਵ ਵਿਚ ਰੁਕਾਵਟ ਪਾ ਸਕਦਾ ਹੈ। ਇਸ ਲਈ - ਕਿਸੇ ਧਾਰਮਿਕ ਮਨੁੱਖ ਨੂੰ ਦੂਜੇ ਧਾਰਮਿਕ ਮਨੁੱਖ ਤੋਂ ਕੋਈ ਖਤਰਾ ਨਹੀਂ, ਕਦੀ ਵੀ ਨਹੀਂ, ਨਾ ਹੀ ਕਦੀ ਹੋਣਾ ਸੰਭਵ ਹੈ!

ਇਸ ਅਨੁਭਵ ਲਈ ਵਧੇਰੇ ਕੰਮ ਹਰ ਬੰਦੇ ਨੇ ਆਪਣੇ ਅੰਦਰ ਕਰਨਾ ਹੁੰਦਾ ਹੈ। ਸੁਰਤ - ਇਕ ਵੇਲੇ ਜਾਂ ਤਾਂ ਅੰਦਰ ਜਾ ਸਕਦੀ ਹੈ ਜਾਂ ਬਾਹਰ ਦੀ ਚੀਜ਼ ਦੇਖ ਸਕਦੀ ਹੈ। ਧਰਮ ਵਿਚ ਦਾਖਲ ਹੋਣ ਵੇਲੇ ਸੁਰਤ ਨੇ ਆਪਣੇ ਅੰਦਰ ਜਾ ਕੇ ਪੂਰੀ ਤਰ੍ਹਾਂ ਅੰਦਰਲੀ ਚੇਤਨਾ ਦੀ ਜੜ੍ਹ ਨੂੰ ਦੇਖਣਾ ਹੁੰਦਾ ਹੈ। ਇਸ ਲਈ ਧਰਮ ਨੂੰ ਬਾਹਰ ਜਾਂ ਬਾਜ਼ਾਰ ਵਿਚ ਲਿਆਉਣਾ ਹੀ ਮੁਢਲੇ ਤੌਰ 'ਤੇ ਧਰਮ ਤੋਂ ਉਲਟ ਦਿਸ਼ਾ ਵਿਚ ਜਾਣ ਵਾਲੀ ਗੱਲ ਹੈ। ਜਿਹੜੇ ਆਪਣੇ ਅੰਦਰ ਜਾ ਕੇ ਮਿਹਨਤ ਕਰਨੋਂ ਝਿਜਕਦੇ ਹਨ, ਜਾਂ ਧਰਮ ਨੂੰ ਸਿਰਫ਼ ਨਿਜੀ ਲਾਭ ਲਈ ਵਰਤਣਾ ਚਾਹੁੰਦੇ ਹਨ - ਉਹੀ ਧਰਮ ਨੂੰ ਬਾਹਰਲੀਆਂ ਰੀਤਾਂ ਰਸਮਾਂ ਸੰਸਕਾਰਾਂ ਅਤੇ ਨਫ਼ਰਤਾਂ ਵਿਚ ਬੰਨ੍ਹ ਕੇ ਸਾਨੂੰ ਪੇਸ਼ ਕਰਦੇ ਹਨ। ਉਹੀ ਸਾਧਾਰਨ ਬੰਦੇ ਨੂੰ ਡਰਾ ਕੇ ਧਰਮ ਦੇ ਲੜ ਲਾਉਂਦੇ ਹਨ। ਇਸ ਕਰ ਕੇ - ਸੰਸਾਰ ਵਿਚ ਦੋ ਤਰ੍ਹਾਂ ਦਾ ਧਰਮ ਹੈ। ਜਿਹੜਾ ਧਰਮ ਗਿਆਨ ਅਤੇ ਨਿਜੀ ਮਿਹਨਤ ਵਿਚੋਂ ਉਪਜਿਆ ਹੈ - ਉਹ ਨਿਰਭਉ ਕਰਦਾ ਹੈ। ਜਿਹੜਾ ਭੈ ਵਿਚੋਂ ਉਪਜਿਆ ਹੈ - ਉਹ ਹਿੰਸਾ ਕਰਦਾ ਹੈ। ਧਰਮ ਜਦੋਂ ਨਾਨਕ ਜਾਂ ਘਨੁਈਏ ਦੇ ਹੱਥਾਂ ਵਿਚੋਂ ਲੰਘਦਾ ਹੈ ਤਾਂ ਬਲਦੀਆਂ ਅੱਗਾਂ ਬੁਝ ਜਾਂਦੀਆਂ ਹਨ। ਜਦ ਕਿਸੇ ਅਤਿਵਾਦੀ, ਸਿਆਸਤਦਾਨ ਜਾਂ ਕੱਟੜ ਸੰਸਥਾ ਦੇ ਹੱਥੀਂ ਆਉਂਦਾ ਹੈ ਤਾਂ ਦੇਸ ਫੂਕਿਆ ਜਾਂਦਾ ਹੈ। ਧਰਮ ਜਦ ਕਿਸੇ 'ਖੋਜ' ਵਾਂਗ ਅੰਦਰੋਂ ਜਾਗਦਾ ਹੈ ਤਾਂ ਉਸ ਨਾਲੋਂ ਖ਼ੂਬਸੂਰਤ ਘਟਨਾ ਕੋਈ ਨਹੀਂ। ਧਰਮ ਜਦ ਕਿਸੇ ਕਾਢ ਵਾਂਗ ਬਾਹਰੋਂ ਕਿਸੇ ਵਿਦਵਾਨ, ਸਿਆਸਤਦਾਨ ਜਾਂ ਖਾੜਕੂ ਵੱਲੋਂ ਲਾਗੂ ਕੀਤਾ ਜਾਂਦਾ ਹੈ ਤਾਂ ਉਸ ਵਰਗੀ ਭਿਆਨਕਤਾ ਕੋਈ ਨਹੀਂ। ਉਵੇਂ ਹੀ ਜਿਵੇਂ - ਵਿਗਿਆਨ ਕਿਸੇ ਡਾਕਟਰ ਦੇ ਹੱਥੋਂ ਲੰਘੇ ਤਾਂ ਇਲਾਜ ਬਣਦਾ ਹੈ ਪਰ ਜੇ ਇੰਡਸਟਰੀ ਅਤੇ ਕਾਰਪੋਰੇਸ਼ਨਾਂ ਦੇ ਹੱਥਾਂ ਵਿਚੋਂ ਲੰਘੇ ਤਾਂ ਬਾਰੂਦ ਬਣ ਕੇ ਫ਼ਟਦਾ ਹੈ, ਇਸ਼ਤਿਹਾਰ ਬਣ ਕੇ ਸਾਨੂੰ

(ਬਾਕੀ ਅਗਲੇ ਸਫ਼ੇ 'ਤੇ)

ਅੰਨ੍ਹਾ ਕਰਦਾ ਹੈ ਜਾਂ ਮਹਿੰਗੀਆਂ ਵਸਤੂਆਂ ਦੀ ਅਨਲੋੜੀਂਦੀ ਮੰਗ ਬਣ ਕੇ ਸਾਨੂੰ ਗਰੀਬ ਕਰਦਾ ਹੈ।

ਡੇਢ ਸਦੀ ਪਹਿਲਾਂ ਰਾਮਕ੍ਰਿਸ਼ਨ ਪਰਮਹੰਸ ਨੇ ਮਨੁੱਖੀ ਇਤਿਹਾਸ ਵਿਚ ਅਨੋਖਾ ਤਜਰਬਾ ਪਹਿਲੀ ਵਾਰੀ ਕੀਤਾ। ਉਨ੍ਹਾਂ ਵੱਖੋ-ਵੱਖਰੇ ਧਰਮਾਂ ਦੀ ਸਾਧਨਾ ਵਿਧੀ ਨੂੰ ਵਾਰੋ-ਵਾਰੀ ਪੂਰੀ ਸ਼ਿੱਦਤ ਨਾਲ ਅੰਤਮ ਅਨੁਭਵ ਤਕ ਕੀਤਾ ਤੇ ਦੱਸਿਆ ਹਰ ਵਿਧੀ (ਧਰਮ) ਨਾਲ ਪ੍ਰਾਪਤ ਹੋਣ ਵਾਲਾ ਅੰਤਮ ਅਨੁਭਵ ਇੱਕੋ ਹੀ ਸੀ; ਅਰਥਾਤ, ਗਹਿਰਾਈ ਨਾਲ ਪਾਲਿਆਂ - ਸਭ ਧਰਮ ਇੱਕੋ ਥਾਵੇਂ ਪੁਚਾਉਂਦੇ ਹਨ!

ਧਰਮਾਂ ਦਾ ਜੋ ਫ਼ਰਕ ਸਾਨੂੰ ਦਿਸਦਾ ਹੈ, ਉਹ ਸਤਹੀ ਹੈ। ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਅਸੀਂ ਕਿਸ ਘਰ ਜੰਮੇ ਹਾਂ, ਕੀ ਬਣਾ ਦਿੱਤੇ ਗਏ ਹਾਂ, ਜਾਂ ਕਿਸ ਥਾਂ 'ਤੇ ਖੜ੍ਹੇ ਹਾਂ? ਜਿਹੜਾ ਫ਼ਾਜ਼ਿਲਕਾ ਤੋਂ ਚੰਡੀਗੜ੍ਹ ਆ ਰਿਹਾ ਹੈ, ਉਹਦਾ ਮੂੰਹ ਪੂਰਬ ਵੱਲ ਹੈ। ਜਿਹੜਾ ਦੇਹਰਾਦੂਨ ਤੋਂ ਚੰਡੀਗੜ੍ਹ ਆ ਰਿਹਾ ਹੈ, ਉਹਦਾ ਮੂੰਹ ਪੱਛਮ ਵੱਲ ਹੈ। ਦੋਵੇਂ ਇਕ ਦੂਜੇ ਤੋਂ ਉਲਟ ਦਿਸ਼ਾ ਵਿਚ ਜਾਂਦੇ ਜਾਪਦੇ ਵੀ ਇੱਕੋ ਥਾਂ 'ਤੇ ਪਹੁੰਚ ਜਾਣਗੇ। ਜੇ ਉਹ ਦੋਸਤ ਹੋਣ ਅਤੇ ਆਪੋ-ਆਪਣੀ ਥਾਂ ਤੋਂ ਤੁਰਨ ਵੇਲੇ ਦਿਸ਼ਾ ਦਾ ਝਗੜਾ ਕਰਨ ਲੱਗਣ ਤਾਂ ਉਹ ਝੱਲੇ ਹਨ। ਸਭ ਧਰਮ ਇਕੋ ਰੱਬ ਦੀ ਹੋਂਦ ਸਵੀਕਾਰ ਕਰਦੇ ਹਨ। ਇਸ ਅਨੁਸਾਰ ਵੀ - ਹਰ ਧਰਮ ਦੇ ਰਾਹ ਚਲਣ ਵਾਲਾ ਬੰਦਾ ਫਿਰ ਇਕੋ ਪਾਸੇ ਹੀ ਜਾ ਰਿਹਾ ਹੈ... ਤਾਂ ਫਿਰ ਝਗੜਾ ਕਾਹਦਾ ਹੈ?

(5)

ਧਰਮ ਬੇਸ਼ਕ ਹੋਵੇ ਪਰ ਸਟੇਟ ਕਦੀ ਵੀ ਧਰਮ-ਆਧਾਰਿਤ ਨਹੀਂ ਸਗੋਂ ਲੋਕ-ਆਧਾਰਿਤ ਹੋਣੀ ਚਾਹੀਦੀ ਹੈ - ਭਾਵੇਂ ਉਥੇ ਇਕੋ ਧਰਮ ਦੇ ਲੋਕ ਹੀ ਵਸਦੇ ਹੋਣ। ਧਰਮ-ਆਧਾਰਿਤ ਸਟੇਟ ਗੈਰ-ਧਰਮੀਆਂ ਨਾਲ ਤਾਂ ਵਿਤਕਰਾ ਕਰੇਗੀ ਹੀ, ਖ਼ੁਦ ਇਕੋ ਧਰਮ ਵਾਲੇ ਵੀ ਉਸ ਵਿਚ ਸੁਰੱਖਿਅਤ ਨਹੀਂ। ਪਾਕਿਸਤਾਨ ਵਿਚ ਇਕੋ ਧਰਮ ਦੇ ਹੁੰਦਿਆਂ ਵੀ ਸੂਫ਼ੀ ਅਤੇ ਅਹਿਮਦੀਏ ਸਮਾਜਿਕ ਹਿੰਸਾ ਦਾ ਸ਼ਿਕਾਰ ਹੋ ਗਏ। ਰਵਾਂਡਾ ਵਿਚ ਕੁਝ ਦਹਾਕੇ ਪਹਿਲਾਂ ਹੋਈ ਕਤਲੋ-ਗ਼ਾਰਤ ਵਿਚ ਦਸ ਲੱਖ ਬੰਦੇ ਤਿੰਨ ਸਾਲਾਂ ਦੌਰਾਨ ਕੁਹਾੜੀਆਂ ਨਾਲ ਵੱਢ ਦਿੱਤੇ ਗਏ। ਮਾਰਨ ਤੇ ਮਰਨ ਵਾਲੇ, ਦੋਵੇਂ ਮੁਸਲਮਾਨ ਸਨ। ਮਾਰਨ ਵਾਲੇ ਅਰਬੀ ਮੂਲ ਦੇ, ਮਰਨ ਵਾਲੇ ਅਫ਼ਰੀਕੀ ਮੂਲ ਦੇ। ਪਿਛਲੇ ਪੰਜ ਸਾਲਾਂ ਦੌਰਾਨ ਚਾਰ ਲੱਖ ਜਣੇ ਬੰਬਾਂ ਗੋਲੀਆਂ ਅਤੇ ਭੁੱਖ ਨਾਲ ਯਮਨ ਵਿਚ ਮਰ ਗਏ ਜਿਨ੍ਹਾਂ ਵਿਚ ਅੱਧਿਓਂ ਬਹੁਤੇ ਬੱਚੇ ਹਨ। ਮਾਰਨ ਵਾਲੇ ਸਾਊਦੀ ਅਰਬ ਸਮਰਥਕ ਸੁੰਨੀ ਮੁਸਲਮਾਨ ਹਨ, ਮਰਨ ਵਾਲੇ ਇਰਾਨ ਸਮਰਥਕ ਸ਼ੀਆ ਮੁਸਲਮਾਨ। ਯੂਕਰੇਨ ਵਿਚ ਅੱਜ ਲੜਨ ਵਾਲੀਆਂ ਦੋਵੇਂ ਧਿਰਾਂ ਈਸਾਈ ਹਨ। ਮਹਾਂਭਾਰਤ ਵਿਚ ਦੋਵੇਂ ਪਾਸਿਓਂ ਲੜਨ ਵਾਲੇ ਇਕੋ ਧਰਮ ਦੇ ਸਨ। ਸਾਡੇ ਆਪਣੇ ਪੰਜਾਬ ਵਿਚ ਚੱਲੀ ਪਿਛਲੀ ਹਿੰਸਾ ਦੌਰਾਨ ਮਾਰਨ ਤੇ ਮਰਨ ਵਾਲੇ ਕਿੰਨੇ ਹੀ ਜਣੇ ਇਕੋ ਧਰਮ ਦੇ ਸਨ ਪਰ ਕਿਸੇ ਨੇ ਕਿਸੇ 'ਤੇ (ਇਕੋ ਧਰਮ ਦਾ ਹੋਣ ਕਰ ਕੇ) ਤਰਸ ਨਾ ਕੀਤਾ। ਸਿੱਖ ਹੋਣ ਨੇ ਜਨਰਲ ਬਰਾੜ ਨੂੰ ਦਰਬਾਰ ਸਾਹਿਬ ਤੇ ਹਮਲੇ ਦੀ ਅਗਵਾਈ ਕਰਨ ਤੋਂ ਨਹੀਂ ਅਟਕਾਇਆ, ਨਾ ਕੇ.ਪੀ.ਐਸ. ਗਿੱਲ ਨੂੰ ਆਪਣਾ 'ਕੰਮ' ਕਰਨ ਤੋਂ, ਨਾ ਖਾੜਕੂਆਂ ਨੂੰ ਆਪਣੇ ਤੋਂ ਵੱਖਰੀ ਸੋਚ ਵਾਲੇ ਸਿੱਖਾਂ (ਪਾਸ਼ ਜਾਂ ਸੁਮੀਤ ਸਿੰਘ) ਨੂੰ ਮਾਰਨ ਤੋਂ ਰੋਕਿਆ।

ਵਧਦੀ ਆਬਾਦੀ ਅਤੇ ਸੀਮਤ ਵਸੀਲਿਆਂ ਕਰ ਕੇ ਸੰਸਾਰ ਦੇ 90% ਲੋਕਾਂ ਲਈ ਹੁਣ ਇਹ 'ਸਰਵਾਈਵਲ' ਦੀ ਲੋੜ ਹੈ ਕਿ ਉਹ ਧਰਤੀ ਉਤੇ ਕਿਤੇ ਵੀ ਜਾ ਕੇ ਰਹਿ ਸਕਣ ਜਿੱਥੇ ਰੁਜ਼ਗਾਰ, ਵਿਦਿਆ, ਸਿਹਤ ਅਤੇ ਚੰਗਾ ਵਾਤਾਵਰਨ ਮਿਲਦਾ ਹੋਵੇ। ਰੋਟੀ ਖ਼ਾਤਰ ਪੰਜਾਬੀ ਪਿਛਲੀ ਇਕ ਸਦੀ ਤੋਂ ਹਿੰਦੋਸਤਾਨ ਵਿਚੋਂ ਹਿਜਰਤ ਕਰ ਰਹੇ ਹਨ। ਕੈਨੇਡਾ ਤੇ ਇੰਗਲੈਂਡ, ਦੋਹੀਂ ਥਾਈਂ ਘੱਟੋ-ਘੱਟ 8-8 ਲੱਖ ਪੰਜਾਬੀ ਵਸਦੇ ਹਨ। ਕੀ ਉਹ ਵਸ ਸਕਦੇ ਸਨ ਜੇ ਕੈਨੇਡਾ ਜਾਂ ਇੰਗਲੈਂਡ ਧਰਮ-ਆਧਾਰਿਤ ਇਸਾਈ-ਸਟੇਟ ਹੁੰਦੇ?

ਜੇ ਅਸੀਂ ਧਰਤੀ ਦੇ ਖਿੱਤਿਆਂ ਨੂੰ ਖਾਸ-ਖਾਸ ਧਰਮ ਬੋਲੀ ਰੰਗ ਜਾਂ ਸਭਿਆਚਾਰ ਦੇ ਲੋਕਾਂ ਲਈ ਰਾਖਵੇਂ ਕਰਨ ਲੱਗ ਪਏ ਤਾਂ ਵਾਰੀ-ਵਾਰੀ ਕਰ ਕੇ ਇਕ ਦੂਜੇ ਨੂੰ ਕੱਢ ਕੇ ਮਾਰ ਕੇ, ਆਖ਼ਰ ਸਾਰੇ ਹੀ ਮਾਰੇ ਜਾਵਾਂਗੇ। ਹਿੰਸਾ ਦਾ ਸੰਕੀਰਨ ਸੁਦਰਸ਼ਨ ਚੱਕਰ ਜੇ ਹਰ 'ਪਰਾਏ' ਨੂੰ ਮਾਰਨ ਲਈ ਅੰਨ੍ਹੇਵਾਹ ਘੁੰਮਣਾ ਸ਼ੁਰੂ ਹੋ ਗਿਆ ਤਾਂ ਅੰਤਮ ਬੰਦੇ ਦੀ ਜਾਨ ਲੈਣ ਤੋਂ ਬਾਅਦ ਰੁਕੇਗਾ, ਕਿਉਂਕ ਉਸ ਚੱਕਰ ਲਈ ਤਾਂ ਆਪਣੇ ਆਪ ਨੂੰ ਛਡ ਕੇ ਹਰ ਬੰਦਾ ਪਰਾਇਆ ਹੈ। ਕੁਦਰਤ ਨੇ ਤਾਂ ਮਨੁੱਖ ਨੂੰ ਇਕੋ ਹੀ ਧਰਤੀ 'ਤੇ ਪੈਦਾ ਕੀਤਾ ਸੀ। ਸਾਡੇ ਧਰਮ ਅਤੇ ਧਰਮ-ਆਧਾਰਿਤ ਵੰਡਾਂ ਸਾਡੀ ਕਾਢ ਹਨ, ਕਿਸੇ ਰੱਬ ਦੀ ਨਹੀਂ। ਮਨੁੱਖ ਨੂੰ ਉਸੇ ਦੀ ਧਰਤੀ ਤੇ ਵੱਸਣ ਤੋਂ ਰੋਕਣਾ ਜਾਂ ਸੰਨ 47 ਵਾਂਗ ਕਿਸੇ ਵਸਦੇ ਹੋਏ ਨੂੰ ਧਰਮ ਦੇ ਨਾਂ 'ਤੇ ਉਜਾੜਨਾ - ਮੂਲੋਂ ਹੀ ਅਧਾਰਮਿਕ ਕਰਮ ਹੈ।

ਟੋਰਾਂਟੋ ਲਾਗਲੇ ਸ਼ਹਿਰ ਹੈਮਿਲਟਨ ਵਿਚ ਅੱਜ ਤੋਂ 30 ਸਾਲ ਪਹਿਲਾਂ ਤਕ ਸਕੂਲਾਂ ਵਿਚ ਸਵੇਰੇ ਇਸਾਈ ਪ੍ਰਾਰਥਨਾ ਹੁੰਦੀ ਸੀ। ਯਹੂਦੀ ਅਤੇ ਮੁਸਲਮਾਨ ਲੋਕਾਂ ਨੇ ਇਤਰਾਜ਼ ਕੀਤਾ ਤਾਂ ਦੋ-ਤਿਹਾਈ ਇਸਾਈ ਵਸੋਂ ਹੋਣ ਦੇ ਬਾਵਜੂਦ ਧਾਰਮਿਕ ਸਹਿਹੋਂਦ ਦਾ ਸਬੂਤ ਦਿੰਦਿਆਂ ਇਸਾਈ ਬਹੁਗਿਣਤੀ ਵਾਲੇ ਸਕੂਲ-ਬੋਰਡ ਵੱਲੋਂ ਪ੍ਰਾਰਥਨਾ ਬੰਦ ਕਰ ਦਿੱਤੀ ਗਈ। ਮੇਰਾ ਪੁੱਤਰ ਜਿਸ ਕੈਨੇਡੀਅਨ ਸਕੂਲ ਵਿਚ ਪੜ੍ਹਦਾ ਹੈ, ਉਥੇ 500 ਵਿਚੋਂ ਸਿਰਫ਼ 15 ਬੱਚੇ ਹਿੰਦੋਸਤਾਨੀ ਹਨ ਪਰ ਦੀਵਾਲੀ ਅਤੇ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦਾ ਜ਼ਿਕਰ ਹਰ ਸਾਲ ਸਮਾਂ ਆਉਣ ਤੇ ਸਕੂਲ ਦੀ ਸਵੇਰ ਵਾਲੀ ਅਸੈਂਬਲੀ ਵਿਚ ਕੀਤਾ ਜਾਂਦਾ ਹੈ। ਸਾਨੂੰ ਇਨ੍ਹਾਂ ਤੋਂ ਸਿੱਖਣ ਦੀ ਲੋੜ ਹੈ ਕਿ ਆਪਣਾ ਬਹੁ-ਗਿਣਤੀ-ਅਧਿਕਾਰ ਦੂਜੇ (ਘਟ-ਗਿਣਤੀ ਵਾਲੇ) ਨੂੰ ਸੌਖਾ ਕਰਨ ਲਈ ਕਿਵੇਂ ਪਾਸੇ ਰੱਖਣਾ ਹੈ। ਕਿਸੇ ਨੂੰ ਸੌਖਾ ਕਰਨਾ ਉਸ ਅੱਗੇ ਝੁਕਣਾ ਨਹੀਂ ਹੁੰਦਾ। ਜਦੋਂ ਅਸੀਂ ਆਪਣੇ ਬੱਚੇ, ਪਤਨੀ ਪਰਵਾਰ ਜਾਂ ਮਿੱਤਰ ਦੀ ਸੌਖਿਆਈ ਲਈ ਆਪ ਔਖੇ ਹੋ ਕੇ ਕੋਈ ਕੰਮ ਕਰਦੇ ਹਾਂ ਤਾਂ ਕੀ ਉਨ੍ਹਾਂ ਅੱਗੇ ਝੁਕ ਰਹੇ ਹੁੰਦੇ ਹਾਂ...? ਨਹੀਂ, ਅਸੀਂ ਉਸ ਪਲ ਪਿਆਰ ਅੱਗੇ ਝੁਕ ਰਹੇ ਹੁੰਦੇ ਹਾਂ...।

(6)

ਪੰਜਾਬ ਸ਼ਾਇਦ ਮਨੁੱਖੀ ਇਤਿਹਾਸ ਦਾ ਹੀ ਸਭ ਤੋਂ ਵੱਡਾ ਡੈਮੋਕ੍ਰੈਟਿਕ ਤਜਰਬਾ ਸੀ। ਇਥੇ 5 ਤੋਂ ਵਧ ਧਰਮਾਂ ਦੇ ਲੋਕ ਵਖਰੇਵਿਆਂ ਦੇ ਬਾਵਜੂਦ ਸਦੀਆਂ ਤਕ ਇਕੱਠੇ ਵਸਦੇ ਰਹੇ ਹਨ। ਉਨ੍ਹਾਂ ਵਿਚ ਝਗੜੇ ਵੀ ਹੋਏ, ਹਥਿਆਰਬੰਦ ਲੜਾਈਆਂ ਵੀ ਪਰ ਕਿਸੇ ਨੇ ਕਦੀ ਧਰਮ-ਆਧਾਰਿਤ ਵੱਖੋ-ਵੱਖਰਾ ਦੇਸ ਬਣਾ ਕੇ ਰਹਿਣ ਬਾਰੇ ਕਦੀ ਸੋਚਿਆ ਵੀ ਨਹੀਂ। ਉਦੋਂ ਤਕ ਨਹੀਂ ਸੋਚਿਆ ਜਦ ਤਾਈਂ ਅੰਗਰੇਜ਼ਾਂ ਨੇ ਇਹ 'ਕਾਢ' ਸਾਡੇ ਦਿਮਾਗਾਂ ਵਿਚ ਨਹੀਂ ਭਰ ਦਿੱਤੀ। ਸਿੱਖਾਂ ਦੀ ਅਰਦਾਸ ਵਿਚ ਅੱਜ ਵੀ ਮੁਸਲਮਾਨਾਂ ਵੱਲੋਂ ਚਰਖੜੀਆਂ 'ਤੇ ਚੜ੍ਹਾਏ, ਦੇਗਾਂ ਵਿਚ ਉਬਾਲੇ, ਕੀਮਾ-ਕੀਮਾ ਕੀਤੇ ਗਏ ਆਪਣੇ ਸਿੱਖ ਪੂਰਵਜਾਂ ਨੂੰ ਹਰ ਗੁਰਦੁਆਰੇ ਵਿਚ ਹਰ ਦਿਨ ਰਾਤ ਯਾਦ ਕੀਤਾ ਜਾਂਦਾ ਹੈ ਪਰ ਉਨ੍ਹਾਂ ਸ਼ਹੀਦ ਹੋਣ ਵਾਲਿਆਂ ਦੇ ਗੁਰੂਆਂ ਜਾਂ ਜਰਨੈਲਾਂ ਨੇ ਸਿਰਫ਼ ਅਨਿਆਂ ਵਿਰੁੱਧ ਲੜਾਈ ਕੀਤੀ ਪਰ ਕਦੀ ਸਿੱਖਾਂ ਵਾਸਤੇ ਵੱਖਰਾ ਰਾਜ ਬਣਾਉਣ ਦਾ ਉਪਰਾਲਾ ਨਹੀਂ ਕੀਤਾ।

ਪਾਕਿਸਤਾਨ ਵਿਚ ਦੋ ਸਿੱਖ ਹਸਤੀਆਂ ਦਾ ਸਭ ਤੋਂ ਵਧ ਆਦਰ ਅੱਜ ਵੀ ਕੀਤਾ ਜਾਂਦਾ ਹੈ, ਬਾਬਾ ਨਾਨਕ ਅਤੇ ਮਹਾਰਾਜਾ ਰਣਜੀਤ ਸਿੰਘ। ਇਸ ਲਈ ਕਿ ਦੋਹਾਂ ਨੇ ਹਿੰਦੂ ਮੁਸਲਮਾਨ ਦਾ ਫ਼ਰਕ ਨਹੀਂ ਸੀ ਕੀਤਾ। ਮਹਾਰਾਜਾ ਰਣਜੀਤ ਸਿੰਘ ਦੀ ਸਭ ਤੋਂ ਵੱਡੀ ਦੂਰਅੰਦੇਸ਼ੀ ਇਹੀ ਸੀ ਕਿ ਉਹਨੇ ਆਪਣੇ ਰਾਜ ਨੂੰ ਅਖੌਤੀ ਸਿੱਖ ਰਾਜ ਬਣਾਉਣ ਦਾ ਯਤਨ ਨਹੀਂ ਕੀਤਾ, ਨਾ ਮੁਸਲਮਾਨਾਂ ਤੋਂ ਗਿਣ-ਗਿਣ ਕੇ ਆਪਣੇ ਬਜ਼ੁਰਗਾਂ ਦੇ ਬਦਲੇ ਲਏ। ਖਾਲਸਾ ਰਾਜ ਆਖਣ ਦੇ ਬਾਵਜੂਦ ਮਹਾਰਾਜੇ ਨੇ ਆਪਣੀ ਸੱਤਾ ਵਿਚ ਹਿੰਦੂਆਂ ਤੇ ਮੁਸਲਮਾਨਾਂ ਨੂੰ ਬਰਾਬਰ ਦੀ ਭਾਈਵਾਲੀ ਦਿੱਤੀ। ਉਹ ਜਾਣਦਾ ਸੀ- ਇਹ ਧਰਤੀ ਸਭ ਧਰਮਾਂ ਦੀ ਸਾਂਝੀ ਹੈ। ਉਹਨੇ ਇਸ ਸਾਂਝ ਦਾ ਆਦਰ ਕੀਤਾ। ਅੱਜ ਇਸੇ ਸਾਂਝ ਦਾ ਆਦਰ ਕੀਤੇ ਬਿਨਾ ਅਸੀਂ ਉਹਦੇ ਵਾਰਸ ਕਿਵੇਂ ਹੋ ਸਕਦੇ ਹਾਂ, ਜਾਂ ਉਹ ਸਾਡੀ ਪ੍ਰੇਰਨਾ ਕਿਵੇਂ ਹੋ ਸਕੇਗਾ, ਜਾਂ ਅਸੀਂ ਉਹਨੂੰ 'ਆਪਣਾ' ਕਿਵੇਂ ਕਹਿ ਸਕਾਂਗੇ? ਇਸ ਸਾਂਝ ਦਾ ਆਦਰ ਕੀਤੇ ਬਿਨਾ ਅਸੀਂ ਨਾਨਕ ਨੂੰ 'ਆਪਣਾ' ਕਿਵੇਂ ਕਹਿ ਸਕਾਂਗੇ?

ਪੰਜਾਬ ਤਾਂ ਇੱਕੋ ਹੀ ਧਰਤੀ ਸੀ ਜਿਸ ਦੇ ਵਸਨੀਕ ਕਈ ਹਜ਼ਾਰ ਸਾਲ ਪਹਿਲਾਂ ਵੈਦਿਕ ਸਭਿਆਚਾਰ ਦੇ ਪ੍ਰਭਾਵ ਹੇਠ ਆਏ, ਸਮਾਂ ਪਾ ਕੇ ਕੁਝ ਜਣੇ ਬੋਧੀ ਹੋ ਗਏ, ਹੋਰ ਵਕਤ ਬੀਤਣ ਤੇ ਕਈ ਮੁਸਲਮਾਨ ਹੋ ਗਏ, ਤੇ ਇਵੇਂ ਹੀ ਉਨ੍ਹਾਂ ਵਿਚੋਂ ਕੁਝ ਸਿੱਖ ਤੇ ਫਿਰ ਇਸਾਈ ਬਣੇ। ਬਾਹਰੋਂ ਆਏ ਥੋੜ੍ਹੇ ਜਿਹੇ ਜਣਿਆਂ ਨੂੰ ਛਡ ਕੇ ਇਹ ਇਕ ਹੀ ਵੱਸੋਂ ਸੀ ਜਿਹੜੀ ਵੱਖੋ-ਵੱਖਰੇ ਧਰਮ ਅਪਣਾਉਂਦੀ ਰਹੀ ਪਰ ਉਨ੍ਹਾਂ ਦਾ ਖਾਣਾ-ਪੀਣਾ, ਪਹਿਨਣਾ, ਸਭਿਆਚਾਰ, ਮੇਲੇ, ਬੋਲੀ ਤੇ ਜੀਣ ਦਾ ਤਰੀਕਾ ਉਹੀ ਰਿਹਾ। ਧਰਮ ਨਹੀਂ, ਉਹ ਭਾਸ਼ਾ ਅਤੇ ਸਭਿਆਚਾਰ ਹੀ ਪੰਜਾਬੀਆਂ ਦੀ ਧੁਰੀ ਹੈ ਜਿਸ ਦੁਆਲੇ ਉਹ ਅਜ ਵੀ ਘੁੰਮਦੇ ਹਨ। ਪੰਜਾਬੀਆਂ ਨੇ ਧਰਮ ਨੂੰ ਪਿਆਰ ਕੀਤਾ ਹੈ ਪਰ ਜੀਣ ਨੂੰ ਸਦਾ ਧਰਮ ਨਾਲੋਂ ਵੱਡਾ ਸਮਝਿਆ ਹੈ।

ਨਵਤੇਜ ਭਾਰਤੀ ਦਸਦੇ ਹਨ: "ਸਾਡੇ ਪਿੰਡ ਰੋੜੇ ਵਿਚ ਹਿੰਦੂ ਤੇ ਸਿੱਖ ਵੀ ਕਿਸੇ ਮੁਸਲਮਾਨ ਜਾਂ ਗੁੱਗੇ ਪੀਰ ਦੀ ਸਮਾਧ ਕੋਲੋਂ ਲੰਘਦਿਆਂ ਮੱਥਾ ਝੁਕਾ ਲੈਂਦੇ ਸਨ। ਜੇ ਨੈਣਾਂ ਦੇਵੀ ਲਈ ਜੱਥਾ ਜਾ ਰਿਹਾ ਹੁੰਦਾ ਤਾਂ ਸਿੱਖ ਵੀ ਨਾਲ ਚਲੇ ਜਾਂਦੇ ਜੇ ਉਨ੍ਹਾਂ ਦਿਨੀਂ ਖੇਤੀ ਕੰਮੋਂ ਵਿਹਲੇ ਹੁੰਦੇ। ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਟਰੱਕ ਟੈਂਪੂ ਜਾਣ ਲਗਦਾ ਤਾਂ ਜਿਹੜਾ ਹਿੰਦੂ ਜਾ ਸਕਦਾ, ਚਲਾ ਜਾਂਦਾ। ਸੰਨ 1936 ਵਿਚ ਕਾਲ ਪੈ ਗਿਆ। ਸਿੱਖਾਂ ਦੀ ਬਹੁਗਿਣਤੀ ਸੀ ਪਰ ਪਿੰਡ ਨੇ ਰਲ ਕੇ ਨਿਰਣਾ ਕੀਤਾ ਕਿ ਮੀਂਹ ਪੁਆਉਣ ਲਈ ਯੱਗ ਕੀਤਾ ਜਾਵੇ। ਦੂਰ-ਦੂਰ ਤੋਂ ਪੰਡਤ ਆਏ, ਕਈ ਦਿਨ ਪੂਰੀ ਵੈਦਿਕ ਰੀਤੀ ਨਾਲ ਯੱਗ ਚੱਲਿਆ, ਸਾਰੇ ਪਿੰਡ ਵਾਸੀਆਂ ਹਵਨ ਲਈ ਸਮੱਗਰੀ ਦਿੱਤੀ, ਤੇ ਸ਼ਾਮਲ ਵੀ ਹੋਏ। ਕੁਝ ਸਾਲਾਂ ਮਗਰੋਂ ਵੱਡੀ ਬਿਮਾਰੀ ਫ਼ੈਲੀ ਤਾਂ ਪਿੰਡ ਨੇ ਨਿਰਣਾ ਕੀਤਾ- 'ਇੱਕੋਤਰੀ' ਕੀਤੀ ਜਾਵੇ; ਅਰਥਾਤ, 101 ਅਖੰਡ ਪਾਠ ਕੀਤੇ ਜਾਣ। ਪਿੰਡ ਦੇ ਹਿੰਦੂਆਂ ਵੀ ਪਾਠ ਕੀਤਾ। ਸਾਲ ਭਰ ਲੱਗਾ ਇੱਕੋਤਰੀ ਪੂਰੀ ਕਰਦਿਆਂ ਜਿਸ ਵਿਚ ਦੂਰੋਂ ਦੂਰੋਂ ਸੰਤ ਆਏ। ਪਿੰਡ ਦੇ ਇੱਕੋ-ਇਕ ਬ੍ਰਾਹਮਣ ਪੰਡਤ ਦੀ ਧੀ ਸੀਤੋ ਦਾ ਵਿਆਹ ਧਰਿਆ ਗਿਆ ਤਾਂ ਇਕ ਕੂਕੇ




ਅਤੇ ਇਕ ਨਿਰਮਲੇ ਸਿੱਖ ਨੇ ਰਲ ਕੇ ਘਰ-ਘਰ ਜਾ ਕੇ ਧਨ ਇਕੱਠਾ ਕੀਤਾ। ਸਭ ਨੇ ਪੈਸੇ ਦਿੱਤੇ, ਸਿਵਾਇ ਬਚਨੇ ਛੜੇ ਤੋਂ। ਬਚਨਾ ਕਹਿੰਦਾ- 'ਕਾਹਦੇ ਪੈਸੇ ਦਵਾਂ? ਸੀਤੋ ਕਿਹੜਾ ਮੇਰੇ ਮੁੰਡੇ ਦਾ ਜੂੜਾ ਬੁਣਦੀ ਰਹੀ ਐ?' ਛੜਾ ਹੋਣ ਕਰ ਕੇ ਬਚਨੇ ਨੂੰ ਕਿਸੇ ਦਾ ਵਿਆਹ ਨਹੀਂ ਸੀ ਸੁਖਾਉਂਦਾ!

ਸਾਕਾ ਨੀਲਾ ਤਾਰਾ ਤੋਂ ਪਹਿਲਾਂ ਤੜਕੇ ਦਰਬਾਰ ਸਾਹਿਬ ਮੱਥਾ ਟੇਕ ਕੇ ਕੰਮ 'ਤੇ ਜਾਣ ਵਾਲਿਆਂ ਵਿਚ ਹਿੰਦੂਆਂ ਦੀ ਗਿਣਤੀ ਸ਼ਾਇਦ ਸਿੱਖਾਂ ਜਿੰਨੀ ਹੀ ਸੀ। ਵੰਡ ਤੋਂ ਪਹਿਲਾਂ ਮੇਰੀ ਨਾਨੀ ਲਾਇਲਪੁਰ ਰਹਿੰਦੀ ਸੀ। ਕੁਝ ਬਲਵਈ ਪਿੰਡ ਦਾ ਗੁਰਦੁਆਰਾ ਲੁੱਟਣ ਆ ਗਏ। ਪਿੰਡ ਦੇ ਸਿੱਖ ਬਾਹਰ ਖੇਤਾਂ ਵਿਚ ਸਨ। ਹਿੰਦੂਆਂ ਅਤੇ ਮੁਸਲਮਾਨਾਂ ਨੇ ਰਲ ਕੇ ਉਸ ਗੁਰਦੁਆਰੇ ਦੀ ਰਾਖੀ ਕੀਤੀ ਜਿਸ ਵਿਚ ਮੁਸਲਮਾਨ ਰਬਾਬੀ ਕੀਰਤਨ ਕਰਨ ਆਉਂਦੇ ਸਨ। ਮੇਰੇ ਅੱਧੇ ਮਿੱਤਰ ਹਿੰਦੂ ਤੇ ਅੱਧੇ ਸਿੱਖ ਹਨ। ਮੇਰੀ ਪਤਨੀ ਦਾ ਪਰਿਵਾਰ ਅੱਧਾ ਸਿੱਖ ਤੇ ਅੱਧਾ ਹਿੰਦੂ ਹੈ। ਮੈਂ ਉਸ ਭੀੜ ਵਿਚ ਕਦਾਚਿਤ ਖੜ੍ਹਾ ਨਹੀਂ ਹੋਣਾ ਜਿਹੜੀ ਮੇਰੇ ਮਿੱਤਰਾਂ ਜਾਂ ਮੇਰੇ ਹੀ ਪਰਵਾਰ ਦੀ ਮਾਰ-ਕਾਟ ਜਾਂ ਉਜਾੜੇ ਦਾ ਕਾਰਨ ਬਣੇਗੀ..।

(7)

ਪੰਜਾਬੀ ਮਾਣਯੋਗ ਕੌਮ ਹਨ। ਮਾਣਯੋਗ ਕੌਮਾਂ ਜੀਣ ਲਈ ਮਾਣ ਲੱਭਦੀਆਂ ਹਨ। ਬਦਕਿਸਮਤੀ ਨਾਲ ਜਿਹੜੀ ਸਭਿਅਤਾ ਜਾਂ ਕੌਮ ਆਪਣੇ ਵਰਤਮਾਨ ਤੇ ਮਿਹਨਤ ਨਾ ਕਰੇ, ਜਾਂ ਉਸ ਕੋਲ ਵਰਤਮਾਨ ਵਿਚ ਮਾਣ ਕਰਨ ਲਈ ਕੁਝ ਨਾ ਹੋਵੇ ਤਾਂ ਉਹ ਵਾਰ-ਵਾਰ ਇਤਿਹਾਸ ਵਿਚ ਪਰਤਦੀ ਹੈ। ਉਹ ਇਤਿਹਾਸ ਵਿਚਲੇ ਉਹ ਕੰਮ ਮੁੜ ਕਰਨ ਦੀ ਕੋਸ਼ਿਸ਼ ਕਰਦੀ ਹੈ ਜਿਸ ਨਾਲ ਕਦੀ ਮਾਣ ਹਾਸਲ ਹੋਇਆ ਹੋਵੇ। ਅੱਜ ਦਾ ਪੰਜਾਬ ਸ਼ਾਇਦ ਅਜਿਹੀ ਘੁੰਮਣ-ਘੇਰੀ ਵਿਚ ਹੀ ਫਸ ਗਿਆ ਹੈ। ਹਰੇ ਇਨਕਲਾਬ ਤੋਂ ਬਾਅਦ ਇਹਦੇ ਕੋਲ ਮਾਣਯੋਗ ਪ੍ਰਾਪਤੀ ਦੀ ਕਮੀ ਵਾਪਰ ਗਈ ਹੈ। ਅਸੀਂ ਮਾਨਸਿਕ ਤੌਰ 'ਤੇ ਬੀਤੇ ਵਿਚ ਪਰਤ ਕੇ ਅੱਜ ਦੇ ਵਰਤਮਾਨ ਵਿਚ ਮੁੜ-ਮੁੜ ਕੇ ਸ਼ਹੀਦ ਹੋਣ ਦੇ ਨਵੇਂ-ਨਵੇਂ ਕਾਰਨ ਅਤੇ ਰਾਹ ਲੱਭਣ ਲੱਗ ਗਏ ਹਾਂ। ਸਾਨੂੰ ਭੁੱਲ ਗਿਆ ਹੈ ਕਿ ਇਤਿਹਾਸ ਵਰਤਮਾਨ ਲਈ ਪ੍ਰੇਰਨਾ ਤਾਂ ਬਣ ਸਕਦਾ ਹੈ ਪਰ ਸਾਡਾ ਵਰਤਮਾਨ ਨਹੀਂ ਬਣ ਸਕਦਾ!

ਰਾਜਨੀਤਕ ਪ੍ਰਬੰਧ ਬਦਲਦਾ ਹੈ ਤਾਂ ਲੜਨ ਦਾ ਤਰੀਕਾ ਵੀ ਬਦਲਦਾ ਹੈ। ਔਰੰਗਜ਼ੇਬ ਦੇ ਰਾਜ ਵਿਚ ਤਲਵਾਰ ਨਾਲ ਵਾਪਰਦਾ ਜ਼ੁਲਮ ਸ਼ਸਤਰਧਾਰੀ ਹੋ ਕੇ ਲੜਿਆ ਜਾ ਸਕਦਾ ਸੀ। ਡੈਮੋਕ੍ਰੇਸੀ ਵਿਚ ਯੁੱਧ ਨੂੰ ਹੁਣ ਵਿਚਾਰ-ਵਟਾਂਦਰਾ, ਪਰਚਾਰ, ਮੀਡੀਆ, ਜਾਣਕਾਰੀ, ਕਾਨੂੰਨੀ ਸੰਘਰਸ਼ ਅਤੇ ਸ਼ਾਂਤਮਈ ਏਕੇ ਨਾਲ ਲੜਿਆ ਜਾਂਦਾ ਹੈ। ਪੰਜਾਬ ਨੇ ਕਿਸਾਨ ਮੋਰਚੇ ਦੇ ਰੂਪ ਵਿਚ ਇਹ ਕੰਮ ਕਰ ਕੇ ਦਿਖਾਉਣ ਦੀ ਉਦਾਹਰਨ ਤਾਂ ਅਜੇ ਨਵੀਂ ਤੇ ਨਰੋਈ ਹੈ। ਫ਼ਰਕ ਇੰਨਾ ਹੈ ਤਲਵਾਰ ਦੀ ਲੜਾਈ ਛੇਤੀ ਮੁੱਕ ਜਾਂਦੀ ਹੈ, ਡੈਮੋਕ੍ਰੇਟਿਕ ਸੰਘਰਸ਼ ਲੰਮੇ ਦਾਈਏ ਦਾ ਕੰਮ ਹੈ।

ਜਿਹੜੇ ਲੋਕ ਅੱਜ ਹਿੰਦੋਸਤਾਨ 'ਤੇ ਰਾਜ ਕਰਦਿਆਂ ਇਹਨੂੰ ਹਿੰਦੂ ਸਟੇਟ ਬਣਾਉਣ ਦੀ ਕੋਸ਼ਿਸ਼ ਵਿਚ ਹਨ, ਉਨ੍ਹਾਂ ਨਾਲ ਸਾਡੀ ਅਸਹਿਮਤੀ ਹੈ। ਪੰਜਾਬ ਵਿਚ ਸਿੱਖ ਸਟੇਟ ਦੀ ਮੰਗ ਦੇਸ ਵਿਚ ਹਿੰਦੂ ਸਟੇਟ ਦਾ ਵਿਰੋਧ ਨਹੀਂ ਕਰਦੀ ਸਗੋਂ ਹਿੰਦੂ ਸਟੇਟ ਨੂੰ ਨੈਤਿਕ ਤੌਰ 'ਤੇ 'ਜਸਟੀਫ਼ਾਈ' ਕਰਦੀ ਹੈ। ਨਾ ਇਹ ਸਹੀ ਹੈ, ਨਾ ਇਹ ਲੋੜੀਂਦਾ ਹੈ, ਨਾ ਇਹ ਵਾਪਰਨਾ ਚਾਹੀਦਾ ਹੈ, ਨਾ ਅਸੀਂ ਵਸ ਲੱਗੇ ਵਾਪਰਨ ਦੇਣਾ ਹੈ।

ਪਿਛਲੇ ਦੋ ਦਹਾਕਿਆਂ ਤੋਂ ਸਾਰੇ ਸੰਸਾਰ ਵਿਚ ਨਵਾਂ ਫ਼ਾਰਮੂਲਾ ਸੱਤਾ ਹਥਿਆਉਣ ਲਈ ਵਰਤਿਆ ਜਾ ਰਿਹਾ ਹੈ। ਇਸ ਨੂੰ ਵਰਤਣ ਵਾਲੀ ਪਾਰਟੀ ਦੇਸ ਦੇ ਵਧੀਕ (ਮੇਜੌਰਿਟੀ) ਗਿਣਤੀ ਵਾਲੇ ਲੋਕਾਂ ਨੂੰ ਘਟ ਗਿਣਤੀ (ਮਾਇਨੌਰਿਟੀ ਧਰਮ ਜਾਂ ਸਭਿਆਚਾਰ) ਵਾਲਿਆਂ ਤੋਂ ਖ਼ਤਰਾ ਦਿਖਾਉਂਦੀ ਹੈ ਤੇ ਉਨ੍ਹਾਂ ਨੂੰ ਦੇਸ ਵਿਰੋਧੀ ਗਰਦਾਨਦੀ ਹੈ। ਅਮਰੀਕਾ ਵਿਚ ਡੋਨਾਲਡ ਟਰੰਪ ਨੇ 76% ਗੋਰੀ ਵੱਸੋਂ ਨੂੰ 'ਬਾਹਰਲਿਆਂ' (ਦੱਖਣੀ ਅਮਰੀਕੀ ਏਸ਼ੀਅਨ ਤੇ ਕਾਲੇ) ਲੋਕਾਂ ਤੋਂ ਡਰਾਇਆ, ਬ੍ਰਾਜ਼ੀਲ ਵਿਚ ਜਾਇਰ ਬੋਲਸੋਨਾਰੋ ਨੇ 47% ਗੋਰਿਆਂ ਨੂੰ 41% ਕਾਲਿਆਂ ਤੋਂ, ਤੇ ਭਾਰਤ ਵਿਚ ਮੌਜੂਦਾ ਹੁਕਮਰਾਨਾਂ ਨੇ 80% ਹਿੰਦੂਆਂ ਨੂੰ 15% ਮੁਸਲਮਾਨਾਂ ਤੋਂ ਖ਼ਤਰਾ ਦਿਖਾਇਆ ਹੈ।

ਅਜਿਹੀ ਪਾਰਟੀ ਆਪਣੇ ਪੁਜਾਰੀ ਵਰਗ ਨੂੰ ਹੱਲਾਸ਼ੇਰੀ ਦੇਣ ਦੇ ਨਾਲ ਦੇਸ ਦੇ ਕੁਝ ਕੁ ਅਮੀਰ ਲੋਕਾਂ ਨਾਲ ਗੰਢ-ਸੰਢ ਕਰਦੀ ਹੈ। ਉਨ੍ਹਾਂ ਤੋਂ ਲਏ ਖੁਲ੍ਹੇ ਪੈਸੇ ਨਾਲ ਚੋਣਾਂ ਲੜਦੀ ਤੇ ਆਪਣੇ ਹੱਕ ਵਿਚ ਪ੍ਰਚਾਰ ਲਈ ਮੀਡੀਆ ਖ਼ਰੀਦਦੀ ਹੈ। ਸੱਤਾ ਹਾਸਲ ਕਰਨ ਮਗਰੋਂ ਲੋਕਤੰਤਰੀ ਅਦਾਰੇ (ਅਦਾਲਤਾਂ, ਅਖ਼ਬਾਰਾਂ, ਪੁਲਿਸ, ਫ਼ੌਜ, ਸੂਹੀਆ ਏਜੰਸੀਆਂ) ਨੂੰ ਦਬਕੇ ਅਤੇ ਲਾਲਚ ਦੇ ਕੇ ਆਪਣੇ ਵਸ ਕਰਦੀ ਹੈ। ਜਿਨ੍ਹਾਂ ਅਮੀਰਾਂ ਤੋਂ ਪੈਸੇ ਲਏ ਹੁੰਦੇ ਹਨ, ਬਦਲੇ ਵਿਚ ਦੇਸ ਦੀਆਂ ਸੰਸਥਾਵਾਂ ਅਤੇ ਆਰਥਿਕਤਾ ਉਨ੍ਹਾਂ ਨੂੰ ਵੇਚ ਦਿੰਦੀ ਹੈ। ਇਕ ਦੂਜੇ ਦੇ ਗਲ਼ ਪਏ ਲੋਕਾਂ ਨੂੰ ਵਿਕਦਾ ਅਤੇ ਗਰਕ ਹੁੰਦਾ ਜਾਂਦਾ ਦੇਸ ਦਿਸਦਾ ਹੀ ਨਹੀਂ। ਹਕੀਕਤ ਵਿਚ ਕਿਸੇ ਨੂੰ ਕਿਸੇ ਤੋਂ ਖ਼ਤਰਾ ਨਹੀਂ। ਜਿਹੜੇ ਧਰਮ ਨੂੰ ਖ਼ਤਰਾ ਦਸ ਕੇ ਕੁਰਬਾਨੀਆਂ ਦੀ ਮੰਗ ਕਰਦੇ ਹਨ, ਉਹ ਸਾਡੀਆਂ ਲੋਥਾਂ ਨੂੰ ਪਾਵਿਆਂ ਵਾਂਗ ਵਰਤ ਕੇ ਉਸਾਰੇ ਜਾਣ ਵਾਲੇ ਤਖ਼ਤ ਉਤੇ ਆਪ ਬਹਿਣ ਦਾ ਪ੍ਰਬੰਧ ਕਰ ਰਹੇ ਹਨ।

(8)

ਧਰਮ ਦੇ ਆਧਾਰ 'ਤੇ ਵੰਡੇ ਹਿੰਦੋਸਤਾਨ ਅਤੇ ਪਾਕਿਸਤਾਨ ਦਰਮਿਆਨ ਹੋਈਆਂ 4 ਜੰਗਾਂ ਵਿਚ ਇਕ ਲੱਖ ਟੱਬਰਾਂ ਦੇ ਬੰਦੇ ਮਰੇ, ਜ਼ਖ਼ਮੀ ਜਾਂ ਬੇਘਰੇ ਹੋਏ। ਮਰਨ ਵਾਲਿਆਂ ਵਿਚ 13,000 ਹਿੰਦੋਸਤਾਨੀ ਤੇ 22,000 ਪਾਕਿਸਤਾਨੀ ਫੌਜੀ ਸਨ।

ਜੇ ਹਿੰਦੋਸਤਾਨ ਦੀ ਵੰਡ ਨਾ ਹੋਈ ਹੁੰਦੀ ਤਾਂ ਅਸੀਂ ਕਿਤੇ ਵਧ ਖ਼ੁਸ਼ਹਾਲ ਅਤੇ ਤਾਕਤਵਰ ਦੇਸ ਹੁੰਦੇ। ਪੂਰਬੀ ਪੰਜਾਬ ਕੋਲੋਂ ਲਾਹੌਰ ਖੁੱਸ ਗਿਆ ਤਾਂ ਅਸੀਂ ਸਭਿਆਚਾਰਕ ਤੌਰ 'ਤੇ ਗਰੀਬ ਹੋ ਗਏ। ਧਾਰਮਿਕ ਵੰਡ ਸਦਕਾ ਗੁਰਦੁਆਰੇ ਖੁੱਸ ਗਏ ਤਾਂ ਸਿੱਖ ਧਰਮ ਆਪਣੀ ਪਹੁੰਚ ਤੇ ਪਸਾਰ ਵਿਚ ਗਰੀਬ ਹੋ ਗਿਆ, ਮੁਸਲਮਾਨ ਅਜਮੇਰ ਸ਼ਰੀਫ਼ ਤੋਂ ਵਿੱਛੜ ਗਿਆ। ਲੱਖਾਂ ਹਿੰਦੂਆਂ ਦੇ ਕਾਰੋਬਾਰ ਰੁਲ ਗਏ। ਜ਼ਮੀਨਾਂ ਹੀ ਨਹੀਂ, ਸਾਡੇ ਗੀਤ ਰਾਗ ਮੇਲੇ ਅਤੇ ਸਾਹਿਤ ਵੀ ਉਧਰ ਰਹਿ ਗਏ। ਦੇਸ ਕੋਲੋਂ ਧਰਤੀ, ਪਾਣੀ, ਪਹਾੜ, ਬੰਦਰਗਾਹਾਂ ਜਿਹੇ ਅਣਗਿਣਤ ਵਸੀਲੇ ਛੁੱਟ ਗਏ। ਪਾਕਿਸਤਾਨ ਦੀ ਤਾਂ ਆਰਥਿਕਤਾ ਹੀ ਗਰਕ ਹੋ ਗਈ। ਪੰਦਰਾਂ ਸਾਲ ਪਹਿਲਾਂ ਪਾਕਿਸਤਾਨ ਦੀ ਕੁਲ ਆਮਦਨ ਦਾ 89% ਪੈਸਾ ਆਲਮੀ ਕਰਜ਼ਿਆਂ ਦੀਆਂ ਕਿਸ਼ਤਾਂ ਅਤੇ ਵਿਆਜ ਦੇਣ ਤੇ ਖ਼ਰਚ ਹੋ ਰਿਹਾ ਸੀ, ਬਚਦੇ 11% ਵਿਚੋਂ ਅੱਧੇ ਪੈਸੇ ਸਿਆਸਤਦਾਨ ਰਿਸ਼ਵਤ ਵਜੋਂ ਖਾ ਰਹੇ ਸਨ, ਮੁਲਕ ਸਿਰਫ਼ 5-6% ਪੈਸੇ ਤੇ ਚਲ ਰਿਹਾ ਸੀ। ਹੁਣ ਸ਼ਾਇਦ ਏਦੂੰ ਬੁਰੀ ਹਾਲਤ ਹੋਵੇ।

ਦੋਹਾਂ ਦੇਸਾਂ ਦਰਮਿਆਨ ਹੋਈ ਸਿਰਫ਼ ਇਕ ਫੌਜੀ ਮਸ਼ਕ ਆਪ੍ਰੇਸ਼ਨ 'ਪ੍ਰਾਕਰਮ' (2001) ਦਾ ਖ਼ਰਚਾ ਇਕ ਖ਼ਰਬ ਭਾਰਤੀ ਰੁਪਈਏ ਸੀ। ਕਾਰਗਿਲ ਦੀ ਲੜਾਈ ਵੇਲੇ ਹਿੰਦੋਸਤਾਨ ਦਾ ਰੋਜ਼ਾਨਾ ਖ਼ਰਚਾ ਸਾਢੇ 14 ਅਰਬ ਅਤੇ ਪਾਕਿਸਤਾਨ ਦਾ ਪੌਣੇ 4 ਅਰਬ ਰੁਪਈਏ ਸੀ। ਪੁਲਵਾਮਾ ਹਮਲੇ ਮਗਰੋਂ ਬਦੇਸੀ ਕੰਪਨੀਆਂ ਨੇ 3000 ਕਰੋੜ ਰੁਪਏ ਦਾ ਸਰਮਾਇਆ ਭਾਰਤ ਵਿਚੋਂ ਵਾਪਸ ਕੱਢ ਲਿਆ। ਦੋਹਾਂ 'ਧਾਰਮਿਕ' ਦੇਸਾਂ ਦਰਮਿਆਨ ਜੇ ਨਿਊਕਲੀਅਰ ਜੰਗ ਲੱਗੇ ਤਾਂ ਮਰਨ ਵਾਲਿਆਂ ਦੀ ਗਿਣਤੀ ਘੱਟੋ-ਘੱਟ ਸਵਾ 2 ਕਰੋੜ ਹੋਵੇਗੀ, ਤੇ ਸਾਨੂੰ ਸੂਰਜ ਦੀਆਂ ਹਾਨੀਕਾਰਕ ਅਲਟ੍ਰਾ-ਵਇਓਲੈਟ ਕਿਰਨਾਂ ਤੋਂ ਬਚਾਉਣ ਵਾਲੀ ਕੁੱਲ ਵਾਤਾਵਰਣ ਉਪਰ ਪਸਰੀ ਓਜ਼ੋਨ ਪਰਤ ਅੱਧੀ ਕੁ ਬਰਬਾਦ ਹੋ ਜਾਵੇਗੀ ਜਿਸ ਦਾ ਅਸਰ ਲਗਭਗ ਹਰ ਦੇਸ ਦੇ ਬੰਦੇ 'ਤੇ ਪਵੇਗਾ। ਹਿੰਦੋਸਤਾਨ ਅੱਜ ਦੀ ਤਾਰੀਖ਼ ਵਿਚ ਹਰ ਵਰ੍ਹੇ 75 ਅਰਬ ਡਾਲਰ ਫੌਜੀ ਰਾਖੀ ਲਈ ਖ਼ਰਚ ਰਿਹਾ ਹੈ। ਇਨ੍ਹਾਂ ਪੈਸਿਆਂ ਨਾਲ ਕਿੰਨੇ ਸਕੂਲ, ਘਰ, ਸੜਕਾਂ, ਕਾਰਖਾਨੇ, ਹਸਪਤਾਲ, ਕਾਰੋਬਾਰ ਤੇ ਰੁਜ਼ਗਾਰ ਬਣ ਸਕਦੇ ਸਨ। ਸੰਸਾਰ ਬੈਂਕ ਅਨੁਸਾਰ ਜੇ ਹਿੰਦੋਸਤਾਨ-ਪਾਕਿਸਤਾਨ ਵਿਚ ਤਣਾਅ ਜਾਂ ਵਪਾਰਕ ਟੈਰਿਫ਼ ਨਾ ਹੋਣ ਤਾਂ ਆਪਸੀ ਵਪਾਰ 37 ਅਰਬ ਡਾਲਰ ਸਾਲਾਨਾ ਦਾ ਹੋਵੇਗਾ...।

(9)

ਤੀਹ ਸਾਲ ਪਹਿਲਾਂ ਜਦ ਮੈਂ ਪੜ੍ਹਨ ਲਈ ਕੈਨੇਡਾ ਆਇਆ ਤਾਂ ਕਾਲਜ ਦਾ ਮਾਹੌਲ ਬੜਾ ਮਾਰੂ, ਥਕਾਊ, ਇਕੱਲਾ ਤੇ ਉਦਾਸ ਲੱਗਾ। ਦੋ ਮਹੀਨੇ ਮਗਰੋਂ ਮੈਂ ਪਰਤ ਜਾਣ ਬਾਰੇ ਸੋਚ ਹੀ ਰਿਹਾ ਸਾਂ ਕਿ ਕਾਲਜ ਦੇ ਇੱਕੋ-ਇਕ ਯਹੂਦੀ ਪ੍ਰੋਫੈਸਰ ਤੇ ਸਰਜਨ ਮਾਰਕ ਹਰਟਿਗ ਨੇ ਮੈਨੂੰ ਹੱਲਾਸ਼ੇਰੀ ਦੇ ਕੇ ਆਖਿਆ- "ਤੂੰ ਚੰਗਾ ਕੰਮ ਕਰਦਾ ਹੈਂ, ਪਰਦੇਸ ਵਿਚ ਦਿਲ ਨਾ ਛੱਡੀਂ।"... ਸਾਡੀ ਦੋਸਤੀ ਦੇ ਕੁਝ ਸਾਲਾਂ ਮਗਰੋਂ ਇਕ ਦਿਨ ਉਸ ਕਿਹਾ: "ਅੰਗਰੇਜ਼ਾਂ ਨੇ ਬੜਾ ਉਪਕਾਰ ਕੀਤਾ ਤੁਹਾਡੇ 'ਤੇ; ਵਰਨਾ ਤੁਹਾਡੇ ਕੋਲ ਨਾ ਡਾਕਖਾਨਾ ਹੋਣਾ ਸੀ, ਨਾ ਰੇਲ-ਗੱਡੀਆਂ ਨਾ ਕਾਲਜ ਨਾ ਵਿਦਿਆ।"

ਮੈਂ ਆਖਿਆ: "ਮਾਰਕ! ਮੈਂ ਸੌਦਾ ਕਰਨ ਨੂੰ ਤਿਆਰ ਹਾਂ। ਅੰਗਰੇਜ਼ਾਂ ਨੂੰ ਕਹਿ ਆਪਣੀਆਂ ਸਾਰੀਆਂ ਗੱਡੀਆਂ, ਸਮੇਤ ਪਟੜੀਆਂ, ਮੇਰੇ ਦੇਸੋਂ ਚੁੱਕ ਕੇ ਲੈ ਜਾਣ। ਡਾਕਖਾਨੇ ਤੇ ਕਾਲਜ ਵੀ ਲੈ ਜਾਣ। ਸਾਡਾ ਕੋਈ ਬੰਦਾ ਅੰਗਰੇਜ਼ੀ ਨਹੀਂ ਬੋਲੇਗਾ। ਮੇਰੇ ਟੱਬਰ ਦੀ ਢਾਈ ਸੌ ਕਿੱਲੇ ਪੈਲ਼ੀ ਵੀ ਰੱਖ ਲੈਣ ਪਰ ਬਦਲੇ ਵਿਚ ਮੈਨੂੰ ਮੇਰਾ ਅਣਵੰਡਿਆ ਦੇਸ ਮੋੜ ਦੇਣ! ਉਸ ਬਿਨਾ ਅਸੀਂ ਅੱਜ ਤਕ ਵੀ ਉਦਾਸ ਤੇ ਅਧੂਰੇ ਹਾਂ...।"

# ਸਾਵਧਾਨ ! ਸਕੈਮ, ਸੰਭਲੋ

ਘਰ ਦੇ ਪਿਛਵਾੜੀ ਸੈਰ ਦੇ ਅਖੀਰਲੇ ਚੱਕਰ ਵਿਚਕਾਰ ਸਾਂ ਕਿ ਫ਼ੋਨ ਘੰਟੀ ਦੀ ਆਵਾਜ਼ ਸੁਣੀ। ਘੰਟੀ ਵੱਜਣ ਨਾਲ ਮੈਂ ਚੁਕੰਨਾ ਜਿਹਾ ਹੋ ਗਿਆ ਤੇ ਦੌੜ ਕੇ ਅੰਦਰ ਗਿਆ ਪਰ ਜਾਣ ਤੱਕ ਫ਼ੋਨ ਬੰਦ ਹੋ ਗਿਆ। ਫ਼ੋਨ ਆਈ. ਡੀ. ਤੋਂ ਮੈਂ ਅੰਦਾਜ਼ਾ ਲਗਾਉਣ ਦੀ ਕੋਸ਼ਿਸ਼ ਕੀਤੀ। 210 424 2344 ਕੋਈ ਨਵਾਂ ਅਣਜਾਣਿਆ ਜਿਹਾ ਓਪਰਾ ਨੰਬਰ ਸੀ। ਅਜੇ ਮੈਂ ਸੋਚ ਹੀ ਰਿਹਾ ਸੀ ਕਿ ਘੰਟੀ ਫੇਰ ਖੜਕ ਪਈ। ਮੈਂ ਜਾਣ ਕੇ ਅਵੇਸਲਾ ਜਿਹਾ ਹੋ ਗਿਆ ਕਿ ਮੈਂ ਇਹ ਫ਼ੋਨ ਨਹੀਂ ਚੁੱਕਣਾ। ਕਈ ਵੇਰਾਂ ਬੇਨਾਮੀ ਫ਼ੋਨ ਆ ਕੇ ਹੈਰਾਨ ਪ੍ਰੇਸ਼ਾਨ ਕਰਦੇ ਰਹਿੰਦੇ ਨੇ, ਜਿਹੜੇ ਮੈਂ ਚੁੱਕਣਾ ਪਸੰਦ ਨਹੀਂ ਕਰਦਾ। ਕਈ ਵੇਰਾਂ ਇਸ਼ਤਿਹਾਰਬਾਜ਼ੀ ਵਾਲੇ ਜਾਂ ਗ਼ਲਤ ਬਿਰਤੀ ਵਾਲੇ ਫ਼ੋਨ ਸ਼ਰੀਫ ਲੋਕਾਂ ਨੂੰ ਐਵੇਂ ਉਚਾਟ ਕਰਦੇ ਰਹਿੰਦੇ ਨੇ। ਓਪਰੇ ਫ਼ੋਨ ਮੈਂ ਵੀ ਲਗਦੀ



ਚਰਨਜੀਤ ਸਿੰਘ ਪੰਨੂੰ
ਫੋਨ: 408-608-4961

ਵਾਹੇ ਨਹੀਂ ਚੁੱਕਦਾ ਤੇ ਏਸੇ ਕਰ ਕੇ ਮੈਂ ਚੁੱਕਿਆ ਵੀ ਨਹੀਂ। ਦਸ ਮਿੰਟ ਬਾਅਦ ਫਿਰ ਫ਼ੋਨ ਖੜਕਿਆ ਤੇ ਅਖੀਰ ਮੈਨੂੰ ਚੁੱਕਣਾ ਪਿਆ ਕਿ ਕੋਈ ਜ਼ਰੂਰੀ ਮਤਲਬ ਵਾਲਾ ਨਾ ਹੋਵੇ। ਫੋਨ ਕੰਨ ਨਾਲ ਲਾਉਣ 'ਤੇ ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ ਬੋਲਣ ਵਾਲੇ ਨੇ ਦਬਕਾਵੀਂ ਰੋਹਬਦਾਰ ਆਵਾਜ਼ ਵਿਚ ਆਪਣਾ ਤੁਆਰਫ ਕਰਾਇਆ, 'ਮੈਂ ਤੁਹਾਡੇ ਸ਼ਹਿਰ ਦੇ ਸ਼ੈਰਿਫ ਦਫ਼ਤਰ ਵਿਚੋਂ ਬੋਲ ਰਿਹਾ ਹਾਂ। ਮੈਂ ... ਨਾਲ ਗੱਲ ਕਰਨੀ ਹੈ।'

'ਹਾਂ ਜੀ! ਬੋਲੋ, ਮੇਰਾ ਹੀ ਇਹ ਨਾਮ ਹੈ... ਫਰਮਾਓ ਕੀ ਹੁਕਮ ਹੈ?' ਮੈਂ ਝਕਦੇ ਡਰਦੇ ਪੁੱਛ ਪਾਈ। ਪੁਲਸ ਦਫ਼ਤਰੋਂ ਪਹਿਲਾਂ ਵੀ ਕਈ ਵੇਰਾਂ ਫ਼ੋਨ ਆਉਂਦੇ ਰਹੇ ਹਨ, 'ਤੁਸੀਂ ਪਿਛਲੇ ਸਾਲ ਚੈੱਕ ਭੇਜ ਕੇ ਪੁਲਸ ਸਹਾਇਤਾ ਫੰਡ ਵਿਚ ਹਿੱਸਾ ਪਾਇਆ, ਤੁਹਾਡਾ ਧੰਨਵਾਦ। ਤੁਹਾਨੂੰ ਯਾਦ ਕਰਾਉਣ ਹਿਤ ਦੋਬਾਰਾ ਜ਼ਹਿਮਤ ਦੇ ਰਹੇ ਹਾਂ ਕਿ ਤੁਹਾਡੇ ਜਿਹੇ ਦਾਨੀ ਲੋਕਾਂ ਦੀ ਸਾਨੂੰ ਹਰ ਵੇਲੇ ਜ਼ਰੂਰਤ ਹੈ। ਮਿਹਰਬਾਨੀ ਕਰ ਕੇ ਇਸ ਸਾਲ ਦਾ ਵੀ ਆਪਣਾ ਯੋਗਦਾਨ ਜਲਦੀ ਭੇਜ ਦਿਓ।' ਪਿਛਲੀ ਵੇਰਾਂ ਖਿਝ ਕੇ ਮੈਂ ਉਸ ਨੂੰ ਕਹਿ ਦਿੱਤਾ ਸੀ ਪਈ ਇੱਕ ਦੋ ਵੇਰਾਂ ਤੁਹਾਨੂੰ ਚੰਦਾ ਦੇ ਦਿੱਤਾ, ਤੁਸੀਂ ਤਾਂ ਹੱਥ ਧੋ ਕੇ ਪਿੱਛੇ ਹੀ ਪੈ ਗਏ! ਮਿਹਰਬਾਨੀ ਕਰ ਕੇ ਸਾਡਾ ਨਾਮ ਹੁਣ ਇਸ ਲਿਸਟ ਵਿਚੋਂ ਕੱਟ ਦਿਓ। ਉਹੀ ਕਰਤੱਵ ਸਮਝ ਕੇ ਮੈਂ ਬੇਪਰਵਾਹੀ ਜਿਹੀ ਨਾਲ ਪੇਸ਼ ਆਇਆ। ਚੰਦਾ ਮੰਗਣ ਵਾਲੇ ਆਜ਼ੀ ਹੀ ਹੁੰਦੇ ਹਨ ਭਾਵੇਂ ਉਹ ਪੁਲਸ ਅਫਸਰ ਹੀ ਹੋਣ। ਮੈਂ ਉਸ ਨੂੰ ਵਿਸਾਰਨਾ ਤੇ ਲਟਕਾਉਣਾ ਚਾਹੁੰਦਾ ਸੀ।

'ਤੁਹਾਡੇ ਖਿਲਾਫ਼ ਸਾਡੇ ਕੋਲ ਬੜੀ ਸੰਗੀਨ ਮੁਜਰਮਾਨਾ ਸ਼ਿਕਾਇਤ ਪਹੁੰਚੀ ਹੈ। ਇਸ ਦੇ ਸੰਬੰਧ ਵਿਚ ਪੁਲਸ-ਮੁਖੀ ਤੁਹਾਡੇ ਨਾਲ ਸਿੱਧੀ ਇੰਟਰਵਿਊ ਕਰਨੀ ਚਾਹੁੰਦੇ ਹਨ।' 'ਸ਼ਿਕਾਇਤ' ਦੇ ਨਾਮ ਨਾਲ ਮੇਰੀ ਘਬਰਾਹਟ ਸਾਰੀਆਂ ਹੱਦਾਂ ਟੱਪ ਗਈ ਤੇ ਮੇਰੇ ਪੈਰਾਂ ਹੇਠੋਂ ਜ਼ਮੀਨ ਖਿਸਕਣ ਲੱਗੀ। ਕੁਦਰਤ ਦੀ ਗੋਦ ਵਿਚ ਸਵੇਰੇ ਸਵੇਰੇ ਮੌਜ-ਮਸਤੀ ਕਰਦੇ ਬਟੇਰੇ ਨੂੰ ਜਿਵੇਂ ਇੱਲ ਨੇ ਝਪਟਾ ਮਾਰ ਕੇ ਉਸ ਦੀ ਬੋਲਤੀ ਬੰਦ ਕਰ ਦਿੱਤੀ ਹੋਵੇ, ਕਿੰਨੀ ਦੇਰ ਮੈਥੋਂ ਕੋਈ ਸ਼ਬਦ ਨਹੀਂ ਨਿਕਲੇ।

'ਕੀ ਸ਼ਿਕਾਇਤ ਆ ਜੀ?' ਮੈਂ ਧੜ ਧੜ ਕਰਦੇ ਕਾਲਜੇ ਨੂੰ ਘੁੱਟ ਲਿਆ।

'ਇਨਕਮ ਟੈਕਸ ਮਹਿਕਮੇ ਵੱਲੋਂ ਤੁਹਾਡੇ ਖਿਲਾਫ਼ ਰਿਪੋਰਟ ਲਿਖਾਈ ਗਈ ਹੈ ਕਿ ਤੁਸੀਂ ਸਰਕਾਰ ਨਾਲ ਫਰਾਡ ਕਮਾਇਆ ਹੈ ਤੇ ਧੋਖਾਧੜੀ ਕਰ ਕੇ ਤਕੜਾ ਚੂਨਾ ਲਗਾਇਆ ਹੈ। ਇਹ ਬੜੇ ਗੰਭੀਰ ਇਲਜ਼ਾਮ ਹਨ ਜਿਸ ਵਾਸਤੇ ਤੁਹਾਡੇ ਵਾਰੰਟ-ਗ੍ਰਿਫਤਾਰੀ ਜਾਰੀ ਹੋਣ ਵਾਲੇ ਹਨ। ਇਸ ਤੋਂ ਪਹਿਲਾਂ ਤੁਹਾਡਾ ਪੱਖ ਜਾਣਨ ਲਈ ਤੁਹਾਨੂੰ ਮਿਲਣਾ ਜ਼ਰੂਰੀ ਸੀ ਤਾਂ ਜੋ ਕੱਲ੍ਹ ਨੂੰ ਤੁਸੀਂ ਕੋਈ ਉਜ਼ਰ ਇਤਰਾਜ਼ ਨਾ ਕਰੋ। ਤੁਸੀਂ ਜ਼ਿੰਮੇਵਾਰ ਨਾਗਰਿਕ ਤੇ ਰੈਗੂਲਰ ਕਰ ਦਾਤੇ ਜਾਪਦੇ ਹੋ, ਇਸ ਲਈ ਤੁਹਾਨੂੰ ਆਖਰੀ ਮੌਕਾ ਦੇਣਾ ਚਾਹੁੰਦੇ ਹਾਂ।'

'ਮੈਂ ਸ਼ਰੀਫ਼ ਆਦਮੀ ਹਾਂ ਤੇ ਮੈਂ ਕਦੇ ਕੋਈ ਠੱਗੀ ਧੋਖਾ ਨਹੀਂ ਕੀਤਾ। ਬਣਦਾ ਟੈਕਸ ਤਾਂ ਮੈਂ ਕਦੇ ਲੇਟ ਨਹੀਂ ਕੀਤਾ, ਸਗੋਂ ਮੈਨੂੰ ਇਸ ਦਾ ਰਿਫੰਡ ਵਾਪਸ ਮਿਲਿਆ ਸੀ।' ਮੈਂ ਥਿੜਕਦੀ ਜ਼ੁਬਾਨ ਵਿਚ ਏਨਾ ਹੀ ਕਹਿ ਸਕਿਆ।

'ਤੁਹਾਡੇ ਨਾਂ ਸਰਕਾਰ ਦਾ ਟੈਕਸ ਬਕਾਇਆ ਹੈ ਜੋ ਤੁਸੀਂ ਤਾਰਿਆ ਨਹੀਂ। ਅਸੀਂ ਤੁਹਾਨੂੰ ਡਾਕ ਰਾਹੀਂ ਦੋ ਤਿੰਨ ਨੋਟਿਸ ਦਿੱਤੇ ਪਰ ਸਾਰੇ ਵਾਪਸ ਆ ਗਏ, ਜੋ ਡਾਕੀਏ ਦੀ ਗਵਾਹੀ ਅਨੁਸਾਰ ਤੁਸੀਂ ਲੈਣ ਤੋਂ ਜਾਣ ਬੁੱਝ ਕੇ ਇਨਕਾਰ ਕਰ ਦਿੱਤੇ ਹਨ। ਸਰਕਾਰ ਦੀਆਂ ਸਖ਼ਤ ਹਦਾਇਤਾਂ ਅਨੁਸਾਰ ਅਸੀਂ ਹੁਣੇ ਅੱਧੇ ਘੰਟੇ ਬਾਅਦ ਤੁਹਾਡੇ ਵਾਰੰਟ-ਗ੍ਰਿਫ਼ਤਾਰੀ ਜਾਰੀ ਕਰ ਰਹੇ ਹਾਂ। ਤੀਰ ਕਮਾਨੋਂ ਨਿਕਲ ਗਿਆ ਤਾਂ ਫਿਰ ਵਾਪਸ ਨਹੀਂ ਮੁੜ ਸਕਦਾ। ਹੋਰ ਜਾਣਕਾਰੀ ਵਾਸਤੇ ਚਾਹੋ ਤਾਂ ਮੈਂ ਤੁਹਾਨੂੰ ਸ਼ੈਰਿਫ ਨਾਲ ਸਿੱਧਾ ਮਿਲਾ ਸਕਦਾ ਹਾਂ। ਉਹ ਬੜੇ ਮਿਹਰਬਾਨ ਅਫਸਰ ਹਨ, ਤੁਹਾਨੂੰ ਸਾਰੀ ਤਫ਼ਸੀਲ ਸਮਝਾ ਦੇਣਗੇ।' ਇਹ ਕਹਿ ਕੇ ਉਸ ਨੇ ਫ਼ੋਨ ਹੋਰ ਕਿਸੇ ਨੂੰ ਦੇ ਦਿੱਤਾ।




'ਸ਼ੁੱਭ-ਸਵੇਰ ਮਿਸਟਰ ...! ਮੇਰਾ ਨਾਮ ਥਾਮਸ-ਇਬਰਾਹੀਮ ਹੈ... ਕੀ ਹਾਲ ਹੈ ਤੁਹਾਡਾ?'

'ਮੈਂ ਠੀਕ ਹਾਂ ਜਨਾਬ, ਤੁਸੀਂ ਸੇਵਾ ਦੱਸੋ। ਮੇਰੇ ਖਿਲਾਫ਼ ਕੀ ਦੋਸ਼ ਹਨ? ਮੈਂ ਕੀ ਅਵੱਗਿਆ ਕੀਤੀ ਹੈ? ਮੇਰੇ ਵਾਸਤੇ ਇਹ ਅਚੰਭਾ ਹੈ, ਮੈਂ ਨਹੀਂ ਸਮਝ ਸਕਿਆ। ਮੈਂ ਹਰ ਸਾਲ ਤੁਹਾਡੇ ਪੁਲਸ-ਵੈੱਲਫੇਅਰ ਫ਼ੰਡ ਵਿਚ ਸਰਦਾ-ਪੁੱਜਦਾ ਹਿੱਸਾ ਪਾਉਂਦਾ ਰਿਹਾ ਹਾਂ। ਇਸ ਸਾਲ ਲੇਟ ਹੋ ਗਿਆ, ਮੁਆਫ ਕਰਨਾ... ਉਹ ਵੀ ਜਲਦੀ ਪਾ ਦਿਆਂਗਾ... ਮੇਰੇ 'ਤੇ ਦਇਆ ਕਰੋ।' ਮੈਂ ਇਕਦਮ ਇਹ ਸਮਝਿਆ ਕਿ ਇਸ ਸਾਲ ਦਾ ਦਾਨ ਫੰਡ ਲੇਟ ਹੋਣ ਕਾਰਨ ਇਹ ਪੁਲਸੀਆ ਰੋਹਬ ਛਾਂਟ ਰਹੇ ਹਨ।

'ਤੁਹਾਨੂੰ ਮੇਰੇ ਕਰਿੰਦੇ ਨੇ ਦੱਸ ਹੀ ਦਿੱਤਾ ਹੋਵੇਗਾ। ਅਸੀਂ ਤੁਹਾਨੂੰ ਪਹਿਲਾਂ ਸਰਸਰੀ ਤਿੰਨ ਨੋਟਿਸ ਭੇਜ ਚੁੱਕੇ ਹਾਂ ਪਰ ਸਾਰੇ ਇਨਕਾਰੀ ਹੋ ਕੇ ਸਾਡੇ ਦਫ਼ਤਰ ਵਾਪਸ ਮੁੜ ਆਏ ਹਨ। ਤੁਹਾਡੇ ਖ਼ਿਲਾਫ਼ ਕਾਨੂੰਨੀ ਕਾਰਵਾਈ ਸਾਰੀ ਪੂਰੀ ਹੋ ਚੁੱਕੀ ਹੈ... ਹਾਂ ਜੇ ਤੁਸੀਂ ਇਸ ਬਾਰੇ ਹੋਰ ਤਸਦੀਕ ਕਰਨੀ ਚਾਹੁੰਦੇ ਹੋ ਤਾਂ ਮੈਂ ਤੁਹਾਨੂੰ ਰੈਵੀਨਿਊ ਅਧਿਕਾਰੀ ਨਾਲ ਮਿਲਾ ਸਕਦਾ ਹਾਂ। ਸਾਨੂੰ ਹੋਰ ਨਹੀਂ ਪਤਾ ਜਨਾਬ! ਤੁਸੀਂ ਉਸ ਨਾਲ ਸਿੱਧੀ ਗੱਲ ਕਰ ਕੇ ਆਪਣੇ ਸ਼ੱਕ ਸ਼ੁਬਾ ਨਵਿਰਤ ਕਰ ਲਓ। ਉਹ ਤੁਹਾਨੂੰ ਸਾਰੀ ਵਿਸਥਾਰ ਸਮਝਾ ਦੇਵੇਗਾ। ਦੱਸੋ.. ਮਿਲਾਵਾਂ ਫ਼ੋਨ?' ਉਹ ਬੜੀ ਨਿਡਰਤਾ ਨਾਲ ਪੱਕੇ ਪੈਰੀਂ ਅੱਗੇ ਵਧ ਰਹੇ ਸਨ।

'ਹਾਂ ਮਿਲਾ ਦਿਓ, ਤੁਹਾਡੀ ਮਿਹਰਬਾਨੀ।' ਮੈਂ ਅੰਦਰੋਂ ਹਿੱਲਿਆ ਪਿਆ ਵੀ ਆਪਣੀ ਘਬਰਾਹਟ ਉਨ੍ਹਾਂ ਕੋਲੋਂ ਛੁਪਾਉਣ ਦੀ ਕੋਸ਼ਿਸ਼ ਵਿਚ ਸਾਂ। ... ਲਾਈਨ ਕੁੱਝ ਦੇਰ ਖਾਲੀ ਰਹੀ। ਮੈਂ ਟੈਲੀਫ਼ੋਨ ਹੱਥ ਵਿਚ ਫੜੀ ਦੂਸਰੀ ਲਾਈਨ ਦੀ ਆਵਾਜ਼ ਉਡੀਕਣ ਲੱਗਾ।

ਇੱਕ ਦੋ ਮਿੰਟ ਬਾਅਦ ਇੱਕ ਨਵੀਂ ਆਵਾਜ਼ ਆਈ, 'ਹੈਲੋ, ਹੈਲੋ ਸਰ! ਕੀ ਤੁਸੀਂ ... ਹੋ? ਮੈਂ ਜਾਰਜ-ਸਟੀਵ ਬੋਲ ਰਿਹਾ ਹਾਂ, ਇਨਕਮ ਟੈਕਸ ਅਧਿਕਾਰੀ।' ਹਲੀਮੀ ਭਰੀ ਮਧੁਰ ਜਿਹੀ ਨਵੀਂ ਆਵਾਜ਼ ਆਈ।

'ਹਾਂ ਜੀ ਬਿਲਕੁਲ! ਇਹੀ ਮੇਰਾ ਨਾਮ ਹੈ। ਕੀ ਕਸੂਰ ਕੋਤਾਹੀ ਹੋਈ ਮੈਥੋਂ? ਆਪਣਾ ਖਾਤਾ ਫੋਲੋ.. ਮੈਂ ਆਪਣਾ ਟੈਕਸ ਭਰ ਚੁੱਕਾ ਹਾਂ।'

'ਤੁਸੀਂ ਭਰ ਤਾਂ ਚੁੱਕੇ ਹੋ ਪਰ ਆਪਣਾ ਟੈਕਸ ਬਚਾਉਣ ਜਾਂ ਘਟਾਉਣ ਖ਼ਾਤਰ ਆਪਣੀ ਆਮਦਨ ਵਿਚ ਬਹੁਤ ਹੇਰਾਫੇਰੀ ਕੀਤੀ ਹੈ ਜੋ ਇੱਕ ਚੰਗੇ ਨਾਗਰਿਕ ਨੂੰ ਸ਼ੋਭਾ ਨਹੀਂ ਦਿੰਦੀ। ਕੱਚੇ ਪੈਰੀਂ ਅਸੀਂ ਕਿਸੇ ਨਾਲ ਵਧੀਕੀ ਨਹੀਂ ਕਰਦੇ। ਅਸੀਂ ਚੰਗੀ ਤਰ੍ਹਾਂ ਦਰਿਆਫ਼ਤ ਕਰ ਲਈ ਹੈ ਤੇ ਤੁਹਾਡਾ ਜੁਰਮ ਸਾਬਤ ਹੋ ਚੁੱਕਾ ਹੈ।'

'ਕੀ? ਕਿਹੜੀ ਹੇਰਾਫੇਰੀ? ਕਿੰਨੇ ਡਾਲਰ ਨੇ ਸਰ ਬਕਾਇਆ? ਮੈਂ ਹੁਣੇ ਕਿੱਦਾਂ ਕਿੱਥੇ ਜਮ੍ਹਾਂ ਕਰਾ ਦਿਆਂ? ਜੇ ਆਗਿਆ ਦਿਓ ਤਾਂ ਬੈਂਕ ਵਿਚ ਕਰਵਾ ਸਕਦਾ ਹਾਂ।' ਮੈਂ ਆਪਣੀ ਪਿਛਲੀ ਜੇਬ ਟੋਹੀ ਜਿਸ ਵਿਚ 'ਹਵਾਈ' ਦੇ ਸਫ਼ਰ ਉਡਾਣ ਵਾਸਤੇ 2500 ਡਾਲਰ ਜਮ੍ਹਾਂ ਕਰ ਰੱਖੇ ਸਨ। ਇਹ ਤਾਂ ਹੁਣ ਕੱਟੀ ਗਈ ਸਮਝੋ! ਮੈਂ ਆਪਣੇ ਆਪ ਵਿਚ ਹਿਸਾਬ ਲਗਾਇਆ।

'ਤੁਹਾਡੇ ਵੱਲ ਛੋਟੀ ਜਿਹੀ ਰਕਮ ਸਿਰਫ਼ 2524 ਡਾਲਰ ਬਕਾਇਆ ਹੈ। ਜੇ ਤੁਸੀਂ ਅੱਜ ਦੇ ਸਕਦੇ ਹੋ ਤਾਂ ਇਹ ਅਖੀਰਲੀ ਘੜੀ ਹੈ, ਤੁਹਾਡਾ ਮੁਸੀਬਤ ਤੋਂ ਛੁਟਕਾਰਾ ਹੋ ਸਕਦਾ ਹੈ। ਨਹੀਂ ਤਾਂ ਹੱਥਕੜੀ ਲੈ ਕੇ ਪੁਲਸ ਵਾਲੇ ਤੁਹਾਡੇ ਦਰ 'ਤੇ ਪਹੁੰਚ ਜਾਣਗੇ।' ਉਹ ਮੇਰੇ ਸੁਆਲ ਤੋਂ ਪਾਸੇ ਪਾਸੇ ਲੰਘ ਗਿਆ।

'ਮੈਨੂੰ ਸੋਚਣ ਵਾਸਤੇ ਥੋੜ੍ਹੀ ਜਿਹੀ ਮੁਹਲਤ ਦਿਓ। ਕੱਲ੍ਹ ਨੂੰ ਮੈਂ ਇੱਕ ਹਫ਼ਤੇ ਵਾਸਤੇ ਬਾਹਰ ਜਾਣਾ ਹੈ, ਵਾਪਸੀ ਆ ਕੇ ਮੈਂ ਸਾਰਾ ਹਿਸਾਬ ਨਿਬੇੜ ਦਿਆਂਗਾ।' ਮੇਰੀ ਥਿੜਕਦੀ ਜ਼ੁਬਾਨ ਤੇ ਤਰਲੇ ਭਰ ਆਏ।

'ਓ ਭਾਈ ਸਾਹਿਬ! ਬਾਹਰ ਤੁਸੀਂ ਕਿਵੇਂ ਜਾ ਸਕਦੇ ਹੋ? ਤੁਹਾਡੇ ਪਾਸਪੋਰਟ ਅਤੇ ਹਵਾਈ ਦਸਤਾਵੇਜ਼ ਸਾਰੇ ਰੱਦ ਹੋ ਜਾਣੇ ਨੇ ਤੇ ਤੁਹਾਨੂੰ ਹਵਾਈ ਅੱਡੇ 'ਤੇ ਹੀ ਹੱਥਕੜੀ ਲੱਗ ਜਾਵੇਗੀ। ਸਰਕਾਰ ਦੀਆਂ ਨਜ਼ਰਾਂ ਵਿਚ ਤੁਸੀਂ ਘੋਰ ਅਪਰਾਧੀ ਤੇ ਦੰਡ ਦੇ ਭਾਗੀਦਾਰ ਹੋ। ਚੰਗੀ ਗੱਲ ਇਹੀ ਹੈ ਕਿ ਤੁਸੀਂ ਸ਼ੈਰਿਫ ਥਾਮਸ-ਇਬਰਾਹੀਮ ਨਾਲ ਗੱਲ ਕਰ ਕੇ ਬੇਨਤੀ ਕਰ ਵੇਖੋ, ਸ਼ਾਇਦ ਉਹ ਮੰਨ ਜਾਣ।' ਉਸ ਨੇ ਫ਼ੋਨ ਰੱਖ ਦਿੱਤਾ... ਥੋੜ੍ਹੇ ਵਕਫ਼ੇ ਬਾਦ ਕਿਸੇ ਹੋਰ ਦੀ ਆਵਾਜ਼ ਆਈ।

'ਹੋ ਗਈ ਤਸੱਲੀ ਜਨਾਬ?' ਜਿਵੇਂ ਕਿਸੇ ਨੇ ਮਸ਼ਕਰੀ ਕੀਤੀ ਹੋਵੇ।

'ਹਾਂ ਜੀ ਮਹਾਂਪੁਰਖੋ! ਮੁਆਫ ਕਰਨਾ, ਤੁਹਾਨੂੰ ਐਵੇਂ ਦਿੱਕਤ ਦਿੱਤੀ।' ਮੈਂ ਉਲਝਣ ਵਿਚ ਫਸਿਆ ਮਹਿਸੂਸ ਕੀਤਾ।

'ਮੈਨੂੰ ਅਫ਼ਸੋਸ ਨਾਲ ਤੁਹਾਨੂੰ ਦੱਸਣਾ ਪੈ

*(ਬਾਕੀ ਅਗਲੇ ਸਫੇ 'ਤੇ)*

# ਮਾਹਿਲਪੁਰ ਵਿਖੇ ਫੁੱਟਬਾਲ ਦਾ ਮਹਾਕੁੰਭ

## 15 ਤੋਂ 22 ਫਰਵਰੀ ਤੱਕ ਕਰਵਾਏ ਜਾ ਰਹੇ 61ਵੇਂ ਆਲ ਇੰਡੀਆ ਫੁੱਟਬਾਲ ਟੂਰਨਾਮੈਂਟ 'ਤੇ ਵਿਸ਼ੇਸ਼

ਜਿਵੇਂ ਸੰਸਾਰਪੁਰ ਨੂੰ ਹਾਕੀ ਦੀ ਨਰਸਰੀ ਕਰ ਕੇ ਜਾਣਿਆ ਜਾਂਦਾ ਹੈ ਉਵੇਂ ਹੀ ਮਾਹਿਲਪੁਰ ਦੀ ਪਹਿਚਾਣ ਫੁੱਟਬਾਲ ਹੈ। ਜੇਕਰ ਮਾਹਿਲਪੁਰ ਨੂੰ ਪੰਜਾਬੀ ਫੁੱਟਬਾਲ ਦੀ ਰਾਜਧਾਨੀ ਆਖ ਲਿਆ ਜਾਵੇ ਤਾਂ ਇਹ ਕੋਈ ਅਤਿਕਥਨੀ ਨਹੀਂ ਹੋਵੇਗੀ। ਮਾਹਿਲਪੁਰ ਅਤੇ ਇਸਦੇ ਨਾਲ ਲੱਗਦੇ ਪਿੰਡਾਂ ਦੀਆਂ ਸੱਥਾਂ ਵਿਚ ਫੁੱਟਬਾਲ ਦੀ



ਜਗਜੀਤ ਸਿੰਘ ਗਣੇਸ਼ਪੁਰ
ਫੋਨ: 94655-76022

ਚਰਚਾ ਹੋਣੀ ਆਮ ਗੱਲ ਹੈ। ਸੰਧੂਰੀ ਅੰਬਾਂ ਦੀ ਮਹਿਕ ਨਾਲ ਲਬਰੇਜ਼ ਇਹ ਧਰਤੀ ਫੁੱਟਬਾਲ ਦੇ ਕਈ ਬਾਬੇ ਬੋਹੜ ਵੀ ਫੁੱਟਬਾਲ ਜਗਤ ਦੀ ਝੋਲੀ ਪਾ ਚੁੱਕੀ ਹੈ, ਜਿਨ੍ਹਾਂ ਵਿਚ ਅਰਜਨ ਅਵਾਰਡੀ ਜਰਨੈਲ ਸਿੰਘ ਅਤੇ ਗੁਰਦੇਵ ਸਿੰਘ ਗਿੱਲ ਪ੍ਰਮੁੱਖ ਹਨ। ਮੌਜੂਦਾ ਚਰਚਿਤ ਮਹਿਲਾ ਫੁੱਟਬਾਲਰ ਸਨਸਨੀ ਮਨੀਸ਼ਾ ਕਲਿਆਣ ਵੀ ਮਾਹਿਲਪੁਰ ਦੀ ਹੀ ਦੇਣ ਹੈ ਜੋ ਭਾਰਤੀ ਟੀਮ ਵਿਚ ਖੇਡ ਕੇ ਇਲਾਕੇ ਦਾ ਨਾਮ ਰੋਸ਼ਨ ਕਰ ਰਹੀ ਹੈ। ਮਾਹਿਲਪੁਰ ਦੇ ਫੁੱਟਬਾਲ ਦਾ ਆਪਣਾ ਸ਼ਾਨਮੱਤਾ ਇਤਿਹਾਸ ਹੈ।

ਪ੍ਰਿੰਸੀਪਲ ਹਰਭਜਨ ਸਿੰਘ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੇ ਪਹਿਲੇ ਪ੍ਰਿੰਸੀਪਲ ਸਨ, ਜਿਨ੍ਹਾਂ ਦੇ ਵਿੱਦਿਅਕ ਅਤੇ ਖੇਡਾਂ ਦੇ ਖੇਤਰ ਵਿਚ ਪਾਏ ਯੋਗਦਾਨ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ। ਮਾਹਿਲਪੁਰ ਨੂੰ ਫੁੱਟਬਾਲ ਕੇਂਦਰ ਦੇ ਨਾਲ-ਨਾਲ ਉੱਚ ਸਿੱਖਿਆ ਦਾ ਕੇਂਦਰ ਬਣਾਉਣ ਵਿਚ ਉਨ੍ਹਾਂ ਨੇ ਅਹਿਮ ਭੂਮਿਕਾ ਨਿਭਾਈ। ਇਸ ਹੀ ਯੋਗਦਾਨ ਨੂੰ ਸਿਜਦਾ ਕਰਨ ਲਈ ਪ੍ਰਿੰਸੀਪਲ ਹਰਭਜਨ ਸਿੰਘ ਦੀ ਯਾਦਗਾਰੀ ਆਲ ਇੰਡੀਆ ਫੁੱਟਬਾਲ ਟੂਰਨਾਮੈਂਟ ਹਰ ਸਾਲ ਫਰਵਰੀ ਮਹੀਨੇ ਬੜੇ ਜੋਸ਼-ਖਰੋਸ਼ ਨਾਲ ਕਰਵਾਇਆ ਜਾਂਦਾ ਹੈ ਜਿਸ ਵਿਚ ਚੋਟੀ ਦੇ ਫੁੱਟਬਾਲ ਕਲੱਬ, ਅਕੈਡਮੀਆਂ ਅਤੇ ਕਾਲਜ ਸ਼ਮੂਲੀਅਤ ਕਰਦੇ ਹਨ। ਇਸ ਵਾਰ 15 ਤੋਂ 22 ਫਰਵਰੀ ਤਕ ਕਰਵਾਏ ਜਾ ਰਹੇ 61ਵੇਂ ਫੁੱਟਬਾਲ ਟੂਰਨਾਮੈਂਟ ਵਿਚ ਨਾਮੀ 12 ਫੁੱਟਬਾਲ ਕਲੱਬ, 10 ਕਾਲਜ ਅਤੇ 8 ਫੁੱਟਬਾਲ ਅਕੈਡਮੀਆਂ ਹਿੱਸਾ ਲੈ ਰਹੀਆਂ ਹਨ। ਟੂਰਨਾਮੈਂਟ ਦੀ ਹਰਮਨਪਿਆਰਤਾ ਦਾ ਇਸ ਗੱਲ ਤੋਂ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਸ ਪ੍ਰਸਿੱਧ ਫੁੱਟਬਾਲ ਟੂਰਨਾਮੈਂਟ ਨੂੰ ਵੇਖਣ ਲਈ ਖਾਸ ਤੌਰ 'ਤੇ ਪਰਵਾਸੀ ਪੰਜਾਬੀ ਵਿਦੇਸ਼ ਤੋਂ ਆ ਕੇ ਹਾਜ਼ਰੀ ਲਗਾਉਂਦੇ ਹਨ। ਮਾਹਿਲਪੁਰ ਇਨ੍ਹਾਂ ਦਿਨਾਂ ਵਿਚ ਫੁੱਟਬਾਲ ਦੇ ਰੰਗ ਵਿਚ ਰੰਗਿਆ ਨਜ਼ਰ ਆਉਂਦਾ ਹੈ ਤੇ ਖਿਡਾਰੀ ਵੀ ਇਸ ਮਾਣਮੱਤੇ ਟੂਰਨਾਮੈਂਟ ਲਈ ਖਾਸ ਤਿਆਰੀ ਕਰਦੇ ਹੋਏ ਇਸ ਵਿਚ ਭਾਗ ਲੈਣਾ ਆਪਣੀ ਖੁਸ਼ਕਿਸਮਤੀ ਸਮਝਦੇ ਹਨ। ਮਾਹਿਲਪੁਰ ਦੇ ਇਸ ਖਿੱਤੇ ਤੋਂ ਉਠਿਆ ਫੁੱਟਬਾਲ ਦਾ ਜਨੂੰਨ ਆਲੇ-ਦੁਆਲੇ ਦੇ ਪਿੰਡਾਂ, ਕਸਬਿਆਂ, ਸ਼ਹਿਰਾਂ ਜਿਵੇਂ ਚੱਬੇਵਾਲ, ਹੁਸ਼ਿਆਰਪੁਰ, ਬੰਗਾ, ਗੜ੍ਹਸ਼ੰਕਰ ਅਤੇ ਫਗਵਾੜੇ ਆਦਿ ਤੱਕ ਖਿਡਾਰੀਆਂ ਅਤੇ ਫੁੱਟਬਾਲ ਪ੍ਰੇਮੀਆਂ ਦੇ ਸਿਰ ਚੜ੍ਹ ਕੇ ਬੋਲਦਾ ਹੈ।

ਜ਼ਿਕਰਯੋਗ ਹੈ ਕਿ 1962 ਵਿਚ ਪ੍ਰਿੰਸੀਪਲ ਹਰਭਜਨ ਸਿੰਘ ਦੀ ਨਿੱਘੀ ਯਾਦ ਨੂੰ ਤਾਜ਼ਾ ਰੱਖਣ



ਕੁਲਵੰਤ ਸਿੰਘ ਸੰਘਾ, ਪ੍ਰਧਾਨ

ਲਈ ਪਹਿਲੀ ਵਾਰ ਇਹ ਟੂਰਨਾਮੈਂਟ ਕਰਵਾਇਆ ਗਿਆ ਸੀ ਜਿਸ ਦੀ ਫੁੱਟਬਾਲ ਖੇਤਰ ਵਿਚ ਮੌਜੂਦਾ ਸਮੇਂ ਆਪਣੀ ਵਿਲੱਖਣ ਪਹਿਚਾਣ ਬਣ ਚੁੱਕੀ ਹੈ। ਸਵਰਗੀ ਡਾ. ਨਰਿੰਦਰਪਾਲ (1962-1971), ਪ੍ਰਿੰਸੀਪਲ ਹਰਭਜਨ ਸਿੰਘ ਸਪੋਰਟਿੰਗ ਕਲੱਬ ਦੇ ਪਹਿਲੇ ਪ੍ਰਧਾਨ ਸਨ। ਇਸ ਸਮੇਂ ਸ. ਕੁਲਵੰਤ ਸਿੰਘ ਸੰਘਾ ਇਸ ਕਲੱਬ ਦੇ ਛੇਵੇਂ ਪ੍ਰਧਾਨ ਵਜੋਂ ਸੇਵਾ ਨਿਭਾ ਰਹੇ ਹਨ। ਇਹ ਟੂਰਨਾਮੈਂਟ ਹਰ ਸਾਲ ਵੱਖ-ਵੱਖ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਟਰੱਸਟਾਂ, ਕਲੱਬਾਂ ਅਤੇ ਫੁੱਟਬਾਲ



ਪ੍ਰਿੰਸੀਪਲ ਹਰਭਜਨ ਸਿੰਘ

ਪ੍ਰਮੋਟਰਾਂ ਦੇ ਸਹਿਯੋਗ ਨਾਲ ਸਫ਼ਲਤਾਪੂਰਵਕ ਕਰਵਾਇਆ ਜਾਂਦਾ ਹੈ। ਇਸ ਵਾਰ ਕਲੱਬ ਵਰਗ ਵਿਚ ਜੇਤੂ ਟੀਮ ਨੂੰ 2 ਲੱਖ ਅਤੇ ਉਪ ਜੇਤੂ ਟੀਮ ਨੂੰ 1.5 ਲੱਖ ਇਵੇਂ ਹੀ ਕਾਲਜ ਵਰਗ ਵਿਚ 75,000 ਅਤੇ 50,000 ਅਤੇ ਅਕੈਡਮੀ ਵਰਗ ਅੰਦਰ 31,000 ਅਤੇ 21,000 ਨਗਦ ਇਨਾਮ ਜੇਤੂ ਅਤੇ ਉਪ ਜੇਤੂ ਟੀਮਾਂ ਨੂੰ ਦਿੱਤੇ ਜਾਣਗੇ। ਇਸ ਦੇ ਨਾਲ ਹੀ ਹੋਰ ਬਹੁਤ ਸਾਰੇ ਵਰਗਾਂ ਵਿਚ ਖਿਡਾਰੀਆਂ ਨੂੰ ਨਗਦ ਇਨਾਮਾਂ ਨਾਲ ਨਿਵਾਜਿਆ ਜਾਵੇਗਾ। ਕਲੱਬ, ਖਾਲਸਾ ਕਾਲਜ ਮਾਹਿਲਪੁਰ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕਿਆਂ ਦੇ ਦੋ ਵਿਦਿਆਰਥੀਆਂ ਅਤੇ ਕੰਨਿਆ ਸਕੂਲ ਦੀਆਂ ਦੋ ਵਿਦਿਆਰਥਣਾਂ ਲਈ ਹਰ ਸਾਲ ਵਜ਼ੀਫੇ ਦਾ ਵੀ ਪ੍ਰਬੰਧ ਕਰਦਾ ਹੈ। ਕਲੱਬ ਦੇ ਪ੍ਰਧਾਨ ਕੁਲਵੰਤ ਸਿੰਘ ਸੰਘਾ, ਸਕੱਤਰ ਡਾ. ਪਰਮਪ੍ਰੀਤ ਸਿੰਘ ਅਤੇ ਸਮੂਹ ਪ੍ਰਬੰਧਕਾਂ ਵਲੋਂ ਖੇਡ ਪ੍ਰੇਮੀਆਂ ਨੂੰ ਇਸ ਵਾਰ ਵੀ ਖਿਡਾਰੀਆਂ ਦੀ ਹੌਂਸਲਾ ਅਫ਼ਜ਼ਾਈ ਕਰਨ ਅਤੇ ਟੂਰਨਾਮੈਂਟ ਦੀ ਰੌਣਕ ਵਧਾਉਣ ਲਈ ਹੁੰਮ-ਹੁੰਮਾ ਕੇ ਪਹੁੰਚਣ ਦਾ ਖੁੱਲ੍ਹਾ ਸੱਦਾ ਹੈ।

# ਹਰ ਸਮੇਂ ਦੀ ਆਵਾਜ਼ ਬਣੀ ਮੋਹਨ ਸਪਰਾ ਦੀ ਕਵਿਤਾ

ਮੋਹਨ ਸਪਰਾ ਦੀਆਂ ਹਿੰਦੀ ਕਵਿਤਾਵਾਂ ਦਾ ਅਨੁਵਾਦ ਰਕੇਸ਼ ਅਨੰਦ ਦੁਆਰਾ ਪੰਜਾਬੀ ਵਿਚ ਕੀਤਾ ਗਿਆ ਹੈ। 'ਸਮੇਂ ਦੀ ਪਾਠਸ਼ਾਲਾਂ 'ਚ' ਨਾਮ ਹੇਠ ਹੁਣੇ ਹੁਣੇ ਪੰਜਾਬੀ ਪਾਠਕਾਂ ਦੇ ਹੱਥਾਂ ਵਿਚ ਪਹੁੰਚਿਆ ਹੈ। ਮੋਹਨ ਸਪਰਾ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ ਹੈ-ਉਹ ਭਾਵੇਂ ਬਹੁਤਾ ਹਿੰਦੀ ਵਿਚ ਲਿਖਦਾ ਹੈ ਪਰ ਪੰਜਾਬੀ ਹੋਣ ਕਰਕੇ ਉਸ ਦੀਆਂ ਲਿਖਤਾਂ ਦੀ ਜ਼ਮੀਨ ਪੰਜਾਬੀ ਹੈ। ਇਸ ਕਰਕੇ ਪੰਜਾਬੀ ਪਾਠਕ ਵੀ ਉਸ ਨਾਲ ਪੂਰੀ ਸਾਂਝ ਰੱਖਦੇ ਹਨ। ਉਹ ਜਦੋਂ ਪੰਜਾਬ ਵਿਚ ਹੁੰਦਾ ਹੈ ਤਾਂ ਪੰਜਾਬ ਦੇ ਹਰ ਸਾਹਿਤਕ ਪਰੋਗਰਾਮ ਵਿਚ ਹਾਜ਼ਰ ਹੁੰਦਾ ਹੈ। ਉਹ ਬਹੁਤਾ ਚੁੱਪ ਹੁੰਦਾ ਹੈ ਪਰ ਉਸ ਦੀ ਕਵਿਤਾ ਗੰਭੀਰਤਾ ਨਾਲ ਹਰ ਉਹ ਵਿਸ਼ਾ ਛੋਂਹਦੀ ਹੈ ਜਿਸ ਦਾ ਮਨੁੱਖਤਾ ਨਾਲ ਸਰੋਕਾਰ ਹੋਵੇ।

ਇਹ ਅਨੁਵਾਦ ਉਸ ਦਾ ਪੰਜ ਲੰਬੀਆਂ ਕਵਿਤਾਵਾਂ ਦਾ ਪੰਜਾਬੀ ਰੂਪਾਂਤਰਨ ਹੈ। ਰਕੇਸ਼ ਅਨੰਦ ਨੇ ਇਨ੍ਹਾਂ ਕਵਿਤਾਵਾਂ ਦਾ ਅਨੁਵਾਦ ਇੰਨੀ ਸਹਿਜਤਾ ਨਾਲ ਕੀਤਾ ਹੈ ਜਿਵੇਂ ਇਹ ਕਵਿਤਾਵਾਂ

**ਰਵਿੰਦਰ ਚੋਟ**
**ਫੋਨ: +91-98726-73703**

ਪੰਜਾਬੀ ਵਿਚ ਹੀ ਲਿਖੀਆਂ ਗਈਆਂ ਹੋਣ। ਸ਼ਾਇਦ ਇਸ ਦਾ ਕਾਰਨ ਮੋਹਨ ਸਪਰਾ ਦਾ ਪੰਜਾਬੀ ਹੋਣਾ ਵੀ ਹੈ। ਰਕੇਸ਼ ਅਨੰਦ ਨੇ ਮੋਹਨ ਸਪਰਾ ਨੂੰ 'ਕਵਿਤਾ ਦੇ ਨਾਲ ਨਾਲ ਤੁਰਨ ਵਾਲਾ ਵੀ ਦੱਸਿਆ ਹੈ'। ਉਨ੍ਹਾਂ ਕਿਹਾ ਕਿ "ਮੋਹਨ ਸਪਰਾ ਸਿਰ ਦੇ ਵਾਲਾਂ ਤੋਂ ਲੈ ਕੇ ਪੈਰਾਂ ਦੀਆਂ ਉਂਗਲਾਂ ਦੇ ਨੌਹਾਂ ਤਕ ਕਵਿਤ 'ਚ ਗੜੁੱਚ ਬੰਦਾ ਹੈ....ਉਹ ਕਵਿਤਾ ਮਹਿਜ਼ ਲਿਖਦਾ ਹੀ ਨਹੀ ਸਗੋਂ ਕਵਿਤਾ ਜੀਉਂਦਾ ਹੈ....ਕਵਿਤਾ ਉਸਦੀ ਜ਼ਿੰਦਗੀ ਜੀਉਣ ਦਾ ਢੰਗ ਹੈ।

ਇਸੇ ਤਰ੍ਹਾਂ ਸ਼ਾਇਰ ਦਰਸ਼ਨ ਦਰਵੇਸ਼ ਨੇ ਮੋਹਨ ਸਪਰਾ ਬਾਰੇ ਲਿਖਿਆ ਹੈ:


"ਉਹ ਜਦੋਂ ਵੀ ਮਿਲਦਾ ਹੈ/ਉਸ ਨੂੰ ਅੱਗ ਲੱਗੀ ਹੁੰਦੀ ਹੈ ਤੇ ਉਹ ਮੈਨੂੰ ਅੰਦਰੋਂ ਸਾਰੇ ਦਾ ਸਾਰਾ ਝੁਲਸਾ ਦਿੰਦਾ ਹੈ। ਉਹ ਪੰਜਾਬੀ ਵਾਲਿਆਂ ਦਾ ਯਾਰ ਹੈ/ਤੇ ਹਿੰਦੀ ਦਾ ਕਿਨਮਿਣਾ ਨਜ਼ਮਗਾਰ

ਜਦੋਂ ਉਹ ਕੜਕਦਾ ਹੈ ਤਾਂ ਸਮੀਖਿਅਕ ਹੁੰਦਾ ਹੈ।"

ਰਕੇਸ਼ ਅਨੰਦ ਨੇ ਮੋਹਨ ਸਪਰਾ ਦੀਆਂ ਪੰਜ ਕਵਿਤਾਵਾਂ ਅਨੁਵਾਦ ਲਈ ਚੁਣੀਆਂ ਜਿਹੜੀਆਂ ਅੱਸੀ ਸਫਿਆਂ ਵਿਚ ਫੈਲੀਆਂ ਹੋਈਆਂ ਹਨ। ਏਨੀਆਂ ਲੰਬੀਆਂ ਕਵਿਤਾਵਾਂ ਭਰਪੂਰਤਾ ਅਤੇ ਤੀਖਣ ਵਿਚਾਰਾਂ ਨਾਲ ਪੇਸ਼ ਕਰਨੀਆਂ ਮੋਹਨ ਸਪਰਾ ਦੀ ਸਮਰੱਥਾ ਅਤੇ ਨਿਸ਼ਟਤਾ ਨੂੰ ਪ੍ਰਗਟ ਕਰਦਾ ਹੈ। ਇਨ੍ਹਾਂ ਕਵਿਤਾਵਾਂ ਦਾ ਸਮਾਂ ਵੀ ਹੈਰਾਨ ਕਰਨ ਵਾਲਾ ਹੈ ....ਇਹ 1966-67 ਤੋਂ ਲੈ ਕੇ 2008-09 ਤਕ ਦੇ ਸਮੇਂ ਦੀਆਂ ਪੰਜਾਬ ਦੀਆਂ ਰਾਜਨੀਤਕ ਤੇ ਗਰਮ-ਸਰਦ ਚੱਲੀਆਂ ਲਹਿਰਾਂ ਨੂੰ ਆਪਣੇ ਵਿਚ ਸਮੋਈ ਬੈਠੀਆਂ ਹਨ।

ਪਹਿਲੀ ਕਵਿਤਾ 'ਦੂਜਾ ਆਦਮੀ' ਹੈ। ਇਸ ਨੂੰ ਪੜ੍ਹਦਿਆਂ ਪਾਠਕ ਦੇ ਮਨ ਪਹਿਲਾ ਸਵਾਲ ਇਹੀ ਉੱਠਦਾ ਹੈ ਕਿ ਪਹਿਲਾ ਆਦਮੀ ਕੌਣ ਹੈ? ਜਲਦੀ ਹੀ ਉਸ ਨੂੰ ਇਸ ਦਾ ਜਵਾਬ ਮਿਲ ਜਾਂਦਾ ਹੈ ਕਿ ਪਹਿਲਾ ਆਦਮੀ ਉਹ ਵਿਸ਼ੇਸ਼ ਆਦਮੀ ਜਿਸ ਦੀਆਂ ਜ਼ਿਆਦਤੀਆਂ ਆਮ ਆਦਮੀ (ਦੂਸਰਾ ਆਦਮੀ) ਜਰਦਾ ਰਹਿੰਦਾ ਹੈ....ਉਹ ਹਵਾ ਦੇ ਰੁਖ਼ ਵਹਿ ਤੁਰਦਾ ਹੈ। ਹਵਾ ਦੇ ਰੁਖ਼ ਨੂੰ ਬਦਲਣ ਦੀ ਕੋਸ਼ਿਸ਼ ਨਹੀਂ ਕਰਦਾ ਸਗੋਂ ਖਾਸ ਆਦਮੀ ਦੀਆਂ ਖਾਹਿਸ਼ਾਂ ਪੂਰਨ ਲਈ ਆਪਣੇ ਅੰਦਰਲੇ ਨੂੰ ਲਤਾੜਦਾ ਹੋਇਆ ਆਮ ਜਿਹੀਆਂ ਖੁਸ਼ੀਆਂ ਲਈ ਜੀਉਂਦਾ ਹੈ। ਪਹਿਲਾ ਮਨੁੱਖ ਸਮੇਂ ਦਾ ਜਾਬਰ ਪੱਖ ਹੈ, ਕਵੀ ਲਿਖਦਾ ਹੈ-

"ਉਹ ਚਾਹੁੰਦਾ ਹੈ/ਕਿ ਮੋਮਬੱਤੀ ਰਾਤੀਂ ਹੀ ਬਲੇ/ਤੇ ਸੂਰਜ ਜਗੇ ਸਿਰਫ ਲੋੜ ਵੇਲੇ (ਉਸ ਦੀ ਲੋੜ ਵੇਲੇ)"




ਇਹ ਕਵਿਤਾ ਭਾਵੇਂ ਅੱਜ ਤੋਂ 55 ਸਾਲ ਪਹਿਲਾਂ ਲਿਖੀ ਗਈ ਹੈ ਪਰ ਇਹ ਅੱਜ ਦੇ ਸਮੇਂ ਦਾ ਵੀ ਸੱਚ ਏ..ਯਥਾਰਥ ਹੈ। ਆਮ ਮਨੁੱਖ ਇਨ੍ਹਾਂ ਹਾਲਾਤਾਂ ਨਾਲ ਜੂਝਦਾ ਹੋਇਆ ਆਪਣਾ ਮਾਨਸਿਕ ਸੰਤੁਲਨ ਖੋ ਬੈਠਦਾ ਹੈ ਤੇ ਦੂਸਰਾ ਆਦਮੀ ਹੇਮੇਸ਼ਾ ਉਸ ਦੀ ਖਿੱਲੀ ਉਡਾਉਂਦਾ ਆਇਆ ਹੈ। ਮੋਹਨ ਸਪਰਾ ਲਿਖਦਾ ਹੈ:

"ਮੈਂ ਕਿਸੇ ਅਜਿਹੀ ਸਭਿਅਤਾ ਦੇ ਖ਼ਿਲਾਫ ਨਹੀਂ ਹੋ ਸਕਦਾ
ਜਿਸ ਦੇ ਨਾਲ ਉਸ ਨੂੰ ਪਿਆਰ ਨਹੀਂ ਏ
ਜਦੋਂ ਵੀ ਪਹਿਲਾਂ ਕਦੇ ਇੰਝ ਹੋਇਆ
ਉਹ ਕਿਸੇ ਭੁਰੀ ਹੋਈ ਕੰਧ ਨਾਲ ਪਿੱਠ ਲਾ ਕੇ
ਕੋਲੋਂ ਲੰਘਦਿਆਂ ਬੰਦਿਆਂ ਗਾਲ੍ਹਾਂ ਕੱਢਦਾ ਏ
ਕਦੇ ਤਾੜੀਆਂ ਵਜਾਉਂਦਾ ਏ"
ਜਾਂ
"ਮਾਪਿਆਂ ਨੂੰ ਗਾਲ੍ਹਾਂ ਕੱਢ ਕੇ ਵੀ ਪਤਾ ਨਹੀ ਕਿਓਂ
ਲੋਕ ਮਾਂ ਬਾਪ ਬਣਨਾ ਚਾਹੁੰਦੇ ਨੇ। "

ਦੂਸਰੀ ਕਵਿਤਾ 'ਵਕਤ ਦੀ ਸਾਜਿਸ਼ ਦੇ ਖ਼ਿਲਾਫ' ਹੈ। ਅਜੋਕੀਆਂ ਡਰਾਉਣੀਆਂ ਪ੍ਰਸਥਿਤੀਆਂ ਦਾ ਡਰ ਹਰ ਮਨੁੱਖ ਦੇ ਅੰਦਰ ਘਰ ਕਰੀ ਬੈਠਾ ਹੈ। ਉਹ ਮਾਨਸਿਕ ਤੌਰ 'ਤੇ ਅਪਾਹਜ ਹੋਇਆ ਬੈਠਾ ਹੈ। ਉਹ ਆਪਣੀ ਸੱਚੀ ਆਵਾਜ਼ ਨੂੰ ਵੀ ਬੁਲੰਦ ਕਰਨ ਤੋਂ ਡਰਦਾ ਹੈ। ਇਸੇ ਅਧੋਤਬੁਣ ਵਿਚ ਘੁੱਟ ਘੁੱਟ ਕੇ ਮਰਦਾ ਰਹਿੰਦਾ ਹੈ। ਮੋਹਨ ਸਪਰਾ ਇਸ ਆਕ੍ਰੋਸ਼ ਨੂੰ ਇਸ ਤਰ੍ਹਾਂ ਵਿਅਕਤ ਕਰਦਾ ਹੈ:

"ਕਿ ਖੁਲ੍ਹਦੀਆਂ ਮੁੱਠੀਆਂ ਕਿਉਂ ਮੀਚੀਆਂ ਜਾਂਦੀਆਂ ਨੇ ਯਕਾਯਕ/ਜਦ ਭੈੜੀਆਂ ਦੀ ਨਸਲ ਘੁਰ ਘੁਰ ਕਰਦੀ ਏ।"

ਦਬੂ ਲੋਕਾਂ ਦੀ ਖ਼ਿਲਾਫਤ ਬਿਆਨ ਕਰਨ ਦਾ ਵੀ ਵੱਖਰਾ ਹੀ ਢੰਗ ਹੈ:

"ਕੀ ਚੜ੍ਹਦੇ ਸੂਰਜ ਨੂੰ ਸਲਾਮ ਕਰਨ ਵਾਲੀ ਕੌਮ ਦਾ ਖਤਰਿਆਂ ਦੇ ਪਹਾੜ ਨਾਲ ਈ ਸਬੰਧ ਨਹੀਂ ਹੁੰਦਾ"

ਮੋਹਨ ਸਪਰਾ ਦੀਆਂ ਕਵਿਤਾਵਾਂ ਦੀ ਇਕ ਇਕ ਸਤਰ ਆਪਣੇ ਆਪ ਵਿਚ ਇਕ ਕਵਿਤਾ ਹੈ। ਉਨ੍ਹਾਂ ਦੀ ਕਵਿਤਾ 'ਆਦਮੀ ਜ਼ਿੰਦਾ ਹੈ' ਵਿਚ ਵੀ ਆਮ ਆਦਮੀ ਦੀ ਵੇਦਨਾ ਤੇ ਤਰਾਸਦੀ ਹੈ। ਉਸ ਨੂੰ ਸਾਹ ਤੇ ਉਬਾਸੀ ਲੈਣ ਦਾ ਵੀ ਟੈਕਸ ਦੇਣਾ ਪੈਂਦਾ ਹੈ ਉਹ ਆਪਣੇ ਅਸੂਲਾਂ ਮੁਤਾਬਕ ਨਹੀਂ ਜੀ ਸਕਦਾ। ਹਾਲਾਤ ਮਜਬੂਰ ਕਦੇ ਹਨ ਕਿ ਉਹ ਨੈਤਿਕਤਾ ਭੰਗ ਕਰ ਕੇ ਆਪਣੇ ਅੰਦਰਲੇ ਨੂੰ ਜ਼ਖ਼ਮੀ ਕਰੇ:

"ਬੰਦੇ ਲਈ/ਬੰਦਾ ਬਣ ਕੇ ਰਹਿਣਾ
ਸਭ ਤੋਂ ਔਖਾ ਕਾਰਜ ਹੈ"

ਆਮ ਆਦਮੀ ਅਤੇ ਦੰਭੀ ਨਿਜ਼ਾਮ ਦੀ ਖਤਰਨਾਕ ਜੰਗ ਚੱਲ ਰਹੀ ਹੈ। ਆਮ ਮਨੁੱਖ ਇਸ ਜੰਗ ਵਿਚ ਹਮੇਸ਼ਾਂ ਬੌਣਾ ਸਾਬਤ ਹੋਇਆ ਹੈ। ਸ਼ਕਤੀਸ਼ਾਲੀ ਤੇ ਕੁਰੱਪਟ ਨਿਜ਼ਾਮ ਨਾਮ ਲੜਨਾ ਸੱਚੇ ਮਨੁੱਖ ਦੇ ਵੱਸ ਦਾ ਵਰਤਾਰਾ ਨਹੀਂ ਹੈ। ਕਵੀ ਉਸ ਨੂੰ ਸੁਚੇਤ ਕਰਦਾ ਹੈ:

"ਮੈਨੂੰ ਨਹੀਂ ਲੱਗਦਾ ਕਿ ਤੂੰ/ਆਪਣੇ ਸੁਪਨਿਆਂ ਦੇ ਹੱਥ ਪੈਰ
ਜ਼ਖ਼ਮੀ ਹੋਣੋਂ ਬਚਾ ਲਵੇਂਗਾ।"

ਸਪਰਾ ਫਿਰ ਨਿਜ਼ਾਮ ਬਾਰੇ ਲਿਖਦਾ ਹੈ ਕਿ- "ਤੇਰਾ ਹੁਕਮ/ਆਦਮੀ ਨੂੰ ਆਦਮੀ ਦੇ ਖ਼ਿਲਾਫ ਵਰਤਣ ਲੱਗਾ ਏ।"

ਕਵੀ ਆਮ ਆਦਮੀ ਜਿਹੜਾ ਕਿ ਅੱਜ ਦੇ ਹਾਲਾਤਾਂ ਵਿਚ ਪਿਸ ਰਿਹਾ ਹੈ, ਉਸ ਦੇ ਅੰਦਰ ਵਿਦਰੋਹ ਦੀ ਅਗਨੀ ਪਰਜਵੱਲਤ ਕਰਨੀ ਚਾਹੁੰਦਾ ਹੈ- "ਹੱਥਾਂ ਵਿਚ ਝੰਡਾ/ਆਂਦਰਾਂ ਵਿਚ ਭੁੱਖ/ਅੱਖਾਂ ਵਿਚ ਦਗਦਾ ਸੂਰਜ ਸਮੋਈ/ਆਪਣੇ ਸ਼ਹਿਰ ਤੋਂ ਤੁਰ ਪਿਆ ਏ"। ਕਵੀ ਨੂੰ ਦੁੱਖ ਏ ਕਿ ਇਸ ਨਿਜ਼ਾਮ ਵਿਚ ਉਹੀ ਆਦਮੀ ਜਿਉਂਦਾ ਰਹਿ ਸਕਦਾ ਹੈ ਜਿਹੜਾ ਕਿ ਥੁੱਕ ਕੇ ਚੱਟਣਾ ਜਾਣਦਾ ਹੋਵੇ।

ਕਵਿਤਾ 'ਸੰਵਾਦ ਗਾਥਾ' ਵਿਚ ਉਹ 'ਕੰਵਰ ਇਮਤਿਆਜ਼ ਨਾਲ ਲੰਬਾ ਸੰਵਾਦ ਰਚਾਉਂਦਾ ਹੈ। ਇਹ ਸੰਵਾਦ ਵੀ ਪੰਜਾਬ ਵਿਚ ਨਕਸਲਬਾੜੀ ਲਹਿਰ ਦੌਰਾਨ ਪੈਦਾ ਹੋਏ ਹਾਲਾਤਾਂ ਦਾ ਦੀਰਘ ਬਿਆਨ ਹੈ। ਕੰਵਰ ਇਮਤਿਆਜ਼ ਪੰਜਾਬੀ ਦਾ ਉਘਾ ਸ਼ਾਇਰ, ਉਰਦੂ/ਫਾਰਸੀ ਦਾ ਗਿਆਤਾ ਅਤੇ ਉੱਚ ਕੋਟੀ ਦਾ ਚਿੱਤਰਕਾਰ ਸੀ। ਉਸ ਨੇ ਸੈਂਕੜੇ ਪੁਸਤਕਾਂ ਸਰਵਰਕ ਬਣਾਏ। ਉਹ ਸਮਾਂ ਨਕਸਲਬਾੜੀ ਲਹਿਰ ਅਖੀਰਲਾ ਤੇ ਖਾੜਕੂਵਾਦ ਦੀ ਅਰੰਭਤਾ ਦਾ ਸੀ। ਉਸ ਸਮੇਂ ਅਖੌਤੀ ਕਵੀ/ਲੇਖਕ ਤੇ ਬੁੱਧੀਜੀਵੀ ਆਪਣੀ ਜਾਨ ਲੁਕਾਉਂਦੇ ਫਿਰਦੇ ਸਨ ਪਰ ਕੁੱਝ ਜੁਝਾਰੂ ਹਿੱਕ ਤਾਣ ਕੇ ਵਿਚਰ ਰਹੇ ਸਨ। ਇਨ੍ਹਾਂ ਗਰਮ ਲਹਿਰਾਂ ਦੇ ਬਹੁਤ ਸਾਰੇ ਹਵਾਲੇ ਸਪਰਾ ਦੀਆਂ ਕਵਿਤਾਵਾਂ ਵਿਚ ਮਿਲਦੇ ਹਨ। ਕੰਵਰ ਇਮਤਿਆਜ਼ ਦਾ ਪਿੰਡ ਨਕੋਦਰ ਦੇ ਨੇੜੇ ਸੀ। ਮੋਹਨ ਸਪਰਾ ਨੇ ਨਕੋਦਰ ਸ਼ਹਿਰ ਦੇ ਹੋਰ ਸ਼ਾਇਰਾਂ ਨੂੰ ਵੀ ਯਾਦ ਕੀਤਾ ਹੈ ਜਿਨ੍ਹਾਂ ਵਿਚ ਜੋਸ਼ ਮਲਸਿਆਨੀ, ਹਬੀਬ ਬਖ਼ਸ਼, ਮੁਹੰਮਦ ਹਨੀਫ, ਰੌਸ਼ਨ ਨਕੋਦਰੀ, ਦਰਦ ਨਕੋਦਰੀ, ਮਿੱਤਰ ਨਕੋਦਰੀ, ਅਮਰਜੀਤ ਚੰਦਨ, ਸਾਗਰ ਨਕੋਦਰੀ ਅਤੇ ਪਾਸ਼। ਇਉਂ ਲੱਗਦਾ ਹੈ ਕਿ ਸਪਰਾ ਵੀ ਇਨ੍ਹਾਂ ਸ਼ਾਇਰਾਂ ਅਤੇ ਲਹਿਰਾਂ ਦੇ ਅੰਗ-ਸੰਗ ਵਿਚਰਿਆ ਹੈ।

ਇਸੇ ਤਰ੍ਹਾਂ 'ਪੰਜਵੀਂ ਕਵਿਤਾ ਅੰਤ ਤਕ ਸੰਵਾਦ' ਵਿਚ ਕਵੀ ਆਸ਼ਾਵਾਦ ਮਨੁੱਖ ਦੀ ਸਿਰਜਣਾ ਕਰਨੀ ਲੋਚਦਾ ਹੈ ਜਿਹੜਾ ਕਿ ਹਰ ਔੜ ਨੂੰ ਕਬੂਲਦਾ ਹੋਇਆ ਆਮ ਲੋਕਾਂ ਨੂੰ ਖੁਸ਼ੀਆਂ ਪ੍ਰਦਾਨ ਕਰਨ ਦੀ ਕੋਸ਼ਿਸ਼ ਕਰੇ। ਅਖੀਰ ਵਿਚ ਕਵੀ ਸੰਵਾਦ ਦਾ ਅੰਤ ਕਰਦਾ ਹੋਇਆ ਲਿਖਦਾ ਹੈ:

"ਸੱਚੀ ਅੰਤ ਤਕ ਸੰਵਾਦ
ਅਨੰਦ ਵਿਖੇਰ ਜਾਂਦਾ
ਜ਼ਿੰਦਗੀ ਦਾ ਸਾਰ ਸਮਝਾ ਜਾਂਦਾ ਹੈ
ਮਨੁੱਖ ਨੂੰ ਪਰਮ ਮਨੁੱਖ ਬਣਾ ਜਾਂਦਾ ਹੈ।"

ਇਹ ਕਾਵਿ-ਸੰਗ੍ਰਹਿ ਹਿੰਦੀ ਤੋਂ ਅਨੁਵਾਦ ਪੰਜਾਬੀ ਦੇ ਪਾਠਕਾਂ ਲਈ ਭਾਵਪੂਰਤ ਕਵਿਤਾਵਾਂ ਲੈ ਕੇ ਆਇਆ ਹੈ। ਇਹ ਦੋਵਾਂ ਭਾਸ਼ਾਵਾਂ ਵਿਚ ਇਕ ਪੁਲ ਦਾ ਕੰਮ ਕਰੇਗੀ ਅਤੇ ਹਿੰਦੀ ਪਿਛਲੇ ਪੰਜਾਂ ਸਾਲਾਂ ਦੀ ਕਵਿਤਾ ਨਾਲ ਜਾਣ-ਪਛਾਣ ਕਰਵਾਏਗੀ। ਇਸ ਦਾ ਸਵਾਗਤ ਕਰਨਾ ਬਣਦਾ ਹੈ।

---

*(ਪਿਛਲੇ ਸਫੇ ਦੀ ਬਾਕੀ)*

ਰਿਹਾ ਹੈ ਕਿ ਸਾਡੇ ਕੋਲ ਤੁਹਾਡੇ ਖ਼ਿਲਾਫ਼ ਗ੍ਰਿਫ਼ਤਾਰੀ ਵਾਰੰਟ ਜਾਰੀ ਕਰਨ ਤੋਂ ਬਿਨਾ ਹੋਰ ਕੋਈ ਚਾਰਾ ਨਹੀਂ ਰਹਿ ਗਿਆ। ਤੁਹਾਨੂੰ ਅਖ਼ੀਰਲਾ ਨੋਟਿਸ ਚੇਤਾਵਨੀ ਦਿੰਦੇ ਹਾਂ ਕਿ ਜੇ ਤੁਸੀਂ ਆਪਣੀ ਇੱਜ਼ਤ ਬਚਾਉਣੀ ਚਾਹੁੰਦੇ ਹੋ ਤਾਂ 2524 ਡਾਲਰ ਅੱਧੇ ਘੰਟੇ ਵਿਚ ਜਮ੍ਹਾਂ ਕਰਵਾ ਦਿਓ। ... ਤੁਹਾਡਾ ਕੀ ਇਰਾਦਾ ਹੈ?... ਨਹੀਂ ਤੇ ਤੁਹਾਨੂੰ ਪਕੜ ਕੇ ਕਚਹਿਰੀ ਵਿਚ ਪੇਸ਼ ਕਰਨ ਦੇ ਹੁਕਮ ਹੋ ਜਾਣੇ ਨੇ ਤੇ ਅੱਜ ਸ਼ਾਮ ਤੱਕ ਤੁਹਾਡੇ ਘਰੋਂ ਸਿਪਾਹੀ ਤੁਹਾਨੂੰ ਪਕੜ ਕੇ ਲੈ ਜਾਣਗੇ।' ਉਸ ਦੇ ਕੁਰਖ਼ਤ ਸ਼ਬਦਾਂ ਨਾਲ ਮੇਰੇ ਹੱਥ ਕੰਬਣ ਲੱਗੇ, ਮੇਰੀ ਆਵਾਜ਼ ਵੀ ਕੰਬ ਗਈ, ਮੈਨੂੰ ਹੱਥਕੜੀ ਲੱਗੀ ਮੇਰੇ ਗਵਾਂਢੀ ਵੇਖਣਗੇ! ਲੋਕ ਵੇਖਣਗੇ! ਕਿੰਨੀ ਬੇਇਜ਼ਤੀ ਹੋਵੇਗੀ ਮੁਹੱਲੇ ਵਿਚ।

'ਜਨਾਬ! ਏਨੀ ਕਿਹੜੀ ਆਖਰ ਆ ਗਈ ਕਿ 2524 ਡਾਲਰ ਦੀ ਨਿਗੂਣੀ ਜਿਹੀ ਰਕਮ ਕਾਰਨ ਮੈਨੂੰ ਗ੍ਰਿਫ਼ਤਾਰ ਕਰਨ ਵਾਸਤੇ ਤੁਹਾਨੂੰ ਏਨੀ ਵੱਡੀ ਤਕੱਲਫ਼ ਕਰਨੀ ਪਏ! ਮੈਂ 2014 ਦਾ ਟੈਕਸ ਪਹਿਲਾਂ ਜਮ੍ਹਾਂ ਕਰਵਾ ਚੁੱਕਾ ਹਾਂ। ਉਸ ਵਿਚ ਪਿਛਲੇ ਬਕਾਏ ਦੀ ਰਕਮ ਦਾ ਕੋਈ ਜ਼ਿਕਰ ਨਹੀਂ ਸੀ।' ਯਾਦ ਕਰ ਕੇ ਮੈਂ ਆਪਣੇ ਪੈਰਾਂ ਸਿਰ ਪੱਕਾ ਹੋ ਗਿਆ।

'ਜੀ ਸਾਨੂੰ ਪਤਾ ਨਹੀਂ, ਸਾਨੂੰ ਤਾਂ ਆਈ. ਆਰ. ਐਸ. ਵੱਲੋਂ ਹੁਕਮ ਹੋਇਆ ਹੈ ਜਿਵੇਂ ਤੁਸੀਂ ਆਪ ਹੀ ਉਨ੍ਹਾਂ ਕੋਲੋਂ ਤਸਦੀਕ ਕਰ ਲਿਆ ਹੈ ਕਿ ਤੁਸੀਂ ਡਿਫਾਲਟਰ ਹੋ, ਇਸ ਵਾਸਤੇ ਹੋਰ ਕੋਈ ਚਾਰਾ ਨਹੀਂ।'

'ਸ੍ਰੀ ਮਾਨ ਜੀ, ਮੈਂ ਤੁਹਾਨੂੰ ਇਕਦਮ ਕੋਈ ਜੁਆਬ ਨਹੀਂ ਦੇ ਸਕਦਾ, ਮੈਨੂੰ ਕਿਸੇ ਕਾਨੂੰਨੀ ਮਾਹਿਰ ਨਾਲ ਸਲਾਹ ਮਸ਼ਵਰਾ ਕਰਨ ਦਾ ਟਾਈਮ ਦਿਓ। ਤੁਸੀਂ ਅਜੇਹੇ ਨੋਟਿਸ ਡਾਕ ਰਾਹੀਂ ਭੇਜ ਦਿਓ। ... ਤੁਹਾਡਾ ਕੀ ਨਾਮ ਹੈ ਸਰ!'

'ਮੇਰਾ ਨਾਂ ਅਸ਼ੋਕ ਮੈਹਤਾ ਹੈ। ਮੈਂ ਤੁਹਾਡਾ ਹਮਦਰਦ ਹਾਂ। ਮੈਂ ਵੀ ਪੰਜਾਬੀ ਹੋਣ ਦੇ ਨਾਤੇ ਨਹੀਂ ਚਾਹੁੰਦਾ ਕਿ ਤੁਸੀਂ ਐਵੇਂ ਫ਼ਜ਼ੂਲ ਮੁਕੱਦਮੇ ਵਿਚ ਫਸ ਕੇ ਆਪਣੇ ਆਪ ਨੂੰ ਅੰਦਰ ਕਰਾ ਲਓ। ਸ਼ੈਰਿਫ ਮੇਰੀ ਗੱਲ ਮੰਨਦੇ ਹਨ ਮੈਂ ਉਨ੍ਹਾਂ ਨੂੰ ਮਨਵਾ ਲਵਾਂਗਾ।' ਉਹ ਹੁਣ ਹਿੰਦੀ ਪੰਜਾਬੀ ਵਿਚ ਗੱਲ ਕਰਨ ਲੱਗ ਪਿਆ।

'ਤੁਸੀਂ ਆਪਣੇ ਭਰਾ ਭਾਈ ਜਾਪਦੇ ਹੋ, ਇਸ ਕਰ ਕੇ ਮੈਂ ਤੁਹਾਨੂੰ ਹਿੰਦੀ ਵਿਚ ਵਿਸਥਾਰਤ ਕਰ ਕੇ ਚੰਗੀ ਤਰ੍ਹਾਂ ਸਮਝਾ ਦਿਆਂ ਕਿ ਸ਼ਾਇਦ ਤੁਸੀਂ ਅੰਗਰੇਜ਼ੀ ਚੰਗੀ ਤਰ੍ਹਾਂ ਸਮਝ ਨਹੀਂ ਸਕੇ। ਇਸ ਜ਼ਰੂਰੀ ਕਾਲ ਦੀ ਗੰਭੀਰਤਾ ਤੁਸੀਂ ਚੰਗੀ ਤਰ੍ਹਾਂ ਨਹੀਂ ਲੈ ਰਹੇ। ਇਹ ਬੜਾ ਸੀਰੀਅਸ ਮਾਮਲਾ ਹੈ। ਤੁਸੀਂ ਜੇਲ੍ਹ ਕੈਦ ਹੋ ਸਕਦੇ ਹੋ, ਬਲੈਕ-ਲਿਸਟ ਹੋ ਜਾਓਗੇ, ਤੁਹਾਡੇ ਬੈਂਕ ਖਾਤੇ ਸੀਲ ਹੋ ਸਕਦੇ ਹਨ। ਇਸ ਕਰ ਕੇ ਚੰਗਾ ਇਹੀ ਹੈ ਕਿ ਬਕਾਇਆ ਫਟਾਫਟ ਮੇਰੇ ਕੋਲ ਜਮ੍ਹਾਂ ਕਰਵਾ ਦਿਓ।' ਉਸ ਦੇ ਸਿਪਲੇਪਨ, ਹਮਦਰਦਪੁਣੇ ਤੇ ਪੈਰ ਪੈਰ 'ਤੇ ਬਦਲਦੇ ਪੈਂਤੜੇ ਵਿਚੋਂ ਮੈਨੂੰ ਸੁੱਤੇਸਿੱਧ ਕਿਸੇ ਸਕੈਂਡਲ ਦੀ ਬਦਬੂ ਆਉਣ ਲੱਗੀ।

ਕੁੱਝ ਦਿਨ ਪਹਿਲਾਂ ਇੱਕ 75 ਸਾਲਾ ਔਰਤ ਨੂੰ ਵੀ ਅਜਿਹਾ ਟੈਲੀਫ਼ੋਨ ਆਇਆ ਸੀ। ਉਹ ਵਿਚਾਰੀ ਰੇਡੀਓ-ਟਾਕ 'ਤੇ ਕਿਸੇ ਵਕੀਲ ਨੂੰ ਇਸ ਤਰ੍ਹਾਂ ਦੇ ਫ਼ੋਨ ਬਾਰੇ ਦੱਸਦੀ ਸਮਾਧਾਨ ਪੁੱਛ ਰਹੀ ਸੀ। ਵਕੀਲ ਦੇ ਸਪੱਸ਼ਟੀਕਰਨ ਅਨੁਸਾਰ, 'ਇਹ ਸਭ ਕੁੱਝ ਘਾਲਾ-ਮਾਲਾ ਜਾਪਦਾ ਹੈ ਤੇ ਇਨਕਮ ਟੈਕਸ ਅਧਿਕਾਰੀ ਕਿਸੇ ਮੁਜਰਮ ਨਾਲ ਵੀ ਟੈਲੀਫ਼ੋਨ 'ਤੇ ਇਸ ਤਰ੍ਹਾਂ ਦਾ ਅੜੀਅਲ ਵਤੀਰਾ ਨਹੀਂ ਅਪਣਾਉਂਦੇ। ਉਹ ਕੋਈ ਐਕਸ਼ਨ ਲੈਣ ਤੋਂ ਪਹਿਲਾਂ ਹਰੇਕ ਨੂੰ ਪੂਰਾ ਮੌਕਾ ਦਿੰਦੇ ਹਨ। ਕਈ ਵੇਰਾਂ ਕਈ ਗ਼ਲਤ ਅਪਰਾਧੀ ਅੰਸਰ ਸ਼ਰੀਫ਼ ਲੋਕਾਂ ਦੀ ਸਖ਼ਤ ਮਿਹਨਤ ਦੀ ਕਮਾਈ, ਖੀਸੇ ਕੱਟਣ ਖ਼ਾਤਰ ਤਰ੍ਹਾਂ ਤਰ੍ਹਾਂ ਦੇ ਬਹਾਨੇ ਘੜ ਕੇ ਪਰੇਸ਼ਾਨ ਕਰਦੇ ਰਹਿੰਦੇ ਨੇ। ਅਜੇਹੀਆਂ ਧਮਕੀਆਂ ਨਾਲ ਕਈ ਅਨਾੜੀ ਇਨ੍ਹਾਂ ਦੇ ਝਾਂਸੇ ਵਿਚ ਆ ਕੇ ਆਪਣਾ ਬੈਂਕ ਖਾਤਾ ਨੰਬਰ ਦੱਸ ਦਿੰਦੇ ਹਨ, ਜਿਸ ਵਿਚੋਂ ਉਹ ਤੁਰੰਤ ਪੈਸੇ ਕਢਵਾ ਕੇ ਰਫੂਚੱਕਰ ਹੋ ਜਾਂਦੇ ਹਨ। ਇਸ ਨੂੰ ਆਈ. ਡੀ. ਥੈਫਟ (ਚੋਰੀ) ਦਾ ਨਾਮ ਵੀ ਦਿੱਤਾ ਜਾਂਦਾ ਹੈ।'

'ਸ੍ਰੀ ਮਾਨ ਜੀ! ਸੋਚਣ ਵਾਸਤੇ ਟਾਈਮ ਲੈਣਾ ਮੇਰਾ ਅਧਿਕਾਰ ਹੈ, ਮੈਂ ਤੁਹਾਨੂੰ ਦੁਬਾਰਾ ਕਾਲ ਕਰਾਂਗਾ, ਜਾਂ ਤੁਸੀਂ ਮੈਨੂੰ ਦੁਬਾਰਾ ਕਾਲ ਕਰ ਲਿਓ।' ਰੇਡੀਓ ਟਾਕ ਯਾਦ ਕਰ ਕੇ ਮੈਂ ਫ਼ੋਨ ਕਰਤਾ ਨੂੰ ਫੇਰ ਬੇਨਤੀ ਕੀਤੀ।

'ਮੇਰੇ ਕੋਲ ਹੁਣ ਬਿਲਕੁਲ ਟਾਈਮ ਨਹੀਂ ਬਚਿਆ... ਸਿਰਫ਼ ਅੱਧਾ ਘੰਟਾ ਹੈ, ਮੇਰੇ ਹੱਥ ਖੜੇ ਹਨ।' ਉਸ ਨੇ ਫੇਰ ਆਪਣੀ ਜ਼ਿੱਦ ਦੁਹਰਾਈ।

ਅਖ਼ੀਰ 'ਮੈਂ ਇਸ ਵੇਲੇ ਬੇਵੱਸ ਹਾਂ, ਕੁੱਝ ਨਹੀਂ ਕਰ ਸਕਦਾ, ਮੈਨੂੰ ਟਾਈਮ ਦਿਓ' ਕਹਿ ਕੇ ਮੈਂ ਫ਼ੋਨ ਬੰਦ ਕਰ ਦਿੱਤਾ ਤੇ 210 424 2344 ਮੋੜਵਾਂ ਨੰਬਰ ਮਿਲਾ ਲਿਆ। ਅੱਗੇ ਬੜਾ ਗਹਿਮਾ-ਗਹਿਮੀ ਭਰਿਆ ਕੋਈ ਸਥਾਨ ਸੀ ਜਿੱਥੇ ਪਿਛੋਕੜ ਵਿਚ ਕਈ ਤਰ੍ਹਾਂ ਦੀ ਗੁਫ਼ਤਗੂ ਦੀਆਂ ਆਵਾਜ਼ਾਂ ਆ ਰਹੀਆਂ ਸਨ ਜਿਵੇਂ ਬਹੁਤ ਰੁਝੇਵੇਂ ਭਰਪੂਰ ਕੋਈ ਮਹੱਤਵਪੂਰਨ ਦਫ਼ਤਰ ਹੋਵੇ।

'ਮਿਹਰਬਾਨੀ ਕਰ ਕੇ ਆਪਣਾ ਮੰਤਵ ਸਪਸ਼ਟ ਕਰੋ। ਜੇ ਤੁਹਾਨੂੰ ਆਪਣੀ ਪਾਰਟੀ ਦਾ ਪ੍ਰਸਾਰ ਨੰਬਰ ਪਤਾ ਹੈ ਤਾਂ ਉਹ ਘੁਮਾ ਲਓ।' ਫੋਨ 'ਤੇ ਵਾਇਸ-ਮੇਲ ਆ ਰਹੀ ਸੀ। ਬਾਰ ਬਾਰ ਕੋਸ਼ਿਸ਼ ਕਰਨ 'ਤੇ ਕਿਸੇ ਏਜੰਟ ਨੇ ਫ਼ੋਨ ਨਹੀਂ ਉਠਾਇਆ। ਮੈਨੂੰ ਯਕੀਨ ਹੋ ਗਿਆ, ਇਹ ਅਸਲੀ ਨੰਬਰ ਤਾਂ ਮੌਜੂਦ ਹੈ, ਇਸ ਲਈ ਫ਼ੋਨ ਕਰਨ ਵਾਲੇ ਵੀ ਤਾਂ ਲੱਭ ਹੀ ਜਾਣਗੇ।

ਫ਼ੋਨ ਦੀ ਘੰਟੀ ਫੇਰ ਖੜਕੀ। ਉਹੀ ਨੰਬਰ ਸੀ। ਮੈਂ ਨਹੀਂ ਚੁੱਕਿਆ ਪਰ ਘੰਟੀ ਖੜਕਦੀ ਰਹੀ।

ਮੇਰਾ ਤੌਖਲਾ ਅਸਲੀ ਨਕਲੀ ਦੋਚਿੱਤੀ ਦੀ ਘੁੰਮਣ-ਘੇਰੀ ਵਿਚਕਾਰ ਫਸ ਗਿਆ। ਮੈਂ ਕਿਸੇ ਹੋਰ ਮਿੱਤਰ ਜੋ ਟੈਕਸ ਦਾ ਮਾਹਿਰ ਹੈ, ਨਾਲ ਫ਼ੋਨ ਮਿਲਾਇਆ। ਉਸ ਨੇ ਦੱਸਿਆ 'ਇਹ ਸਕੈਮ ਹੈ ਜੋ ਸਾਈਬਰ ਕ੍ਰਾਈਮ ਕਰਨ ਵਾਲੇ ਚਾਤਰ ਲੋਕ ਸ਼ਰੀਫ਼ ਸਿੱਧੇ ਲੋਕਾਂ ਦੇ ਪਹਿਚਾਣ ਪੱਤਰ ਚੋਰੀ ਕਰ ਕੇ ਠੱਗੀਆਂ ਠੋਰੀਆਂ ਮਾਰਦੇ ਪਰੇਸ਼ਾਨ ਕਰਦੇ ਠਗਦੇ ਰਹਿੰਦੇ ਹਨ। ਮੇਰੀ ਬੇਨਤੀ 'ਤੇ ਉਸ ਨੇ ਹਾਮੀ ਭਰ ਦਿੱਤੀ ਕਿ ਉਹ 210 424 2344 ਨੰਬਰ 'ਤੇ ਟੈਲੀਫ਼ੋਨ ਕਰ ਕੇ ਦਰਿਆਫ਼ਤ ਕਰੇਗਾ। ਦੋ ਚਾਰ ਮਿੰਟ ਵਿਚ ਉਸ ਦਾ ਵਾਪਸੀ ਫ਼ੋਨ ਆ ਗਿਆ, 'ਇਹ ਨੰਬਰ ਬਣਾਉਟੀ ਜਾਪਦਾ ਹੈ... ਮੈਂ ਉਸ ਨੰਬਰ 'ਤੇ ਗੱਲ ਕਰਨ ਦੀ ਕੋਸ਼ਿਸ਼ ਕੀਤੀ ਹੈ ਪਰ ਇਹ ਮਿਲਦਾ ਨਹੀਂ ਜਾਂ ਬਾਰ ਬਾਰ ਕੱਟਿਆ ਜਾ ਰਿਹਾ ਹੈ। ਨੰਬਰ ਗੂਗਲ-ਸਰਚ 'ਤੇ ਪਾ ਕੇ ਤੁਸੀਂ ਆਪ ਅਸਲੀ ਨਕਲੀ ਦੀ ਪਹਿਚਾਣ ਕਰ ਸਕਦੇ ਹੋ।'

ਮੈਂ ਦੋਬਾਰਾ ਮਿਲਾਉਣ ਦੀ ਠਾਣੀ ਪਰ ਹੁਣ ਕੋਰਾ ਜੁਆਬ ਮਿਲ ਗਿਆ, 'ਇਹ ਨੰਬਰ ਵਰਤੋਂ ਵਿਚ ਨਹੀਂ।' ਚੰਗਾ ਭਲਾ ਚੱਲਦਾ ਨੰਬਰ ਗ਼ਾਇਬ ਹੋ ਗਿਆ! ਮੈਂ ਆਪਣੇ ਆਪ ਨੂੰ ਹਲਕਾ-ਫੁਲਕਾ ਮਹਿਸੂਸ ਕੀਤਾ। ਅੱਧੇ ਘੰਟੇ ਚੱਲੀ ਸ਼ਰੇਆਮ ਠੱਗੀ ਦਾ ਇਹ ਡਰਾਮਾ ਤੇ ਨਿਵੇਕਲੀ ਉਦਾਹਰਣ ਮੇਰੇ ਵਾਸਤੇ ਸਾਕਾਰਾਤਮਿਕ ਨਤੀਜੇ ਛੱਡ ਕੇ ਮੈਨੂੰ ਅਕਲ ਦਾ ਰਸਤਾ ਦੱਸ ਗਈ। ਮੈਂ ਮਾਊਸ ਘੁਮਾ ਕੇ ਗੂਗਲ-ਸਰਚ 'ਤੇ ਨੰਬਰ ਪਾਇਆ। ਲਾਲ ਅੱਖਰਾਂ ਵਿਚ ਲਿਖਿਆ ਆ ਰਿਹਾ ਸੀ, 'ਤੁਹਾਡੇ ਨਾਂ ਵਾਰੰਟ ਗ੍ਰਿਫ਼ਤਾਰੀ ਜਾਰੀ ਹੋ ਚੁੱਕੇ ਹਨ ਤੇ ਤੁਸੀਂ ਇਸ ਬਾਰੇ ਸਾਵਧਾਨ ਹੋ ਜਾਓ। ਤੁਹਾਡੇ ਦਰ 'ਤੇ ਪੁਲੀਸ ਵਾਲੇ ਪਹੁੰਚਣ ਵਾਲੇ ਹਨ।' ਸਕਰੀਨ 'ਤੇ ਲਾਲ ਪੱਟੀ ਚੱਲ ਰਹੀ ਸੀ ਤੇ ਥੱਲੇ ਲਿਖਿਆ ਸੀ, 'ਇਹ ਸਕੈਮ ਹੈ, ਧੋਖਾ-ਫਰੇਬ ਹੈ। ਤੁਸੀਂ ਚਾਹੋ ਤਾਂ ਇਸ ਬਾਰੇ ਸਾਈਬਰ-ਕ੍ਰਾਈਮ ਬਰਾਂਚ ਨੂੰ ਸ਼ਿਕਾਇਤ ਕਰ ਸਕਦੇ ਹੋ। ਤੁਸੀਂ ਬਚ ਗਏ ਹੋ ਤਾਂ ਹੋਰਾਂ ਨੂੰ ਵੀ ਸਾਵਧਾਨ ਕਰੋ।' ਮੇਰੇ ਸਾਹ ਵਿਚ ਸਾਹ ਆਇਆ। ਮੈਂ ਡਾਕੂ ਟੋਲੇ ਹੱਥੋਂ ਬਚ ਕੇ ਨਿਕਲਿਆ ਖੁਸ਼ੀ ਨਾਲ ਉਛਲਿਆ ਤੇ ਕਈਆਂ ਲੋਕਾਂ ਨੂੰ ਫੋਨ ਕੀਤਾ ਕਿ ਮੈਂ ਜਿੱਤ ਗਿਆ ਹਾਂ, ਤੁਸੀਂ ਵੀ ਬਚੋ ਤੇ ਸਾਵਧਾਨ ਰਹੋ।

# ਬੌਬ ਬੀਮਨ ਦੀ ਵੀਹ ਹੱਥ ਲੰਮੀ 'ਗ਼ੈਬੀ' ਛਾਲ

## ਵਿਸ਼ਵ ਦੇ ਮਹਾਨ ਖਿਡਾਰੀ



ਪ੍ਰਿੰ. ਸਰਵਣ ਸਿੰਘ
ਫੋਨ: 647-785-1661


29 ਫੁੱਟ ਢਾਈ ਇੰਚ ਲੰਮੀ ਛਾਲ ਕਹਿ ਦੇਣੀ ਗੱਲ ਹੈ। ਬੰਦਾ ਪੱਧਰ ਥਾਂ ਤੋਂ ਪੈਰ ਉਠਾ ਕੇ ਬਾਰਾਂ ਕਦਮ ਦੂਰ ਜਾ ਡਿੱਗੇ? 20 ਹੱਥ ਲੰਮੀ ਛਾਲ ਮਾਰ ਦੇਵੇ! ਸੱਚ ਨਹੀਂ ਆਉਂਦਾ। ਪਰ ਹੈ ਸੱਚ। ਏਨੀ ਲੰਮੀ ਛਾਲ 8 ਮਹੀਨਿਆਂ ਦੇ ਹੀ ਮਾਂ-ਮਹਿੱਟਰ ਹੋਏ ਬਾਲ ਨੇ 22 ਸਾਲਾਂ ਦਾ ਹੋ ਕੇ ਮੈਕਸੀਕੋ ਸਿਟੀ ਦੀਆਂ ਓਲੰਪਿਕ ਖੇਡਾਂ 'ਚ ਲਾਈ ਤੇ ਧੰਨ ਧੰਨ ਕਰਾਈ। ਖੇਡਾਂ ਦੇ ਰਿਕਾਰਡ ਨਿੱਤ ਨਵੇਂ ਹੁੰਦੇ ਹਨ ਪਰ ਉਸ ਛਾਲ ਦਾ ਓਲੰਪਿਕ ਰਿਕਾਰਡ 56 ਸਾਲ ਬੀਤ ਜਾਣ 'ਤੇ ਵੀ ਨਹੀਂ ਟੁੱਟਾ। ਅਜਿਹੀ ਅਦਭੁੱਤ ਛਾਲ ਲਾਉਣ ਵਾਲਾ ਨੀਗਰੋ ਐਥਲੀਟ ਬੌਬ ਬੀਮਨ ਸੀ ਜੋ 2024 ਵਿਚ ਉਮਰ ਦੇ 78ਵੇਂ ਸਾਲ 'ਚ ਹੈ।

ਬੌਬ ਬੀਮਨ ਦਾ ਅਸਲੀ ਨਾਂ ਰੌਬਰਟ ਬੀਮਨ ਹੈ। ਉਸ ਦੀ ਮੈਕਸੀਕੋ 'ਚ ਲਾਈ ਗ਼ੈਬੀ ਛਾਲ ਨੇ ਦੁਨੀਆ ਦੰਗ ਕਰ ਦਿੱਤੀ ਸੀ। ਪਹਿਲੇ ਓਲੰਪਿਕ ਰਿਕਾਰਡ ਨਾਲੋਂ ਲਗਭਗ ਦੋ ਫੁੱਟ ਵੱਧ ਲੰਮੀ ਛਾਲ! ਮਿਣਤੀ ਕਰਨ ਵਾਲੀ ਸਕੇਲ ਨਾਲ ਉਸ ਦੀ ਮਿਣਤੀ ਨਾ ਹੋ ਸਕੀ। ਫਿਰ ਸਟੀਲ ਦਾ ਫੀਤਾ ਵਰਤੋਂ ਵਿਚ ਲਿਆਂਦਾ ਗਿਆ। ਵੀਹ ਮਿੰਟ ਛਾਲ ਦੀ ਮੁੜ-ਮੁੜ ਮਿਣਤੀ ਕੀਤੀ ਜਾਂਦੀ ਰਹੀ। ਨਤੀਜਾ ਉਹੀ 29 ਫੁੱਟ ਢਾਈ ਇੰਚ ਯਾਨੀ 8.90 ਮੀਟਰ ਨਿਕਲਦਾ। ਆਖ਼ਰ ਨਤੀਜਾ ਐਲਾਨ ਦਿੱਤਾ ਗਿਆ ਤੇ ਉਸ ਛਾਲ ਨੂੰ ਵੀਹਵੀਂ ਸਦੀ ਦੀ ਇੱਕੀਵੀਂ ਸਦੀ 'ਚ ਛਾਲ ਕਿਹਾ ਜਾਣ ਲੱਗਾ।

ਬੌਬ ਬੀਮਨ ਦਾ ਜਨਮ, ਬਰੌਂਕਸ, ਨਿਊ ਯਾਰਕ, ਅਮਰੀਕਾ ਵਿਚ ਬਿਮਾਰ ਰਹਿੰਦੀ ਔਰਤ ਨੌਮੀ ਬਰਾਊਨ ਬੀਮਨ ਦੀ ਕੁੱਖੋਂ 29 ਅਗਸਤ 1946 ਨੂੰ ਹੋਇਆ। ਬੌਬ ਬੀਮਨ ਅੱਠਾਂ ਮਹੀਨਿਆਂ ਦਾ ਸੀ ਜਦੋਂ ਉਸ ਦੀ ਮਾਂ ਤਪਦਿਕ ਦੀ ਬਿਮਾਰੀ ਨਾਲ ਚੱਲ ਵਸੀ। ਉਸ ਦਾ ਪਿਓ ਮਤਰੇਆ ਬਾਪ ਸੀ। ਬੌਬ ਦਾ ਬਚਪਨ ਯਤੀਮਾਂ ਵਾਂਗ ਬੀਤਿਆ। ਮਾਂ ਮਹਿੱਟਰ ਬੱਚੇ ਦੀ ਪਾਲਣਾ ਉਹਦੀ ਨਾਨੀ ਬੇਸੀ ਨੇ ਕੀਤੀ। ਉਹ ਵੀ ਬਿਮਾਰ ਰਹਿੰਦੀ ਸੀ। ਹਾਲਾਤ ਨੇ ਬਾਲਕ ਬੌਬ ਨੂੰ ਹਿੰਸਾ, ਗੈਂਗਵਾਦ ਤੇ ਡਰੱਗ ਦੇ ਚੱਕਰਾਂ ਵਿਚ ਪਾ ਦਿੱਤਾ। ਇਕ ਵਾਰ ਉਸ ਨੇ ਸਕੂਲ ਦੇ ਅਧਿਆਪਕ ਨੂੰ ਹੀ ਕੁੱਟ ਧਰਿਆ ਜਿਸ ਦੀ ਸਜ਼ਾ ਵਜੋਂ ਉਸ ਦਾ ਨਾਂ ਕੱਟ ਦਿੱਤਾ ਗਿਆ। ਉਸ ਨੂੰ ਨਾਬਾਲਗਾਂ ਦੀ ਸੁਧਾਰ ਜੇਲ੍ਹ ਵਿਚ ਰਹਿਣਾ ਪਿਆ ਜਿਥੇ ਉਹ ਅਨੁਸ਼ਾਸਨ ਸਿੱਖਿਆ ਅਤੇ ਖੇਡਾਂ ਵਿਚ ਰੁਚੀ ਲੈਣ ਲੱਗਾ। ਗਲੀਆਂ ਦੀ ਗੁੰਡਾਗਰਦੀ ਛੱਡ ਕੇ ਜਦੋਂ ਉਹ ਜਮਾਇਕਾ ਹਾਈ ਸਕੂਲ ਵਿਚ ਪੜ੍ਹਨ ਲੱਗਾ ਤਾਂ ਸਬੱਬੀਂ ਅਥਲੈਟਿਕਸ ਦੇ ਕੋਚ ਲੈਰੀ ਐਲਿਸ ਦੀ ਨਜ਼ਰੇ ਚੜ੍ਹ ਗਿਆ। ਲੈਰੀ ਐਲਿਸ ਦੀ ਕੋਚਿੰਗ ਨਾਲ ਬੌਬ ਛੇਤੀ ਹੀ ਸਕੂਲੀ ਖੇਡਾਂ 'ਚ ਛਾ ਗਿਆ ਤੇ ਇਨਾਮ ਜਿੱਤਣ ਲੱਗ ਪਿਆ।

ਫਿਰ ਉਸ ਨੇ ਬਿਮਾਰ ਪਈ ਨਾਨੀ ਦੀ ਰਿਹਾਇਸ਼ ਨੇੜੇ ਨਾਰਥ ਕੈਰੋਲੀਨਾ ਐਗਰੀਕਲਚਰ ਐਂਡ ਟੈਕਨੀਕਲ ਕਾਲਜ ਵਿਚ ਦਾਖਲਾ ਲੈ ਲਿਆ। ਨਾਨੀ ਦੀ ਮੌਤ ਪਿੱਛੋਂ ਉਹ ਯੂਨੀਵਰਸਿਟੀ ਆਫ਼ ਟੈਕਸਾਸ ਐਟ ਐਲ ਪਾਸੋ 'ਚ ਚਲਾ ਗਿਆ ਜਿਥੇ ਉਸ ਨੂੰ ਟ੍ਰੈਕ ਐਂਡ ਫੀਲਡ ਸਕਾਲਰਸ਼ਿਪ ਮਿਲ ਗਿਆ। ਤਦ ਤਕ ਉਸ ਦਾ ਕੱਦ ਛੇ ਫੁੱਟ ਤਿੰਨ ਇੰਚ ਉੱਚਾ ਹੋ ਗਿਆ ਤੇ ਸਰੀਰਕ ਭਾਰ ਵੀ 70 ਕਿਲੋ ਦੇ ਨੇੜੇ ਪਹੁੰਚ ਗਿਆ। ਸਕੂਲਾਂ ਦੀਆਂ ਨੈਸ਼ਨਲ ਖੇਡਾਂ ਵਿਚ ਉਸ ਨੇ ਟ੍ਰਿੱਪਲ ਜੰਪ ਦਾ ਨੈਸ਼ਨਲ ਰਿਕਾਰਡ ਰੱਖ ਦਿੱਤਾ ਅਤੇ ਲੰਮੀ ਛਾਲ ਲਾਉਣ 'ਚ ਵੀ ਦੂਜੇ ਸਥਾਨ 'ਤੇ ਰਿਹਾ। 1967 ਵਿਚ ਉਹ ਲੰਮੀ ਛਾਲ ਲਾਉਣ 'ਚ ਅਮਰੀਕਾ ਦਾ ਨੈਸ਼ਨਲ ਚੈਂਪੀਅਨ ਬਣ ਗਿਆ ਅਤੇ ਵਿਨੀਪੈੱਗ ਦੀਆਂ ਪੈਨ ਅਮੈਰੀਕਨ ਖੇਡਾਂ ਵਿਚ ਸਿਲਵਰ ਮੈਡਲ ਜਿੱਤਿਆ। ਉਹ ਬੇਸ਼ਕ ਬਚਪਨ ਵਿਚ ਹੀ ਯਤੀਮ ਹੋ ਗਿਆ ਸੀ ਪਰ ਆਪਣੀ ਹਿੰਮਤ ਤੇ ਮਿਹਨਤ ਨਾਲ ਵਿਸ਼ਵ ਦਾ ਮਹਾਨ ਖਿਡਾਰੀ ਬਣਿਆ।

ਓਲੰਪਿਕ ਖੇਡਾਂ 'ਚ ਲੰਮੀ ਛਾਲ ਦੇ ਮੈਡਲਾਂ 'ਤੇ ਝਾਤ ਮਾਰੀਏ ਤਾਂ ਵਧੇਰੇ ਮੈਡਲ ਅਮਰੀਕਾ ਦੇ ਅਥਲੀਟਾਂ ਨੇ ਜਿੱਤੇ ਹਨ। 1896 ਦੀਆਂ





ਪਹਿਲੀਆਂ ਓਲੰਪਿਕ ਖੇਡਾਂ ਤੋਂ 2021 ਦੀਆਂ 32ਵੀਆਂ ਓਲੰਪਿਕ ਖੇਡਾਂ ਤਕ ਅਮਰੀਕੀ ਅਥਲੀਟਾਂ ਨੇ 22 ਸੋਨੇ, 15 ਚਾਂਦੀ, 10 ਕਾਂਸੀ, ਕੁਲ 47 ਤਗ਼ਮੇ ਜਿੱਤੇ ਹਨ। ਦੂਜੇ ਨੰਬਰ 'ਤੇ ਰਹਿਣ ਵਾਲੇ ਗ੍ਰੇਟ ਬ੍ਰਿਟੇਨ ਨੇ 2 ਸੋਨੇ ਤੇ 2 ਕਾਂਸੀ ਸਮੇਤ 4 ਤਗ਼ਮੇ ਅਤੇ ਤੀਜੇ ਨੰਬਰ 'ਤੇ ਈਸਟ ਜਰਮਨੀ ਨੇ 1 ਸੋਨੇ, 2 ਚਾਂਦੀ, 1 ਕਾਂਸੀ ਸਮੇਤ 4 ਤਗ਼ਮੇ ਜਿੱਤੇ ਹਨ। ਚੌਥੇ ਨੰਬਰ 'ਤੇ ਕਿਊਬਾ ਹੈ ਜਿਸ ਦੇ 4 ਤਗ਼ਮਿਆਂ 'ਚ 1 ਸੋਨੇ, 1 ਚਾਂਦੀ ਤੇ 2 ਕਾਂਸੀ ਦੇ ਤਗ਼ਮੇ ਹਨ। ਪੰਜਵੇਂ ਨੰਬਰ 'ਤੇ ਸਵੀਡਨ ਹੈ ਜਿਸ ਪਾਸ 1 ਸੋਨੇ ਤੇ 2 ਕਾਂਸੀ ਦੇ ਤਗ਼ਮਿਆਂ ਨਾਲ ਕੁਲ 3 ਤਗ਼ਮੇ ਹਨ। ਛੇਵੇਂ ਨੰਬਰ 'ਤੇ ਗਰੀਸ ਹੈ ਤੇ ਸੱਤਵੇਂ ਨੰਬਰ 'ਤੇ ਪਨਾਮਾ ਹੈ ਜਿਨ੍ਹਾਂ ਕੋਲ 1-1 ਸੋਨ ਤਗ਼ਮਾ ਹੈ। ਹੋਰ ਕੋਈ ਮੁਲਕ ਅਜੇ ਤਕ ਸੋਨ-ਤਗ਼ਮਾ ਨਹੀਂ ਜਿੱਤ ਸਕਿਆ।

ਜਿਥੋਂ ਤਕ ਨਵੇਂ ਰਿਕਾਰਡ ਰੱਖਣ ਦੀ ਗੱਲ ਹੈ 1901 ਵਿਚ ਮਰਦਾਂ ਦੀ ਲੰਮੀ ਛਾਲ ਦਾ ਰਿਕਾਰਡ 24 ਫੁੱਟ ਪੌਣੇ 12 ਇੰਚ ਸੀ ਜੋ ਓ ਕੋਨਰ ਦੇ ਨਾਂ ਰਿਹਾ। 1921 ਵਿਚ ਗੌਰਡਨ ਨੇ ਰਿਕਾਰਡ 25 ਫੁੱਟ 3 ਇੰਚ ਕਰ ਦਿੱਤਾ। 1935 'ਚ ਜੈਸੀ ਓਵੇਂਜ਼ ਵਿਸ਼ਵ ਰਿਕਾਰਡ 26 ਫੁੱਟ ਸਵਾ 8 ਇੰਚ ਤਕ ਲੈ ਗਿਆ। 1965 ਵਿਚ ਬੋਸਟਨ ਨੇ 27 ਫੁੱਟ ਪੌਣੇ 5 ਇੰਚ ਲੰਮੀ ਛਾਲ ਮਾਰੀ ਤੇ 1967 ਵਿਚ ਇਗੋਰ ਓਵੇਸੀਅਨ ਵੀ 27 ਫੁੱਟ ਪੌਣੇ 5 ਇੰਚ ਛਾਲ ਮਾਰ ਗਿਆ। ਫੁੱਟਾਂ ਦੇ ਫਰਕ ਨਾਲ ਰਿਕਾਰਡ ਤੋੜਨ ਦਾ ਮਾਅਰਕਾ ਮਾਰਿਆ ਬੌਬ ਬੀਮਨ ਨੇ, ਜੀਹਨੇ 1968 ਵਿਚ 29 ਫੁੱਟ ਢਾਈ ਇੰਚ ਲੰਮੀ ਛਾਲ ਮਾਰ ਦਿੱਤੀ!

ਬੌਬ ਬੀਮਨ ਲਈ 1968 ਦਾ ਸਾਲ ਭਾਗਾਂ ਵਾਲਾ ਚੜ੍ਹਿਆ ਸੀ। ਓਲੰਪਿਕ ਖੇਡਾਂ ਤੋਂ ਪਹਿਲਾਂ ਉਸ ਨੇ 23 ਮੀਟਾਂ ਵਿਚ ਭਾਗ ਲਿਆ ਜਿਨ੍ਹਾਂ 'ਚੋਂ 22 ਮੀਟਾਂ 'ਚ ਜਿੱਤ ਹਾਸਲ ਕੀਤੀ ਸੀ। ਇਕ ਮੀਟ ਵਿਚ ਉਹ 8.33 ਮੀਟਰ ਭਾਵ 27 ਫੁੱਟ ਪੌਣੇ 4 ਇੰਚ ਲੰਮੀ ਛਾਲ ਮਾਰ ਗਿਆ ਸੀ। ਐਡੀ ਛਾਲ ਨਾਲ ਉਸ ਨੂੰ ਅਗਲਾ ਓਲੰਪਿਕ ਚੈਂਪੀਅਨ ਚਿਤਵਿਆ ਜਾ ਰਿਹਾ ਸੀ। ਉਸ ਵੇਲੇ ਲੰਮੀ ਛਾਲ ਦਾ ਵਿਸ਼ਵ ਰਿਕਾਰਡ 8.39 ਅਥਵਾ 27 ਫੁੱਟ ਸਵਾ 6 ਇੰਚ ਸੀ। ਉਸ ਸਾਲ ਉਹ ਅਮਰੀਕਾ ਦਾ ਲੰਮੀ ਤੇ ਤੀਹਰੀ ਛਾਲ ਦਾ ਵੀ ਚੈਂਪੀਅਨ ਸੀ। 1960 ਦੀਆਂ ਓਲੰਪਿਕ ਖੇਡਾਂ 'ਚੋਂ ਗੋਲਡ ਮੈਡਲ ਤੇ 1964 'ਚ ਟੋਕੀਓ ਦੀਆਂ ਓਲੰਪਿਕ ਖੇਡਾਂ 'ਚੋਂ ਸਿਲਵਰ ਮੈਡਲ ਜਿੱਤਣ ਵਾਲਾ ਅਮਰੀਕੀ ਅਥਲੀਟ ਰਾਲਫ ਬੋਸਟਨ, ਬ੍ਰਿਟੇਨ ਦਾ ਲਿਨ ਡੈਵੀਜ਼ ਤੇ ਸੋਵੀਅਤ ਰੂਸ ਦਾ ਇਗੋਰ ਓਵਨੇਸੀਅਨ ਵੀ ਓਲੰਪਿਕ ਮੈਡਲ ਜਿੱਤਣ ਦੇ ਉਮੀਦਵਾਰ ਸਨ। ਬੋਸਟਨ ਬੌਬ ਬੀਮਨ ਵਾਂਗ ਸਿਆਹਫਾਮ ਅਥਲੀਟ ਸੀ ਤੇ ਉਹਦਾ ਕੋਚ ਰਿਹਾ ਸੀ। ਉਹ 84 ਸਾਲ ਦੀ ਉਮਰੇ 2023 'ਚ ਚਲਾਣਾ ਕਰ ਗਿਆ। ਬੌਬ ਬੀਮਨ ਤੋਂ ਵੱਡੀ ਛਾਲ ਮਰਵਾਉਣ 'ਚ ਉਹਦਾ ਵੀ ਹੱਥ ਸੀ।

ਮੈਕਸੀਕੋ ਸਿਟੀ ਸਮੁੰਦਰੀ ਸਤ੍ਹਾ ਤੋਂ ਕਾਫੀ ਉਚੇਰੀ ਜਗ੍ਹਾ ਹੈ ਜਿਸ ਕਰਕੇ ਉਥੋਂ ਦੀ ਹਵਾ ਹਲਕੀ ਹੈ। ਹਲਕੀ ਹਵਾ ਸਪਰਿੰਟਰਾਂ ਤੇ ਛਾਲਾਂ ਲਾਉਣ ਵਾਲਿਆਂ ਲਈ ਤਾਂ ਬਿਹਤਰ ਨਤੀਜੇ ਲਿਆਉਣ ਵਾਲੀ ਹੁੰਦੀ ਹੈ ਜਦ ਕਿ ਲੰਮੀਆਂ ਦੌੜਾਂ ਲਾਉਣ ਵਾਲਿਆਂ ਲਈ ਘਾਟੇਵੰਦੀ ਕਿਉਂਕਿ ਉਸ ਵਿਚ ਆਕਸੀਜਨ ਘੱਟ ਹੁੰਦੀ ਹੈ। ਸਾਹ ਛੇਤੀ ਚੜ੍ਹਦਾ ਹੈ। ਇਹੋ ਕਾਰਨ ਸੀ ਕਿ ਮੈਕਸੀਕੋ ਦੀ ਓਲੰਪਿਕਸ ਵਿਚ ਸਪਰਿੰਟ ਦੌੜਾਂ ਤੇ ਛਾਲਾਂ ਦੇ ਰਿਕਾਰਡ ਵੱਧ ਟੁੱਟੇ ਜਦ ਕਿ ਲੰਮੀਆਂ ਦੌੜਾਂ ਦੇ ਨਾਮਾਤਰ। ਬਲਕਿ ਮੈਰਾਥਨ ਦੌੜ ਲਾਉਣ ਵਾਲੇ ਤਾਂ ਬੇਹੋਸ਼ ਹੋ ਕੇ ਡਿੱਗਦੇ ਵੀ ਰਹੇ। ਬੌਬ ਬੀਮਨ ਦੀ ਇਹ ਪਹਿਲੀ ਓਲੰਪਿਕਸ ਸੀ। ਉਦੋਂ ਉਹ 22 ਸਾਲਾਂ ਦਾ ਸੀ ਜਿਸ ਤੋਂ ਮੈਡਲ ਜਿੱਤਣ ਦੀਆਂ ਵੱਡੀਆਂ ਆਸਾਂ ਸਨ। ਪਰ ਉਹ ਕੁਆਲੀਫਾਈ ਕਰਨ ਦੀਆਂ ਤਿੰਨ ਛਾਲਾਂ 'ਚੋਂ ਪਹਿਲੀਆਂ ਦੋ ਛਾਲਾਂ ਫਾਊਲ ਕਰ ਬੈਠਾ ਸੀ। ਨੌਬਤ ਖੇਡਾਂ 'ਚੋਂ ਬਾਹਰ ਹੋ ਜਾਣ ਦੀ ਆ ਬਣੀ ਸੀ। ਹੁਣ ਸਾਰਾ ਦਾਰੋਮਦਾਰ ਅੰਤਮ ਛਾਲ 'ਤੇ ਸੀ। ਜੇਕਰ ਉਹ ਵੀ ਫਾਊਲ ਹੋ ਜਾਂਦੀ ਜਾਂ ਕੁਆਲੀਫਾਈ ਟੀਚੇ ਤੋਂ ਘੱਟ ਰਹਿ ਜਾਂਦੀ ਤਾਂ ਉਸ ਨੇ ਮੁਕਾਬਲੇ 'ਚੋਂ ਬਾਹਰ ਹੋ ਜਾਣਾ ਸੀ। ਉਹ ਡਾਢਾ ਮਾਯੂਸ ਸੀ।

ਤੀਜੀ ਛਾਲ ਲਾਉਣ ਤੋਂ ਪਹਿਲਾਂ ਉਹਦੇ ਕੋਚ ਰਹੇ ਤੇ ਟੀਮਏਟ ਬਣੇ ਬੋਸਟਨ ਨੇ ਉਸ ਨੂੰ ਠਰੰਮੇ ਨਾਲ ਸਮਝਾਇਆ ਕਿ ਉਹ ਆਖ਼ਰੀ ਛਾਲ ਜੰਪ ਪੱਟੀ ਤੋਂ ਪਿੱਛੋਂ ਵੀ ਲਾਵੇ ਤਾਂ ਵੀ ਉਹ ਆਸਾਨੀ ਨਾਲ ਕੁਆਲੀਫਾਈ ਕਰ ਸਕਦੈ। ਬੌਬ ਬੀਮਨ ਨੇ ਆਪਣਾ ਰਨ ਵੇਅ ਦੁਬਾਰਾ ਮਿਣਿਆ ਅਤੇ ਜੰਪ ਪੱਟੀ ਤੋਂ ਥੋੜ੍ਹਾ ਪਿੱਛੋਂ ਪੈਰ ਚੁੱਕ ਕੇ ਛਾਲ ਮਾਰੀ ਜਿਸ ਨਾਲ ਉਹ ਓਲੰਪਿਕ ਮੁਕਾਬਲੇ ਦੀਆਂ ਫਾਈਨਲ ਛਾਲਾਂ ਲਈ ਕੁਆਲੀਫਾਈ ਕਰ ਗਿਆ।

18 ਅਕਤੂਬਰ 1968 ਨੂੰ ਲੰਮੀ ਛਾਲ ਲਈ ਪਹਿਲੀ ਆਵਾਜ਼ ਵੱਜੀ ਤਾਂ ਰਾਲਫ ਬੋਸਟਨ ਤੇ ਬੌਬ ਬੀਮਨ ਇਕੱਠੇ ਸਰੀਰ ਗਰਮਾਉਣ ਲੱਗੇ। ਬੱਦਲਵਾਈ ਸੀ, ਮੀਂਹ ਪੈਣ ਦਾ ਡਰ ਸੀ। ਸ਼ਾਮ ਦੇ 3:46 ਵਜੇ ਚੈਸਟ ਨੰਬਰ 254 ਦੇ ਚੌਥੇ ਜੰਪਰ ਬੌਬ ਬੀਮਨ ਦਾ ਨਾਂ ਬੋਲਿਆ ਗਿਆ। ਉਹਦੀ ਪਹਿਲੀ ਛਾਲ ਸੀ। ਬੌਬ ਆਪਣੇ ਰੱਨ ਵੇਅ ਦੇ ਮਾਰਕ 'ਤੇ ਗਿਆ। ਰਤਾ ਝੁਕ ਕੇ ਤੇ ਸਿਰ ਘੁਮਾ ਕੇ ਪੈਂਤੜਾ ਲਿਆ। ਉਹਦੀ ਦੌੜ ਤੇਜ਼ ਹੁੰਦੀ ਗਈ ਜੋ 24 ਮੀਲ ਪ੍ਰਤੀ ਘੰਟਾ ਰਫਤਾਰ ਫੜ ਗਈ। ਜੰਪ ਪੱਟੀ ਉੱਤੇ ਪੈਰ ਬਿਲਕੁਲ ਠੀਕ ਪਿਆ। ਉਹ ਸਾਢੇ ਪੰਜ ਤੋਂ ਛੇ ਫੁੱਟ ਉੱਚਾ ਕੁੱਦਿਆ। ਹਵਾ 'ਚ ਕਿੱਕ ਵੀ ਸਹੀ ਲੱਗੀ। ਨਰਮ ਪਿੱਚ ਵਿਚ ਪੈਰ ਅਗਾਂਹ ਕੱਢ ਕੇ ਪਾਸੇ ਪਰਨੇ ਨਹੀਂ ਡਿੱਗਾ ਬਲਕਿ ਡਿੱਗਣ ਸਾਰ ਨਿੱਕੀ ਜਿਹੀ ਛਾਲ ਮਾਰ ਕੇ ਪਿੱਚ ਤੋਂ ਅੱਗੇ ਨਿਕਲ ਗਿਆ। ਜੱਜ ਨੇ ਚਿੱਟੀ ਝੰਡੀ ਦਿੱਤੀ ਜੋ ਸਹੀ ਛਾਲ ਦਾ ਸੰਕੇਤ ਸੀ। ਉਹ ਛਾਲ ਅੱਜ ਵੀ ਵੀਡੀਓ ਤੋਂ ਵੇਖੀ ਜਾ ਸਕਦੀ ਹੈ।

ਬੌਬ ਬੀਮਨ ਛਾਲ ਮਾਰ ਕੇ ਮਿਣਤੀ ਕਰਨ ਵਾਲਿਆਂ ਵੱਲ ਜਾਣ ਦੀ ਥਾਂ ਸਿੱਧਾ ਬੈਂਚ 'ਤੇ ਰੱਖੇ ਟਰੈਕ ਸੂਟ ਵੱਲ ਵਧਿਆ। ਉਸ ਸਮੇਂ ਸਟੇਡੀਅਮ ਵਿਚ 40 ਹਜ਼ਾਰ ਦਰਸ਼ਕ ਮੌਜੂਦ ਸਨ। 1935 ਦਾ ਵਿਸ਼ਵ ਰਿਕਾਰਡੀ ਜੈਸੀ ਓਵੇਂਜ ਓਲੰਪਿਕ ਖੇਡਾਂ ਦਾ ਰੇਡੀਓ ਕੁਮੈਂਟੇਟਰ ਸੀ। ਉਸ ਨੇ ਦੂਰਬੀਨ ਨਾਲ ਬੌਬ ਬੀਮਨ ਦੀ ਛਾਲ ਨੂੰ ਨਿਹਾਰਿਆ ਤੇ ਅੰਦਾਜ਼ਾ ਲਾਇਆ ਕਿ ਇਹ ਛਾਲ ਨਵਾਂ ਰਿਕਾਰਡ ਹੋਵੇਗੀ। ਵਾਰੀ ਦੀ ਉਡੀਕ ਕਰਦੇ ਰਾਲਫ ਬੋਸਟਨ ਨੇ ਲਿਨ ਡੇਵੀਸ ਨੂੰ ਕਿਹਾ, "ਇਹ ਛਾਲ 28 ਫੁੱਟ ਹੋਵੇਗੀ।" ਡੇਵੀਸ ਨੇ ਕਿਹਾ, "ਨਹੀਂ, ਏਨੀ ਨੀ ਹੋ ਸਕਦੀ।" ਬੋਸਟਨ ਨੇ ਫਿਰ ਕਿਹਾ, "28 ਫੁੱਟ ਤੋਂ ਵੱਧ ਹੀ ਹੋਵੇਗੀ।" ਉਦੋਂ ਵਿਸ਼ਵ ਰਿਕਾਰਡ 27 ਫੁੱਟ ਪੌਣੇ 5 ਇੰਚ ਸੀ।

ਸਕੇਲ ਨਾਲ ਛਾਲ 28 ਫੁੱਟ ਤਕ ਹੀ ਮਿਣੀ ਜਾ ਸਕਦੀ ਸੀ। ਸਕੇਲ ਪਾਸੇ ਕਰ ਕੇ ਸਟੀਲ ਦਾ ਫੀਤਾ ਖੋਲ੍ਹ ਲਿਆ ਗਿਆ ਸੀ। ਜਦੋਂ ਮਿਣਤੀ ਹੋਈ ਤਾਂ ਰਾਲਫ ਬੋਸਟਨ ਨੇ ਬੈਂਚ ਕੋਲ ਟਹਿਲਦੇ ਬੌਬ ਬੀਮਨ ਨੂੰ ਸਭ ਤੋਂ ਪਹਿਲਾਂ ਦੱਸਿਆ ਕਿ ਤੇਰੀ ਛਾਲ 29 ਫੁੱਟ ਤੋਂ ਉਪਰ ਹੈ! ਇਹ ਖ਼ਬਰ ਖ਼ੁਸ਼ੀ ਦੇ ਬੰਬ ਵਰਗੀ ਸੀ। ਬੌਬ ਨੇ ਤਾਂ 28 ਫੁੱਟ ਕਰਾਸ ਕਰਨ ਬਾਰੇ ਵੀ ਨਹੀਂ ਸੀ ਸੋਚਿਆ। 29 ਫੁੱਟ ਤੋਂ ਉਪਰ ਸੁਣ ਕੇ ਬੌਬ ਨੂੰ ਜ਼ਬਰਦਸਤ ਜਜ਼ਬਾਤੀ ਦੌਰਾ ਪੈ ਗਿਆ। ਉਹਦੇ ਹੰਝੂ ਉਮਡ ਆਏ। ਹਾਕਲ ਬਾਕਲ ਹੋਇਆ ਉਹ ਗੋਡਣੀਏਂ ਡਿੱਗ ਪਿਆ ਤੇ ਮੂੰਹ ਹੱਥਾਂ ਨਾਲ ਢਕ ਲਿਆ। ਸਾਥੀਆਂ ਨੇ ਉਸ ਨੂੰ ਸੰਭਾਲਿਆ। ਹੋਸ਼ ਪਰਤੀ ਤਾਂ ਉਸ ਨੇ ਧਰਤੀ ਮਾਂ ਨੂੰ ਚੁੰਮਿਆ ਤੇ ਸਾਥੀਆਂ ਦੀ ਸਹਾਇਤਾ ਨਾਲ ਉੱਠ ਖੜ੍ਹਾ ਹੋਇਆ। ਉਸ ਨੇ ਇਕੋ ਛਾਲ ਤੋਂ ਬਾਅਦ ਕੋਈ ਹੋਰ ਛਾਲ ਨਾ ਲਾਈ ਅਤੇ ਅਮਰੀਕੀ ਝੰਡਾ ਚੁੱਕ ਕੇ ਸਟੇਡੀਅਮ ਦਾ ਚੱਕਰ ਲਾਉਣ ਲੱਗਾ। ਸਟੇਡੀਅਮ ਦੇਰ ਤਕ ਤਾੜੀਆਂ ਨਾਲ ਗੂੰਜਦਾ ਰਿਹਾ।

33 ਸਾਲਾਂ ਵਿਚ ਲੰਮੀ ਛਾਲ ਦੇ ਵਿਸ਼ਵ ਰਿਕਾਰਡ 'ਚ 22 ਸੈਂਟੀਮੀਟਰ ਦਾ ਵਾਧਾ ਹੋਇਆ ਸੀ ਪਰ ਉੱਦਣ ਬੌਬ ਬੀਮਨ ਨੇ ਇਕੋ ਦਿਨ 55 ਸੈਂਟੀਮੀਟਰ ਦਾ ਵਾਧਾ ਕਰ ਦਿੱਤਾ ਸੀ! ਉਹਦਾ ਵਿਸ਼ਵ ਰਿਕਾਰਡ ਫਿਰ 23 ਸਾਲਾਂ ਬਾਅਦ 1991 'ਚ ਟੋਕੀਓ ਦੀ ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪਸ ਵਿਚ ਅਮਰੀਕਾ ਦੇ ਮਾਈਕ ਪੌਵਲ ਨੇ 29 ਫੁੱਟ ਸਵਾ 4 ਇੰਚ ਯਾਨੀ 8.95 ਮੀਟਰ ਛਾਲ ਲਾ ਕੇ ਤੋੜਿਆ ਪਰ ਉਹਦਾ ਓਲੰਪਿਕ ਰਿਕਾਰਡ ਅਜੇ ਵੀ ਕਾਇਮ ਹੈ।

ਬੌਬ ਬੀਮਨ ਫਿਰ ਲੰਮੀ ਛਾਲ ਦੇ ਮੁਕਾਬਲਿਆਂ ਤੋਂ ਰਿਟਾਇਰ ਹੋ ਗਿਆ। 1972 ਦੀਆਂ ਓਲੰਪਿਕ ਖੇਡਾਂ 'ਚ ਭਾਗ ਲੈਣ ਦੀ ਥਾਂ ਉਸ ਨੇ ਅਡੈਲਫੀ ਯੂਨੀਵਰਸਿਟੀ ਤੋਂ ਸੋਸ਼ਿਆਲੋਜੀ ਦੀ ਡਿਗਰੀ ਹਾਸਲ ਕੀਤੀ। ਕੈਲੇਫੋਰਨੀਆ ਦੇ ਗਵਰਨਰ ਨਾਲ ਮਿਲ ਕੇ ਅਥਲੈਟਿਕਸ ਦੀ ਪ੍ਰਮੋਸ਼ਨ ਲਈ ਕਈ ਯੂਨੀਵਰਸਿਟੀਆਂ 'ਚ ਕੰਮ ਕੀਤਾ। ਉਹ 'ਆਰਟ ਆਫ਼ ਓਲੰਪੀਅਨਜ਼' ਦਾ ਗ੍ਰਾਫਿਕ ਆਰਟਿਸਟ ਬਣਿਆ, ਨੁਮਾਇਸ਼ਾਂ ਲਾਈਆਂ ਤੇ ਉਸ ਦੇ ਅਜਾਇਬਘਰ ਦਾ ਪਹਿਲਾ ਮੁੱਖ ਕਾਰਜ ਕਰਤਾ ਬਣਿਆ। ਐਲੀਐਂਟ ਇੰਟਰਨੈਸ਼ਨਲ ਯੂਨੀਵਰਸਿਟੀ ਸਾਨ ਡੀਗੋ, ਜਿਸ ਦਾ ਪਹਿਲਾ ਨਾਂ ਯੂ.ਐੱਸ. ਇੰਟਰਨੈਸ਼ਨਲ ਯੂਨੀਵਰਸਿਟੀ ਸੀ, ਵਿਚ ਟ੍ਰੈਕ ਕੋਚ ਦੀਆਂ ਸੇਵਾਵਾਂ ਨਿਭਾਈਆਂ। ਉਸ ਦਾ ਵਿਆਹ ਮਿਲਾਨਾ ਵਾਲਟਰ ਬੀਮਨ ਨਾਲ ਹੋਇਆ ਜਿਸ ਤੋਂ ਦੋ ਬੱਚੇ ਟਮੇਕਾ ਬੀਮਨ ਤੇ ਵਾਲਟਰ ਬੀਮਨ ਹਨ। 1999 ਵਿਚ ਬੌਬ ਬੀਮਨ ਤੇ ਮਿਲਾਨਾ ਬੀਮਨ ਨੇ ਰਲ ਕੇ ਪੁਸਤਕ ਲਿਖੀ 'ਦਿ ਮੈਨ ਹੂ ਕੁਡ ਫਲਾਈ: ਬੌਬ ਬੀਮਨ ਸਟੋਰੀ'।

1983 ਵਿਚ ਜਦੋਂ 'ਯੂਨਾਈਟਿਡ ਸਟੇਟਸ ਓਲੰਪਿਕ ਹਾਲ ਆਫ਼ ਫੇਮ' ਬਣਿਆ ਤਾਂ ਬੌਬ ਬੀਮਨ ਦਾ ਨਾਂ ਸਭ ਤੋਂ ਪਹਿਲਾਂ ਉਕਰਿਆ ਗਿਆ। ਉਸ ਦਾ ਨਾਂ 'ਨੈਸ਼ਨਲ ਟ੍ਰੈਕ ਐਂਡ ਫੀਲਡ ਹਾਲ ਆਫ਼ ਫੇਮ' ਵਿਚ ਵੀ ਦਰਜ ਕੀਤਾ ਗਿਆ। ਐਲ ਪਾਸੋ, ਟੈਕਸਾਸ ਦੀ ਇਕ ਸਟਰੀਟ ਦਾ ਨਾਂ ਬੌਬ ਬੀਮਨ ਸਟਰੀਟ ਰੱਖਿਆ ਗਿਆ। ਉਸ ਦੇ 'ਪ੍ਰਫੈਕਟ ਜੰਪ' ਬਾਰੇ ਅਜੇ ਵੀ ਖੋਜਾਂ ਹੋ ਰਹੀਆਂ ਹਨ ਤੇ ਲਗਾਤਾਰ ਲਿਖਿਆ ਜਾ ਰਿਹੈ। ਆਖ਼ਰ ਲੰਮੀ ਛਾਲ ਲੱਗੇਗੀ ਕਿਥੋਂ ਤਕ? ਕਿੱਥੇ ਤਕ ਹੈ ਮਨੁੱਖ ਦੀ ਸੀਮਾ?

# ਪਰਿਵਾਰਕ ਕਾਮੇਡੀ ਡਰਾਮਾ ਫ਼ਿਲਮ 'ਵੇਖੀ ਜਾ ਛੇੜੀ ਨਾ' ਲੈ ਕੇ ਆ ਰਿਹਾ 'ਮਨਜੀਤ ਸਿੰਘ ਟੋਨੀ'

ਸੁਰਜੀਤ ਜੱਸਲ
ਫੋਟੋ: 98146-07737

ਲਘੂ ਫ਼ਿਲਮਾਂ ਤੋਂ ਵੱਡੀਆ ਫ਼ਿਲਮਾਂ ਵੱਲ ਆਇਆ ਮਨਜੀਤ ਸਿੰਘ ਟੋਨੀ ਅੱਜ ਪੰਜਾਬੀ ਸਿਨਮੇ ਵਿਚ ਨਵੀਆਂ ਪੈੜਾਂ ਪਾ ਰਿਹਾ ਨੌਜਵਾਨ ਲੇਖਕ-ਨਿਰਦੇਸ਼ਕ ਹੈ, ਜਿਸ ਨੇ ਬਹੁਤ ਥੋੜ੍ਹੇ ਸਮੇਂ ਵਿਚ ਅਨੇਕਾਂ ਯਾਦਗਾਰੀ ਫ਼ਿਲਮਾਂ ਦਿੱਤੀਆਂ। ਆਪਣੀ ਫ਼ਿਲਮ 'ਕੁੜਮਾਈਆਂ' ਨਾਲ ਨਾਮੀ ਪੰਜਾਬੀ ਗਾਇਕ ਹਰਜੀਤ ਹਰਮਨ ਨੂੰ ਬਤੌਰ ਨਾਇਕ ਪਰਦੇ 'ਤੇ ਲੈ ਕੇ ਆਇਆ, ਜਿਸ ਵਿਚ ਸਮਾਜਿਕ ਰਿਸ਼ਤਿਆਂ ਤੇ ਪਿਆਰ ਮੁਹੱਬਤਾਂ ਦੀ ਬਾਤ ਪਾਈ। ਇਸ ਤੋਂ ਇਲਾਵਾ 'ਜੱਟਸ ਲੈਂਡ' ਫ਼ਿਲਮ ਰਾਹੀਂ ਧਨਾਢ ਲੋਕਾਂ ਵਲੋਂ ਸ਼ਹਿਰੀਕਰਨ ਦੀ ਆੜ ਹੇਠ ਖੋਹੀਆਂ ਜਾ ਰਹੀਆਂ ਜ਼ਮੀਨਾਂ ਦੀ ਗੱਲ ਕੀਤੀ। ਇਕ ਹੋਰ ਫ਼ਿਲਮ 'ਝੱਲੇ ਪੈ ਗਏ ਪੱਲੇ' ਵਿਚ ਐਨ ਆਰ ਆਈ ਕੁੜੀਆਂ ਨਾਲ ਵਿਆਹ ਕਰਾਉਣ ਦੀ ਹੋੜ੍ਹ ਵਾਲੀ ਨਿਵੇਕਲੀ ਕਹਾਣੀ ਪੇਸ਼ ਕੀਤੀ। ਇਸ ਤੋਂ ਇਲਾਵਾ 'ਤੂੰ ਮੇਰਾ ਕੀ ਲੱਗਦਾ' ਵੀ ਰੁਮਾਂਚਕ ਵਿਸ਼ਿਆਂ ਦੀ ਸੋਹਣੀ ਫ਼ਿਲਮ ਸੀ।

ਬਾਬਾ ਫ਼ਰੀਦ ਦੀ ਧਰਤੀ 'ਤੇ ਜੰਮੇ ਪਲੇ ਮਨਜੀਤ ਸਿੰਘ ਟੋਨੀ ਨੇ ਦੱਸਿਆ ਕਿ ਉਹ ਬਚਪਨ ਤੋਂ ਫ਼ਿਲਮਾਂ ਪ੍ਰਤੀ ਬਹੁਤ ਗੰਭੀਰ ਸੀ। ਹੌਲੀ-ਹੌਲੀ ਇਹ ਗੰਭੀਰਤਾ ਉਸਨੂੰ ਫ਼ਿਲਮ ਕਲਾ ਦੇ ਖੇਤਰ ਤੱਕ ਲੈ ਆਈ। ਉਸਦੇ ਪਰਿਵਾਰ



ਵਿਚ ਪਹਿਲਾਂ ਇਹ ਸ਼ੌਕ ਕਿਸੇ ਨੂੰ ਵੀ ਨਹੀਂ ਸੀ। 2005 ਵਿਚ ਉਸਨੇ ਆਪਣੇ ਕਲਾ ਸਫ਼ਰ ਦੀ ਸ਼ੁਰੂਆਤ ਕੀਤੀ। ਆਪਣੇ ਇਲਾਕੇ ਦੇ ਉੱਘੇ ਫ਼ਿਲਮ ਅਦਾਕਾਰ ਗੁਰਮੀਤ ਸਾਜਨ ਨਾਲ ਮਿਲ ਕੇ ਆਪਣੇ ਕਲਾਕਾਰੀ ਸ਼ੌਕ ਨੂੰ ਅੱਗੇ ਤੋਰਿਆ। ਗੁਰਮੀਤ ਸਾਜਨ ਨਾਲ ਰਲ ਕੇ ਉਸ ਨੇ ਅਨੇਕਾਂ ਲਘੂ ਤੇ ਵੱਡੀਆਂ ਫ਼ਿਲਮਾਂ ਲਈ ਕੰਮ ਕੀਤਾ। ਬਤੌਰ ਲੇਖਕ ਉਸਨੇ ਕਈ ਫ਼ਿਲਮਾਂ ਦੇ ਡਾਇਲਾਗ ਤੇ ਕਹਾਣੀਆਂ ਵੀ ਲਿਖੀਆਂ। ਮੇਹਨਤ ਅਤੇ ਲਗਨ ਨਾਲ ਕੰਮ ਕਰਦਿਆਂ ਮਨਜੀਤ ਸਿੰਘ ਟੋਨੀ ਨੇ ਆਪਣੇ ਫ਼ਿਲਮ ਨਿਰਦੇਸ਼ਨ ਵਿਚ ਨਿਖਾਰ ਲਿਆਂਦਾ।

ਲੇਖਕ-ਨਿਰਦੇਸ਼ਕ ਮਨਜੀਤ ਸਿੰਘ ਟੋਨੀ ਦੀ ਇਨ੍ਹੀਂ ਦਿਨੀਂ ਇਕ ਹੋਰ ਫ਼ਿਲਮ 'ਵੇਖੀ ਜਾ ਛੇੜੀ ਨਾ' ਵੀ ਕਾਫ਼ੀ ਚਰਚਾ ਵਿਚ ਹੈ। ਜਿਸ ਬਾਰੇ ਮਨਜੀਤ ਸਿੰਘ ਟੋਨੀ ਨੇ ਦੱਸਿਆ ਕਿ ਇਸ ਨਿਰੋਲ ਪਰਿਵਾਰਕ ਫ਼ਿਲਮ ਦੀ ਕਹਾਣੀ ਦੋ ਭਰਾਵਾਂ ਦੁਆਲੇ ਘੁੰਮਦੀ ਹੈ, ਜਿਨ੍ਹਾਂ ਦੇ ਵਿਆਹ ਨੂੰ ਲੈ ਕੇ ਪਈ ਉਲਝਣ ਰਿਸ਼ਤਿਆਂ ਦੀ ਤਿਲਕਣਬਾਜ਼ੀ ਫ਼ਿਲਮ ਨੂੰ ਵਧੇਰੇ ਦਿਲਚਸਪ ਬਣਾਉਂਦੀ ਹੈ। ਕਰਮਜੀਤ ਅਨਮੋਲ ਲੰਮ ਸਮੇਂ ਤੋਂ ਫਿਲਮਾਂ ਵਿਚ ਕੀਤੀ ਜਾਂਦੀ ਸਫ਼ਲ ਕਾਮੇਡੀ ਸਦਕਾ ਦਰਸ਼ਕਾਂ ਦਾ ਦਿਲ ਜਿੱਤਦਾ ਆ ਰਿਹਾ ਹੈ। ਹਰ ਫਿਲਮ ਵਿਚ ਉਹ ਆਪਣੀ ਇਸ ਕਲਾ ਦਾ ਸਬੂਤ ਦਿੰਦਾ ਹੈ। ਇਸ ਫ਼ਿਲਮ ਵਿਚ ਵੀ ਉਸਨੇ ਬਾਕਮਾਲ ਕੰਮ ਕੀਤਾ ਹੈ। ਗੁਰਮੀਤ ਸਾਜਨ ਵੀ ਪੰਜਾਬੀ ਫਿਲਮਾਂ 'ਚ ()

(ਬਾਕੀ ਅਗਲੇ ਸਫੇ 'ਤੇ)

# ਧਾਰਮਿਕ ਪ੍ਰਤੀਬੱਧਤਾ ਅਤੇ ਸਮਾਜਿਕ ਸਰੋਕਾਰਾਂ ਦਾ ਸੁੰਦਰ ਸੁਮੇਲ-ਕਾਰ ਸੇਵਾ ਖਡੂਰ ਸਾਹਿਬ

ਬੜੀ ਦੇਰ ਬਾਅਦ ਖਡੂਰ ਸਾਹਿਬ ਜਾਣ ਦਾ ਸਬੱਬ ਬਣਿਆਂ। ਜਾਂ ਇਉਂ ਕਹਿ ਲਈਏ ਕਿ 8 ਗੁਰੂ ਸਾਹਿਬਾਨ ਦੀ ਚਰਨ-ਛੋਹ ਪ੍ਰਾਪਤ ਪਵਿੱਤਰ ਧਰਤੀ ਦੀ ਜ਼ਿਆਰਤ ਕਰਨ ਦੀ 'ਫੇਰਿ ਵਸਾਇਆ ਫੇਰੁਆਣਿ ਸਤਿਗੁਰਿ ਖਾਡੂਰੁ' ਵਾਲੇ ਗੁਰੂ ਬਾਬੇ ਨੇ ਧੁਰ ਅੰਦਰ ਧੂਹ ਪਾਈ ਤੇ ਦਾਸ ਖਿੱਚੀਂਦਾ ਖਿੱਚੀਂਦਾ 'ਢਹਿ ਪਇਆ ਦੁਆਰੈ'।

ਤੀਰਥ ਯਾਤਰਾ ਤਾਂ ਹੋਣੀ ਹੀ ਸੀ ਪਰ ਇਸ ਵਾਰ 'ਬਲਿਹਾਰੀ ਕੁਦਰਤਿ ਵਸਿਆ' ਦੇ ਬੜੇ ਨਿੱਠ ਕੇ ਤੇ ਨੀਝ ਨਾਲ ਦਰਸ਼ਨ-ਦੀਦਾਰੇ ਕੀਤੇ। ਸੋਨੇ 'ਤੇ ਸੁਹਾਗੇ ਵਾਂਗ ਕਾਰ ਸੇਵਾ ਵਾਲੇ ਬਾਬਾ ਜੀ ਪਦਮ ਸ੍ਰੀ ਸੇਵਾ ਸਿੰਘ ਖਡੂਰ ਸਾਹਿਬ ਵਾਲਿਆਂ ਦੀ ਖੁੱਲ੍ਹੀ ਸੰਗਤ ਮਾਣਨ ਦਾ ਮੌਕਾ ਵੀ ਮਿਲ ਗਿਆ।



ਬਾਬਾ ਜੀ ਦੀ ਅਗਵਾਈ ਵਿਚ

**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ: 98766-55055**

ਕਾਰਜਸ਼ੀਲ ਕਾਰ ਸੇਵਾ ਖਡੂਰ ਸਾਹਿਬ ਦੀ ਸੰਸਥਾ ਧਾਰਮਿਕ ਪ੍ਰਤੀਬੱਧਤਾ ਅਤੇ ਸਮਾਜਿਕ ਸਰੋਕਾਰਾਂ ਦਾ ਸੁੰਦਰ ਸੁਮੇਲ ਹੈ। ਮੁਢਲੇ ਰੂਪ ਵਿਚ ਸਿੱਖ ਧਾਰਮਿਕ ਸਥਾਨਾਂ ਦੀ ਸਾਂਭ-ਸੰਭਾਲ ਅਤੇ ਉਨ੍ਹਾਂ ਨਾਲ ਸਬੰਧਤ ਹੋਰ ਕਾਰਜ ਕਰਨ ਹਿਤ ਹੋਂਦ ਵਿਚ ਆਈ ਇਸ ਸੰਸਥਾ ਨੇ ਬਾਬਾ ਸੇਵਾ ਸਿੰਘ ਦੀ ਅਗਵਾਈ ਵਿਚ ਅਤੇ ਸੰਗਤਾਂ ਦੇ ਸਹਿਯੋਗ ਨਾਲ ਧਾਰਮਿਕ ਵਿਵਹਾਰਿਕਤਾ ਦੇ ਮੱਦੇਨਜ਼ਰ ਵਾਤਾਵਰਨ, ਵਿਦਿਆ, ਖੇਡਾਂ, ਵਿਕਾਸ ਕਾਰਜਾਂ, ਵਣ-ਤ੍ਰਿਣ, ਪੇੜ-ਪੌਦੇ, ਵਨਸਪਤੀ ਅਤੇ ਹੋਰ ਸਮਾਜਿਕ ਸਰੋਕਾਰਾਂ ਨੂੰ ਵੀ ਆਪਣੇ ਕਲਾਵੇ ਵਿਚ ਲੈ ਲਿਆ ਹੈ। ਕਾਦਰ ਦੀ ਕੁਦਰਤ ਤੋਂ ਦੂਰ ਹੋ ਰਹੇ ਮਨੁੱਖ ਨੂੰ ਕਰਤਾਰੀ ਕਲਾਵੇ ਵਿਚ ਲਿਆਉਣ ਦੇ ਕਾਰਗਰ ਉਪਰਾਲੇ ਕੀਤੇ ਹਨ।

ਪੌਦੇ ਕਾਦਰ ਦੀ ਕੁਦਰਤ ਵਿਚ ਕੀਤੀ ਗਈ ਪੇਂਟਿੰਗ ਹਨ! ਇਕ ਪਰਮ-ਸ਼ਾਇਰ ਦੀ ਕਾਇਨਾਤੀ ਸ਼ਾਇਰੀ!

ਕਾਰ ਸੇਵਾ ਖਡੂਰ ਸਾਹਿਬ ਵਲੋਂ ਹੁਣ ਤਕ 7.5 ਲੱਖ ਪੌਦੇ ਲਗਾਏ ਜਾ ਚੁੱਕੇ ਹਨ! ਇਹ ਪੰਜਾਬ, ਹਰਿਆਣਾ, ਦਿੱਲੀ, ਰਾਜਸਥਾਨ, ਮੱਧ ਪ੍ਰਦੇਸ਼ ਵਿਚ ਲਗਾਏ ਗਏ ਹਨ।

ਹੁਣ ਬਾਬਾ ਸੇਵਾ ਸਿੰਘ ਹੋਰਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਰਣਿਤ 63 ਰੁੱਖਾਂ-ਬਿਰਖਾਂ ਦੀ ਇਕ ਗੁਰਸ਼ਬਦੀ ਵਣ/ਵਾਟਿਕਾ ਲਗਾਉਣ ਦੀ ਨਵੀਂ ਮੁਹਿੰਮ ਵਿਢਣ ਦਾ ਫੈਸਲਾ ਕੀਤਾ ਹੈ। ਇਨ੍ਹਾਂ ਵਿਚੋਂ ਉਹ 43 ਪੌਦੇ ਤਾਂ ਨਰਸਰੀ ਵਿਚ ਉਗਾ ਚੁੱਕੇ ਹਨ ਅਤੇ ਬਾਕੀ ਬਚਦੇ 20 ਪੌਦਿਆਂ ਨੂੰ ਪ੍ਰਾਪਤ ਕਰਨ ਲਈ ਯਤਨਸ਼ੀਲ ਹਨ।

ਨਰਸਰੀ ਵਿਚ ਲੱਗੇ ਇਕ ਵਡ-ਅਕਾਰੀ ਬੋਰਡ ਉਪਰ ਇਨ੍ਹਾਂ 63 ਪੌਦਿਆਂ ਦੇ ਨਾਮ, ਗੁਰਬਾਣੀ ਦੀਆਂ ਟੂਕਾਂ ਦਾ ਹਵਾਲਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਅੰਗਾਂ ਦਾ ਜ਼ਿਕਰ ਵੀ ਕੀਤਾ ਗਿਆ ਹੈ। ਮਿਸਾਲ ਵਜੋਂ-"ਬਟਕ ਬੀਜ ਮਹਿ ਰਵਿ ਰਹਿਓ ਜਾ ਕੋ ਤੀਨਿ ਲੋਕ ਬਿਸਥਾਰ"॥ (ਅੰਗ:340)

ਇਨ੍ਹਾਂ 63 ਕਿਸਮਾਂ ਨੂੰ 10 ਸ਼੍ਰੇਣੀਆਂ ਵਿਚ ਵੰਡਿਆ ਗਿਆ ਹੈ-ਛਾਂਦਾਰ, ਫਲਦਾਰ, ਫੁੱਲਦਾਰ, ਖੁਸ਼ਬੂਦਾਰ ਬੂਟੇ, ਜੜ੍ਹੀਆਂ ਬੂਟੀਆਂ, ਵੇਲਾਂ, ਘਾਹ-ਬੂਟ, ਅਨਾਜ, ਫੁਟਕਲ ਅਤੇ ਕਲਪਿਤ ਰੁੱਖ। ਆਖਰੀ ਸ਼੍ਰੇਣੀ ਵਿਚ ਪਾਰਜਾਤ (ਹਾਰ-ਸ਼ਿੰਗਾਰ) ਅਤੇ ਕਲਪਤਰ ਰੱਖੇ ਗਏ ਹਨ।

ਸੇਵਾ ਦੇ ਪੁੰਜ ਅਤੇ 'ਪੌਦਾ-ਪੁਰਖ' ਬਾਬਾ ਸੇਵਾ ਸਿੰਘ ਦੇ ਪੌਦਾ-ਪ੍ਰੇਮ ਦਾ ਨਤੀਜਾ ਹੀ ਹੈ ਕਿ ਖਡੂਰ ਸਾਹਿਬ ਤੋਂ 10-12 ਕਿਲੋਮੀਟਰ ਉਰ੍ਹੇ ਹੀ ਬਿਰਖਾਂ ਦੇ ਇਸ ਆਭਾ-ਮੰਡਲ ਦੀ ਮਹਿਮਾ ਮਹਿਸੂਸ ਹੋਣ ਲੱਗ ਪੈਂਦੀ ਹੈ। ਜਿਸ ਪਾਸਿਉਂ ਵੀ ਮਰਜ਼ੀ ਜਾਓ, ਸੜਕਾਂ ਕਿਨਾਰੇ ਲੱਗੇ ਹਰੇ ਭਰੇ ਬਿਰਖ-ਬੂਟੇ, ਜਿਨ੍ਹਾਂ ਦੇ ਹੇਠਲੇ ਬੰਨੇ ਸਫੈਦ ਰੰਗ ਕੀਤਾ ਹੋਇਐ, ਬਿਨ ਬੋਲੇ ਦੱਸ ਦਿੰਦੇ ਹਨ ਕਿ ਤੁਸੀਂ ਦਰਖਤਾਂ ਦੇ ਦੇਸ ਆ ਗਏ ਹੋ, ਬਸ ਗੁਰੂ ਦਾ ਦੁਆਰ ਆਉਣ ਵਾਲਾ ਹੀ ਹੈ!

ਬਾਬਾ ਜੀ ਦੀ ਦੂਰ-ਦ੍ਰਿਸ਼ਟੀ ਨੇ ਇਸ ਗੱਲ ਨੂੰ ਭਲੀਭਾਂਤ ਭਾਂਪ ਲਿਆ ਕਿ ਬੰਦੇ ਦਾ ਕੁਦਰਤ ਤੋਂ ਦੂਰ ਹੋਣਾ ਖੁਦ ਬੰਦੇ ਲਈ ਹੀ ਘਾਤਕ ਸਾਬਤ ਹੋ ਰਿਹਾ ਹੈ। ਇਸ ਲਈ ਉਨ੍ਹਾਂ ਧਾਰਮਿਕ ਅਸਥਾਨਾਂ ਦੇ ਕਾਰਜਾਂ ਨਾਲ ਵਾਤਾਵਰਣ ਪ੍ਰਦੂਸ਼ਣ ਦੀ ਸਮੱਸਿਆ ਦੇ ਹੱਲ ਅਤੇ ਵਿਦਿਆ ਦੇ ਪਾਸਾਰ ਦਾ ਬੀੜਾ ਚੁੱਕਿਆ।

ਖਡੂਰ ਸਾਹਿਬ ਨੂੰ ਆਉਣ ਵਾਲੀਆਂ 7 ਮੁੱਖ ਸੜਕਾਂ ਤੋਂ ਇਲਾਵਾ ਪਿੰਡਾਂ ਦੀਆਂ ਸੜਕਾਂ ਉਪਰ ਵੀ ਦਰਖਤ ਲਗਾਏ ਗਏ ਹਨ। ਅਜਿਹਾ ਕਰਨ ਨਾਲ ਜਿਥੇ ਸੜਕਾਂ ਸ਼ਿੰਗਾਰੀਆਂ ਗਈਆਂ, ਓਥੇ ਨਾਲ ਹੀ ਹਰਿਆਵਲ ਦੀ ਸਕੂਨੀ-ਦਿੱਖ ਅਤੇ ਪ੍ਰਦੂਸ਼ਣ ਤੋਂ ਰੋਕਥਾਮ ਵੀ ਹੋਣ ਲੱਗ ਪਈ।

ਇਹ ਹਰਾ ਧਨ ਕੁਲ 500 ਕਿਲੋਮੀਟਰ ਸੜਕਾਂ ਉਪਰ ਸਜਾਇਆ ਗਿਆ ਹੈ।

ਲਗਾਏ ਗਏ ਪੌਦਿਆਂ ਦੀ ਸਾਂਭ-ਸੰਭਾਲ ਲਈ 50 ਸੇਵਾਦਾਰਾਂ ਦੁਆਰਾ 12 ਟੈਂਕਰਾਂ ਰਾਹੀਂ ਪਾਣੀ ਪਾਉਣ, ਮੁਰਝਾਏ ਜਾਂ ਕਿਸੇ ਕਾਰਨ ਵਸ ਜੜ੍ਹ ਪਕੜਨੋਂ ਅਸਮਰੱਥ ਪੌਦਿਆਂ ਦੀ ਥਾਂ ਹੋਰ ਪੌਦੇ ਲਾਉਣ ਲਈ ਨਿਰੰਤਰ ਉਪਰਾਲੇ ਕਰਦੇ ਰਹਿੰਦੇ ਹਨ। ਬਾਬਾ ਜੀ ਅਨੁਸਾਰ ਪੌਦਾ ਲਾਉਣਾ ਜ਼ਰੂਰੀ ਹੈ ਪਰ ਉਸ ਨੂੰ ਬੱਚਿਆਂ ਵਾਂਗ ਪਾਲ-ਪੋਸ ਕੇ ਪਰਵਾਨ ਚੜ੍ਹਾਉਣਾ ਵੀ ਲਾਜ਼ਮੀ ਹੈ!

ਇਨ੍ਹਾਂ ਪੇੜ-ਪੌਦਿਆਂ ਦੀ ਪਨੀਰੀ ਲਈ ਖਡੂਰ ਸਾਹਿਬ ਵਿਚ ਕੋਈ 8-10 ਏਕੜ ਦੇ ਕਰੀਬ ਰਕਬੇ ਵਿਚ ਨਰਸਰੀ ਹੈ ਜਿੱਥੇ ਛੋਟੇ-ਵੱਡੇ 100 ਕਿਸਮ ਦੇ ਪੌਦੇ ਤਿਆਰ ਕੀਤੇ ਜਾਂਦੇ ਹਨ। ਇਨ੍ਹਾਂ ਦੀ ਦੇਖ-ਰੇਖ ਬੜੀ ਜਾਣਕਾਰੀ ਰੱਖਣ ਵਾਲੇ ਸੇਵਾਦਾਰ ਦਵਿੰਦਰ ਸਿੰਘ ਕਰਦੇ ਹਨ।

ਇਕ ਨਰਸਰੀ ਗਵਾਲੀਅਰ ਵਿਚ ਵੀ ਹੈ।

ਨਰਸਰੀਆਂ ਵਿਚ ਚਾਰ ਸ਼੍ਰੇਣੀਆਂ ਦੇ ਪੌਦੇ ਪਾਲੇ ਜਾਂਦੇ ਹਨ-ਛਾਂਦਾਰ, ਫਲਦਾਰ, ਫੁੱਲਦਾਰ ਅਤੇ ਔਸ਼ਧੀਜਨਕ/ਜੜੀਆਂ-ਬੂਟੀਆਂ ਵਾਲੇ (ਹਰਬਲ ਪਲਾਂਟਜ਼)।

ਸਾਡਾ ਧਿਆਨ ਨਰਸਰੀ ਵਿਚਲੇ ਜਿਨ੍ਹਾਂ ਪੌਦਿਆਂ ਨੇ ਸਭ ਤੋਂ ਵਧੇਰੇ ਖਿੱਚਿਆ ਉਹ ਸਨ 30-35 ਕਿਸਮ ਦੇ ਹਰਬਲ ਪਲਾਂਟਜ਼ ਭਾਵ ਦੁਆ-ਦਾਰੂ ਦੇ ਰੂਪ ਵਾਲੇ ਬਹੁਤ ਹੀ ਗੁਣਕਾਰੀ ਪੌਦੇ। ਇਨ੍ਹਾਂ ਵਿਚ ਸੁਹੰਜਨਾਂ, ਹਰੜ, ਬਹੇੜਾ, ਆਂਵਲਾ (ਤ੍ਰਿਫਲਾ) ਰੀਠਾ, ਅਰਜਨ, ਸਾਗਵਾਨ, ਨਿੰਮ, ਇੰਸੋਲੀਨ, ਦਾਲਚੀਨੀ, ਕਚਨਾਰ, ਚਿੱਟਾ ਚੰਦਨ, ਨਾਗ ਕੇਸਰ, ਢੱਕ, ਮੁਸ਼ਕ ਕਪੂਰ, ਤੋਤਾਫਲ, ਤੇਜਪੱਤਰ (ਬਿਲਪੱਤਰ), ਮੋਰਿੰਗਾ, ਬਾਂਸ ਆਦਿ ਸ਼ਾਮਲ ਹਨ।

'ਗੁਰੂ ਨਾਨਕ ਦੇਵ ਯਾਦਗਾਰੀ ਜੰਗਲ' ਤਹਿਤ ਹੁਣ ਤਕ 286 ਜੰਗਲ ਲਗਾਏ ਜਾ ਚੁੱਕੇ ਹਨ ਅਤੇ ਇਨ੍ਹਾਂ ਵਿਚ 1.5 ਲੱਖ ਰੁੱਖ ਲਗਾਏ ਗਏ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਵੀ 50 ਏਕੜ ਰਕਬੇ ਵਿਚ ਇਹ ਜੰਗਲ ਲਗਾਏ ਜਾਣ ਦੀ ਸਹਿਮਤੀ ਪ੍ਰਗਟ ਕੀਤੀ ਗਈ ਹੈ। ਇਸ 'ਚੋਂ 20 ਏਕੜ ਰਕਬੇ ਵਿਚ ਇਹ ਜੰਗਲ ਲਗਾਏ ਜਾ ਚੁੱਕੇ ਹਨ।

ਪੰਜਾਬ, ਹਰਿਆਣਾ, ਰਾਜਸਥਾਨ ਅਤੇ ਮੱਧ ਪ੍ਰਦੇਸ਼ ਵਿਚ ਕੁਲ 140 ਏਕੜ ਰਕਬਾ ਗੁਰੂ ਨਾਨਕ ਦੇਵ ਯਾਦਗਾਰੀ ਜੰਗਲਾਂ ਹੇਠ ਆ ਚੁੱਕਾ ਹੈ।

ਜਨਤਕ ਥਾਂਵਾਂ ਜਿਵੇਂ ਵਿਦਿਅਕ ਸੰਸਥਾਵਾਂ, ਹਸਪਤਾਲਾਂ, ਸ਼ਮਸ਼ਾਨ ਘਾਟਾਂ ਅਤੇ ਹੋਰ ਥਾਂਵਾਂ ਜਿਵੇਂ ਪੰਜਾਬ ਦੀਆਂ ਜੇਲ੍ਹਾਂ, ਬਰਸਾਤੀ ਨਾਲਿਆਂ ਅਤੇ ਨਹਿਰਾਂ ਦੇ ਕਿਨਾਰਿਆਂ ਉਪਰ ਵੀ ਪੌਦੇ ਲਗਾਏ ਗਏ ਹਨ।

ਖਡੂਰ ਸਾਹਿਬ ਦੇ ਪਵਿੱਤਰ ਸਰੋਵਰ ਦੀ ਪਰਿਕਰਮਾ ਵਿਚ ਵੀ ਪੌਦੇ ਲਗਾਏ ਗਏ ਹਨ। ਇੰਝ ਵਾਤਾਵਰਣ ਦੀ ਸਾਂਭ-ਸੰਭਾਲ ਨੂੰ ਸਰਬ-ਸਾਂਝੀਵਾਲਤਾ ਦਾ ਸੰਦੇਸ਼-ਵਾਹਕ ਬਣਾਇਆ ਗਿਆ ਹੈ। ਇਸ ਕਾਰਨ ਹੀ ਬਾਬਾ ਜੀ ਨੂੰ 'ਗਰੀਨ ਬਾਬਾ' ਦਾ ਲਕਬ ਦਿੱਤਾ ਜਾਂਦੈ!

ਜੈਵਿਕ ਖੇਤੀ, ਪਾਰਕਾਂ, ਬਾਗਵਾਨੀ ਨੂੰ ਉਤਸ਼ਾਹਿਤ ਕੀਤਾ ਜਾ ਰਿਹੈ। ਕਾਰ ਸੇਵਾ ਸੰਸਥਾ ਵਲੋਂ ਖਡੂਰ ਸਾਹਿਬ ਲਾਗਲੇ ਪਿੰਡ ਮੰਡਾਲਾ ਵਿਚ ਜੈਵਿਕ ਖੇਤੀ ਸ਼ੁਰੂ ਕੀਤੀ ਗਈ ਹੈ। ਅਨੇਕਾਂ ਪਾਰਕ ਬਣਾਏ ਗਏ ਹਨ। ਗਵਾਲੀਅਰ ਵਿਖੇ ਸਪੈਸ਼ਲ ਏਰੀਆ ਡਿਵੈਲਪਮੈਂਟ ਅਥਾਰਿਟੀ ਵਲੋਂ ਇਕ ਨਵਾਂ ਸ਼ਹਿਰ 'ਨਿਊ ਗਵਾਲੀਅਰ' ਵਸਾਇਆ ਜਾ ਰਿਹਾ ਹੈ। ਇਸ ਦੇ 10 ਪਾਰਕਾਂ ਦੀ ਤਿਆਰੀ ਅਤੇ ਸਾਂਭ-ਸੰਭਾਲ ਦਾ ਕਾਰਜ ਕਾਰ ਸੇਵਾ ਖਡੂਰ ਸਾਹਿਬ ਨੂੰ ਸੌਂਪਿਆ ਗਿਆ ਹੈ। ਦਸਾਂ ਗੁਰੂਆਂ ਦੇ ਨਾਮ 'ਤੇ ਰੱਖੇ ਜਾਣ ਵਾਲੇ ਇਨ੍ਹਾਂ ਪਾਰਕਾਂ ਵਿਚ ਪੰਜਾਬ ਦੇ ਰਵਾਇਤੀ ਬੂਟੇ ਜਿਵੇਂ ਬੋਹੜ, ਪਿੱਪਲ, ਨਿੰਮ, ਬੇਰੀ, ਪਿਲਕਣ, ਆਂਵਲਾ, ਜਾਮਣ ਅਤੇ ਟਾਹਲੀ ਆਦਿ ਲਗਾਏ ਜਾਣਗੇ।

ਇਸ ਤੋਂ ਇਲਾਵਾ ਕਾਰ ਸੇਵਾ ਖਡੂਰ ਸਾਹਿਬ ਨੇ ਪ੍ਰਸਤਾਵਿਤ ਦਿੱਲੀ-ਜੰਮੂ ਕਟੜਾ ਐਕਸਪਰੈਸ ਵੇਅ, ਜੋ ਇਤਿਹਾਸਕ ਸਿੱਖ ਗੁਰਧਾਮਾਂ ਸੁਲਤਾਨਪੁਰ ਲੋਧੀ, ਤਰਨ ਤਾਰਨ, ਗੋਇੰਦਵਾਲ, ਖਡੂਰ ਸਾਹਿਬ ਅਤੇ ਅੰਮ੍ਰਿਤਸਰ ਸਾਹਿਬ ਨੂੰ ਜੋੜੇਗਾ, ਦੇ ਗਿਰਦ ਪੌਦੇ ਲਗਾਉਣ ਦੀ ਪੇਸ਼ਕਸ਼ ਵੀ ਕੀਤੀ ਹੈ।

ਉਪਰੋਕਤ ਤੋ ਇਲਾਵਾ 'ਬਾਬਾ ਸਾਧੂ ਸਿੰਘ ਬਾਗ' ਖਡੂਰ ਸਾਹਿਬ ਵਿਚ ਦੋ ਦਰਜਨ ਤੋਂ ਵੱਧ ਕਿਸਮ ਦੇ ਫਲਦਾਰ ਪੌਦੇ ਹਨ। ਇਨ੍ਹਾਂ ਵਿਚ ਕਿੰਨੂ,



*ਪਦਮ ਸ਼੍ਰੀ ਬਾਬਾ ਸੇਵਾ ਸਿੰਘ, ਕਾਰ ਸੇਵਾ, ਖਡੂਰ ਸਾਹਿਬ ਵਾਲੇ।*

ਚੀਕੂ, ਚਕੋਤਰਾ, ਅੰਬ, ਅਮਰੂਦ, ਜਾਮਣ, ਬੇਰ, ਬਦਾਮ, ਨਾਖਾਂ, ਆੜੂ, ਲੀਚੀ, ਅਲੂਚਾ, ਆਲੂ ਬੁਖਾਰਾ, ਫਾਲਸਾ, ਮੁਸੰਮੀ, ਮਾਲਟਾ, ਸਿਟਰਸ ਫਲ, ਸੀਤਾਫਲ, ਕੇਲੇ, ਕਟਹਲ ਆਦਿ ਸ਼ਾਮਲ ਹਨ। ਇਹ ਫਲ ਗੁਰੂ ਦੇ ਲੰਗਰਾਂ ਵਿਚ ਵਰਤਾਏ ਜਾਂਦੇ ਹਨ।

ਵੱਡੇ ਪੱਧਰ ਉਪਰ ਨਾਖਾਂ ਦੀ ਪਨੀਰੀ ਤਿਆਰ ਕੀਤੀ ਜਾ ਰਹੀ ਹੈ ਜੋ ਤਰਨ ਤਾਰਨ ਅਤੇ ਅੰਮ੍ਰਿਤਸਰ ਦੇ ਇਲਾਕਿਆਂ ਵਿਚ ਵੰਡੀ ਜਾਵੇਗੀ, ਕਿਉਂਕਿ ਪੱਟੀ ਤੋਂ ਇਲਾਵਾ ਇਨ੍ਹਾਂ ਇਲਾਕਿਆਂ ਦੀ ਜ਼ਮੀਨ ਇਸ ਫਲ ਲਈ ਬੜੀ ਸਾਜ਼ਗਾਰ ਸਮਝੀ ਜਾਂਦੀ ਹੈ। ਕਾਰ ਸੇਵਾ ਦੀ ਸੰਸਥਾ ਵਿਦਿਆ ਦਾ ਪ੍ਰਕਾਸ਼ ਪ੍ਰਚੰਡ ਕਰਨ ਹਿਤ 8 ਸਕੂਲ ਅਤੇ ਦੋ ਕਾਲਜ ਚਲਾ ਰਹੀ ਹੈ। ਇਨ੍ਹਾਂ ਵਿਚੋਂ ਬਹੁਤੇ ਸਰਹੱਦੀ ਇਲਾਕੇ ਦੇ ਇਸ ਦਿਹਾਤੀ ਖੇਤਰ ਵਿਚ ਸਥਾਪਤ ਹਨ ਤਾਂ ਕਿ ਪਿੰਡਾਂ ਦੇ ਬੱਚੇ ਪੜ੍ਹਾਈ ਵਲੋਂ ਵਿਰਵੇ ਨਾ ਰਹਿ ਜਾਣ। ਗਵਾਲੀਅਰ ਵਿਚ ਵੀ ਵਿਦਿਅਕ ਸੰਸਥਾਵਾਂ ਚੱਲਦੀਆਂ ਹਨ।

ਬਾਬਾ ਸੇਵਾ ਸਿੰਘ ਜੀ ਦਾ ਇਕ ਉੱਤਮ ਉਪਰਾਲਾ ਨਿਸ਼ਾਨ-ਏ-ਸਿੱਖੀ ਮੀਨਾਰ ਅੰਦਰ ਚਲਾਏ ਜਾਂਦੇ 5 ਇੰਸਟੀਚਿਊਟਸ ਹਨ-ਸ੍ਰੀ ਗੁਰੂ ਅੰਗਦ ਦੇਵ ਇੰਸਟੀਚਿਊਟ ਆਫ ਰਿਲੀਜੀਅਸ ਸਟੱਡੀਜ਼, ਇੰਸਟੀਚਿਊਟ ਆਫ ਸਾਇੰਸ ਐਂਡ ਟਰੇਨਿੰਗ-ਨੀਟ, ਜੀ ਵਿੰਗ, ਇੰਸਟੀਚਿਊਟ ਆਫ ਸਾਇੰਸ ਐਂਡ ਟਰੇਨਿੰਗ-ਯੂ.ਪੀ.ਐਸ.ਸੀ, ਆਈ,ਏ.ਐਸ. ਵਿੰਗ,ਇੰਸਟੀਚਿਊਟ ਆਫ ਸਾਇੰਸ ਐਂਡ ਟਰੇਨਿੰਗ-ਐਨ.ਡੀ.ਏ. ਵਿੰਗ, ਸ੍ਰੀ ਗੁਰੂ ਅੰਗਦ ਦੇਵ ਇੰਸਟੀਚਿਊਟ ਆਫ ਕੈਰੀਅਰ ਐਂਡ ਕੋਰਸਿਜ਼।

ਇਨ੍ਹਾਂ ਸੰਸਥਾਵਾਂ ਵਿਚ ਫੌਜ ਵਿਚ ਅਫਸਰ ਵਜੋਂ ਭਰਤੀ ਹੋਣ,ਸਿਵਲ ਸੇਵਾਵਾਂ ਵਿਚ ਜਾਣ ਦੇ ਇੱਛੁਕ ਅਤੇ ਧਾਰਮਿਕ ਸਿੱਖਿਆ ਲੈਣ ਦੇ ਚਾਹਵਾਨਾਂ ਨੂੰ ਵਿਸ਼ਾ-ਮਾਹਿਰਾਂ ਵਲੋਂ ਵਿਸ਼ੇਸ਼ ਸਿਖਲਾਈ/ਪੜ੍ਹਾਈ ਕਰਵਾਈ ਜਾਂਦੀ ਹੈ।

ਸੇਵਾ-ਮੁਕਤ ਮੇਜਰ ਜਨਰਲ ਬਲਵਿੰਦਰ ਸਿੰਘ (ਵੀ.ਐਸ.ਐਮ) ਦੀ ਅਗਵਾਈ ਵਿਚ ਐਨ.ਡੀ.ਏ. ਦੀ ਟਰੇਨਿੰਗ ਲੈ ਰਹੇ ਕੈਡਿਟਾਂ ਵਿਚੋਂ ਇਸ ਵਾਰ 5 ਜਣੇ ਲੈਫਟੀਨੈਂਟ ਦੇ ਅਹੁਦੇ ਲਈ ਚੁਣੇ ਗਏ ਹਨ। 15 ਜਣਿਆਂ ਨੇ ਲਿਖਤੀ ਟੈਸਟ ਪਾਸ ਕੀਤਾ ਸੀ। ਹੁਣ ਤਕ ਇੰਸਟੀਚਿਊਟ ਤੋਂ ਸਿਖਲਾਈ ਪ੍ਰਾਪਤ ਕੁਲ 24 ਵਿਦਿਆਰਥੀ ਐਨ.ਡੀ.ਏ. ਲਈ ਚੁਣੇ ਜਾ ਚੁਕੇ ਹਨ ਅਤੇ 90 ਮਰਚੈਂਟ ਨੇਵੀ ਲਈ।

ਸਰਹੱਦੀ ਜ਼ਿਲ੍ਹੇ ਤਰਨ ਤਾਰਨ ਵਿਚ ਸਥਿਤ ਖਡੂਰ ਸਾਹਿਬ ਦੇ ਇੰਸਟੀਚਿਊਟ ਤੋਂ ਸਿਖਲਾਈ ਪ੍ਰਾਪਤ ਇਸ ਵਾਰ ਲੈਫਟੀਨੈਂਟ ਲਈ ਚੁਣੇ ਗਏ 5 ਸਿਖਿਆਰਥੀਆਂ 'ਚੋਂ 4 ਦਿਹਾਤੀ ਪਿਛੋਕੜ ਵਾਲੇ ਅਤੇ ਆਮ ਪਰਿਵਾਰਾਂ ਵਿਚੋਂ ਹਨ।

ਕੈਰੀਅਰ ਐਂਡ ਕੋਰਸਿਜ਼ ਦੀਆਂ ਪੰਜ ਸਿਖਿਆਰਥਣਾਂ ਪੁਲਿਸ ਵਿਚ ਸਬ-ਇੰਸਪੈਕਟਰ ਭਰਤੀ ਹੋ ਚੁੱਕੀਆਂ ਹਨ। ਧਾਰਮਿਕ ਪੜ੍ਹਾਈ ਤਹਿਤ ਕਈ ਖੋਜਾਰਥੀ ਪੀ.ਐਚ.ਡੀ. ਕਰ ਰਹੇ ਹਨ।

ਇਸ ਤੋਂ ਇਲਾਵਾ ਸ੍ਰੀ ਗੁਰੂ ਅੰਗਦ ਦੇਵ ਜੀ ਦੁਆਰਾ ਸ਼ੁਰੂ ਕੀਤੇ ਗਏ ਮੱਲ ਅਖਾੜੇ ਨੂੰ ਸਮਰਪਿਤ ਬਾਬਾ ਉੱਤਮ ਸਿੰਘ ਨੈਸ਼ਨਲ ਹਾਕੀ ਅਕੈਡਮੀ ਚੱਲ ਰਹੀ ਹੈ।

ਬਾਬਾ ਗੁਰਮੁਖ ਸਿੰਘ ਜੀ ਦੁਆਰਾ ਇਤਿਹਾਸਕ ਗੁਰਧਾਮਾਂ ਦੀ ਸਾਂਭ-ਸੰਭਾਲ ਲਈ ਸਥਾਪਤ ਕੀਤੀ ਗਈ ਕਾਰ ਸੇਵਾ ਦੀ ਇਹ ਸੰਸਥਾ ਐਸ ਵੇਲੇ ਬਾਬਾ ਸੇਵਾ ਸਿੰਘ ਦੀ ਅਗਵਾਈ ਵਿਚ ਸੰਗਤਾਂ ਦੇ ਸਹਿਯੋਗ ਨਾਲ ਪੰਜਾਬ, ਰਾਜਸਥਾਨ ਅਤੇ ਮੱਧ ਪ੍ਰਦੇਸ਼ ਵਿਚ ਅਨੇਕਾਂ ਧਾਰਮਿਕ ਅਸਥਾਨਾਂ ਦੀ ਸਾਂਭ-ਸੰਭਾਲ/ਕਾਰ ਸੇਵਾ ਕਰ ਰਹੀ ਹੈ।

ਅੱਜ ਕੱਲ੍ਹ ਮਾਤਾ ਖੀਵੀ ਬਹੁ-ਇਮਾਰਤੀ ਲੰਗਰ ਹਾਲ ਦਾ ਵਿਸਥਾਰ ਕੀਤਾ ਜਾ ਰਿਹਾ ਹੈ। ਬੜੇ ਹੀ ਉਤਸ਼ਾਹ ਨਾਲ ਸੰਗਤਾਂ ਕਾਰ ਸੇਵਾ ਵਿਚ ਰੁੱਝੀਆਂ ਹੋਈਆਂ ਹਨ। ਮਾਤਾ ਖੀਵੀ ਜੀ ਵਲੋਂ ਸੰਗਤ ਨੂੰ ਲੰਗਰ ਵਿਚ ਖੀਰ ਵਰਤਾਉਣ ਦੀ ਰਵਾਇਤ ਨੂੰ ਬਰਕਰਾਰ ਰੱਖਿਆ ਗਿਆ ਹੈ ਅਤੇ ਹਰ ਰੋਜ਼ ਲੰਗਰ ਵਿਚ ਖੀਰ ਵਰਤਾਈ ਜਾਂਦੀ ਹੈ-

"ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ॥
ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ॥(ਅੰਗ 967)

ਚਾਟੀ ਦੀ ਲੱਸੀ ਦਾ ਲੰਗਰ ਵੀ ਚਲਦਾ ਰਹਿੰਦੈ।

ਦੂਜੀ ਪਾਤਸ਼ਾਹੀ ਸ੍ਰੀ ਗੁਰੂ ਅੰਗਦ ਦੇਵ ਜੀ ਵਲੋਂ ਗੁਰਮੁਖੀ ਲਿਪੀ (ਪੈਂਤੀ) ਦੀ ਵਰਣਮਾਲਾ ਨੂੰ ਵਿਧੀ-ਵਧ ਤਰਤੀਬ ਦਿੱਤੀ ਗਈ ਸੀ। ਇਸ ਪੱਖ ਨੂੰ ਸਾਹਮਣੇ ਰਖਦੇ ਹੋਏ ਬਾਬਾ ਸੇਵਾ ਸਿੰਘ ਜੀ ਵਲੋਂ ਹੁਣ ਤਕ 10,000 ਖੱਦਰ ਦੇ ਬਣੇ ਬੈਗ, ਜਿਨ੍ਹਾਂ ਉਪਰ ਗੁਰਮੁਖੀ ਦੇ 35 ਅੱਖਰ ਉਕਰੇ ਹੋਏ ਹਨ, ਵੰਡੇ ਜਾ ਚੁੱਕੇ ਹਨ। ਇਕ ਪੰਥ ਦੋ ਕਾਜ ਵਾਂਗ ਪੰਜਾਬੀ ਬੋਲੀ ਪ੍ਰਤੀ ਪ੍ਰੇਮ ਦੇ ਨਾਲ ਨਾਲ ਪਲਾਸਟਿਕ-ਮੁਕਤ ਵਿਵਸਥਾ ਦਾ ਸੰਦੇਸ਼ ਵੀ ਉਕਰਿਐ-'ਪਲਾਸਟਿਕ ਬੈਗਾਂ ਤੋਂ ਪਰੇ ਰਹੋ' ਅਤੇ 'ਵਾਤਾਵਰਣ ਦੀ ਰੱਖਿਆ, ਜੀਵਨ ਦੀ ਸੁਰੱਖਿਆ' ਦਾ ਸੁਨੇਹਾ ਵੀ ਦਿੱਤਾ ਗਿਐ। ਦੋ ਦੀ ਬਜਾਏ ਤਿੰਨ ਕਾਜ ਹੋ ਗਏ! ਤੇ ਚੌਥਾ ਬੈਗ!

ਕਿਹਾ ਜਾਂਦੈ ਕਿ 'ਬਾਗ ਮੇਂ ਜਾਂਨੇ ਕੇ ਕੁਛ ਆਦਾਬ ਹੂਆ ਕਰਤੇ ਹੈਂ/ਕਿਸੀ ਫੂਲ ਕੀ ਪੱਤੀ ਕੋ ਨਾਂ ਤੋੜਾ ਜਾਏ"।

ਖਡੂਰ ਸਾਹਿਬ ਦੀ ਨਰਸਰੀ/ਬਾਗ ਵਿਚ ਜਾਣ ਸਮੇਂ ਗੁਰਬਾਣੀ ਦੀਆਂ ਹੇਠਲੀਆਂ ਪੰਕਤੀਆਂ ਲਿਖੀਆਂ ਮਿਲਦੀਆਂ ਹਨ:

"ਤੋਰਉ ਨ ਪਾਤੀ ਪੂਜਉ ਨ ਦੇਵਾ॥
ਰਾਮ ਭਗਤਿ ਬਿਨੁ ਨਿਹਫਲ ਸੇਵਾ"॥(ਅੰਗ 1158)

ਸਿੱਖੀ ਵਿਚ ਸੇਵਾ ਇਕ ਨਿਰਸੁਆਰਥ ਵਰਤਾਰਾ ਹੈ ਜੋ ਸੰਗਤਾਂ ਉਤਸ਼ਾਹਪੂਰਵਕ ਅਤੇ ਆਪਣੀ ਮਰਜ਼ੀ ਤੇ ਸ਼ਰਧਾ ਨਾਲ ਕਰਦੀਆਂ ਹਨ। ਸੇਵਾ/ਕਾਰ-ਸੇਵਾ ਧਾਰਮਿਕ ਅਸਥਾਨਾਂ ਦੀ ਸਾਂਭ-ਸੰਭਾਲ ਦੇ ਨਾਲ ਨਾਲ ਬੰਦੇ ਦੇ ਧੁਰ ਅੰਦਰ ਤਕ ਆਤਮਿਕ ਸਕੂਨ ਦੀ ਦਾਤ ਬਖਸ਼ਦੀ ਹੈ,ਕਿਉਂਕਿ

"ਜਾ ਕੈ ਮਸਤਕਿ ਭਾਗ ਸਿ ਸੇਵਾ ਲਾਇਆ"॥(ਅੰਗ 457)

ਅਤੇ ਬਾਬਾ ਸੇਵਾ ਸਿੰਘ ਜੀ, ਜਿਨ੍ਹਾਂ ਦੇ ਨਾਮ ਵਿਚ ਹੀ ਸ਼ਬਦ 'ਸੇਵਾ' ਹੈ, ਕਾਰ-ਸੇਵਾ ਖਡੂਰ ਸਾਹਿਬ ਦੀ ਸੰਸਥਾ ਨੂੰ ਪ੍ਰਸ਼ੰਸਾਦਾਇਕ ਅਤੇ ਪ੍ਰੇਰਣਾਮਈ ਢੰਗ ਨਾਲ ਅਗਵਾਈ ਦੇ ਰਹੇ ਹਨ। ਤੇ ਉਦਮੀ ਸੰਗਤਾਂ ਸਿਦਕੀ ਸਹਿਯੋਗ ਦੇ ਰਹੀਆਂ ਹਨ!



*ਸੜਕਾਂ ਦੇ ਦੋਵੇਂ ਪਾਸੇ ਕਾਰ ਸੇਵਾ ਦੀ ਸੰਸਥਾ ਵਲੋਂ ਲਗਾਏ ਗਏ ਰੁੱਖ (ਫੋਟੋ:ਨਿਸ਼ਾਨ-ਏ-ਸਿੱਖੀ ਦੇ ਸਹਿਯੋਗ ਨਾਲ)*

## ਪਰਿਵਾਰਕ ਕਾਮੇਡੀ ਡਰਾਮਾ ਫ਼ਿਲਮ 'ਵੇਖੀ ਜਾ ਛੇੜੀ ਨਾ' ਲੈ ਕੇ ਆ ਰਿਹਾ 'ਮਨਜੀਤ ਸਿੰਘ ਟੋਨੀ'

*(ਪਿਛਲੇ ਸਫੇ ਦੀ ਬਾਕੀ)*

ਹਾਸਰਸ ਪੈਦਾ ਕਰਨ ਵਾਲਾ ਪਾਤਰ ਨਿਭਾਉਂਦਾ ਆ ਰਿਹਾ ਹੈ।


23 ਫਰਵਰੀ ਨੂੰ ਦੇਸ਼-ਵਿਦੇਸ਼ ਵਿਚ ਵ੍ਹਾਈਟ ਹਿੱਲ ਵਲੋਂ ਵੱਡੇ ਪੱਧਰ 'ਤੇ ਰਿਲੀਜ਼ ਕੀਤੀ ਜਾ ਰਹੀ ਇਸ ਫ਼ਿਲਮ ਵਿਚ ਕਰਮਜੀਤ ਅਨਮੋਲ, ਸਿਮਰ ਖਹਿਰਾ, ਲਵ ਗਿੱਲ, ਗੁਰਮੀਤ ਸਾਜਨ, ਮਹਾਂਵੀਰ ਭੁੱਲਰ, ਪ੍ਰਕਾਸ਼ ਗਾਧੂ, ਜਤਿੰਦਰ ਕੌਰ, ਪਰਮਿੰਦਰ ਗਿੱਲ, ਰੁਪਿੰਦਰ ਕੌਰ, ਦਲਵੀਰ ਬਬਲੀ, ਨੀਟਾ ਤੰਬੜਭਾਨ ਤੇ ਮਿੰਨੀ ਮੇਹਰ ਮਿੱਤਲ ਨੇ ਅਹਿਮ ਕਿਰਦਾਰ ਨਿਭਾਏ ਹਨ। ਜ਼ਿਕਰਯੋਗ ਹੈ ਕਿ ਇਸ ਫ਼ਿਲਮ ਰਾਹੀਂ ਸਿਨਮੇ ਦੇ ਨਾਮੀ ਤੇ ਥੀਏਟਰ ਦੇ ਉਭਰਦੇ ਕਲਾਕਾਰਾਂ ਨੂੰ ਪਰਦੇ 'ਤੇ ਲਿਆਂਦਾ ਗਿਆ ਹੈ।

ਇਸ ਫ਼ਿਲਮ ਦੇ ਨਿਰਮਾਤਾ ਗੁਰਮੀਤ ਸਾਜਨ ਹਨ ਤੇ ਸਹਿ ਨਿਰਮਾਤਾ ਬਾਗੀ ਸੰਧੂ ਰੁੜਕਾ ਕਲਾਂ (ਯੂ ਕੇ) ਹਨ। ਇਸ ਤੋਂ ਇਲਾਵਾ ਕਾਰਜਕਾਰੀ ਨਿਰਮਾਤਾ ਰਜਤ ਮਲਹੋਤਰਾ, ਐਸੋਸੀਏਟ ਨਿਰਦੇਸ਼ਕ ਬਿਕਰਮਜੀਤ ਗਿੱਲ, ਫੋਟੋਜੈਨਿਕ ਗੁਰਮੀਤ ਅਤੇ ਕ੍ਰਿਏਟਿਵ ਡਾਇਰੈਕਟਰ ਸੁਜਾਲ ਫ਼ਿਰੋਜ਼ਪੁਰੀਆ ਹਨ, ਜਿਨ੍ਹਾਂ ਨੇ ਇਸ ਫ਼ਿਲਮ ਨੂੰ ਬੇਹਤਰ ਬਣਾਉਣ ਵਿਚ ਅਹਿਮ ਭੂਮਿਕਾ ਨਿਭਾਈ ਹੈ। ਫ਼ਿਲਮ ਦੇ ਸਿਨਮੈਟੋਗ੍ਰਾਫਰ ਬਰਿੰਦਰ ਸਿੱਧੂ ਹਨ। ਜ਼ਿਕਰਯੋਗ ਹੈ ਕਿ ਜਿੱਥੇ ਇਸ ਫ਼ਿਲਮ ਦੀ ਕਹਾਣੀ ਤੇ ਡਾਇਲਾਗ ਦਰਸ਼ਕਾਂ ਨੂੰ ਪ੍ਰਭਾਵਿਤ ਕਰਨਗੇ, ਉੱਥੇ ਫ਼ਿਲਮ ਦਾ ਗੀਤ-ਸੰਗੀਤ ਵੀ ਦਿਲ-ਟੁੰਬਵਾਂ ਹੋਵੇਗਾ। ਫ਼ਿਲਮ ਦੀ ਕਹਾਣੀ ਤੇ ਸਕਰੀਨ ਪਲੇਅ ਮਨਜੀਤ ਸਿੰਘ ਟੋਨੀ ਤੇ ਗੁਰਮੀਤ ਸਾਜਨ ਨੇ ਲਿਖਿਆ ਹੈ। ਡਾਇਲਾਗ ਗਗਨਦੀਪ ਸਿੰਘ ਨੇ ਲਿਖੇ ਹਨ।

ਪੰਜਾਬੀ ਫ਼ਿਲਮਾਂ ਦੇ ਮਾਰਗ 'ਤੇ ਸਹਿਜੇ ਕਦਮ ਚੱਲਣ ਵਾਲੇ ਨਿਰਦੇਸ਼ਕ ਮਨਜੀਤ ਸਿੰਘ ਟੋਨੀ ਭਵਿੱਖ ਵਿਚ ਵੀ ਕਈ ਵੱਡੀਆਂ ਫ਼ਿਲਮਾਂ ਨਾਲ ਸਰਗਰਮ ਰਹੇਗਾ।

# ਕੈਂਸਰ ਦਾ ਹਰ ਉਮਰ ਵਿਚ ਵਧ ਰਿਹਾ ਹੈ ਅੰਕੜਾ

***"ਵਿਸ਼ਵ ਕੈਂਸਰ ਦਿਵਸ-2024 ਦਾ ਥੀਮ ਹੈ- ਕੇਅਰ ਗੈਪ ਨੂੰ ਬੰਦ ਕਰੋ: ਹਰ ਆਦਮੀ ਕੈਂਸਰ ਕੇਅਰ ਤੱਕ ਪਹੁੰਚ ਦਾ ਹੱਕਦਾਰ ਹੈ। ਲਾਈਫ ਸਟਾਈਲ ਨਾਲ ਜੁੜੀ ਆਮ ਬਣ ਚੁੱਕੀ ਬਿਮਾਰੀ ਕੈਂਸਰ ਦਾ ਵਧ ਰਿਹਾ ਅੰਕੜਾ ਵਿਸ਼ਵ ਪੱਧਰ 'ਤੇ ਚਿੰਤਾ ਬਣ ਚੁੱਕਾ ਹੈ। ਡਰੱਗਜ਼, ਵੀਡ, ਵੇਪਸ, ਤੰਬਾਕੂ, ਜੰਕ-ਫੂਡ, 'ਤੇ ਪ੍ਰੈਗਨੈਂਸੀ ਦੌਰਾਨ ਅਲਕੋਹਲ ਦੀ ਵਰਤੋਂ ਪ੍ਰਤੀ ਜਾਗਰੂਕ ਹੋਣ ਦੇ ਨਾਲ-ਨਾਲ ਕੰਟਰੋਲ ਕਰਨਾ ਵੀ ਜ਼ਰੂਰੀ ਹੋ ਗਿਆ ਹੈ"- ਅਨਿਲ ਧੀਰ***



**ਅਨਿਲ ਧੀਰ**

4 ਫਰਵਰੀ 2024 ਵਾਲੇ ਦਿਨ ਰਾਸ਼ਟਰੀ-ਅੰਤਰਰਾਸ਼ਟਰੀ ਪੱਧਰ 'ਤੇ ਵਿਸ਼ਵ ਕੈਂਸਰ ਦਿਵਸ ਮਨਾ ਕੇ ਹਰ ਆਦਮੀ ਨੂੰ ਜਾਗਰੂਕ ਕੀਤਾ ਜਾ ਗਿਆ ਹੈ। ਵਿਸ਼ਵ ਸਿਹਤ ਸੰਸਥਾ ਮੁਤਾਬਿਕ, ਸਾਲ 2022 'ਚ ਅੰਦਾਜ਼ਨ 20 ਮਿਲੀਅਨ ਨਵੇਂ ਕੈਂਸਰ ਦੇ ਕੇਸ ਆਏ ਹਨ ਅਤੇ 9.7 ਮਿਲੀਅਨ ਮੌਤ ਦੇ ਸ਼ਿਕਾਰ ਹੋਏ ਹਨ। ਕੈਂਸਰ ਦੀ ਜਾਂਚ ਤੋਂ ਬਾਅਦ 5 ਸਾਲ ਦੇ ਅੰਦਰ ਜ਼ਿੰਦਾ ਰਹਿਣ ਵਾਲਿਆਂ ਦਾ ਅੰਕੜਾ ਕਰੀਬਨ 53.5 ਮਿਲੀਅਨ ਸੀ। ਲਗਭਗ 5 ਵਿਚੋਂ 1 ਵਿਅਕਤੀ ਆਪਣੇ ਜੀਵਨ ਕਾਲ 'ਚ ਕੈਂਸਰ ਦਾ ਵਿਕਾਸ ਕਰਦਾ ਹੈ, ਲੱਗਭਗ 9 ਵਿਚੋਂ 1 ਪੁਰਸ਼ ਅਤੇ 12 ਵਿਚੋਂ 1 ਔਰਤ ਇਸ ਬਿਮਾਰੀ ਨਾਲ ਮੌਤ ਦਾ ਸ਼ਿਕਾਰ ਹੋ ਜਾਂਦੀ ਹੈ।

ਹਰ ਸਾਲ, ਇਸ ਦਿਨ ਵਿਸ਼ਵ ਭਰ 'ਚ ਹਰ ਪੱਧਰ 'ਤੇ ਆਨਲਾਈਨ ਅਤੇ ਔਫਲਾਈਨ ਕੈਂਸਰ ਪ੍ਰਤੀ ਗਤੀਵਿਧੀਆਂ, ਜਾਗਰੂਕਤਾ ਇਕ ਸ਼ਕਤੀਸ਼ਾਲੀ ਰੀਮਾਈਂਡਰ ਵਜੋਂ ਕੰਮ ਕਰਦੀਆਂ ਹਨ ਕਿ ਹਰ ਆਦਮੀ ਕੈਂਸਰ ਦੇ ਬੋਝ ਨੂੰ ਘਟਾਉਣ ਅਤੇ ਜਾਗਰੂਕਤਾ ਪੈਦਾ ਕਰਨ 'ਚ ਆਪਣੀ ਭੂਮਿਕਾ ਨਿਭਾਉਂਦਾ ਹੈ। ਵਿਸ਼ਵ ਭਰ ਵਿਚ ਜਾਨਲੇਵਾ ਬਿਮਾਰੀ ਕੈਂਸਰ, ਬੱਚੇ, ਨੌਜਵਾਨ, ਮੱਧ ਉਮਰ, ਅਤੇ ਸੀਨੀਅਰਜ਼ ਵਿਚ ਤੇਜ਼ੀ ਨਾਲ ਵਧ ਰਹੀ ਹੈ। ਕੈਂਸਰ ਦੁਨੀਆ ਭਰ ਵਿਚ ਮੌਤ ਦਾ ਦੂਜਾ ਕਾਰਨ ਬਣ ਗਈ ਹੈ। ਹਰ ਸਾਲ ਘੱਟ ਅਤੇ ਦਰਮਿਆਨੀ ਆਮਦਨੀ ਵਾਲੇ ਦੇਸ਼ਾਂ ਵਿਚ ਲਗਭਗ 83%ਅਤੇ ਅੰਦਾਜ਼ਨ 11 ਮਿਲੀਅਨ ਲੋਕ ਕੈਂਸਰ ਕਾਰਨ ਮੌਤ ਦਾ ਸ਼ਿਕਾਰ ਹੋ ਜਾਂਦੇ ਹਨ। ਹਰ ਸਾਲ ਵਿਸ਼ਵ ਭਰ ਵਿਚ ਅੰਦਾਜ਼ਨ 300,000 ਤੋਂ ਵੱਧ ਬੱਚੇ ਕੈਂਸਰ ਦਾ ਸ਼ਿਕਾਰ ਹੋ ਰਹੇ ਹਨ। ਡਬਲਯੂਐਚਓ ਨੇ ਕਿਹਾ ਹੈ ਕਿ ਬਚਪਨ ਦੀ ਕੈਂਸਰ ਪ੍ਰਤੀ ਵਚਨਬੱਧਤਾ ਅਤੇ ਕੈਂਸਰ ਅਵੇਅਰਨੈੱਸ ਪ੍ਰੋਗਰਾਮਾਂ ਨੂੰ ਤਰਜੀਹ ਵੀ ਦੇ ਰਿਹਾ ਹੈ। ਗਲੋਬਲ ਅਤੇ ਰਾਸ਼ਟਰੀ, ਖੇਤਰੀ ਪੱਧਰ 'ਤੇ ਵੱਖਰੀ ਰਣਨੀਤੀ ਅਤੇ ਗਤੀਵਿਧੀਆਂ ਨਾਲ ਕੈਂਸਰ ਨਾਲ ਪੀੜਤ ਬੱਚਿਆਂ ਲਈ ਮਿਆਰੀ ਸੇਵਾਵਾਂ ਪ੍ਰਦਾਨ ਕਰਨ ਲਈ ਠੋਸ ਉਪਰਾਲੇ ਕਰ ਰਹੇ ਹਾਂ।

ਕੈਂਸਰ ਦਾ ਭਾਰ ਵਿਸ਼ਵਵਿਆਪੀ ਪੱਧਰ 'ਤੇ ਵਧਦਾ ਜਾ ਰਿਹਾ ਹੈ। ਸਿਰਫ ਅਮਰੀਕਾ ਵਿਚ ਕੈਂਸਰ ਦੀ ਕੁੱਲ ਸਾਲਾਨਾ ਆਰਥਿਕ ਲਾਗਤ 1.16 ਟ੍ਰਿਲੀਅਨ ਦਾ ਅਨੁਮਾਨ ਹੈ ਪਰ ਦੁਨੀਆ ਭਰ ਵਿਚ ਕੈਂਸਰ ਕਾਰਨ ਹੋਣ ਵਾਲਾ ਖਰਚ ਵੀ ਕਈ ਟ੍ਰਿਲੀਅਨ ਤੋਂ ਵੱਧ ਹੈ। ਬਿਮਾਰੀ ਦਾ ਛੇਤੀ ਪਤਾ ਲਗਾਉਣ ਅਤੇ ਇਲਾਜ ਦੇ ਸਾਧਨਾਂ ਦੀ ਨਵੀਂ ਰਣਨੀਤੀ ਨਾਲ ਹਰ ਸਾਲ ਕਰੀਬਨ 3.7 ਮਿਲੀਅਨ ਲੋਕਾਂ ਦੀ ਜ਼ਿੰਦਗੀ ਬਚਾਈ ਜਾ ਸਕਦੀ ਹੈ। ਕੈਂਸਰ ਦੇ ਬੋਝ ਨੂੰ ਘੱਟ ਕਰਨ ਵਿਚ ਹਰ ਆਦਮੀ ਨੂੰ "ਮੈਂ ਕਰ ਸਕਦਾ ਹਾਂ, ਯਾਨਿ ਅਸੀਂ ਕਰ ਸਕਦੇ ਹਾਂ" ਵਰਗੀ ਸੋਚ ਨੂੰ ਬਰਕਰਾਰ ਰੱਖਣ ਦੀ ਲੋੜ ਹੈ ਤਾਂ ਕਿ ਕੈਂਸਰ ਨਾਲ ਹੋਣ ਵਾਲੀਆਂ ਮੌਤਾਂ ਨੂੰ ਘੱਟ ਕਰਨ ਲਈ ਰਲ-ਮਿਲ ਕੇ ਗਲੋਬਲ ਟੀਚਿਆਂ ਨੂੰ ਹਾਸਲ ਕੀਤਾ ਜਾ ਸਕੇ।

ਕੈਂਸਰ ਇਕ ਜੈਨੇਟਿਕ ਬਿਮਾਰੀ ਹੈ- ਯਾਨਿ ਕੈਂਸਰ ਜੀਨਾਂ ਵਿਚ ਕੁੱਝ ਤਬਦੀਲੀਆਂ ਕਰਕੇ ਹੋ ਜਾਂਦਾ ਹੈ, ਜੋ ਸਾਡੇ ਸੈੱਲਾਂ ਦੇ ਕੰਮ ਨੂੰ ਕੰਟਰੋਲ ਕਰਦੇ ਹਨ। ਕੈਂਸਰ ਬਿਮਾਰੀਆਂ ਦਾ ਇੱਕ ਵੱਡਾ ਸਮੂਹ ਹੁੰਦਾ ਹੈ ਜੋ ਸਰੀਰ ਦੇ ਲਗਭਗ ਕਿਸੇ ਵੀ ਅੰਗ ਜਾਂ ਟਿਸ਼ੂ ਵਿਚ ਸ਼ੁਰੂ ਹੋ ਸਕਦਾ ਹੈ ਜਦੋਂ ਅਸਧਾਰਨ ਸੈੱਲ ਬੇਕਾਬੂ ਹੋ ਜਾਂਦੇ ਹਨ। ਸਰੀਰ ਦੇ ਨਾਲ ਲੱਗਦੇ ਅੰਗਾਂ ਜਾਂ ਹਿੱਸਿਆਂ ਉੱਤੇ ਅਟੈਕ ਅਤੇ ਅੰਗਾਂ ਵਿਚ ਫੈਲਣ ਦੀਆਂ ਸੀਮਾਵਾਂ ਪਾਰ ਕਰ ਜਾਂਦੇ ਹਨ। ਬਾਅਦ ਦੀ ਪ੍ਰਕਿਰਿਆ ਨੂੰ ਮੈਟਾਸਟਾਸਾਈਜ਼ਿੰਗ ਕਿਹਾ ਜਾਂਦਾ ਹੈ ਅਤੇ ਇਹ ਕੈਂਸਰ ਤੋਂ ਮੌਤ ਦਾ ਕਾਰਨ ਬਣਦਾ ਹੈ। ਫੇਫੜੇ, ਪ੍ਰੋਸਟੇਟ, ਕੋਲੋਰੇਕਟਲ, ਪੇਟ, ਅਤੇ ਜਿਗਰ ਦਾ ਕੈਂਸਰ ਮਰਦਾਂ ਵਿਚ, ਅਤੇ ਔਰਤਾਂ ਵਿਚ ਛਾਤੀ, ਬੱਚੇਦਾਨੀ, ਥਾਇਰਾਈਡ, ਫੇਫੜੇ ਅਤੇ ਕੋਲੋਰਟਲ ਦਾ ਕੈਂਸਰ ਆਮ ਦੇਖਣ ਨੂੰ ਮਿਲ ਰਿਹਾ ਹੈ। 30-50% ਕੈਂਸਰ ਨਾਲ ਹੋਣ ਵਾਲੀਆਂ ਮੌਤਾਂ ਦੇ ਮੁੱਖ ਜੋਖਮ ਕਾਰਕਾਂ ਨੂੰ ਕੰਟਰੋਲ ਜਾਂ ਪਰਹੇਜ਼ ਕਰ ਕੇ ਅਤੇ ਰੋਕਥਾਮ ਰਣਨੀਤੀਆਂ ਨੂੰ ਲਾਗੂ ਕਰ ਕੇ ਮੌਤ ਦਾ ਅੰਕੜਾ ਘਟਾਇਆ ਜਾ ਸਕਦਾ ਹੈ। ਕੈਂਸਰ ਦੀ ਸ਼ੁਰੂਆਤ ਦਾ ਪਤਾ ਲਗਾਉਣ ਲਈ ਸਟੀਕ ਐਡਵਾਂਸ ਜਾਂਚ ਪ੍ਰਕਿਰਿਆ ਨਾਲ ਬਿਮਾਰੀ ਨੂੰ ਨਿਯੰਤਰਣ ਕੀਤਾ ਜਾ ਸਕਦਾ ਹੈ।

**ਕਾਰਨ:**

- ਉਮਰ: ਉਮਰ ਦੇ ਮੁਤਾਬਿਕ 61 ਸਾਲ ਦੀ ਉਮਰ ਵਿਚ ਛਾਤੀ ਦਾ ਕੈਂਸਰ, 66 ਸਾਲ ਵਿਚ ਪ੍ਰੋਸਟੇਟ, 68 ਦੀ ਉਮਰ ਵਿਚ ਕੋਲੋਰੈਕਟਲ ਕੈਂਸਰ, 70 ਦੀ ਉਮਰ ਵਿਚ ਫੇਫੜਿਆਂ ਦਾ ਕੈਂਸਰ ਜ਼ਿਆਦਾ ਦੇਖਿਆ ਜਾ ਰਿਹਾ ਹੈ।
- ਅਲਕੋਹਲ: ਦੀ ਬੇਹਿਸਾਬ ਵਰਤੋਂ ਮੂੰਹ, ਠੋਡੀ, ਵੌਇਸ ਬਾਕਸ, ਜਿਗਰ ਅਤੇ ਛਾਤੀ ਦੇ ਕੈਂਸਰ ਦੇ ਖਤਰੇ ਨੂੰ ਵਧਾ ਰਹੀ ਹੈ।




- ਸੋਜ਼ਿਸ਼: ਇੱਕ ਸਧਾਰਣ ਸਰੀਰਕ ਪ੍ਰਤੀਕਰਮ ਹੈ ਜੋ ਟਿਸ਼ੂ ਨੂੰ ਠੀਕ ਕਰਨ ਦਾ ਕਾਰਨ ਬਣਦਾ ਹੈ। ਇਹ ਪ੍ਰਕਿਰਿਆ ਉਦੋਂ ਸ਼ੁਰੂ ਹੁੰਦੀ ਹੈ ਜਦੋਂ ਖਰਾਬ ਹੋਏ ਟਿਸ਼ੂ ਦੁਆਰਾ ਰਸਾਇਣ ਜਾਰੀ ਕੀਤੇ ਜਾਂਦੇ ਹਨ। ਇਸਦੇ ਜਵਾਬ ਵਿਚ ਚਿੱਟੇ ਖੂਨ ਦੇ ਸੈੱਲ ਉਹ ਪਦਾਰਥ ਬਣਾਉਂਦੇ ਹਨ ਜੋ ਸੈੱਲਾਂ ਵਿਚ ਵੰਡ ਪਾਉਂਦੇ ਹਨ ਅਤੇ ਸੱਟ ਨੂੰ ਠੀਕ ਕਰਨ ਵਿਚ ਮਦਦ ਕਰਨ ਲਈ ਟਿਸ਼ੂ ਦੁਬਾਰਾ ਬਣਾਉਣ ਵਿਚ ਵਾਧਾ ਕਰਦੇ ਹਨ।
- ਹਾਰਮੋਨਜ਼: ਫੀਮੇਲ ਸੈਕਸ ਹਾਰਮੋਨਜ਼ ਐਸਟਰੋਜਨਜ਼ ਗਰੁੱਪ ਨੂੰ ਕਾਰਸਿਨਜ਼ ਦੇ ਤੌਰ ਲਈ ਜਾਣਿਆ ਜਾਂਦਾ ਹੈ। ਹਾਲਾਂਕਿ ਇਨ੍ਹਾਂ ਦੀ ਔਰਤ-ਮਰਦਾਂ ਵਿਚ ਖਾਸ ਸਰੀਰਕ ਭੂਮਿਕਾ ਹੈ। ਮੇਨੋਪੋਜ਼ਲ ਹਾਰਮੋਨ ਥੈਰੇਪੀ (ਐਸਟ੍ਰੋਜਨ ਪਲੱਸ ਪ੍ਰਜੈਸਟਿਨ, ਜੋ ਕਿ ਫੀਮੇਲ ਹਾਰਮੋਨ ਪ੍ਰੋਜੇਸਟੀਰੋਨ ਦਾ ਸਿੰਥੈਟਿਕ ਸੰਸਕਰਣ ਹੈ ਲੈਣ ਨਾਲ ਛਾਤੀ ਦੇ ਕੈਂਸਰ ਦਾ ਖਤਰਾ ਵਧਾ ਸਕਦਾ ਹੈ।
- ਇਮਯੂਨੋਸਪਰੈਸਿਵ: ਦਵਾਈਆਂ ਦੀ ਵਰਤੋਂ ਕੈਂਸਰ ਦਾ ਕਾਰਨ ਬਣਨ ਵਾਲੀ ਇਨਫੈਕਸ਼ਨ ਨਾਲ ਲੜਨ ਲਈ ਕੀਤੀ ਜਾਂਦੀ ਹੈ।
- ਵਾਇਰਸ: ਬੈਕਟੀਰੀਆ ਅਤੇ ਪਰਜੀਵੀ ਸਮੇਤ ਕੁੱਝ ਛੂਤਕਾਰੀ ਏਜੰਟ ਕੈਂਸਰ ਦੇ ਖਤਰੇ ਨੂੰ ਵਧਾ ਸਕਦੇ ਹਨ। ਕੁੱਝ ਵਾਇਰਸ, ਬੈਕਟੀਰੀਆ ਅਤੇ ਪਰਜੀਵੀ ਵੀ ਗੰਭੀਰ ਸੋਜ਼ਿਸ਼ ਦਾ ਕਾਰਨ ਬਣਦੇ ਹਨ, ਜਿਸ ਨਾਲ ਕੈਂਸਰ ਹੋ ਸਕਦਾ ਹੈ।
- ਮੋਟਾਪਾ: ਔਰਤਾਂ ਵਿਚ ਛਾਤੀ, ਕੋਲਨ, ਗੁਦਾ, ਐਂਡੋਮੈਟ੍ਰੀਅਮ (ਬੱਚੇਦਾਨੀ), ਕਿਡਨੀ ਅਤੇ ਪੈਨਕ੍ਰੀਅਸ ਦੇ ਕੈਂਸਰ ਦਾ ਖਤਰਾ ਵਧਾ ਸਕਦਾ ਹੈ।
- ਰੇਡੀਏਸ਼ਨ: ਡੀ ਐਨ ਏ ਨੂੰ ਨੁਕਸਾਨ ਪਹੁੰਚਾਉਣ ਅਤੇ ਕੈਂਸਰ ਦਾ ਕਾਰਨ ਬਣਨ ਵਿਚ ਆਇਓਨਾਈਜ਼ਿੰਗ ਰੇਡੀਏਸ਼ਨ ਵਿਚ ਰੇਡਨ, ਐਕਸ-ਰੇਅ, ਗਾਮਾ ਕਿਰਨਾਂ, ਵੀ ਕੈਂਸਰ ਦੀ ਸੰਭਾਵਨਾ ਵਧਾ ਦਿੰਦੀ ਹੈ।
- ਸੂਰਜ ਦੀਆਂ ਕਿਰਣਾਂ: ਸੂਰਜ, ਸਨਲੈਂਪਸ, ਅਤੇ ਟੈਨਿੰਗ, ਯੂਵੀ ਰੇਡੀਏਸ਼ਨ ਦੇ ਐਕਸਪੋਜ਼ਰ ਹੋਣ ਨਾਲ ਚਮੜੀ ਦਾ ਕੈਂਸਰ ਹੋ ਸਕਦਾ ਹੈ।
- ਇੰਡਸਟਰੀਅਲ, ਸਿਗਰੇਟ ਅਤੇ ਘਰੇਲੂ ਧੂੰਆਂ ਵੀ ਕਾਰਨ ਬਣ ਸਕਦਾ ਹੈ।
- ਫੇਫੜਿਆਂ ਦੇ ਕੈਂਸਰ ਨਾਲ ਹੋਣ ਵਾਲੀ ਮੌਤ ਦਾ ਕਾਰਨ ਸਿਗਰੇਟ-ਤੰਬਾਕੂ ਪੀਣ ਵਾਲੇ ਲੋਕ ਹਨ। ਕਦੇ-ਕਦੇ ਸਿਗਰੇਟ ਪੀਣ ਵਾਲੇ ਵੀ 15-30% ਜ਼ਿਆਦਾ ਲੰਗ ਕੈਂਸਰ ਦੇ ਸ਼ਿਕਾਰ ਹੋ ਸਕਦੇ ਹਨ। 10 ਵਿਚੋਂ 9 ਫੇਫੜਿਆਂ ਦੇ ਕੈਂਸਰ ਦੀਆਂ ਮੌਤਾਂ ਸਿਗਰੇਟ ਪੀਣ ਜਾਂ ਦੂਜੀ ਧੂੰਏਂ ਦੇ ਐਕਸਪੋਜ਼ਰ ਕਾਰਨ ਹੁੰਦੀਆਂ ਹਨ।

ਲੋੜ ਹੈ ਧਿਆਨ ਰੱਖਣ ਦੀ:

- ਵੀਡ, ਵੇਪਸ, ਤੰਬਾਕੂ ਦੀ ਲਗਾਤਾਰ ਵਧ ਰਹੀ ਵਰਤੋਂ ਜਾਨਲੇਵਾ ਸਾਬਿਤ ਹੋ ਰਹੀ ਹੈ, ਅੱਜ ਇਸਤੇਮਾਲ ਤੋਂ ਬਚਣ ਦੀ ਲੋੜ ਹੈ।
- ਪ੍ਰੋਸੈੱਸ ਕੀਤੇ ਮੀਟ ਦੀ ਘੱਟ ਵਰਤੋਂ।
- ਸਰੀਰ ਦੇ ਵਜ਼ਨ ਨੂੰ ਮੇਨਟੇਨ ਕਰ ਕੇ ਰੱਖੋ।
- ਖੁਰਾਕ ਵਿਚ ਤਾਜ਼ੇ ਫਲ-ਸਬਜ਼ੀਆਂ ਨੂੰ ਸ਼ਾਮਿਲ ਕਰੋ।
- ਰੋਜ਼ਾਨਾ ਵਰਕ-ਆਊਟ, ਯੋਗਾ, ਸੈਰ ਕਰਨ ਦੀ ਆਦਤ ਪਾ ਲਵੋ।
- ਸ਼ਰਾਬ ਦੀ ਵਰਤੋਂ ਨੂੰ ਲਿਮਿਟ ਵਿਚ ਰੱਖੋ।
- ਸ਼ਾਦੀਸ਼ੁਦਾ ਔਰਤ-ਮਰਦ ਸੈਕਸ ਰਿਸ਼ਤਿਆਂ ਪ੍ਰਤੀ ਇਮਾਨਦਾਰੀ ਵਰਤਣ।
- ਇੰਡਸਟਰੀਅਲ, ਸਿਗਰੇਟ ਅਤੇ ਘਰੇਲੂ ਧੂੰਏਂ ਦੇ ਮਾਹੌਲ ਤੋਂ ਬਚੋ।
- ਹਰ 6 ਮਹੀਨੇ ਬਾਅਦ ਆਪਣਾ ਬਲੱਡ-ਵਰਕ ਜ਼ਰੂਰ ਕਰਾਓ। ਗੰਭੀਰ ਕਿਸਮ ਦੀ ਇਨਫੈਕਸ਼ਨ ਨਾਲ ਵੀ ਕੈਂਸਰ ਹੋ ਸਕਦਾ ਹੈ।

ਨੋਟ: ਸਰੀਰ ਅੰਦਰ ਕਿਸੇ ਵੀ ਬਿਮਾਰੀ ਦੇ ਲੱਛਣ ਜ਼ਿਆਦਾ ਦੇਰ ਰਹਿਣ ਦੀ ਹਾਲਤ ਵਿਚ ਸਮਾਂ ਬਰਬਾਦ ਕੀਤੇ ਬਿਨਾਂ ਆਪਣੇ ਫੈਮਿਲੀ ਡਾਕਟਰ ਜਾਂ ਹਸਪਤਾਲ ਨਾਲ ਸੰਪਰਕ ਕਰੋ। ਕਿਉਂਕਿ ਸ਼ੁਰੂ ਵਿਚ ਹੀ ਜਾਂਚ ਰਾਹੀਂ ਅਤੇ ਥੈਰੇਪੀ ਨਾਲ ਉਮਰ ਵਧਾਈ ਜਾ ਸਕਦੀ ਹੈ। ਜ਼ਿੰਦਗੀ 'ਚ ਅਸਲੀ ਧਨ ਤੰਦਰੁਸਤੀ ਹੀ ਹੈ।

# ਗਾਵਣ ਕੀ ਏ (3)



**ਡਾ. ਆਸਮਾ ਕਾਦਰੀ**

ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ ॥ ਗਾਵੈ ਕੋ ਦਾਤਿ ਜਾਣੈ ਨੀਸਾਣੁ ॥ (ਪੰਨਾ 1, ਜਪੁ, ਮ: 1)

ਗਾਵਣਹਾਰ ਦਾ ਗਾਵਣ ਆਪਣੇ ਤਾਣ ਤਰਾਣ ਦਾ ਵਿਖਾਲਾ ਹੁੰਦਾ ਹੈ। ਅੱਖਰ ਤੇ ਸੁਰਤਾਲ ਹੋਰ ਦੱਸੀਦੇ ਨੇਂ ਤੇ ਗਾਵਣਹਾਰ ਆਪਣੇ ਕਸਬ ਦਾ ਜ਼ੋਰ ਵਿਖਾਉਣਾ ਚਾਹੁੰਦਾ ਹੈ। "ਤਾਣ" ਸੰਗੀਤ ਬੋਲੀ ਵਿਚ ਵਰਤੀਂਦਾ ਹੈ ਗਾਵਣ ਦਾ ਉਚੇਚਾ ਢੰਗ ਹੈ ਜੋ ਏਸ ਕਲਾ ਦਾ ਕਸਬੀ ਹੀ ਜਾਣਦਾ ਹੈ। ਹੋਰ ਅਰਥ ਤਾਣ ਦੇ ਖਲ੍ਹਾਰ, ਖਿੱਚ, ਤਰਾਣ, ਤਾਕਤ, ਜ਼ੋਰ ਦੇ ਹਨ। ਗਾਵਣ ਦੀ ਤਾਣ ਗਾਵਣ ਦੀ ਖੇਡ ਹੋਈ। ਗਾਵਣਹਾਰ ਤਾਨਾਂ ਮਾਰ ਕੇ ਅੱਖਰਾਂ ਨਾਲ ਖੇਡਦਾ ਹੈ ਤੇ ਖੁਸ਼ ਹੁੰਦਾ ਹੈ। ਗਾਵਣ ਦੀ ਖੇਡ ਮੁੱਕ ਵੇਂਹਦੀ ਹੈ ਜਦੋਂ ਗਾਵਣਹਾਰ ਗਾਵਣ ਨੂੰ ਆਪਣਾ ਕਸਬ ਬਣਾ ਕੇ ਮੰਡੀ ਬਹਿੰਦਾ ਹੈ। ਮੰਡੀ ਮੁਕਾਬਲੇਬਾਜ਼ੀ ਦਾ ਪਿੜ ਹੋਈ। ਖਿਝ-ਖਾਰ ਤੇ ਵਧੋ-ਵਧੀ ਦੀ ਭਾਜੜ ਮੰਡੀ ਹੀ ਪਾਉਂਦੀ ਏ। ਖੇਡ ਮੁੱਕੀ ਤੇ ਗਾਵਣ ਕੰਮ ਬਣਿਆ। ਜਦੋਂ ਗਾਵਣ ਧਨ ਕਮਾਵਣ ਤੇ ਅਪਣਾ ਕਸਬ ਵਿਖਾਉਣ ਦਾ ਆਹਰ ਬਣ ਜਾਵੇ ਤਾਂ ਆਪਣੇ ਸੱਤ ਤੋਂ ਵਾਂਝਿਆ ਜਾਂਦਾ ਹੈ। ਗਾਵਣ ਦੇ ਅੱਖਰਾਂ ਦਾ ਰਸ ਤੇ ਸੁਰ ਤਾਲ ਦਾ ਰਚਾ ਫੋਕਾ ਥੋਂਦਾ ਏ। ਗਾਵਣਹਾਰ ਤਾਨਾਂ ਦੀ ਖੇਡ ਭੁੱਲ ਕੇ ਆਪਣੇ ਤਰਾਣ ਦਾ ਵਿਖਾਲਾ ਕਰੇਂਦਾ ਹੈ ਜੋ ਰਾਸਵਾਲ ਵਿਹਾਰ ਦੇ ਦਿੱਤੇ ਨਾਂ ਨਾਵੇਂ ਦਾ ਹੈ।

ਗਾਵਣ ਦਾ ਇੱਕ ਰੰਗ ਦਾਨ ਕਰਨ ਦਾ ਹੈ। ਗਾਵਣਹਾਰ ਕੁਦਰਤ ਦੀ ਦਾਨ ਹੋਈ ਵਾਜ ਖਲਕਤ ਦੀ ਸੇਵਾ ਲੇਖੇ ਲਾਉਂਦਾ ਹੈ। ਖਲਕਤ ਕੁਦਰਤ ਦਾ ਗਾਇਆ ਗਾਵਣ ਹੈ। ਗਾਵਣਹਾਰ ਨੂੰ ਕੁਦਰਤ ਦੇ ਗਾਵਣ ਦੀ ਸਿਆਣ ਹੋਏ ਤਾਂ ਹੀ ਉਹ ਅਪਣਾ ਗਾਵਣ ਦਾਨ ਕਰ ਸਕਦਾ ਹੈ। ਦਾਨ ਹੋਇਆ ਗਾਵਣ ਆਪਣੇ ਗਾਵਣਹਾਰ ਦੀ ਨਵੀਂ ਹੋਂਦ ਸਿਰਜਦਾ ਹੈ। ਨਵੀਂ ਸੱਚੀ ਹੋਂਦ ਜਾਣੂ ਹੈ "ਨਿਸ਼ਾਨ"ਦੀ। "ਨਿਸ਼ਾਨ" ਨਿਸ਼ਾਨ ਹੈ ਸਾਈਨ, ਝੰਡਾ, ਦਾਗ, ਹਰਫ, ਰਮਜ਼, ਤਮਗਾ ਤੇ ਨਗਾਰਾ ਅਰਥ ਹਨ ਨਿਸ਼ਾਨ ਦੇ। ਦਾਨ ਬਣਿਆ ਗਾਵਣ ਕੁਦਰਤ ਦੀ ਇਕਾਈ ਦਾ ਨਗਾਰਾ ਬਣ ਬਹਿੰਦਾ ਹੈ। ਗਾਵਣ ਹਰਫ ਸਿਆਣ ਕਰਾਉਂਦਾ ਹੈ। ਗਾਵਣਹਾਰ ਗਾਵਣ ਦੇ ਅੱਖਰਾਂ ਨੂੰ ਵੱਖੋ ਵੱਖ ਕਰਦਾ ਤੇ ਜੋੜਦਾ ਹੈ। ਹਰ ਸੁਰ ਤਾਲ ਨਾਲ ਵੱਖੋ ਵੱਖ ਢੰਗ ਨਾਲ ਤਾਹੀਓਂ ਗਾਵਣ ਬਣਦਾ ਹੈ। ਗਾਵਣ ਕੋਈ ਸੁਨੇਹਾ ਦਿੰਦਾ ਹੈ ਅੱਖਰਾਂ ਰਾਹੀਂ ਤੇ ਸੁਰ ਰਾਹੀਂ। ਗਾਵਣਹਾਰ ਦੀ ਵਾਜ ਜਦੋਂ ਅੱਖਰਾਂ 'ਤੇ ਸੁਰ ਦਾ ਸੰਗ ਬਣਦੀ ਹੈ ਤਾਂ ਗਾਵਣ ਦੇ ਬੋਲ ਜੋੜੀਂਦੇ ਹਨ ਸੁਣਨਹਾਰਾਂ ਨੂੰ, ਗਾਵਣਹਾਰਾਂ ਨੂੰ ਤੇ ਕੁੱਲ ਕੁਦਰਤ ਨੂੰ। ਜੋੜਨ ਅਸਲੋਂ ਸਿਆਣਣ ਹੈ ਜੀਅ ਦਾ ਜੀਅ ਨੂੰ ਤੇ ਜੀਅ, ਜੀਅ ਦਾ ਕੁੱਲ ਕੁਦਰਤ ਨੂੰ। ਗਾਵਣਹਾਰ ਜੇ ਖਲਕਤ ਲਈ ਗਾਉਂਦਾ ਹੈ ਤਾਂ ਓਸ ਦਾ ਗਾਵਣ ਦਾਨ ਹੈ। ਈਹਾ ਗਾਵਣ ਰੰਗ ਮੇਲ ਮਿਲਾਉਂਦਾ ਹੈ ਵਿਜੋਗੀ ਹੋਂਦ ਦਾ। ਪਰ ਜੇ ਗਾਵਣਹਾਰ ਅਪਣਾ ਆਪ ਦੱਸਾਉਣ ਕੀਤੇ ਗਾਉਂਦਾ ਹੈ, ਅਪਣਾ ਨਾਂ ਬਣਾਉਣ ਕੀਤੇ ਗਾਉਂਦਾ ਹੈ, ਕਿਸੇ ਮੁਕਾਬਲੇਬਾਜ਼ੀ ਲਈ ਗਾਉਂਦਾ ਹੈ, ਕਿਸੇ ਸਰਕਾਰ ਦਰਬਾਰ ਤੋਂ ਧਨ ਦਰਜਾ ਪਾਵਨ ਕੀਤੇ ਗਾਉਂਦਾ ਹੈ ਤਾਂ ਉਹ ਗਾਵਣ ਗਾਵਣ ਹੀ ਨਹੀਂ ਹੈ। ਜੋ ਮੰਡੀ ਵਿਕ ਜਾਵੇ ਉਹ ਗਾਵਣ ਨਹੀਂ ਹੁੰਦਾ। ਵਿਕਾਊ ਵਸਤ ਅਪਣਾ ਸੱਤ ਗੁਆ ਦਿੰਦੀ ਏ। ਗਾਵਣ ਦੇ ਅੱਖਰ ਹੋਰ, ਤਾਣ ਹੋਰ ਤੇ ਗਾਵਣਹਾਰ ਦੀ ਵਾਜ ਹੋਰ ਹੋ ਵਹਿੰਦੀ ਏ। ਜਦੋਂ ਤੀਕ ਗਾਵਣਹਾਰ ਦੇ ਆਪਣੇ ਅੰਦਰ ਇਕਾਈ ਨਾ ਹੋਵੇ ਓਸ ਦਾ ਗਾਵਣ ਮਨ ਨੂੰ ਨਹੀਂ ਪੋਂਹਦਾ।

ਗਾਵੈ ਕੋ ਗੁਣ ਵਡਿਆਈਆ ਚਾਰ ॥
ਗਾਵੈ ਕੋ ਵਿਦਿਆ ਵਿਖਮੁ ਵੀਚਾਰੁ ॥
(ਪੰਨਾ1, ਜਪੁ, ਮ: 1)

ਗਾਵਣ ਉਹਲੇ ਜੋ ਗੱਲ ਪਈ ਹੁੰਦੀ ਏ ਇਹ ਅੰਤਰਾ ਉਸ ਦੀ ਗੱਲ ਕਰਦਾ ਹੈ। ਇੱਕ ਗਾਵਣ ਗੁਣ ਗਾਉਂਦਾ ਹੈ ਆਪਣੇ ਯਾ ਆਪਣੇ ਹਾਕਮ ਮਾਲਿਕ ਦੇ। ਵਿਹਾਰੀ ਵਡਿਆਈਆਂ ਗਾ ਗਾ ਕੇ ਦੱਸਦਾ ਹੈ। ਇੱਕ ਗਾਵਣ ਇਲਮ ਦੀ ਗੱਲ ਕਰਦਾ ਹੈ ਤੇ ਔਖੇ ਫਲਸਫੇ ਸੁਣਾਉਂਦਾ ਹੈ। ਅਜਿਹਾ ਗਾਵਣ ਆਪਣੀ "ਮੈਂ" ਦਾ ਰਾਗ ਅਲਾਪਣ ਹੈ। ਹਰ ਗੱਲ "ਮੈਂ" ਤੋਂ ਟੁਰਦੀ ਤੇ "ਮੈਂ" 'ਤੇ ਮੁੱਕਦੀ ਹੈ। ਆਪਣੇ ਗੁਣਾਂ ਨੂੰ ਵਧਾ ਚੜ੍ਹਾ ਕੇ ਦੱਸਿਆ ਜਾਂਦਾ ਹੈ। ਆਪਣੀਆਂ ਸਿਫ਼ਤਾਂ ਆਪਣੇ ਈ ਮੂੰਹ ਤੋਂ ਬਿਆਨ ਕੀਤੀਆਂ ਜਾਂਦੀਆਂ ਹਨ।

ਇਨ੍ਹਾਂ ਸਿਫਤਾਂ ਬਾਰੇ ਗੁਰਬਾਣੀ ਦਾ ਕੀ ਫੁਰਮਾਣ ਏ:

ਨਾਨਕ ਦੁਨੀਆ ਕੀਆਂ ਵਡਿਆਈਆਂ ਅਗੀ ਸੇਤੀ ਜਾਲਿ॥
ਏਨੀ ਜਲੀਈਂ ਨਾਮੁ ਵਿਸਾਰਿਆ ਇਕ ਨ ਚਲੀਆ ਨਾਲਿ॥2॥ ਪੰਨਾ 1290॥

ਦੁਨੀਆ ਦੀਆਂ ਕਿਹੜੀਆਂ ਵਡਿਆਈਆਂ ਹਨ ਜਿਨ੍ਹਾਂ ਨੂੰ ਅੱਗ ਵਿਚ ਸਾੜਨਾ ਹੈ, ਧਨ-ਮਾਲ ਦੀ ਵਡਿਆਈ, ਜ਼ੂਹ ਜਾਤ ਦੀ ਵਡਿਆਈ, ਕਸਬ ਗੁਣ ਦੀ ਵਡਿਆਈ, ਨਾਂ ਨਾਂਵੇਂ ਦੀ ਵਡਿਆਈ, ਜ਼ੋਰ ਤਾਕਤ ਦੀ ਵਡਿਆਈ ਏਨ੍ਹਾਂ ਸਾਰੀਆਂ ਵਡਿਆਈਆਂ ਨੂੰ ਅੱਗ ਵਿਚ ਸਾੜ ਦੇਹ। ਇਹ ਵਡਿਆਈਆਂ ਜਿਨ੍ਹਾਂ ਨਾਲ ਜੀਵਨ ਲੰਘਾਇਆ ਏ ਏਨ੍ਹਾਂ ਵਿਚੋਂ ਇਕ ਵੀ ਕੰਮ ਨਹੀਂ ਆਉਣੀ। ਵੱਖਰੇਪ ਦੀ ਵਡਿਆਈ ਤਾਂ ਆਪ ਈ ਮੁੱਕਣਹਾਰ ਏ। ਅਸਲ ਵਡਿਆਈ ਹੈ ਸਾਂਝ ਦੀ, ਨਾਮ ਦੀ, ਸਾਂਝ ਪਛਾਣ ਦੀ ਜੋ ਅਮੁੱਕ ਏ। ਇਕ ਹੋਰ ਸ਼ਬਦ ਵੇਖੋ, ਜਿਹੜਾ ਦੁਨਿਆਵੀ ਵਡਿਆਈ ਦਾ ਕੂੜ ਵਿਖਾਂਉਂਦਾ ਏ।

ਦੁਨੀਆ ਕੀਆ ਵਡਿਆਈਆ ਕਵਨੈ ਆਵਹਿ ਕਾਮਿ ॥
ਮਾਇਆ ਕਾ ਰੰਗੁ ਸਭੁ ਫਿਕਾ ਜਾਤੋ ਬਿਨਸਿ ਨਿਦਾਨਿ ॥
ਜਾ ਕੈ ਹਿਰਦੈ ਹਰਿ ਵਸੈ ਸੋ ਪੂਰਾ ਪਰਧਾਨੁ ॥2॥ ਪੰਨਾ 45, ਮ:5॥

ਦੁਨੀਆ ਦੀਆਂ ਇਹ ਸਾਰੀਆਂ ਵਡਿਆਈਆਂ ਬੇਕਾਰ ਨੇ ਕਿਉਂਕਿ ਇਹ ਵਡਿਆਈਆਂ ਬਣਾਈਆਂ ਨੇ ਮਾਇਆ ਨੇ (ਧਨ-ਮਾਲਾਂ-ਵਸਤੂਆਂ)। ਮਾਇਆ ਧੋਖਾ ਏ ਜੋ ਆਪ ਹੈ ਈ ਨਹੀਂ। ਜਿਸ ਮਾਇਆ ਦੀ ਆਪਣੀ ਹੋਂਦ ਨਹੀਂ ਹੈ ਉਹ ਕਿਸੇ ਨੂੰ ਜੀਵਣ ਕਿਵੇਂ ਦੇ ਸਕਦੀ ਹੈ? ਮਾਇਆ ਦਾ ਰੰਗ ਫਿੱਕਾ ਏ ਤੇ ਕੱਚਾ ਵੀ ਏ ਜੋ ਮੁੱਕਣਹਾਰ ਏ। ਮੀਆਂ ਬਖ਼ਸ਼ ਮੁਹੰਮਦ ਲਿਖਦੇ ਨੇ:

ਲੱਖ ਹਜ਼ਾਰ ਬਹਾਰ ਹੁਸਨ ਦੀ ਖਾਕੋਂ ਵਿਚ ਸਮਾਣੀ
ਲਾ ਪਰੀਤ ਮੁਹੰਮਦ ਜਿਸ ਥੀਂ ਜੱਗ ਵਿਚ ਰਹੇ ਕਹਾਣੀ

ਵਡਿਆਈ ਅਸੀਂ ਓਸ ਦੀ ਕਰਦੇ ਹਾਂ ਜਿਸ ਨਾਲ ਪਿਆਰ ਏ ਤੇ ਜੇ ਵਡਿਆਈ ਮਾਲਾਂ-ਵਸਤੂਆਂ ਦੀ ਕਰਦੇ ਹਾਂ ਤਾਂ ਮਾਇਆ ਆਪ ਮੁੱਕਣਹਾਰ ਏ। ਮੁੱਕਣਹਾਰ ਦੀ ਵਡਿਆਈ ਕਰਨਹਾਰ ਆਪ ਵੀ ਮੁੱਕਦਾ ਏ ਤੇ ਜਿਸ ਮਾਇਆ ਦੀ ਵਡਿਆਈ ਕੀਤੀ ਉਹ ਵੀ ਮੁੱਕਣਹਾਰ ਏ। ਵਡਿਆਈ ਗੁਣ ਦੀ ਹੈ ਤੇ ਸੱਭ ਤੋਂ ਵੱਡਾ ਗੁਣ ਹਿਰਦੇ ਅੰਦਰ "ਹਰਿ" ਦਾ ਵੱਸਣ ਏ।

# ਮੋਹ ਅਤੇ ਮਨੁੱਖਤਾ ਦੀ ਕਹਾਣੀ 'ਸਰਸਵਤੀ ਚੰਦਰ'

***ਸਾਲ 1968 ਵਿਚ ਰਿਲੀਜ਼ ਹੋਈ ਫਿਲਮ 'ਸਰਸਵਤੀ ਚੰਦਰ' ਗੁਜਰਾਤੀ ਲੇਖਕ ਗਵਰਧਨ ਰਾਮ ਮਾਧਵ ਰਾਮ ਤਿਰਪਾਠੀ ਦੇ ਲਗਭਗ 2000 ਪੰਨਿਆਂ ਦੇ ਇਸੇ ਨਾਂ ਵਾਲੇ ਨਾਵਲ 'ਤੇ ਆਧਾਰਿਤ ਹੈ। ਇਹ ਨਾਵਲ 1887 ਵਿਚ ਪ੍ਰਕਾਸ਼ਿਤ ਹੋਇਆ ਸੀ। ਕਹਾਣੀ 1850 ਦੇ ਨੇੜੇ-ਤੇੜੇ ਦੀ ਹੈ।***

ਗਵਰਧਨ ਰਾਮ ਮਾਧਵ ਰਾਮ ਤਿਰਪਾਠੀ ਦੇ ਨਾਵਲ 'ਸਰਸਵਤੀ ਚੰਦਰ' 'ਤੇ ਫਿਲਮ ਬਣਾਉਣ ਲਈ ਮਹਿਬੂਬ ਖਾਨ ਨੇ ਵੀ ਸੋਚਿਆ ਸੀ, ਵੀ. ਸ਼ਾਂਤਾ ਰਾਮ ਨੇ ਵੀ ਪਰ ਉਹ ਅਖੀਰ ਇਸ ਨਤੀਜੇ 'ਤੇ ਪਹੁੰਚੇ ਕਿ ਇਸ ਕਹਾਣੀ 'ਤੇ ਵਧੀਆ ਫਿਲਮ ਤਾਂ ਬਣਾਈ ਜਾ ਸਕਦੀ ਹੈ ਪਰ ਸਫਲ ਫਿਲਮ ਸ਼ਾਇਦ ਹੀ ਬਣਾਈ ਜਾ ਸਕੇ। ਪੜ੍ਹਾਈ ਲਿਖਾਈ ਦਾ ਕੁਝ ਕੰਮ ਮਗਰੋਂ ਦੋਹਾਂ ਨੇ ਇਰਾਦਾ ਤਿਆਗ ਦਿੱਤਾ। ਗੁਜਰਾਤੀ ਦੇ ਪ੍ਰਸਿੱਧ ਸਾਹਿਤਕਾਰ ਤਿਰਪਾਠੀ ਦੀ ਇਸ ਰਚਨਾ ਦੀ ਚਰਚਾ ਮਦਰਾਸ ਤੱਕ ਵੀ ਪਹੁੰਚੀ ਸੀ। ਜੈਮਿਨੀ ਫਿਲਮ ਦੇ ਮਾਲਕ ਐਮ.ਐਸ. ਵਾਸਨ ਨੇ ਵੀ ਇਸ ਕਹਾਣੀ 'ਤੇ ਫਿਲਮ ਬਣਾਉਣ ਦਾ ਸੋਚਿਆ ਪਰ ਵਿਚਾਰ ਇਸ ਕਰ ਕੇ ਰੱਦ ਕਰ ਦਿੱਤਾ ਕਿ ਇਹ ਕਹਾਣੀ ਉਨ੍ਹਾਂ ਰਵਾਇਤੀ ਫਿਲਮੀ ਕਹਾਣੀਆਂ ਤੋਂ ਵੱਖਰੀ ਹੈ ਜਿਸ ਕਾਰਨ ਦਰਸ਼ਕ ਸਿਨੇਮਿਆਂ ਵੱਲ ਆਮ ਖਿੱਚੇ ਚਲੇ ਆਉਂਦੇ ਹਨ।



ਤਰਸੇਮ ਬਸ਼ਰ

ਲਗਭਗ 2000 ਪੰਨਿਆਂ ਦਾ ਇਹ ਨਾਵਲ 1887 ਵਿਚ ਪ੍ਰਕਾਸ਼ਿਤ ਹੋਇਆ ਸੀ ਜਿਸ ਦੀ ਕਹਾਣੀ 1850 ਦੇ ਨੇੜੇ-ਤੇੜੇ ਦੀ ਹੈ। 'ਸਰਸਵਤੀ ਚੰਦਰ' ਗੋਵਿੰਦ ਸਰਈਆ ਦਾ ਪਸੰਦੀਦਾ ਨਾਵਲ ਸੀ ਜੋ ਖੁਦ ਗੁਜਰਾਤ ਪਿੱਠਭੂਮੀ ਤੋਂ ਸਨ। ਉਨ੍ਹਾਂ ਦਿਨਾਂ ਵਿਚ ਉਹ ਫਿਲਮ ਡਿਵੀਜ਼ਨ ਵਿਚ ਆਪਣੀ ਯੋਗਤਾ ਦੇ ਸਿਰ 'ਤੇ ਬਤੌਰ ਅਧਿਕਾਰੀ ਕੰਮ ਦੇਖ ਰਹੇ ਸਨ। ਉਹ ਪੜ੍ਹੇ ਲਿਖੇ ਗੁਜਰਾਤੀ ਪਰਿਵਾਰ ਤੋਂ ਸਨ ਜਿਨ੍ਹਾਂ ਦਾ ਮੁੰਬਈ ਵਿਚ ਕਾਰੋਬਾਰ ਸੀ। ਉਨ੍ਹਾਂ ਦੇ ਚਾਚਾ ਜੀ ਦੀ ਦਿਲਚਸਪੀ ਫਿਲਮਾਂ ਅਤੇ ਸਾਹਿਤ ਵਿਚ ਸੀ ਤੇ ਉਨ੍ਹਾਂ ਦਾ ਸਹਿਚਾਰ ਸਰਸਵਤੀ ਚੰਦਰ ਦੇ ਲੇਖਕ ਤਿਰਪਾਠੀ ਨਾਲ ਵੀ ਸੀ। ਗੋਵਿੰਦ ਨੇ ਇਸ ਸਬੰਧੀ ਵਿਦੇਸ਼ਾਂ ਵਿਚ ਪੜ੍ਹਾਈ ਅਤੇ ਖੋਜ ਵਿਚ ਕਈ ਸਾਲ ਲਾਏ ਸਨ, ਉਨ੍ਹਾਂ ਨੂੰ ਵਾਲਟ ਡਿਜਨੀ ਨਾਲ ਕੰਮ ਕਰਨ ਦਾ ਮੌਕਾ ਵੀ ਮਿਲਿਆ। ਮੁੰਬਈ ਵਿਚ ਉਨ੍ਹਾਂ ਦੇਖਿਆ ਸੀ ਕਿ ਬੰਗਲਾ ਸਾਹਿਤ 'ਤੇ ਬਹੁਤ ਸੋਹਣੀਆਂ ਫਿਲਮਾਂ ਬਣ ਰਹੀਆਂ ਸਨ, ਸਫਲ ਵੀ ਹੋ ਰਹੀਆਂ ਸਨ; ਇਉਂ ਬੰਗਲਾ ਭਾਸ਼ਾ ਦਾ ਦਾਇਰਾ ਵਧ ਰਿਹਾ ਸੀ ਤੇ ਸਾਹਿਤ ਆਮ ਲੋਕਾਂ ਕੋਲ ਪੁੱਜ ਰਿਹਾ ਸੀ। ਉਨ੍ਹਾਂ ਦਾ ਇਰਾਦਾ ਸੀ ਕਿ ਕਿਸੇ ਗੁਜਰਾਤੀ ਕਹਾਣੀ 'ਤੇ ਵੀ ਕੋਈ ਵਧੀਆ ਫਿਲਮ ਬਣਾਈ ਜਾਵੇ। ਇਉਂ ਗੁਜਰਾਤੀ ਸਾਹਿਤ ਦਾ ਪਸਾਰਾ ਵੀ ਵਧੇ, ਗੁਜਰਾਤੀਆਂ ਦੇ ਕਲਾ ਨਾਲ ਲਗਾਓ ਦੀ ਗੱਲ ਸਮਾਜ ਤੱਕ ਪਹੁੰਚੇ। ਉਹ ਚਾਹੁੰਦੇ ਸਨ ਕਿ ਗੁਜਰਾਤੀ ਦੀ ਮਹਾਨ ਰਚਨਾ 'ਸਰਸਵਤੀ ਚੰਦਰ' 'ਤੇ ਫਿਲਮ ਦਾ ਨਿਰਮਾਣ ਕੀਤਾ ਜਾਵੇ ਜੋ ਹਿੰਦੋਸਤਾਨ ਭਰ ਵਿਚ ਪ੍ਰਦਰਸ਼ਤ ਹੋਵੇ।

ਫਿਲਮ ਦੇ ਨਿਰਮਾਣ ਦਰਮਿਆਨ ਇੱਕ ਹੋਰ ਕਿਰਦਾਰ ਦਾ ਜ਼ਿਕਰ ਜ਼ਰੂਰੀ ਹੈ; ਉਹ ਸੀ ਗੁਜਰਾਤੀ ਕਾਰੋਬਾਰੀ ਵਿਵੇਕ, ਆਪਣੀ ਜ਼ਬਾਨ ਨੂੰ ਪਿਆਰ ਕਰਨ ਵਾਲਾ ਕਾਰੋਬਾਰੀ। ਉਨਾਂ ਦਾ ਇਰਾਦਾ ਵੀ ਇਹੀ ਸੀ ਕਿ ਮਾਂ ਬੋਲੀ ਦੀ ਕਿਸੇ ਸਾਹਿਤਕ ਰਚਨਾ 'ਤੇ ਫਿਲਮ ਬਣੇ। ਕਿਸੇ ਪਾਰਟੀ ਵਿਚ ਗੋਵਿੰਦ ਸਰਈਆ ਅਤੇ ਵਿਵੇਕ ਦੀ ਮੁਲਾਕਾਤ ਹੋਈ ਅਤੇ ਗੁਜਰਾਤੀ ਸਾਹਿਤ ਦੀ ਕਿਸੇ ਕਹਾਣੀ 'ਤੇ ਫਿਲਮ ਬਣਾਉਣ ਦੀ ਚਰਚਾ ਵੀ ਚੱਲੀ। ਹੋਰ ਨੇੜਤਾ ਹੋਈ ਤਾਂ ਵਿਵੇਕ ਨੇ ਗੋਵਿੰਦ ਨਾਲ ਖਾਸ ਮੁਲਾਕਾਤ ਦਾ ਸਮਾਂ ਮਿਥ ਲਿਆ। ਗੋਵਿੰਦ ਨੂੰ ਵਿਸ਼ਵਾਸ ਨਹੀਂ ਸੀ, ਕੋਈ ਕਾਰੋਬਾਰੀ ਅਜਿਹੀ ਫਿਲਮ 'ਤੇ ਕਿਉਂ ਪੈਸਾ ਲਗਾਵੇਗਾ ਪਰ ਵਿਵੇਕ ਆਪਣੀ ਧੁਨ ਦੇ ਪੱਕੇ ਸਨ। ਫੈਸਲਾ ਹੋ ਗਿਆ ਕਿ ਇਨਸਾਨੀਅਤ ਨੂੰ ਸਮਰਪਿਤ ਅਤੇ ਦੂਜਿਆਂ ਲਈ ਤਿਆਗ ਕਰਨ ਨੂੰ ਖੁਸ਼ਕਿਸਮਤੀ ਸਮਝਣ ਵਾਲੇ ਸਰਸਵਤੀ ਚੰਦਰ ਦੇ ਪਾਤਰਾਂ 'ਤੇ ਹਿੰਦੀ ਫਿਲਮ ਬਣਾਈ ਜਾਵੇਗੀ ਤੇ ਨਿਰਦੇਸ਼ਕ ਹੋਣਗੇ ਗੋਵਿੰਦ ਸਰਈਆ।

1968 ਵਿਚ ਰਿਲੀਜ਼ ਹੋਈ 'ਸਰਸਵਤੀ ਚੰਦਰ' ਫਿਲਮ ਦੇ ਨਾਇਕ ਵਾਸਤੇ ਨਿਰਦੇਸ਼ਕ ਨੇ ਦਲੀਪ ਕੁਮਾਰ, ਗੁਰੂ ਦੱਤ ਸਮੇਤ ਕਈ ਪ੍ਰਸਿੱਧ ਅਦਾਕਾਰਾਂ ਕੋਲ ਪਹੁੰਚ ਕੀਤੀ ਪਰ ਜਦੋਂ ਕੋਈ ਵੀ ਦੇਵਦਾਸ ਨਾਲ ਮਿਲਦੀ ਜੁਲਦੀ ਇਸ ਕਹਾਣੀ ਦੇ ਇਸ ਕਿਰਦਾਰ ਨੂੰ ਪਰਦੇ 'ਤੇ ਜਿਊਣ ਲਈ ਤਿਆਰ ਨਹੀਂ ਹੋਇਆ ਤਾਂ ਉਨ੍ਹਾਂ ਬੰਗਲਾ ਅਦਾਕਾਰ ਮਨੀਸ਼ ਨੂੰ ਇਹ ਭੂਮਿਕਾ ਦੇ ਦਿੱਤੀ। ਫਿਲਮ ਦੀ ਨਾਇਕਾ ਵਜੋਂ ਕੁਮੁਦ ਦਾ ਕਿਰਦਾਰ ਹੈ; ਇਹ ਕਿਰਦਾਰ ਉਸ ਸਮੇਂ ਦੀ ਪ੍ਰਸਿੱਧ ਅਭਿਨੇਤਰੀ ਨੂਤਨ ਨੇ ਨਿਭਾਇਆ। ਇਹ ਤਿੰਨ ਗੁਜਰਾਤੀ ਪਰਿਵਾਰਾਂ ਦੀ ਹੈ। ਇਸ ਅੰਦਰ ਕਈ ਪੜਾਅ ਆਉਂਦੇ ਹਨ ਤੇ ਹਰ ਪੜਾਅ 'ਤੇ ਅਜਿਹਾ ਮੋੜ ਹੈ ਜਿਸ ਬਾਰੇ ਕਿਆਸ ਨਹੀਂ ਕੀਤਾ ਗਿਆ ਹੁੰਦਾ। ਸਭ ਤੋਂ ਹੈਰਾਨੀਜਨਕ- ਫਿਲਮ ਦਾ ਅੰਤ ਅਜਿਹਾ ਸੀ ਕਿ ਪਹਿਲਾਂ ਕਦੇ ਨਹੀਂ ਸੀ ਫਿਲਮਾਇਆ ਗਿਆ। ਇਸ ਫਿਲਮ ਤੋਂ ਬਾਅਦ ਵੀ ਕਿਸੇ ਨੇ ਇਸ ਤਰ੍ਹਾਂ ਦੇ ਅੰਤ 'ਤੇ ਫਿਲਮ ਬਣਾਉਣ ਦਾ ਤਜਰਬਾ ਕਰਨ ਦੀ ਹਿੰਮਤ ਨਹੀਂ ਕੀਤੀ।





*ਫਿਲਮ 'ਸਰਸਵਤੀ ਚੰਦਰ' ਦੇ ਦੋ ਦ੍ਰਿਸ਼ਾਂ ਵਿਚ ਅਦਾਕਾਰ ਮਨੀਸ਼ ਅਤੇ ਅਦਾਕਾਰਾ ਨੂਤਨ।*

ਸਰਸਵਤੀ ਚੰਦਰ ਵੱਡੇ ਪਰਿਵਾਰ ਦਾ ਉਤਸ਼ਾਹੀ ਨੌਜਵਾਨ ਹੈ ਜਿਸ ਵਿਚ ਮਨੁੱਖਤਾ ਲਈ ਕੁਝ ਕਰਨ ਦਾ ਜਜ਼ਬਾ ਹੈ। ਉਹ ਇਨਸਾਨੀਅਤ ਨੂੰ ਸੌਖਾ ਰੱਖਣ ਲਈ ਕੁਰਬਾਨੀ ਕਰਨ ਵਾਲਾ ਨੌਜਵਾਨ ਹੈ। ਉਹ ਕਵੀ ਹੈ, ਉਸ ਦੀਆਂ ਕਵਿਤਾਵਾਂ ਸੰਵੇਦਨਾ ਦੀ ਤਰਜਮਾਨੀ ਕਰਦੀਆਂ ਹਨ। ਉਸ ਦੇ ਪਿਤਾ ਉਸ ਦੀਆਂ ਇਨ੍ਹਾਂ ਭਾਵਨਾਵਾਂ ਨੂੰ ਦੇਖਦਿਆਂ ਚਾਹੁੰਦੇ ਹਨ ਕਿ ਜਲਦੀ ਹੀ ਉਸ ਨੂੰ ਵਿਆਹ ਦੇ ਬੰਧਨ ਵਿਚ ਬੰਨ੍ਹ ਦੇਣ ਪਰ ਸਰਸਵਤੀ ਚੰਦਰ ਇਕ ਚਿੱਠੀ ਆਪਣੇ ਸਹੁਰਿਆਂ ਦੇ ਨਾਮ ਲਿਖ ਦਿੰਦਾ ਹੈ ਕਿ ਉਸ ਦਾ ਇਰਾਦਾ ਵਿਆਹ ਕਰਾਉਣ ਦਾ ਨਹੀਂ, ਉਹ ਆਪਣੀ ਜ਼ਿੰਦਗੀ ਇਨਸਾਨੀਅਤ ਨੂੰ ਸਮਰਪਿਤ ਕਰਨਾ ਲੋਚਦਾ ਹੈ, ਉਸ ਦਾ ਇਰਾਦਾ ਸਨਿਆਸ ਮਾਰਗ 'ਤੇ ਚੱਲਣ ਦਾ ਹੈ। ਚਿੱਠੀ ਉਸ ਦੀ ਮੰਗੇਤਰ ਕੁਮੁਦ ਵੀ ਪੜ੍ਹਦੀ ਹੈ, ਉਹ ਸਰਸਵਤੀ ਚੰਦਰ ਦੀ ਲਿਖਤ, ਕਵਿਤਾਵਾਂ ਅਤੇ ਲਿਖੀਆਂ ਗੱਲਾਂ ਤੋਂ ਪ੍ਰਭਾਵਿਤ ਹੋ ਜਾਂਦੀ ਹੈ, ਉਸ ਦੀ ਦਿਲਚਸਪੀ ਆਪਣੇ ਮੰਗੇਤਰ ਦੀ ਸ਼ਖਸੀਅਤ ਵਿਚ ਪੈਦਾ ਹੋ ਜਾਂਦੀ ਹੈ। ਉਹ ਚਿੱਠੀ ਦੇ ਜਵਾਬ ਵਿਚ ਚਿੱਠੀ ਲਿਖਦੀ ਹੈ। ਇਉਂ ਚਿੱਠੀਆਂ ਦਾ ਸਿਲਸਿਲਾ ਚੱਲ ਪੈਂਦਾ ਹੈ। ਆਖਰ ਨੌਜਵਾਨ ਕਵੀ ਦਿਲ ਹੈ, ਸਰਸਵਤੀ ਚੰਦਰ ਉਸ ਨੂੰ ਮਿਲਣ ਦਾ ਇਰਾਦਾ ਕਰਦਾ ਹੈ।

ਕੁਮੁਦ ਦੇ ਪਿਤਾ ਦੀ ਹਵੇਲੀ 'ਚ ਮੁਲਾਕਾਤਾਂ ਦੌਰਾਨ ਕੁਮੁਦ ਨੂੰ ਪਤਾ ਲੱਗਦਾ ਹੈ ਕਿ ਸਰਸਵਤੀ ਚੰਦਰ ਨੇ ਜੋ ਕਿਤਾਬ ਲਿਖੀ ਹੈ, ਉਸ ਦਾ ਮੂਲ ਭਾਵ ਇਹੀ ਹੈ ਕਿ ਉਹ ਲੋਕ ਕਲਿਆਣ ਵਾਸਤੇ ਸਨਿਆਸ ਦੇ ਰਸਤੇ ਚੱਲਣਾ ਚਾਹੁੰਦਾ ਹੈ, ਉਹ ਲੋਕਾਈ ਨੂੰ ਸਮਰਪਿਤ ਹੋਣਾ ਚਾਹੁੰਦਾ ਹੈ। ਕੁਮੁਦ ਅੰਦਰ ਉਸ ਲਈ ਹੋਰ ਆਦਰ ਅਤੇ ਪਿਆਰ ਪੈਦਾ ਹੋ ਜਾਂਦਾ ਹੈ ਪਰ ਇਹ ਸੁਖਦ ਸਮਾਂ ਜ਼ਿਆਦਾ ਸਮਾਂ ਨਹੀਂ ਚੱਲਦਾ। ਸਰਸਵਤੀ ਚੰਦਰ ਦੀ ਮਤਰੇਈ ਮਾਂ ਉਸ ਤੋਂ ਖਫਾ ਹੈ, ਉਹ ਚਾਲਾਂ ਚੱਲਦੀ ਹੈ ਕਿਉਂਕਿ ਸਰਸਵਤੀ ਚੰਦਰ ਦੀ ਦਾਦੀ ਆਪਣੀ ਸਾਰੀ ਜਾਇਦਾਦ ਸਰਸਵਤੀ ਚੰਦਰ ਨੂੰ ਦੇ ਦਿੰਦੀ ਹੈ। ਮਤਰੇਈ ਮਾਂ ਦੇ ਕਹਿਣ 'ਤੇ ਪਿਤਾ ਵੀ ਸਰਸਵਤੀ ਚੰਦਰ 'ਤੇ ਸ਼ੱਕ ਕਰਦਾ ਹੈ ਅਤੇ ਤਾਅਨਾ ਦਿੰਦਾ ਹੈ ਕਿ ਉਹ ਹੁਣ ਤੋਂ ਹੀ ਆਪਣੀ ਹੋਣ ਵਾਲੀ ਬੀਵੀ ਵਾਸਤੇ ਸੋਚਣ ਲੱਗਿਆ ਹੈ ਤਾਂ ਉਹ ਕਿਹੋ ਜਿਹਾ ਪੁੱਤਰ ਹੈ। ਇਹ ਸਭ ਸੁਣ ਕੇ ਉਹ ਫੈਸਲਾ ਕਰਦਾ ਹੈ ਕਿ ਉਹ ਸਭ ਕੁਝ ਤਿਆਗ ਕੇ ਆਪਣੀ ਜ਼ਿੰਦਗੀ ਇਨਸਾਨੀਅਤ ਦੇ ਲੇਖੇ ਲਾ ਦੇਵੇਗਾ।


ਪਿਤਾ ਦੀਆਂ ਗੱਲਾਂ ਉਸ ਦੇ ਸੀਨੇ ਅੰਦਰ ਕਿਸੇ ਖੰਜਰ ਵਾਂਗੂੰ ਚੁੱਭ ਗਈਆਂ ਹਨ। ਉਹ ਆਪਣੇ ਮਿੱਤਰ ਦੇ ਘਰੇ ਜਾ ਕੇ ਸਾਰੀ ਜਾਇਦਾਦ ਆਪਣੇ ਘਰਦਿਆਂ ਨੂੰ ਦੇ ਦਿੰਦਾ ਹੈ ਅਤੇ ਚਲਾ ਜਾਂਦਾ ਹੈ; ਕੁਮੁਦ ਨੂੰ ਵੀ ਖਤ ਲਿਖਦਾ ਹੈ ਕਿ ਉਹ ਆਪਣੀ ਨਵੀਂ ਜ਼ਿੰਦਗੀ ਵਾਸਤੇ ਤਿਆਰ ਰਹੇ। ਘਰਦੇ ਨਿਰਾਸ਼ ਤਾਂ ਹੁੰਦੇ ਹਨ ਪਰ ਉਹ ਜਲਦੀ ਹੀ ਕੁਮੁਦ ਦਾ ਰਿਸ਼ਤਾ ਇੱਕ ਹੋਰ ਘਰ ਵਿਚ ਕਰ ਦਿੰਦੇ ਹਨ।

ਸਰਸਵਤੀ ਚੰਦਰ ਫਕੀਰਾਂ ਦੀ ਜ਼ਿੰਦਗੀ ਜਿਊਂਦਾ ਹੋਇਆ ਇੱਕ ਦਿਨ ਕਿਸੇ ਪਿੰਡ ਵਿਚ ਤਲਾਅ ਨੇੜੇ ਆਰਾਮ ਕਰ ਰਿਹਾ ਹੈ ਕਿ ਉੱਥੇ ਕੁਮਦ ਅਤੇ ਉਸ ਦੀ ਨਣਦ ਆਉਂਦੀਆਂ ਹਨ। ਕੁਮਦ ਅਤੇ ਉਸ ਦੀ ਨਣਦ ਸਰਸਵਤੀ ਚੰਦਰ ਨੂੰ ਨਹੀਂ ਪਛਾਣਦੀਆਂ ਪਰ ਨਣਦ ਦੇ ਮੂੰਹੋਂ ਕੁਮੁਦ ਦਾ ਨਾਂ ਸੁਣ ਕੇ ਸਰਸਵਤੀ ਚੰਦਰ ਨੂੰ ਲੱਗਦਾ ਹੈ ਕਿ ਸ਼ਾਇਦ ਇਹ ਉਹੀ ਕੁਮੁਦ ਹੈ।

ਕੁਮੁਦ ਦਾ ਘਰਵਾਲਾ ਪ੍ਰਮਾਦ (ਰਮੇਸ਼ ਦੇਵ) ਅਯਾਸ਼ ਹੈ, ਚਰਿਤਰਹੀਣ ਹੈ ਪਰ ਸਹੁਰਾ ਚੰਗਾ ਹੈ, ਇਮਾਨਦਾਰ ਤਬੀਅਤ ਵਾਲਾ ਬੰਦਾ। ਜਦੋਂ ਕੋਈ ਉਸ ਨੂੰ ਆ ਕੇ ਦੱਸਦਾ ਹੈ ਕਿ ਤਲਾਅ 'ਤੇ ਪੜ੍ਹਿਆ ਲਿਖਿਆ ਨੌਜਵਾਨ ਭਟਕ ਰਿਹਾ ਹੈ ਤਾਂ ਉਹ ਉਸ ਨੂੰ ਮਿਲਦਾ ਹੈ। ਉਸ ਦੀ ਲਿਆਕਤ ਤੋਂ ਪ੍ਰਭਾਵਿਤ ਹੁੰਦਾ ਹੈ। ਉਹ ਨੌਜਵਾਨ ਨੂੰ ਕਹਿੰਦਾ ਹੈ ਕਿ ਉਹ ਉਸ ਕੋਲ ਰਹੇ। ਇਸ ਤਰ੍ਹਾਂ ਸਰਸਵਤੀ ਚੰਦਰ ਫਿਰ ਉਸ ਪੜਾਅ 'ਤੇ ਆ ਜਾਂਦਾ ਹੈ ਜਿੱਥੋਂ ਉਸ ਦੀ ਜ਼ਿੰਦਗੀ ਵਿਚ ਦੁੱਖਾਂ ਨੇ ਘਰ ਕਰਨਾ ਸ਼ੁਰੂ ਕੀਤਾ ਸੀ। ਉਹ ਆਪਣੀ ਹੀ ਮੰਗੇਤਰ ਦੇ ਘਰੇ ਹੈ ਜਿਸ ਨੂੰ ਉਹ ਬਹੁਤ ਮੁਹੱਬਤ ਕਰਦਾ ਹੈ, ਜਿਸ ਦੀ ਅਰਾਧਨਾ ਕਰਦਾ ਹੈ ਪਰ ਉਹ ਹੁਣ ਕਿਸੇ ਹੋਰ ਦੇ ਘਰ ਦੀ ਇੱਜ਼ਤ ਹੈ। ਕੁਮੁਦ ਵੀ ਘਰ ਨੂੰ ਸਮਰਪਿਤ ਔਰਤ ਹੈ, ਉਹ ਸਰਸਵਤੀ ਚੰਦਰ ਨਾਲ ਹਮਦਰਦੀ ਰੱਖਦੀ ਹੈ ਪਰ ਨਹੀਂ ਚਾਹੁੰਦੀ ਕਿ ਸਰਸਵਤੀ ਚੰਦਰ ਉਸ ਦੀ ਜ਼ਿੰਦਗੀ ਵਿਚ ਦੁਬਾਰਾ ਆਵੇ। ਸਰਸਵਤੀ ਚੰਦਰ ਅੰਦਰ ਵੀ ਆਤਮ-ਗਿਲਾਨੀ ਹੈ ਕਿ ਉਹ ਆਪਣੀ ਮੰਗੇਤਰ ਦੇ ਘਰੇ ਕਿਉਂ ਰਹਿ ਰਿਹਾ ਹੈ।

ਦੋਵੇਂ ਮਾਨਸਿਕ ਉਧੇੜ-ਬੁਣ ਵਿਚ ਹਨ। ਸਰਸਵਤੀ ਚੰਦਰ ਪਹਿਲਾਂ ਤੋਂ ਹੀ ਇਸ ਭਾਵਨਾ ਨਾਲ ਭਰਿਆ ਹੋਇਆ ਸੀ ਕਿ ਉਸ ਦੇ ਫੈਸਲੇ ਕਾਰਨ ਹੀ ਕੁਮੁਦ ਦਾ ਦਾਮਨ ਦੁੱਖਾਂ ਨਾਲ ਭਰ ਗਿਆ ਹੈ। ਇੱਕ ਰਾਤ ਕੋਈ ਚੋਰ ਘਰ ਵਿਚ ਚੋਰੀ ਦਾ ਯਤਨ ਕਰਦਾ ਹੈ। ਸਰਸਵਤੀ ਚੰਦਰ ਚੋਰ ਨੂੰ ਫੜਨ ਦਾ ਯਤਨ ਕਰਦਾ ਹੈ ਤਾਂ ਚੋਰ ਉਸ ਦੇ ਚਾਕੂ ਮਾਰ ਦਿੰਦਾ ਹੈ। ਕੁਮੁਦ ਹੁਣ ਜ਼ਖਮੀ ਸਰਸਵਤੀ ਚੰਦਰ ਦੀ ਸੇਵਾ ਕਰ ਰਹੀ ਹੈ। ਇਸ ਮੌਕੇ ਹੀ ਸਰਸਵਤੀ ਚੰਦਰ ਆਪਣੇ ਪਛਤਾਵੇ ਦਾ ਇਜ਼ਹਾਰ ਕੁਮੁਦ ਕੋਲ ਕਰਦਾ ਹੈ। ਘਰ ਦੀ ਨੌਕਰਾਣੀ ਚੰਦਰਕਾ ਜਿਸ ਦੇ ਕੁਮੁਦ ਦੇ ਪਤੀ ਨਾਲ ਸਬੰਧ ਹਨ, ਪਤੀ ਨੂੰ ਸਰਸਵਤੀ ਚੰਦਰ ਖਿਲਾਫ ਭੜਕਾ ਦਿੰਦੀ ਹੈ। ਘਰ ਵਿਚ ਝਗੜਾ ਹੋ ਜਾਂਦਾ ਹੈ। ਸਰਸਵਤੀ ਚੰਦਰ ਵਾਸਤੇ ਫਿਰ ਇਮਤਿਹਾਨ ਦੀ ਘੜੀ ਹੈ। ਉਹ ਉਥੋਂ ਚਲਾ ਜਾਂਦਾ ਹੈ ਪਰ ਕੁਮੁਦ ਦੀ ਸਰਸਵਤੀ ਚੰਦਰ ਨੂੰ ਲਿਖੀ ਇੱਕ ਚਿੱਠੀ ਉਸ ਦੇ ਪਤੀ ਦੇ ਹੱਥ ਲੱਗਣ 'ਤੇ ਹਾਲਾਤ ਖਰਾਬ ਹੋ ਜਾਂਦੇ ਹਨ। ਇਹ ਅੱਧ-ਜਲੀ ਚਿੱਠੀ ਹੈ ਜਿਸ ਵਿਚ ਕੁਮੁਦ ਸਰਸਵਤੀ ਚੰਦਰ ਨੂੰ ਇਲਤਜਾ ਕਰਦੀ ਹੈ ਕਿ ਉਹ ਇਸ ਘਰ ਤੋਂ ਚਲਾ ਜਾਵੇ ਤਾਂ ਕਿ ਉਸ ਦਾ ਘਰ ਵਸਿਆ ਰਹਿ ਸਕੇ।









*ਲੇਖਕ ਗਵਰਧਨ ਰਾਮ ਮਾਧਵ ਰਾਮ ਤਿਰਪਾਠੀ (ਖੱਬੇ) ਦਾ ਨਾਵਲ 'ਸਰਸਵਤੀ ਚੰਦਰ' (ਐਨ ਵਿਚਕਾਰ) ਜਿਸ ਦੇ ਆਧਾਰ 'ਤੇ ਫਿਲਮ 'ਸਰਸਵਤੀ ਚੰਦਰ' ਬਣੀ ਅਤੇ (ਸੱਜੇ) ਫਿਲਮ ਦਾ ਨਿਰਦੇਸ਼ਕ ਗੋਵਿੰਦ ਸਰਈਆ।*

ਆਪਣੇ ਚਰਿੱਤਰ 'ਤੇ ਲੱਗੇ ਦੋਸ਼ਾਂ ਤੋਂ ਆਹਤ ਹੋਈ ਕੁਮੁਦ ਆਤਮ-ਹੱਤਿਆ ਲਈ ਨਦੀ ਵਿਚ ਛਾਲ ਮਾਰ ਦਿੰਦੀ ਹੈ। ਕਿਸੇ ਆਸ਼ਰਮ ਦੇ ਲੋਕ ਉਸ ਨੂੰ ਨਦੀ ਵਿਚੋਂ ਕੱਢ ਕੇ ਲੈ ਜਾਂਦੇ ਹਨ। ਕੁਮੁਦ ਇੱਥੇ ਵੀ ਸੰਤੁਸ਼ਟ ਹੈ। ਉਹ ਤਿਆਗ ਅਤੇ ਤਪ ਨਾਲ ਆਪਣੇ ਜੀਵਨ ਨੂੰ ਆਖਰੀ ਮੁਕਾਮ ਤੱਕ ਲਿਜਾਣ ਲਈ ਉਸੇ ਆਸ਼ਰਮ ਲਈ ਸਮਰਪਿਤ ਹੋ ਜਾਂਦੀ ਹੈ ਪਰ ਮੁਸੀਬਤ ਅਜੇ ਵੀ ਪਿੱਛਾ ਨਹੀਂ ਛੱਡ ਰਹੀ। ਉਸੇ ਆਸ਼ਰਮ ਵਿਚ ਸਰਸਵਤੀ ਚੰਦਰ ਵੀ ਹੈ। ਜ਼ਿੰਦਗੀ ਦੀ ਕਿੰਨੀ ਵੱਡੀ ਵਿਡੰਬਨਾ ਹੈ ਕਿ ਸਰਸਵਤੀ ਚੰਦਰ ਅਤੇ ਕੁਮੁਦ ਇਸ ਪੜਾਅ 'ਤੇ ਸੰਨਿਆਸ ਧਾਰਨ ਕਰ ਚੁੱਕੇ ਹਨ ਤੇ ਮੁਕਤੀ ਲਈ ਆਸ਼ਰਮ ਵਿਚ ਰਹਿ ਰਹੇ ਹਨ ਪਰ ਫਿਰ ਇਕੱਠੇ ਹੋ ਗਏ ਹਨ। ਉਹ ਮੁਕਤੀ ਅਤੇ ਆਪਣੇ ਪਵਿੱਤਰ ਪਿਆਰ ਨੂੰ ਪਾ ਲੈਣ ਦੇ ਦੋਰਾਹੇ 'ਤੇ ਖੜ੍ਹੇ ਹਨ।

ਇਸ ਆਸ਼ਰਮ 'ਤੇ ਹੋਈ ਮੁਲਾਕਾਤ ਭਾਵੇਂ ਜ਼ਿੰਦਗੀ ਦੇ ਦਰਵਾਜ਼ੇ ਫਿਰ ਤੋਂ ਖੋਲ੍ਹ ਰਹੀ ਹੈ ਪਰ ਇਹ ਦਰਵਾਜ਼ੇ ਇੰਨੀ ਆਸਾਨੀ ਨਾਲ ਖੁੱਲ੍ਹਦੇ ਪ੍ਰਤੀਤ ਨਹੀਂ ਹੁੰਦੇ। ਇਨ੍ਹੀਂ ਹੀ ਦਿਨੀਂ ਆਸ਼ਰਮ ਵਿਚ ਖਬਰ ਪੁੱਜਦੀ ਹੈ ਕਿ ਕੁਮੁਦ ਦੇ ਪਤੀ ਅਤੇ ਸੱਸ ਦਾ ਦੇਹਾਂਤ ਹੋ ਗਿਆ ਹੈ। ਇਹ ਸਮਾਚਾਰ ਸੁਣਦਿਆਂ ਕੁਮੁਦ ਦੁਖੀ ਹੁੰਦੀ ਹੈ, ਭਾਵੇਂ ਉਸ ਦਾ ਪਤੀ ਉਸ ਨਾਲ ਚੰਗਾ ਵਿਹਾਰ ਨਹੀਂ ਸੀ ਕਰਦਾ। ਹੁਣ ਜਦੋਂ ਕੁਮੁਦ ਦਾ ਪਤੀ ਨਹੀਂ ਰਿਹਾ ਤਾਂ ਆਸ਼ਰਮ ਦੇ ਮੁਖੀ ਸਾਧੂ ਅਤੇ ਉਥੇ ਦੇ ਬਜ਼ੁਰਗਾਂ ਦਾ ਖਿਆਲ ਹੈ ਕਿ ਸਰਸਵਤੀ ਚੰਦਰ ਅਤੇ ਕੁਮੁਦ ਨੂੰ ਹੁਣ ਆਪਣੀ ਜ਼ਿੰਦਗੀ ਆਬਾਦ ਕਰ ਲੈਣੀ ਚਾਹੀਦੀ ਹੈ ਪਰ ਕੁਮੁਦ ਜੋ ਇੱਛਾਵਾਂ ਤੋਂ ਮੁਕਤ ਹੋਣ ਦੀ ਅਵਸਥਾ ਵਿਚ ਹੈ, ਫੈਸਲਾ ਕਰਦੀ ਹੈ ਕਿ ਸਰਸਵਤੀ ਚੰਦਰ ਵਰਗੇ ਆਦਰਸ਼ ਮਨੁੱਖ ਨਾਲ ਉਸ ਦੀ ਛੋਟੀ ਭੈਣ ਕੁਸੁਮ ਦੀ ਸ਼ਾਦੀ ਕਰ ਕਰ ਦਿੱਤੀ ਜਾਵੇ। ਕੁਮੁਦ ਦੇ ਮੂੰਹੋਂ ਇਹ ਸੁਣ ਕੇ ਸਰਸਵਤੀ ਚੰਦਰ ਅਤਿ ਨਿਰਾਸ਼ ਹੋ ਜਾਂਦਾ ਹੈ। ਉਹ ਇਸ ਵਾਸਤੇ ਕਿਸੇ ਵੀ ਕੀਮਤ 'ਤੇ ਰਾਜ਼ੀ ਨਹੀਂ। ਕੁਮੁਦ ਉਸ ਨੂੰ ਸਮਝਾਉਂਦੀ ਹੈ ਕਿ ਇਸ ਵਿਚ ਹੀ ਸਭ ਦਾ ਭਲਾ ਹੈ, ਸਮਾਜ ਨੂੰ ਚੰਗਾ ਇਨਸਾਨ ਮਿਲੇਗਾ, ਛੋਟੀ ਭੈਣ ਨੂੰ ਆਦਰਸ਼ ਵਰ ਮਿਲੇਗਾ, ਉਸ (ਕੁਮੁਦ) ਨੂੰ ਮਾਨਸਿਕ ਸੰਤੁਸ਼ਟੀ ਮਿਲੇਗੀ। ਇਸੇ ਮਰਹਲੇ 'ਤੇ ਫਿਲਮ ਦਾ ਚਰਚਿਤ ਗੀਤ ਸੁਣਨ ਨੂੰ ਮਿਲਦਾ ਹੈ ਜਦੋਂ ਕੁਮੁਦ ਸਰਸਵਤੀ ਚੰਦਰ ਨੂੰ ਸਮਝਾਉਂਦੀ ਹੋਈ ਕਹਿੰਦੀ ਹੈ:

> ਛੋੜ ਦੇ ਸਾਰੀ ਦੁਨੀਆ ਕਿਸੇ ਕੇ ਲੀਏ
> ਯੇਹ ਮੁਨਾਸਿਬ ਨਹੀਂ ਆਦਮੀ ਕੇ ਲੀਏ...।

ਲਗਭਗ 2000 ਪੰਨਿਆਂ ਦੀ ਰਚਨਾ ਨੂੰ ਸਵਾ ਦੋ ਘੰਟਿਆਂ ਦੀ ਫਿਲਮ ਵਿਚ ਬਦਲਣ ਲਈ ਸਕ੍ਰਿਪਟ ਲਿਖਣੀ ਆਸਾਨ ਕੰਮ ਨਹੀਂ ਸੀ। ਗੋਵਿੰਦ ਨੇ ਪਹਿਲਾਂ ਇਹ ਜ਼ਿੰਮੇਵਾਰੀ ਪ੍ਰਸਿੱਧ ਲੇਖਕ ਮਨੋਹਰ ਸ਼ਾਮ ਜੋਸ਼ੀ ਨੂੰ ਸੌਂਪੀ; ਬਾਅਦ ਵਿਚ ਸਕ੍ਰਿਪਟ ਅਤੇ ਸੰਵਾਦ ਮਨੋਹਰ ਗੌੜ ਅਤੇ ਅਲੀ ਰਾਜਾ ਨੇ ਪੂਰੇ ਕੀਤੇ। ਇਹ ਸ਼ਾਇਦ ਇੱਕੋ-ਇੱਕ ਅਜਿਹੀ ਫਿਲਮ ਹੈ ਜੋ ਗੁਜਰਾਤੀ ਸਾਹਿਤਕ ਕਿਰਤ 'ਤੇ ਆਧਾਰਿਤ ਹੈ ਪਰ ਹੈ ਸ਼ਾਨਦਾਰ, ਕਲਾਤਮਕ ਅਤੇ ਮਾਰਮਿਕ।

ਜਦੋਂ ਇਹ ਫਿਲਮ ਬਣੀ ਤਾਂ ਇਸ ਨੂੰ ਇਸ ਲਈ ਰਿਲੀਜ਼ ਕਰਨ ਵਾਸਤੇ ਕੋਈ ਰਾਜ਼ੀ ਨਹੀਂ ਸੀ ਕਿ ਰੰਗੀਨ ਫਿਲਮਾਂ ਦਾ ਦੌਰ ਸ਼ੁਰੂ ਹੋ ਚੁੱਕਿਆ ਸੀ; ਇਹ ਬਲੈਕ ਐਂਡ ਵ੍ਹਾਈਟ ਫਿਲਮ ਸੀ। ਇਸ ਦਾ ਹੀਰੋ ਵੀ ਨਵਾਂ ਸੀ ਅਤੇ ਨੂਤਨ ਤੋਂ ਇਲਾਵਾ ਕੋਈ ਵੱਡੀ ਸਟਾਰ ਕਾਸਟ ਨਹੀਂ ਸੀ। ਗੋਵਿੰਦ ਉਨ੍ਹਾਂ ਨੇ ਗੁਜਰਾਤ ਦੇ ਡਿਸਟਰੀਬਿਊਟਰ ਨੂੰ ਬੇਨਤੀ ਕੀਤੀ ਕਿ ਉਹ ਉਨ੍ਹਾਂ ਦੀ ਫਿਲਮ ਨੂੰ ਆਪਣੇ ਸਿਨੇਮੇ ਵਿਚ ਪ੍ਰਦਰਸ਼ਨ ਕਰਨ ਦੀ ਆਗਿਆ ਦੇਵੇ ਜੋ ਅਹਿਮਦਾਬਾਦ (ਗੁਜਰਾਤ) ਵਿਚ ਸੀ। ਮੋਹ-ਮੁਲਾਹਜ਼ੇ ਵਿਚ ਫਿਲਮ ਸਿਰਫ ਇੱਕ ਸਿਨਮੇ ਵਿਚ ਰਿਲੀਜ਼ ਹੋਈ ਜਿਸ ਨੂੰ ਪਹਿਲੇ ਦਿਨ ਬਹੁਤ ਘੱਟ ਲੋਕਾਂ ਨੇ ਦੇਖਿਆ ਪਰ ਅਗਲੇ ਦਿਨ ਇਸ ਫਿਲਮ ਦੀ ਚਰਚਾ ਪੂਰੇ ਸ਼ਹਿਰ ਵਿਚ ਸੀ, ਫਿਰ ਪੂਰੇ ਗੁਜਰਾਤ ਵਿਚ ਹੋਈ। ਅਗਲੇ ਕੁਝ ਦਿਨਾਂ ਵਿਚ ਫਿਲਮ ਦੀ ਚਰਚਾ ਪੂਰੇ ਭਾਰਤ ਵਿਚ ਫੈਲ ਗਈ। ਫਿਲਮ ਦੇ ਗੀਤ ਘਰੋ-ਘਰੀ ਵੱਜ ਰਹੇ ਸਨ। ਫਿਲਮ ਦੇ ਕਿਰਦਾਰਾਂ ਦੇ ਤਿਆਗ ਅਤੇ ਸੋਚਣ ਤੇ ਜਿਊਣ ਢੰਗ ਦੀ ਗੱਲ ਹੋ ਰਹੀ ਸੀ।

ਪਿਆਰ 'ਚ ਤਿਆਗ ਲਈ ਪ੍ਰੇਰਦੀ, ਜਜ਼ਬਾਤੀ ਕਰਨ ਵਾਲੀ ਅਤੇ ਪੜਾਅਵਾਰ ਅੱਗੇ ਵਧਣ ਵਾਲੀ ਇਹ ਫਿਲਮ ਦੇਖਦਿਆਂ ਕਈ ਦ੍ਰਿਸ਼ ਅਜਿਹੇ ਆਉਂਦੇ ਹਨ ਜਦੋਂ ਦਰਸ਼ਕ ਭਾਵੁਕ ਹੋ ਜਾਂਦਾ ਹੈ ਤੇ ਅੱਖਾਂ ਗਿੱਲੀਆਂ ਹੋ ਜਾਂਦੀਆਂ ਹਨ।

ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ॥
ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ॥

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥ ਕਨਕ ਕਟਿਕ ਜਲ ਤਰੰਗ ਜੈਸਾ॥1॥
ਜਉ ਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ॥ ਪਤਿਤ ਪਾਵਨ ਨਾਮੁ ਕੈਸੇ ਹੁੰਤਾ॥1॥ਰਹਾਉ॥

'ਏਕ ਪਿਤਾ ਏਕਸ ਕੇ ਹਮ ਬਾਰਿਕ' ਦਾ ਸੁਨੇਹਾ ਦੇਣ ਵਾਲੇ

# ਸ੍ਰੀ ਗੁਰੂ ਰਵਿਦਾਸ ਜੀ ਦੇ 647ਵੇਂ

ਪ੍ਰਕਾਸ਼ ਪੁਰਬ ਦੀ ਸੰਗਤਾਂ ਨੂੰ



## ਲੱਖ ਲੱਖ ਵਧਾਈ ਹੋਵੇ

ਵਲੋਂ: ਟੂਰਾ ਪਰਿਵਾਰ, ਵੈਸਟਫੀਲਡ (ਇੰਡੀਆਨਾ)